ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 11 | Issue 16 | 23 April 2021 to 29 April 2021 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com

# ਭਾਰਤ ਵਿਚ ਕਰੋਨਾ ਹੋਇਆ ਖ਼ਤਰਨਾਕ

## ✪ ਦਿਮਾ.ਗ ’ਤੇ ਵੀ ਕਰ ਰਿਹਾ ਹੈ ਹਮਲਾ ✪ ਪੰਜਾਬ ਵਿਚ ਸਿਨੇਮਾ ਹਾਲ, ਜਿਮ, ਕੋਚਿੰਗ ਸੈਂਟਰ ਬੰਦ ✪ ਹਰਿਆਣਾ ਸਰਕਾਰ ਦਾ .ਫੈਸਲਾ, ਦਿੱਲੀ ਬਾਰਡਰ ’ਤੇ ਕਿਸਾਨਾਂ ਦੇ ਹੋਣਗੇ ਕੋਰੋਨਾ ਟੈਸਟ ✪ ਭਾਰਤ ਜਾਣ ਤੋਂ ਬਚੋ, ਬ੍ਰਿਟੇਨ ਤੋਂ ਬਾਅਦ ਅਮਰੀਕਾ ਨੇ ਜਾਰੀ ਕੀਤੀ ਹਦਾਇਤ

**ਜਲੰਧਰ/ਏ.ਟੀ.ਨਿਊਜ਼ :** ਕਰੋਨਾ ਕਾਰਨ ਹਾਲਾਤ ਵਿਗੜਨ ਮਗਰੋਂ ਦਿੱਲੀ ਸਰਕਾਰ ਨੇ ਕੌਮੀ ਰਾਜਧਾਨੀ ’ਚ ਛੇ ਦਿਨਾਂ ਲਈ ਜਦਕਿ ਰਾਜਸਥਾਨ ਸਰਕਾਰ ਨੇ ਸੂਬੇ ’ਚ 15 ਦਿਨਾਂ ਲਈ ਲਾਕਡਾਊਨ ਦਾ ਐਲਾਨ ਕੀਤਾ ਹੈ। ਉੱਧਰ ਅਲਾਹਾਬਾਦ ਹਾਈ ਕੋਰਟ ਯੂ.ਪੀ. ਦੇ ਪੰਜ ਸ਼ਹਿਰ ’ਚ ਲਾਕਡਾਊਨ ਦੇ ਨਿਰਦੇਸ਼ ਦਿੱਤੇ ਹਨ। ਹਰਿਆਣਾ ਸਰਕਾਰ ਦਿੱਲੀ ਬਾਰਡਰ ’ਤੇ ਧਰਨੇ ’ਤੇ ਬੈਠੇ ਲੋਕਾਂ ਨਾਲ ਗੱਲਬਾਤ ਕਰ ਕੇ ਨਾ ਸਿਰਫ਼ ਉਨਾਂ ਦਾ ਕੋਰੋਨਾ ਟੈਸਟ ਕਰਾਏਗੀ, ਬਲਕਿ ਉਨਾਂ ਦਾ ਟੀਕਾਕਰਨ ਵੀ ਕੀਤਾ ਜਾਵੇਗਾ।

ਸਨਅਤੀ ਸ਼ਹਿਰ ਲੁਧਿਆਣਾ ਦੇ ਦੋ ਇਲਾਕਿਆਂ ਵਿੱਚ ਲੱਗੇ ਲਾਕਡਾਊਨ ਤੇ ਕਰੋਨਾ ਦੇ ਵਧ ਰਹੇ ਕੇਸਾਂ ਨੇ ਪਰਵਾਸੀ ਮਜ਼ਦੂਰਾਂ ਵਿੱਚ ਮੁੜ ਸਹਿਮ ਦਾ ਮਾਹੌਲ ਪੈਦਾ ਕਰ ਦਿੱਤਾ ਹੈ। ਲਾਕਡਾਊਨ ਦੇ ਚਰਚਿਆਂ ਕਾਰਨ ਮਜ਼ਦੂਰਾਂ ਨੇ ਮੁੜ ਆਪਣੇ ਪਿੰਡਾਂ ਨੂੰ ਚਾਲੇ ਪਾ ਲਏ ਹਨ। ਪਿਛਲੇ ਸਾਲ ਜਦੋਂ ਅਚਨਚੇਤ ਲਾਕਡਾਊਨ ਦਾ ਐਲਾਨ ਕੀਤਾ ਗਿਆ ਤਾਂ ਮਜ਼ਦੂਰਾਂ ਨੂੰ ਕਾਫ਼ੀ ਪ੍ਰੇਸ਼ਾਨੀ ਝੱਲਣੀ ਪਈ ਸੀ। ਇਸੇ ਕਾਰਨ ਐਤਕੀਂ ਉਹ ਪਹਿਲਾਂ ਹੀ ਘਰਾਂ ਨੂੰ ਮੁੜਨ ਲੱਗੇ ਹਨ। ਸਨਅਤੀ ਸ਼ਹਿਰ ਲੁਧਿਆਣਾ ਦੀਆਂ ਫੈਕਟਰੀਆਂ ਵਿੱਚ ਕੰਮ ਕਰਦੇ ਪਰਵਾਸੀ ਮਜ਼ਦੂਰਾਂ ਵਿੱਚ ਸਹਿਮ ਦਾ ਮਾਹੌਲ ਹੈ ਤੇ ਉਹ ਆਪਣੇ ਪਿੰਡਾਂ ਨੂੰ ਜਾਣ ਲਈ ਕਾਹਲੇ ਪੈ ਗਏ ਹਨ। ਸਨਅਤਕਾਰ ਸੋਨੂੰ ਆਹੂਜਾ ਨੇ ਦੱਸਿਆ ਕਿ ਉਨਾਂ ਦੀਆਂ ਫੈਕਟਰੀਆਂ ਵਿੱਚੋਂ ਕਾਫ਼ੀ ਮਜ਼ਦੂਰ ਆਪਣੇ ਪਿੰਡਾਂ ਨੂੰ ਜਾ ਚੁੱਕੇ ਹਨ। ਸਭ ਨੂੰ ਡਰ ਹੈ ਕਿ ਕਿਤੇ ਦੁਬਾਰਾ ਲੌਕਡਾਊਨ ਨਾ ਲੱਗ ਜਾਵੇ। ਇਸ ਦੌਰਾਨ ਭਾਰਤ ’ਚ ਕੋਵਿਡ-19 ਦੇ ਇੱਕ ਦਿਨ ਅੰਦਰ ਰਿਕਾਰਡ 2,73,810 ਨਵੇਂ ਕੇਸ ਸਾਹਮਣੇ ਆਏ ਹਨ ਜਦਕਿ 1679 ਮੌਤਾਂ ਹੋਈਆਂ ਹਨ। ਪੰਜਾਬ ’ਚ ਰੋਜ਼ਾਨਾ ਹੋ ਰਹੀ ਟੈਸਟਿੰਗ ’ਤੇ ਨਜ਼ਰ ਮਾਰੀਏ ਤਾਂ 100 ਪਿੱਛੇ ਹਰ 10ਵਾਂ ਪੰਜਾਬੀ ਕੋਰੋਨਾ ਪਾਜ਼ੇਟਿਵ ਆ ਰਿਹਾ ਹੈ।



ਕੋਰੋਨਾ ਵਾਇਰਸ ਨੇ ਨੱਕ, ਕੰਨ, ਗਲ਼ਾ, ਫੇਫੜਾ, ਦਿਲ ਤੋਂ ਬਾਅਦ ਹੁਣ ਦਿਮਾ.ਗ ’ਤੇ ਵੀ ਹਮਲਾ ਕਰਨਾ ਸ਼ੁਰੂ ਕਰ ਦਿੱਤਾ ਹੈ। ਭਾਰਤ ਵਿਚ ਦਵਾਈਆਂ, ਬੈੱਡਾਂ, ਆਈਸੀਯੂ ਅਤੇ ਆਕਸੀਜਨ ਦੀ ਗੰਭੀਰ ਘਾਟ ਹੈ। ਹੈਲਥ ਹਸਪਤਾਲ ਦੇ ਨਿਊਰੋ ਸਾਇੰਸ ਕੋਵਿਡ ਹਸਪਤਾਲ ਬੰਗਲੋਰ ’ਚ ਹੁਣ ਤਕ ਇਸ ਤਰਾਂ ਦੇ ਤਿੰਨ ਰੋਗੀ ਆ ਚੁੱਕੇ ਹਨ। ਉਨਾਂ ਦੇ ਦਿਮਾ.ਗ ’ਤੇ ਇਨਫੈਕਸ਼ਨ ਦਾ ਅਸਰ ਹੋਇਆ। ਮਰੀਜ਼ਾਂ ਦੇ ਚਿਹਰੇ, ਗੱਲ, ਬੁੱਲਾਂ ’ਤੇ ਅਸਰ ਹੋਇਆ, ਜਦਕਿ ਹੱਥ-ਪੈਰਾਂ ’ਚ ਸੋਜ਼ ਵਰਗੇ ਲੱਛਣ ਮਿਲੇ। ਤਿੰਨਾਂ ਰੋਗੀਆਂ ਦੀ ਉਮਰ 40 ਸਾਲ ਤੋਂ ਘੱਟ ਹੈ। ਨਿਊਰੋ ਸਾਇੰਸ ਕੋਵਿਡ ਹਸਪਤਾਲ ਦੇ ਨੋਡਲ ਅਧਿਕਾਰੀ ਪ੍ਰੋ. ਪ੍ਰੇਮ ਸਿੰਘ ਮੁਤਾਬਕ ਕੋਰੋਨਾ ਦਾ ਵਾਇਰਸ ਖ਼ੂਨ ’ਚ ਮਿਲ ਕੇ ਦਿਮਾ.ਗ ਤਕ ਪਹੁੰਚ ਰਿਹਾ ਹੈ।

**ਪੰਜਾਬ ’ਚ ਕਰੋਨਾ ਕਾਰਨ ਸਖਤ ਪਾਬੰਦੀਆਂ**

ਪੰਜਾਬ ਵਿਚ ਕਰੋਨਾ ਦੇ ਕੇਸ ਲਗਾਤਾਰ ਵਧਣ ਕਾਰਨ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਖਤ ਪਾਬੰਦੀਆਂ ਲਾਉਣ ਦਾ ਐਲਾਨ ਕੀਤਾ ਹੈ। ਸੂਬੇ ਵਿਚ ਕਰਫਿਊ ਰਾਤ ਅੱਠ ਵਜੇ ਤੋਂ ਸਵੇਰ ਪੰਜ ਵਜੇ ਤਕ ਰਹੇਗਾ ਜਦਕਿ ਪਹਿਲਾਂ ਕਰਫਿਊ ਰਾਤ 9 ਵਜੇ ਤੋਂ ਸਵੇਰ 5 ਵਜੇ ਤਕ ਸੀ। ਸੂਬੇ ਵਿਚ ਸਾਰੇ ਬਾਰ, ਸਿਨੇਮਾ ਹਾਲ, ਜਿਮ, ਸਪਾ, ਕੋਚਿੰਗ ਸੈਂਟਰ, ਸਪੋਰਟਸ ਕੰਪਲੈਕਸ 30 ਅਪ੍ਰੈਲ ਤਕ ਬੰਦ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ ਜਦਕਿ ਹੋਟਲਾਂ ਤੇ ਰੇਸਤਰਾਂ ਸਿਰਫ ਹੋਮ ਡਿਲੀਵਰੀ ਲਈ ਹੀ ਖੁੱਲੇ ਰਹਿਣਗੇ। ਵੱਡੀਆਂ ਰੈਲੀਆਂ ਤੋਂ ਆਉਣ ਵਾਲਿਆਂ ਨੂੰ ਪੰਜ ਦਿਨ ਘਰ ਵਿਚ ਇਕਾਂਤਵਾਸ ਰਹਿਣਾ ਪਵੇਗਾ। ਇਸ ਤੋਂ ਇਲਾਵਾ ਐਤਵਾਰ ਨੂੰ ਮਿਨੀ ਲਾਕਡਾਊਨ ਲਾਇਆ ਜਾਵੇਗਾ ਜਿਸ ਦੌਰਾਨ ਮਾਲ, ਦੁਕਾਨਾਂ ਤੇ ਬਾਜ਼ਾਰ ਬੰਦ ਰਹਿਣਗੇ। ਕਰੋਨਾ ਕੇਸਾਂ ਦੀ ਟੈਸਟਿੰਗ ਵਧਾਉਣ ਲਈ ਆਰਟੀ-ਪੀਸੀਆਰ ਤੇ ਰੈਪਿਡ ਐਂਟੀਜਨ ਟੈਸਟਿੰਗ ਦੇ ਰੇਟ ਘਟਾ ਕੇ ਕ੍ਰਮਵਾਰ 450 ਰੁਪਏ ਤੇ 300 ਰੁਪਏ ਕੀਤੇ ਗਏ ਹਨ। ਮੁੱਖ ਮੰਤਰੀ ਨੇ ਟਰਾਂਸਪੋਰਟ ਵਿਭਾਗ ਨੂੰ ਵੀ ਹਦਾਇਤ ਕੀਤੀ ਹੈ ਕਿ ਉਹ ਸੂਬੇ ਵਿਚ ਚਲਦੀਆਂ ਬੱਸਾਂ, ਟੈਕਸੀਆਂ ਤੇ ਥ੍ਰੀ ਵੀਲਰਾਂ ਵਿਚ ਸਮਰੱਥਾ ਅਨੁਸਾਰ 50 ਫੀਸਦੀ ਸਵਾਰੀਆਂ ਬਿਠਾਉਣ ਦੀਆਂ ਹਦਾਇਤਾਂ ਜਾਰੀ ਕਰੇ। ਸੂਬੇ ਵਿਚ ਕਿਸੇ ਵੀ ਸਮਾਗਮ (ਵਿਆਹ ਤੇ ਹੋਰ) ਵਿਚ 20 ਤੋਂ ਜ਼ਿਆਦਾ ਮਹਿਮਾਨ ਇਕੱਠੇ ਨਹੀ ਹੋ ਸਕਣਗੇ।

**ਬਾਕੀ ਸਫ਼ਾ 29 ’ਤੇ**

### ਮਾਮਲਾ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦਾ

## ਨਵਜੋਤ ਸਿੱਧੂ ਨੇ ਕੈਪਟਨ ਘੇਰਿਆ, ਗ੍ਰਹਿ ਮੰਤਰੀ ’ਤੇ ਸਵਾਲ ਚੁੱਕਦਿਆਂ ਕਿਹਾ, ਲੀਗਲ ਟੀਮ ਦੇ ਮੈਂਬਰ ਮਹਿਜ਼ ਪਿਆਦੇ

**ਚੰਡੀਗੜ/ਏ.ਟੀ.ਨਿਊਜ਼:** ਬੇਅਦਬੀ ਗੋਲ਼ੀ ਕਾਂਡ ’ਤੇ ਹਾਈਕੋਰਟ ਦੇ ਫ਼ੈਸਲੇ ਤੋਂ ਬਾਅਦ ਆਪਣੀ ਹੀ ਸਰਕਾਰ ਖ਼ਿਲਾਫ਼ ਹਮਲਾਵਰ ਰੁਖ਼ ਅਪਨਾਉਣ ਵਾਲੇ ਸਾਬਕਾ ਮੰਤਰੀ ਨਵਜੋਤ ਸਿੱਧੂ ਨੇ ਗ੍ਰਹਿ ਮੰਤਰੀ ’ਤੇ ਫਿਰ ਵੱਡੇ ਸਵਾਲ ਚੁੱਕੇ ਹਨ। ਸੋਸ਼ਲ ਮੀਡੀਆ ’ਤੇ ਮੁੜ ਬੋਲਦੇ ਹੋਏ ਸਿੱਧੂ ਨੇ ਕਿਹਾ ਕਿ ਕੀ ਗ੍ਰਹਿ ਮੰਤਰੀ ਲਈ ਬੇਅਦਬੀ ਕੇਸ ਸਭ ਤੋਂ ਅਹਿਮ ਨਹੀਂ ਸੀ ? ਆਪਣੀ ਜ਼ਿੰਮੇਵਾਰੀ ਕਿਸੇ ਸਿਰ ਮੜਣੀ ਅਤੇ ਸਿਰਫ ਐਡਵੋਕੇਟ ਜਨਰਲ ਨੂੰ ਹੀ ਬਲੀ ਦਾ ਬੱਕਰਾ ਬਨਾਉਣ ਦਾ ਮਤਲਬ ਹੈ ਨਜ਼ਰਸਾਨੀ ਦਾ ਕੰਟਰੋਲ ਕਾਰਜਕਾਰੀ ਅਥਾਰਟੀ ਦੇ ਹੱਥਾਂ ’ਚ ਨਹੀਂ ਹੈ। ਫਿਰ ਐਡਵੋਕੇਟ ਜਨਰਲ ਦੀ ਲਗਾਮ ਕਿਸ ਦੇ ਹੱਥ ਹੈ ? ਜ਼ਿੰਮੇਵਾਰੀਆਂ ਤੋਂ ਭੱਜਣ ਦੀ ਇਸ ਖੇਡ ਵਿਚ ਲੀਗਲ ਟੀਮ ਦੇ ਮੈਂਬਰ ਤਾਂ ਮਹਿਜ਼ ਪਿਆਦੇ ਹਨ।

ਦੱਸਣਯੋਗ ਹੈ ਕਿ ਇਕ ਦਿਨ ਪਹਿਲਾਂ ਵੀ ਨਵਜੋਤ ਸਿੰਘ ਸਿੱਧੂ ਨੇ ਬੇਅਦਬੀ ਤੇ ਗੋਲੀਕਾਂਡ ਮਾਮਲੇ ’ਤੇ ਸੋਸ਼ਲ ਮੀਡੀਆ ’ਤੇ



ਆਪਣੇ ਪੁਰਾਣੇ ਬਿਆਨਾਂ ਦੀ ਇਕ ਵੀਡੀਓ ਸਾਂਝੀ ਕਰਦੇ ਹੋਏ ਕਿਹਾ ਕਿ ਇਹ ਨਾਕਾਮੀ ਕਿਸੇ ਸਰਕਾਰ ਜਾਂ ਪਾਰਟੀ ਦੀ ਨਾਕਾਮੀ ਨਹੀਂ ਹੈ ਸਗੋਂ ਇਕ ਆਦਮੀ ਦੀ ਹੈ, ਜਿਸ ਦੇ ਹੱਥ ਮੁਲਜ਼ਮਾਂ ਨਾਲ ਮਿਲੇ ਹੋਏ ਹਨ। ਆਪਣੇ ਸ਼ਾਇਰਾਨਾ ਅੰਦਾਜ਼ ਵਿਚ ਸਿੱਧੂ ਨੇ ਲਿਖਿਆ ਕਿ ਹਮ ਤੋ ਡੂਬੇਂਗੇ ਸਨਮ, ਤੁਮਹੇਂ ਭੀ ਲੇ ਡੂਬੇਂਗੇ '। ਸਿੱਧੂ ਦਾ ਇਹ ਟਵੀਟ ਉਨਾਂ ਦੇ ਹਾਲ ਹੀ ਵਿਚ ਜਾਰੀ ਬਿਆਨਾਂ ਨਾਲ ਜੋੜ ਕੇ ਵੇਖਿਆ ਜਾ ਰਿਹਾ ਹੈ, ਜਿਸ ਵਿਚ ਉਨਾਂ ਨੇ ਬੇਅਦਬੀ ਤੇ ਗੋਲੀਕਾਂਡ ਦੀ ਗੱਲ ਚੁੱਕਣ ’ਤੇ ਉਨਾਂ ਦਾ ਮੰਤਰਾਲਾ ਬਦਲਣ ਤੋਂ ਲੈ ਕੇ ਅਸਤੀ.ਫੇ ਤੱਕ ਦੀ ਗੱਲ ਰੱਖੀ ਸੀ ਅਤੇ ਮੁੱਖ ਮੰਤਰੀ ’ਤੇ ਨਿਸ਼ਾਨਾ ਸਾਧਿਆ ਸੀ। ਸਿੱਧੂ ਨੇ ਕਿਹਾ ਸੀ ਕਿ ਬੇਅਦਬੀ-ਗੋਲੀਕਾਂਡ ਮਾਮਲੇ ਵਿਚ ਐੱਫ. ਆਈ. ਆਰ. ਦਰਜ ਕਰਨਾ, ਜਾਂਚ ਕਰਨਾ, ਗ੍ਰਿ.ਫਤਾਰੀ ਕਰਨਾ ਆਦਿ ਸਿਰਫ ਸੂਬੇ ਦੇ ਗ੍ਰਹਿ ਮੰਤਰੀ ਦੇ ਹੱਥ ਵਿਚ ਹੈ। ਸੰਵਿਧਾਨ ਮੁਤਾਬਕ ਸੂਬੇ ਦੀ ਕਾਰਜਕਾਰੀ ਸ਼ਕਤੀ ਮਤਲਬ ਗ੍ਰਹਿ ਮੰਤਰੀ ਹੀ ਇਹ ਤਾਕਤ ਰੱਖਦਾ ਹੈ ਕਿ ਉਹ ਐੱਫ. ਆਈ. ਆਰ. ਅਤੇ ਗ੍ਰਿ.ਫਤਾਰੀ ਸਬੰਧੀ ਰਾਜਨੀਤਕ ਹੁਕਮ ਦੇ ਸਕੇ। ਇਸ ਲਈ ਸੂਬੇ ਦੀ ਕਾਰਜਕਾਰੀ ਸ਼ਕਤੀ ਖਾਸ ਤੌਰ ’ਤੇ ਮੁੱਖ ਮੰਤਰੀ ਅਤੇ ਗ੍ਰਹਿ ਮੰਤਰੀ ਨੂੰ ਹਲੂਣਿਆ ਜਾਵੇ ਕਿ ਉਹ ਆਪਣੀ ਜ਼ਿੰਮੇਵਾਰੀ ਨਿਭਾਉਣ।

## ਦੀਪ ਸਿੱਧੂ ਦੀ ਆਵਾਜ਼ ਦੇ ਨਮੂਨੇ ਲਵੇਗੀ ਪੁਲਿਸ

### ਮਾਮਲਾ ਲਾਲ ਕਿਲ੍ਹੇ ਦੀ ਕਥਿਤ ਹਿੰਸਾ ਦਾ



**ਨਵੀਂ ਦਿੱਲੀ/ਏ.ਟੀ.ਨਿਊਜ਼:** ਟਰੈਕਟਰ ਪਰੇਡ ਦੌਰਾਨ ਲਾਲ ਕਿਲੇ ’ਤੇ ਹੋਏ ਹੰਗਾਮੇ ਦੇ ਮੁਲਜ਼ਮ ਦੀਪ ਸਿੱਧੂ ਦੀ ਆਵਾਜ਼ ਦੇ ਨਮੂਨੇ ਲੈਣ ਦੀ ਮਨਜ਼ੂਰੀ ਅਦਾਲਤ ਨੇ ਪੁਲਿਸ ਨੂੰ ਦੇ ਦਿੱਤੀ ਹੈ। ਦਿੱਲੀ ਪੁਲਿਸ ਵੱਲੋਂ ੩੦ ਹਜ਼ਾਰੀ ਅਦਾਲਤ ’ਚ ਅਰਜ਼ੀ ਦਾਖ਼ਲ ਕਰ ਕੇ ਆਵਾਜ਼ ਦੇ ਨਮੂਨੇ ਲੈਣ ਦੀ ਮੰਗ ਕੀਤੀ ਗਈ ਸੀ ਤਾਂ ਜੋ ਹੰਗਾਮੇ ਤੋਂ ਪਹਿਲਾਂ ਤੇ ਬਾਅਦ ’ਚ ਦੀਪ ਸਿੱਧੂ ਨੇ ਜੋ ਫੇਸਬੁੱਕ ਲਾਈਵ ਜਾਂ ਚੈਨਲਾਂ ’ਤੇ ਇੰਟਰਵਿਊ ਦਿੱਤੇ ਸਨ, ਉਨਾਂ ਨਾਲ ਮਿਲਾਨ ਕੀਤਾ ਜਾ ਸਕੇ। ਸਿੱਧੂ ਨੂੰ ਪਿੱਛੇ ਜਿਹੇ ਅਦਾਲਤ ਨੇ ਜ਼ਮਾਨਤ ਦੇ ਦਿੱਤੀ ਸੀ ਪਰ ਪੁਲਿਸ ਨੇ ਉਸ ਨੂੰ ਇਕ ਹੋਰ ਮਾਮਲੇ ’ਚ ਗ੍ਰਿ.ਫਤਾਰ ਕਰ ਲਿਆ ਸੀ। ਹਾਲਾਂਕਿ ਪੁਲਿਸ ਦੀਪ ਨੂੰ ਰਿਮਾਂਡ ’ਤੇ ਨਹੀਂ ਲੈ ਸਕੀ ਸੀ। ਦੱਸਣਯੋਗ ਹੈ ਕਿ ਦੀਪ ਦੀ ਜਮਾਨਤੀ ਅਰਜੀ ਉੱਪਰ ਸੁਣਵਾਈ ਦਾ ਫੈਸਲਾ ਕੱਲ੍ਹ ਆਵੇਗਾ ਇਸ ਦੀ ਜਾਣਕਾਰੀ ਹਰਿੰਦਰ ਸਿੰਘ ਐਡਵੋਕੇਟ ਦੁਆਰਾ ਦੀਤੀ ਗਈ।

## ਸੈਨਟ ਵੱਲੋਂ ਨ.ਫਰਤੀ ਅਪਰਾਧ ਬਿੱਲ ਪਾਸ, ਬਿੱਲ ਦੇ ਹੱਕ ਵਿਚ 94 ਤੇ ਵਿਰੋਧ ਵਿਚ ਕੇਵਲ 1 ਵੋਟ ਪਈ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:**ਸੈਨਟ ਨੇ ਇਕਜੁੱਟਤਾ ਨਾਲ ਕੋਵਿਡ-੧੯ ਮਹਾਂਮਾਰੀ ਦੌਰਾਨ ਏਸ਼ੀਅਨ ਮੂਲ ਦੇ ਅਮਰੀਕਨਾਂ ਵਿਰੁੱਧ ਵਧੀ ਹਿੰਸਾ ਤੇ ਭੇਦਭਾਵ ਨਾਲ ਨਜਿੱਠਣ ਲਈ ਇਕ ਨ.ਫਰਤੀ ਅਪਰਾਧ ਬਿੱਲ ਪਾਸ ਕਰ ਦਿੱਤਾ। ਕੇਵਲ ਇਕ ਮੈਂਬਰ ਨੇ ਬਿੱਲ ਦੇ ਵਿਰੁੱਧ ਵੋਟ ਪਾਈ ਤੇ ੯੪ ਵੋਟਾਂ ਬਿੱਲ ਦੇ ਹੱਕ ਵਿਚ ਪਈਆਂ। ਇਸ ਬਿੱਲ ਤਹਿਤ ਨਿਆਂ ਵਿਭਾਗ ਵੱਲੋਂ ਨ.ਫਰਤੀ ਅਪਰਾਧਾਂ ਦੇ ਮਾਮਲਿਆਂ ਉਪਰ ਨਜਰਸਾਨੀ ਵਿਚ ਤੇਜੀ ਆਵੇਗੀ ਤੇ ਅਜਿਹੇ ਮਾਮਲਿਆਂ ਨੂੰ ਇਕ ਨਿਸ਼ਚਤ ਸਮੇਂ ਵਿਚ ਨਿਪਟਾਉਣ ਵਿੱਚ ਮੱਦਦ ਮਿਲੇਗੀ। ਨਿਆਂ ਵਿਭਾਗ , ਸਥਾਨਕ ਲਾਅ ਇਨਫੋਰਸਮੈਂਟ ਏਜੰਸੀਆਂ ਤੇ ਸਮਾਜਿਕ ਸੰਸਥਾਵਾਂ ਵਿਚਾਲੇ ਤਾਲਮੇਲ ਵਧੇਗਾ ਤੇ ਨ.ਫਰਤੀ ਅਪਰਾਧਾਂ ਬਾਰੇ ਜਾਗਰੂਕਤਾ ਵਧੇਗੀ। ਵੱਖ ਵੱਖ ਭਾਸ਼ਾਵਾਂ ਵਿਚ ਆਨ ਲਾਈਨ ਹੇਟ ਕਰਾਈਮ ਰਿਪੋਰਟਿੰਗ ਸਿਸਟਮ ਕਾਇਮ ਕੀਤਾ ਜਾਵੇਗਾ ਤਾਂ ਜੋ ਨ.ਫਰਤੀ ਅਪਰਾਧ ਦਾ ਮਾਮਲਾ ਤੁਰੰਤ ਦਰਜ ਹੋ ਸਕੇ। ਹੁਣ ਇਹ ਬਿੱਲ ਡੈਮੋਕਰੈਟਿਕ ਦੇ ਬਹੁਮਤ ਵਾਲੇ ਪ੍ਰਤੀਨਿੱਧ ਸਦਨ ਵਿਚ ਜਾਵੇਗਾ ਜਿਥੇ ਇਹ ਆਸਾਨੀ ਨਾਲ ਪਾਸ ਹੋ ਜਾਵੇਗਾ। ਉਂਝ ਵੀ ਜਿਆਦਾਤਰ ਰਿਪਬਲੀਕਨ ਇਸ ਬਿੱਲ ਦਾ ਸਮਰਥਨ ਕਰ ਰਹੇ ਹਨ। ਸੈਨਟਰ ਮਾਜ਼ੀ ਹਿਰੋਨੋ ਨੇ ਸੈਨਟ ਵਿਚ ਬੋਲਦਿਆਂ ਕਿਹਾ ਕਿ ਇਹ ਬਿੱਲ ਪਾਸ ਕਰਕੇ ਅਸੀਂ ਏਸ਼ੀਅਨ ਮੂਲ ਦੇ ਅਮਰੀਕਨਾਂ ਨੂੰ ਇਕਜੁੱਟਤਾ ਦਾ ਇਕ ਸ਼ਕਤੀਸ਼ਾਲੀ ਸੁਨੇਹਾ ਦਿੱਤਾ ਹੈ ਕਿ ਸੈਨਟ ਏਸ਼ੀਅਨ ਮੂਲ ਦੇ ਲੋਕਾਂ ਵਿਰੁੱਧ ਹਿੰਸਾ ਨੂੰ ਮੂਕ ਦਰਸ਼ਕ ਬਣਕੇ ਨਹੀਂ ਵੇਖ ਸਕਦੀ। ਸੈਨਟ ਉਨਾਂ ਦੇ ਨਾਲ ਖੜੀ ਹੈ। ਸੈਨਟ ਵਿਚ ਬਹੁਗਿਣਤੀ ਆਗੂ ਚੁੱਕ ਸ਼ੂਮਰ ਨੇ ਕਿਹਾ ਕਿ ਏਸ਼ੀਅਨ ਨ.ਫਰਤੀ ਅਪਰਾਧ ਬਿੱਲ ਉਪਰ ਜਿਸ ਢੰਗ ਤਰੀਕੇ ਨਾਲ ਮੈਂਬਰਾਂ ਨੇ ਵੋਟਾਂ ਪਾਈਆਂ ਹਨ ਉਹ ਇਸ ਗੱਲ ਦਾ ਸਬੂਤ ਹੈ ਕਿ ਸੈਨਟ ਅਹਿਮ ਮੁੱਦਿਆਂ ਨਾਲ ਨਜਿੱਠਣ ਦੀ ਸਮਰਥਾ ਰਖਦੀ ਹੈ। ਉਨਾਂ ਕਿਹਾ ਕਿ ਨਿਸ਼ਚਤ ਤੌਰ ‘ਤੇ ਇਹ ਬਿੱਲ ਨ.ਫਰਤੀ ਅਪਰਾਧ ਰੋਕਣ ਵਿਚ ਸਹਾਈ ਹੋਵੇਗਾ ਤੇ ਦੋਸ਼ੀਆਂ ਨੂੰ ਸਖਤ ਸਜਾਵਾਂ ਹੋਣਗੀਆਂ।

TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035

# ਅਮਰੀਕਾ ਦੇ ਮੈਰੀਲੈਂਡ ਸੂਬੇ ’ਚ ਹੋਇਆ ਸੰਯੁਕਤ ਕਿਸਾਨ ਮੋਰਚੇ ਦਾ ਗਠਨ

## ਕਿਸਾਨੀ ਮੁੱਦਿਆਂ ’ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਲਿਖੀ ਚਿੱਠੀ

**ਮੈਰੀਲੈਂਡ (ਰਾਜ ਗੋਗਨਾ):** ਪ੍ਰਵਾਸੀ ਕਿਸਾਨ ਹੁਣ ਭਾਰਤੀ ਕਿਸਾਨਾਂ ਦੇ ਸੰਘਰਸ਼ ਵਿੱਚ ਮੋਢੇ ਨਾਲ ਮੋਢਾ ਲਾ ਕੇ ਹਿੱਸਾ ਲੈ ਰਹੇ ਹਨ। ਇਸ ਲੜੀ ਵਿੱਚ ਅਮਰੀਕਾ ਦੇ ਮੈਰੀਲੈਂਡ ਦੇ ਸਿੱਖਾਂ ਨੇ ਵੀ ਆਪਣੇ ਕਦਮ ਅੱਗੇ ਵਧਾਉਂਦਿਆਂ ਇਕ ਮਿਸਾਲੀ ਕਾਰਜ ਕੀਤਾ ਹੈ। ਸਿੱਖ ਆਗੂ ਬਲਜਿੰਦਰ ਸਿੰਘ ਸ਼ੰਮੀ ਦੀ ਅਗਵਾਈ ਵਿੱਚ ਮੈਰੀਲੈਂਡ ਦੇ ਸਿੱਖਾਂ ਵੱਲੋਂ ‘ਸੰਯੁਕਤ ਕਿਸਾਨ ਮੋਰਚਾ ਮੈਰੀਲੈਂਡ’ ਦਾ ਗਠਨ ਕੀਤਾ ਗਿਆ ਹੈ। ਇਸ ਮੋਰਚੇ ਦੀ ਪ੍ਰਬੰਧਕੀ ਕਮੇਟੀ ਵਿੱਚ ਸਿੱਖ ਆਗੂ ਸ੍ਰ. ਬਲਜਿੰਦਰ ਸਿੰਘ ਸ਼ੰਮੀ ਤੋਂ ਇਲਾਵਾ ਧਰਮਪਾਲ ਸਿੰਘ ਸਾਬਕਾ ਚੇਅਰਮੈਨ ਸਿੱਖ ਐਸੋਸੀਏਸ਼ਨ ਬਾਲਟੀਮੋਰ, ਦਲਵੀਰ ਸਿੰਘ ਸਾਬਕਾ ਪ੍ਰਧਾਨ ਸਿੱਖ ਐਸੋਸੀਏਸ਼ਨ ਬਾਲਟੀਮੋਰ, ਸਰਬਜੀਤ ਸਿੰਘ ਢਿੱਲੋਂ ਸਾਬਕਾ ਚੇਅਰਮੈਨ ਸਿੱਖ ਐਸੋਸੀਏਸ਼ਨ ਬਾਲਟੀਮੋਰ, ਪ੍ਰਿਤਪਾਲ ਸਿੰਘ (ਲੱਕੀ), ਸੁਰਿੰਦਰ ਸਿੰਘ (ਸੋਨੀ), ਸੁਰਿੰਦਰ ਸਿੰਘ ਸੇਠੀ, ਇੰਦਰਜੀਤ ਸਿੰਘ ਗੁਜਰਾਲ, ਬਲਜੀਤ ਸਿੰਘ ਗਿੱਲ, ਰਜਿੰਦਰ ਸਿੰਘ ਸ਼ਾਮਿਲ ਹਨ। ਮੋਰਚੇ ਦੇ ਗਠਨ ਤੋਂ ਬਾਅਦ ਗੱਲਬਾਤ ਕਰਦਿਆਂ ਸਿੱਖ ਆਗੂ ਬਲਜਿੰਦਰ ਸਿੰਘ ਸ਼ੰਮੀ ਨੇ ਕਿਹਾ ਕਿ ਮੋਰਚੇ ਵਲੋਂ ਭਾਰਤੀ ਦੂਤਾਵਾਸ ਵਾਸ਼ਿੰਗਟਨ ਡੀ.ਸੀ ’ਚ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਇਕ ਪੱਤਰ ਭੇਜਿਆ ਗਿਆ ਜਿਸ ਵਿਚ ਕਿਸਾਨਾਂ ਦੀਆਂ ਮੰਗਾਂ ਨੂੰ ਜਲਦ ਤੋਂ ਜਲਦ ਮੰਨਣ ਦੀ ਬੇਨਤੀ ਕੀਤੀ ਗਈ।

ਉਨਾਂ ਦੱਸਿਆ ਉਪਰੋਕਤ ਦਰਸਾਈ ਗਈ ਮੈਨੇਜਿੰਗ ਕਮੇਟੀ ਹੀ ਸੰਯੁਕਤ ਕਿਸਾਨ ਮੋਰਚਾ ਮੈਰੀਲੈਂਡ ਦਾ ਸੰਚਾਲਨ ਕਰੇਗੀ। ਇੱਥੇ ਦੱਸਣਯੋਗ ਹੈ ਕਿ ਕਿਸਾਨੀ ਮੁੱਦਿਆਂ ’ਤੇ ਸਾਬਕਾ ਬੀ.ਜੇ.ਪੀ ਆਗੂ ਬਲਜਿੰਦਰ ਸਿੰਘ ਸ਼ੰਮੀ ਨੇ ਬੀ.ਜੇ.ਪੀ. ਕੋਆਰਡੀਨੇਟਰ ਮੈਰੀਲੈਂਡ ਸਟੇਟ ਯੂ.ਐੱਸ.ਏ ਦੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ ਜੋ ਕਿ ਅਮਰੀਕੀ ਸਿਆਸਤ ਦੀ ਇਕ ਵੱਡੀ ਖਬਰ ਸੀ। ਅਸਤੀਫਾ ਦੇਣ ਉਪਰੰਤ ਬਲਜਿੰਦਰ ਸਿੰਘ ਸ਼ੰਮੀ ਨੇ ਕਿਸਾਨ ਆਗੂ ਰਕੇਸ਼ ਟਿਕੈਤ ਨਾਲ ਭਾਰਤ ਜਾ ਕੇ ਵੀ ਮੁਲਾਕਾਤ ਕੀਤੀ ਸੀ। ਬਲਜਿੰਦਰ ਸਿੰਘ ਸ਼ੰਮੀ ਨੇ ਦੱਸਿਆ ਕਿ ਰਕੇਸ਼ ਟਿਕੈਤ ਅਤੇ ਅੰਦੋਲਨ ਦੀ ਹਮਾਇਤ ਵਿਚ ਸੰਯੁਕਤ ਕਿਸਾਨ ਮੋਰਚੇ ਦੀਆਂ ਸ਼ਾਖਾਵਾਂ 70 ਦੇਸ਼ਾਂ ਵਿਚ ਚੱਲ ਰਹੀਆਂ ਹਨ।

ਉਨਾਂ ਕਿਹਾ ਕਿ ਪ੍ਰਧਾਨ ਮੰਤਰੀ ਨੂੰ ਪੱਤਰ ਲਿਖਣ ਤੋਂ ਬਾਅਦ ਅਸੀਂ ਸੰਯੁਕਤ ਕਿਸਾਨ ਮੋਰਚਾ ਮੈਰੀਲੈਂਡ ਵੱਲੋ ਅਮਰੀਕਾ ਦੇ ਕਾਂਗਰਸਮੈਨ ਅਤੇ ਸੈਨੇਟਰ ਨਾਲ ਮੁਲਾਕਾਤ ਵੀ ਕਰਾਂਗੇ ਅਤੇ ਕਿਸਾਨੀ ਮੁੱਦਿਆਂ



ਬਾਰੇ ਜਾਣੂੰ ਕਰਵਾਵਾਂਗੇ। ਸੰਯੁਕਤ ਕਿਸਾਨ ਮੋਰਚਾ ਮੈਰੀਲੈਂਡ ਦੇ ਗਠਨ ‘ਤੇ ਉੱਘੇ ਸਿੱਖ ਆਗੂ ਅਤੇ ਸਿੱਖਸ ਆਫ਼ਤ ਅਮਰੀਕਾ ਦੇ ਚੇਅਰਮੈਨ ਸ. ਜਸਦੀਪ ਸਿੰਘ ਜੱਸੀ ਨੇ ਨਵੇ ਗਠਨ ਦੀਆ ਸ਼ੁੱਭ ਕਾਮਨਾਵਾਂ ਦਿੰਦਿਆਂ ਮੁਬਾਰਕਬਾਦ ਦਿੱਤੀ ਅਤੇ ਆਸ ਕੀਤੀ ਕਿ ਜਿਹੜੇ ਮੰਤਵ ਨੂੰ ਲੈ ਕੇ ਇਹ ਮੋਰਚਾ ਬਣਾਇਆ ਗਿਆ ਹੈ ਉਸ ਵਿੱਚ ਜ਼ਰੂਰ ਕਾਮਯਾਬ ਮਿਲੇਗੀ।

# ਅਦਾਲਤ ਵੱਲੋਂ ਜਾਰਜ ਫਲਾਇਡ ਦੀ ਹੱਤਿਆ ਦੇ ਮਾਮਲੇ ਵਿਚ ਸਾਬਕਾ ਪੁਲਿਸ ਅਧਿਕਾਰੀ ਸ਼ੌਵਿਨ ਦੋਸ਼ੀ ਕਰਾਰ

## ✪ ਜਮਾਨਤ ਰੱਦ, ਹੱਥਕੜੀ ਲਾ ਕੇ ਜੇਲ ਲਿਜਾਇਆ ਗਿਆ ✪ ਲੋਕਾਂ ਨੇ ਮਨਾਈਆਂ ਖੁਸ਼ੀਆਂ ✪ ਰਾਸ਼ਟਰਪਤੀ ਨੇ ਪ੍ਰਗਟਾਈ ਤਸੱਲੀ





**ਸੈਕਰਾਮੈਂਟੋ (ਹੁਸਨ ਲੜੋਆ ਬੰਗਾ):** ਅਦਾਲਤ ਨੇ ਮਿਨੀਪੋਲਿਸ ਦੇ ਸਾਬਕਾ ਪੁਲਿਸ ਅਧਿਕਾਰੀ ਡੈਰਕ ਸ਼ੌਵਿਨ ਨੂੰ ਸਾਹਫਿਆਮ ਜਾਰਜ ਫਲਾਇਡ ਦੀ ਹੱਤਿਆ ਦੇ ਮਾਮਲੇ ਵਿਚ ਦੋਸ਼ੀ ਠਹਿਰਾਇਆ ਹੈ। ਇਕ ਬਹੁਤ ਹੀ ਅਹਿਮ ਫੈਸਲੇ ਵਿਚ ਅਦਾਲਤ ਨੇ 45 ਸਾਲਾ ਡੈਰਕ ਸ਼ੌਵਿਨ ਨੂੰ ਤਿੰਨਾਂ ਦੋਸ਼ਾਂ ‘ਸੈਕੰਡ ਡਿਗਰੀ ਅਨਇੰਟੈਨਸ਼ਲ ਮਰਡਰ, ਥਰਡ ਡਿਗਰੀ ਮਰਡਰ ਤੇ ਸੈਕੰਡ ਡਿਗਰੀ ਮੈਨਸਲਾਟਰ’ ਵਿਚ ਦੋਸ਼ੀ ਕਰਾਰ ਦਿੱਤਾ। ਇਨਾਂ ਤਿੰਨ ਦੋਸ਼ਾਂ ਤਹਿਤ ਉਸ ਨੂੰ ਕ੍ਰਮਵਾਰ 40 ਸਾਲ, 25 ਸਾਲ ਤੇ 10 ਸਾਲ ਸਜ਼ਾ ਹੋ ਸਕਦੀ ਹੈ। ਮਿਨੀਸੋਟਾ ਦੇ ਸਜ਼ਾ ਸਬੰਧੀ ਦਿਸ਼ਾ ਨਿਰਦੇਸ਼ਾਂ ਤਹਿਤ ਹਰੇਕ ਹੱਤਿਆ ਦੇ ਦੋਸ਼ ਲਈ 12.5 ਸਾਲ ਤੇ ‘ਮੈਨਸਲਾਟਰ’ ਦੋਸ਼ ਤਹਿਤ 4 ਸਾਲ ਦੀ ਸਜ਼ਾ ਦੀ ਵਿਵਸਥਾ ਹੈ ਪ੍ਰੰਤੂ ਸ਼ੌਵਿਨ ਦੇ ਮਾਮਲੇ ਵਿਚ ਰਾਜ ਨੇ ਤਜਵੀਜਸ਼ੁਦਾ ਸਜ਼ਾ ਤੋਂ ਵਧ ਤੇ ਸਖਤ ਸਜ਼ਾ ਦੇਣ ਦੀ ਸਿਫਾਰਿਸ਼ ਕੀਤੀ ਹੈ। 45 ਸਾਲਾ ਸ਼ੌਵਿਨ ਜਿਸ ਨੇ ਮਾਸਕ ਪਾਇਆ ਹੋਇਆ ਸੀ, ਮਿਨੀਪੋਲਿਸ ਦੀ ਅਦਾਲਤ ਵਿਚ ਚੁੱਪ ਚਾਪ ਖੜਾ ਰਿਹਾ ਤੇ ਉਸ ਨੇ ਅਦਾਲਤ ਦੇ ਫੈਸਲੇ ਉਪਰ ਪ੍ਰਤੱਖ ਤੌਰ ’ਤੇ ਕੋਈ ਪ੍ਰਤੀਕਰਮ ਪ੍ਰਗਟ ਨਹੀਂ ਕੀਤਾ। ਫੈਸਲੇ ਉਪਰੰਤ ਉਸ ਦੀ ਜਮਾਨਤ ਰੱਦ ਕਰ ਦਿੱਤੀ ਗਈ ਤੇ ਪੁਲਿਸ ਅਧਿਕਾਰੀ ਉਸ ਨੂੰ ਹੱਥਕੜੀ ਲਾ ਕੇ ਅਦਾਲਤ ਦੇ ਪਿਛਲੇ ਦਰਵਾਜੇ ਰਾਹੀਂ ਜੇਲ ਲੈ ਗਏ। ਉਸ ਨੂੰ ਡਾਊਨ ਟਾਊਨ ਮਿਨੀਪੋਲਿਸ ਤੋਂ 25 ਮੀਲ ਦੂਰ ਸਟਿਲਵਾਟਰ, ਮਿਨੀਸੋਟਾ ਵਿਖੇ ਰਖਿਆ ਗਿਆ ਹੈ। ਅਦਾਲਤ ਦਾ ਫੈਸਲਾ ਤਕਰੀਬਨ 11 ਮਹੀਨੇ ਬਾਅਦ ਆਇਆ ਹੈ। 25 ਮਈ 2020 ਨੂੰ ਡੈਰਕ ਸ਼ੌਵਿਨ ਦੇ ਗੋਡੇ ਹੇਠ 46 ਸਾਲਾ ਜਾਰਜ ਫਲਾਇਡ ਦਮ ਤੋੜ ਗਿਆ ਸੀ। ਸ਼ੌਵਿਨ ਨੇ ਫਲਾਇਡ ਜਿਸ ਦੇ ਪਿਛੇ ਹੱਥ ਬੰਨੇ ਹੋਏ ਸਨ ਤੇ ਜਮੀਨ ਉਪਰ ਪੁੱਠਾ ਲਿਟਾਇਆ ਹੋਇਆ ਸੀ, ਦੀ ਧੌਣ ਨੂੰ ਆਪਣੇ ਗੋਡੇ ਨਾਲ 9 ਮਿੰਟ 29 ਸੈਕਿੰਡ ਦਬਾਈ ਰਖਿਆ। ਜਿਸ ਦੌਰਾਨ ਫਲਾਇਡ ਸਾਹ ਨਾ ਆਉਣ ਦੀ ਗੱਲ ਕਹਿੰਦਾ ਰਿਹਾ। ਆਖਰ ਉਹ ਸਾਹ ਨਾ ਆਉਣ ਕਾਰਨ ਦਮ ਤੋੜ ਗਿਆ। ਮੁਕੱਦਮੇ ਦੀ ਸੁਣਵਾਈ ਦੌਰਾਨ ਹਾਲਾਂ ਕਿ ਕੁਝ ਮੈਡੀਕਲ ਮਾਹਿਰਾਂ ਨੇ ਦਿੱਲ ਦੀ ਧੜਕਣ ਰੁਕ ਜਾਣ ਨੂੰ ਫਲਾਇਡ ਦੀ ਮੌਤ ਦਾ ਕਾਰਨ ਦੱਸਿਆ ਪ੍ਰੰਤੂ ਇਸਤਿਗਾਸਾ ਪੱਖ ਦੀ ਇਸ ਦਲੀਲ ਨੂੰ ਅਦਾਲਤ ਨੇ ਮੰਨ ਲਿਆ ਕਿ ਫਲਾਇਡ ਦੀ ਮੌਤ ਦਾ ਕਾਰਨ ਸਾਹ ਦਾ ਰੁਕਣਾ ਸੀ। ਵਕੀਲਾਂ ਨੇ ਜੱਜਾਂ ਨੂੰ ਵਾਰ ਵਾਰ ਕਿਹਾ ਆਪਣੀਆਂ ਅੱਖਾਂ ਉਪਰ ਵਿਸ਼ਵਾਸ਼ ਕਰੋ ਤੇ ਵੀਡੀਓ ਉਪਰ ਭਰੋਸਾ ਕਰੋ। ਸਟੀਵ ਸ਼ਲੀਚਰ ਨੇ ਆਪਣੀ ਅੰਤਿਮ ਦਲੀਲ ਵਿਚ ਕਿਹਾ ਜਦੋਂ ਤੁਸੀਂ ਵੀਡੀਓ ਵੇਖੀ ਸੀ ਤਾਂ ਜੋ ਤੁਹਾਡੇ ਦਿਮਾਗ ਵਿਚ ਆਇਆ ਸੀ, ਮਾਮਲਾ ਅੱਜ ਵੀ ਉਥੇ ਹੀ ਖੜਾ ਹੈ। ਇਹ ਕਿਸੇ ਪੁਲਿਸ ਅਧਿਕਾਰੀ ਦਾ ਕੰਮ ਨਹੀਂ ਹੈ ਇਹ ਕਾਤਲ ਦਾ ਕੰਮ ਹੈ। ਫੈਸਲੇ ਸਮੇ ਅਦਾਲਤ ਵਿਚ ਫਲਾਇਡ ਦਾ ਛੋਟਾ ਭਰਾ ਫਿਲੋਨਾਈਜ ਫਲਾਇਡ ਮੌਜੂਦ ਸੀ। ਜਦੋਂ ਜੱਜ ਨੇ ਫੈਸਲਾ ਪੜਿਆ ਤਾਂ ਉਸ ਨੇ ਹੱਥ ਉਪਰ ਕਰਕੇ ਪ੍ਰਭੂ ਦਾ ਸ਼ੁਕਰਾਨਾ ਕੀਤਾ। ਫੈਸਲੇ ਉਪਰੰਤ ਉਸ ਨੇ ਖੁਸ਼ੀ ਵਿਚ ਸਾਰੇ ਵਕੀਲਾਂ ਨੂੰ ਜਫੀ ਪਾਈ ਤੇ ਉਨਾਂ ਦਾ ਧੰਨਵਾਦ ਕੀਤਾ। ਉਸ ਨੇ ਕਿਹਾ ਫੈਸਲੇ ਤੋਂ ਪਹਿਲਾਂ ਮੈਂ ਕੇਵਲ ਪ੍ਰਾਰਥਨਾ ਕਰ ਰਿਹਾ ਸੀ ਕਿ ਦੋਸ਼ੀ ਨੂੰ ਸਜ਼ਾ ਮਿਲੇ ਕਿਉਂਕਿ ਇਕ ਅਫਰੀਕਨ ਅਮਰੀਕਨ ਦੇ ਤੌਰ ’ਤੇ ਸਾਨੂੰ ਕਦੀ ਨਿਆਂ ਨਹੀਂ ਮਿਲਿਆ। ਅਦਾਲਤ ਦੇ ਫੈਸਲੇ ’ਤੇ ਲੋਕਾਂ ਨੇ ਖੁਸ਼ੀ ਮਨਾਈ ਤੇ ਇਕ ਦੂਸਰੇ ਨੂੰ ਵਧਾਈਆਂ ਦਿੱਤੀਆਂ। ਕੱਪ ਫੂਡਜ਼ ਸਟੋਰ ਜਿਥੇ ਫਲਾਈਡ ਨੇ ਆਖਰੀ ਸਾਹ ਲਿਆ ਸੀ, ਦੇ ਬਾਹਰਵਾਰ ਲੋਕਾਂ ਦੀ ਭਾਰੀ ਭੀੜ ਜਮਾਂ ਹੋ ਗਈ।

ਰਾਸ਼ਟਰਪਤੀ ਵੱਲੋਂ ਤਸੱਲੀ ਦਾ ਪ੍ਰਗਟਾਵਾ- ਰਾਸ਼ਟਰਪਤੀ ਜੋਅ ਬਾਈਡਨ ਨੇ ਫੈਸਲੇ ਉਪਰ ਤਸੱਲੀ ਪ੍ਰਗਟ ਕੀਤੀ ਹੈ। ਉਨਾਂ ਕਿਹਾ ਕਿ ਹਾਲਾਂਕਿ ਇਹ ਫੈਸਲਾ ਜਾਰਜ ਫਲਾਇਡ ਨੂੰ ਵਾਪਿਸ ਨਹੀਂ ਲਿਆ ਸਕਦਾ ਪ੍ਰੰਤੂ ਉਸ ਦੇ ਪਰਿਵਾਰ ਦੇ ਦੁੱਖ ਨੂੰ ਘਟਾਉਣ ਵਿੱਚ ਮੱਦਦਗਾਰ ਸਾਬਤ ਹੋਵੇਗਾ। ਜਾਰਜ ਫਲਾਇਡ ਦੇ ਦੂਸਰੇ ਭਰਾ ਰੋਡਨੀ ਫਲਾਇਡ ਨੇ ਕਿਹਾ ਇਹ ਸਾਡੇ ਸਾਰਿਆਂ ਦੀ ਜਿੱਤ ਹੈ। ਇਹ ਫੈਸਲਾ ਰੰਗਭੇਦ ਦੀਆਂ ਹੱਦਾਂ ਤੋਂ ਪਰੇ ਹੈ। ਸਾਡੀ ਇਕਜੁੱਟਤਾ ਕੰਮ ਆਈ ਹੈ।

# ਅਮਰੀਕਾ ਦੀ ਅੱਧੀ ਬਾਲਗ ਵੱਸੋਂ ਨੂੰ ਲੱਗਾ ਕੋਵਿਡ ਤੋਂ ਬਚਾਅ ਦਾ ਟੀਕਾ

## 30% ਬਾਲਗਾਂ ਦਾ ਹੋਇਆ ਮੁਕੰਮਲ ਟੀਕਾਕਰਨ

**ਸੈਕਰਾਮੈਂਟੋ (ਹੁਸਨ ਲੜੋਆ ਬੰਗਾ):** ਅਮਰੀਕਾ ਦੀ ਕੁੱਲ ਬਾਲਗ ਵਸੋਂ ਵਿਚੋਂ ਤਕਰੀਬਨ ਅੱਧੀ ਆਬਾਦੀ ਨੂੰ ਕੋਵਿਡ ਵੈਕਸੀਨ ਦਾ ਇਕ ਟੀਕਾ ਲੱਗ ਚੁੱਕਾ ਹੈ। ਯੂ ਐਸ ਸੈਂਟਰਜ ਫਾਰ ਡਸੀਜ਼ ਕੰਟਰੋਲ ਐਂਡ ਪ੍ਰੀਵੈਨਸ਼ਨ ਤੋਂ ਪ੍ਰਾਪਤ ਅੰਕੜਿਆਂ ਵਿੱਚ ਇਹ ਖੁਲਾਸਾ ਹੋਇਆ ਹੈ। ਅੰਕੜਿਆਂ ਅਨੁਸਾਰ 30% ਬਾਲਗਾਂ ਨੂੰ ਦੋਨੋਂ ਟੀਕੇ ਲੱਗ ਚੁੱਕੇ ਹਨ। ਸਿਹਤ ਮਾਹਿਰਾਂ ਦਾ ਮੰਨਣਾ ਹੈ ਕਿ ਬੇਲਗਾਮ ਹੁੰਦੇ ਜਾ ਰਹੇ ਕੋਵਿਡ-19 ਨੂੰ ਕਾਬੂ ਕਰਨ ਲਈ ਟੀਕਾਕਰਨ ਵਿਚ ਤੇਜੀ ਲਿਆਉਣ ਦੀ ਲੋੜ ਹੈ। ਅਮਰੀਕਾ ਦੇ ਚੋਟੀ ਦੇ ਲਾਗ ਦੀਆਂ ਬਿਮਾਰੀਆਂ ਬਾਰੇ ਮਾਹਿਰ ਡਾਕਟਰ ਐਨਟਨੀ ਫੌਕੀ ਅਨੁਸਾਰ 85% ਬਾਲਗ ਵੱਸੋਂ ਨੂੰ ਜਿੰਨੀ ਛੇਤੀ ਹੋ ਸਕੇ ਕੋਵਿਡ ਵੈਕਸੀਨ ਦਿੱਤੀ ਜਾਣੀ ਚਾਹੀਦੀ ਹੈ। ਵਧ ਰਹੇ ਮਾਮਲਿਆਂ ਦੇ ਮੱਦੇਨਜਰ ਤੇ ਕੋਵਿਡ ਦੇ ਸਾਹਮਣੇ ਆ ਰਹੇ ਨਵੇਂ ਰੂਪ ਨੂੰ ਵੇਖਦਿਆਂ ਹੋਇਆਂ ਟੀਕਾਕਰਨ ਛੇਤੀ ਹੋਣਾ



ਚਾਹੀਦੀ ਹੈ। ਇਸੇ ਦੌਰਾਨ ਵਾਈਟ ਹਾਊਸ ਦੇ ਸਲਾਹਕਾਰ ਬੋਰਡ ਨੇ ਟੀਕਾਕਰਨ ਵਿੱਚ ਤੇਜ਼ੀ ਲਿਆਉਣ ਉਪਰ ਜੋਰ ਦਿੱਤਾ ਹੈ। ਇਸੇ ਦੌਰਾਨ ਕਈ ਰਾਜਾਂ ਨੇ ਹਵਾਈ ਅੱਡਿਆਂ ਸਮੇਤ ਹੋਰ ਥਾਵਾਂ ’ਤੇ ਵੀ ਟੀਕਾਕਰਨ ਕੇਂਦਰ ਸਥਾਪਿਤ ਕਰਨ ਦਾ ਐਲਾਨ ਕੀਤਾ ਹੈ। ਅਲਾਸਕਾ ਦੇ ਗਵਰਨਰ ਮਾਈਕ ਡੂਨਲੇਵੀ ਨੇ ਐਲਾਨ ਕੀਤਾ ਹੈ ਕਿ ਰਾਜ ਦੇ ਪ੍ਰਮੁੱਖ ਹਵਾਈ ਅੱਡਿਆਂ ਉਪਰ ਕੋਵਿਡ ਟੀਕਾਕਰਨ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ ਤਾਂ ਜੋ ਕੋਵਿਡ ਮਹਾਂਮਾਰੀ ਨਾਲ ਜੂਝ ਰਹੀ ਸੈਰ ਸਪਾਟਾ ਸਨਅੱਤ ਨੂੰ ਉਭਾਰਿਆ ਜਾ ਸਕੇ।

# ਫਲੋਰੀਡਾ ਦੇ ਗਵਰਨਰ ਨੇ ਹਿੰਸਾ ਤੇ ਦੰਗਿਆਂ ਨੂੰ ਨੱਥ ਪਾਉਣ ਲਈ ਬਿੱਲ ਉਪਰ ਕੀਤੇ ਦਸਤਖ਼ਤ

## ਵਿਰੋਧੀਆਂ ਨੇ ਕਿਹਾ ਕਾਨੂੰਨ ਰਾਹੀਂ ਸਾਹਫਿਆਮ ਲੋਕਾਂ ਨੂੰ ਨਿਸ਼ਾਨਾ ਬਣਾਇਆ

**ਸੈਕਰਾਮੈਂਟੋ (ਹੁਸਨ ਲੜੋਆ ਬੰਗਾ):** ਫਲੋਰੀਡਾ ਦੇ ਗਵਰਨਰ ਰੋਨ ਡੀਸੈਂਟਿਸ ਨੇ ਉਸ ਬਿੱਲ ਉਪਰ ਦਸਤਖਤ ਕਰ ਦਿੱਤੇ ਹਨ ਜਿਸ ਤਹਿਤ ਦੰਗਾਕਾਰੀਆਂ ਲਈ ਸਖਤ ਸਜਾਵਾਂ ਦੀ ਵਿਵਸਥਾ ਕੀਤੀ ਗਈ ਹੈ। ਗਵਰਨਰ ਨੇ ਕਿਹਾ ਹੈ ਕਿ 'ਕੰਬੇਟਿੰਗ ਪਬਲਿਕ ਡਿਸਆਰਡਰ' ਕਾਨੂੰਨ ਤਹਿਤ ਹਿੰਸਾ, ਦੰਗੇ ਕਰਨ ਤੇ ਜਾਇਦਾਦਾਂ ਨੂੰ ਨੁਕਸਾਨ ਪਹੁੰਚਾਉਣ ਵਾਲੇ ਲੋਕਾਂ ਦੀਆਂ ਸਜਾਵਾਂ ਵਧਾ ਦਿੱਤੀਆਂ ਗਈਆਂ ਹਨ ਤੇ ਉਨਾਂ ਸਥਾਨਕ ਅਧਿਕਾਰੀਆਂ ਤੇ ਮਿਊਂਸਪਲ ਕਮੇਟੀਆਂ ਨੂੰ ਵੀ ਸਜਾਵਾਂ ਹੋਣਗੀਆਂ ਜੋ ਲੋਕਾਂ ਦੇ ਜਾਨ ਮਾਲ ਦੀ ਰਾਖੀ ਨਹੀਂ ਕਰ ਸਕਣਗੀਆਂ। ਸਥਾਨਕ ਅਧਿਕਾਰੀਆਂ ਤੇ ਮਿਊਂਸਪਲ ਕਮੇਟੀਆਂ ਜੋ ਲਾਅ ਇਨਫੋਰਸਮੈਂਟ ਦੇ ਫੰਡਾਂ ਨੂੰ ਘਟਾਉਣ ਜਾਂ ਖਤਮ ਕਰਨ ਦੀ ਕੋਸ਼ਿਸ ਕਰਨਗੀਆਂ ਵਿਰੁੱਧ ਰਾਜ ਕਾਰਵਾਈ ਕਰ ਸਕਣਗੇ। ਕਾਰੋਬਾਰੀ ਆਪਣੀਆਂ ਜਾਇਦਾਦਾਂ ਦੇ ਨੁਕਸਾਨ ਦੀ ਭਰਪਾਈ ਲਈ ਉਨਾਂ ਮਿਊਂਸਪੈਲਟੀਆਂ ਵਿਰੁੱਧ ਕੇਸ ਕਰ ਸਕਣਗੇ ਜੋ ਉਨਾਂ ਦੀ ਜਇਦਾਦ ਦੀ ਹਿਫਾਜਤ ਕਰਨ ਵਿਚ ਨਾਕਾਮ ਰਹਿੰਦੀਆਂ ਹਨ। ਜੋ ਵਿਅਕਤੀ ਕਿਸੇ ਹੋਰ ਉਪਰ ਹਮਲਾ ਕਰਦਾ ਹੈ ਵਿਸ਼ੇਸ਼ ਕਰਕੇ ਲਾਅ ਇਨਫੋਰਸਮੈਂਟ ਅਧਿਕਾਰੀਆਂ 'ਤੇ ਜਾਂ ਜਾਇਦਾਦ ਨੂੰ ਨੁਕਸਾਨ ਪਹੰਚਾਉਂਦਾ ਹੈ, ਵਿਰੁੱਧ ਕਾਨੂੰਨੀ ਦੋਸ਼ਾਂ ਵਿਚ ਵਾਧਾ ਕਰ ਦਿੱਤਾ ਗਿਆ ਹੈ। ਹੁਣ ਉਸ ਨੂੰ ਸਖਤ ਦੋਸ਼ਾਂ ਦਾ ਸਾਹਮਣਾ ਕਰਨਾ ਪਵੇਗਾ। ਗ੍ਰਿਫਤਾਰ ਵਿਅਕਤੀ ਨੂੰ ਅਦਾਲਤ ਵਿਚ ਪਹਿਲੀ ਪੇਸ਼ੀ ਤੱਕ ਹਿਰਾਸਤ ਵਿਚ ਰਖਿਆ ਜਾ ਸਕੇਗਾ।




ਰਾਜਪਾਲ ਨੇ ਕਿਹਾ ਹੈ ਕਿ ਰਾਸ਼ਟਰੀ ਝੰਡੇ ਸਮੇਤ ਇਤਿਹਾਸਕ ਇਮਾਰਤਾਂ ਜਾਂ ਜਾਇਦਾਦਾਂ ਨੂੰ ਨੁਕਸਾਨ ਪਹੁੰਚਾਉਣ ਜਾਂ ਅਪਮਾਨ ਕਰਨ ਵਾਲਿਆਂ ਦੀਆਂ ਗਤੀਵਿਧੀਆਂ ਨੂੰ ਰੋਕਣ ਵਿੱਚ ਇਹ ਬਿੱਲ ਕਾਰਗਰ ਸਾਬਤ ਹੋਵੇਗਾ। ਬਿੱਲ ਉਪਰ ਦਸਤਖਤ ਕਰਨ ਤੋਂ ਪਹਿਲਾਂ ਗਵਰਨਰ ਨੇ ਕਿਹਾ ਕਿ 'ਜੇ ਤੁਸੀਂ ਦੰਗਾ ਕਰਦੇ ਹੋ, ਲੁੱਟਮਾਰ ਕਰਦੇ ਹੋ, ਦੂਸਰਿਆਂ ਨੂੰ ਨੁਕਸਾਨ ਪਹੁੰਚਾਉਂਦੇ ਹੋ, ਵਿਸ਼ੇਸ਼ ਕਰਕੇ ਲਾਅ ਇਨਫੋਰਸਮੈਂਟ ਅਧਿਕਾਰੀਆਂ ਉਪਰ ਹਮਲਾ ਕਰਦੇ ਹੋ ਤਾਂ ਤੁਹਾਨੂੰ ਜੇਲ ਜਾਣਾ ਹੀ ਪਵੇਗਾ।' ਉਨਾਂ ਕਿਹਾ ਕਿ ਇਹ ਦੰਗਿਆਂ ਵਿਰੋਧੀ ਤੇ ਲਾਅ ਇਨਫੋਰਸਮੈਂਟ ਏਜੰਸੀਆਂ ਦੇ ਹੱਕ ਵਿਚ ਇਕ ਮਜ਼ਬੂਤ ਕਾਨੂੰਨ ਹੈ।' ਉਨਾਂ ਕਿਹਾ ਕਿ ਕੁਝ ਸਥਾਨਕ ਸਰਕਾਰਾਂ ਪੁਲਿਸ ਨੂੰ ਉਸ ਸਮੇਂ ਤਮਾਸ਼ਬੀਨ ਬਣਕੇ ਖੜੇ ਰਹਿਣ ਲਈ ਮਜਬੂਰ ਕਰਦੀਆਂ ਹਨ ਜਦੋਂ ਸ਼ਹਿਰ ਸੜ ਰਹੇ ਹੋਣ ਤੇ ਲੋਕਾਂ ਉਪਰ ਹਮਲੇ ਹੋ ਰਹੇ ਹੋਣ ਤੇ ਉਨਾਂ ਨੂੰ ਨੁਕਸਾਨ ਪਹੁੰਚਾਇਆ ਜਾ ਰਿਹਾ ਹੋਵੇ। ਅਜਿਹਾ ਕਰਨਾ ਆਪਣੇ ਫਰਜਾਂ ਤੋਂ ਭੱਜਣ ਦੇ ਬਰਾਬਰ ਹੈ। ਗਵਰਨਰ ਡੀਸੈਂਟਿਸ ਨੇ ਪੋਰਟਲੈਂਡ, ਸੀਏਟਲ ਤੇ ਮਿਨੀਪੋਲਿਸ ਦਾ ਹਵਾਲਾ ਵੀ ਦਿੱਤਾ ਜਿਥੇ ਪਿਛਲੇ ਸਾਲ ਦੰਗੇ ਹੋਏ ਸਨ। ਫਲੋਰੀਡਾ ਦੇ ਸੈਨੇਟ ਪ੍ਰਧਾਨ ਵਿਲਟਨ ਸਿੰਪਸਨ ਨੇ ਕਿਹਾ ਹੈ ਕਿ ਮੈਂ ਨਹੀਂ ਜਾਣਦਾ ਇਹ ਕਾਨੂੰਨ ਰਾਜਸੀ ਕਿਵੇਂ ਹੈ। ਸਾਡਾ ਮਕਸਦ ਲਾਅ ਇਨਫੋਰਸਮੈਂਟ ਅਧਿਕਾਰੀਆਂ ਤੇ ਲੋਕਾਂ ਦੇ ਜਾਨ ਮਾਲ ਦੀ ਰੱਖਿਆ ਕਰਨਾ ਹੈ ਤੇ ਜੇਕਰ ਕੋਈ ਦੰਗਾ ਕਰਦਾ ਹੈ ਤਾਂ ਉਸ ਨੂੰ ਕਾਨੂੰਨ ਦਾ ਸਾਹਮਣਾ ਕਰਨਾ ਪਵੇਗਾ। ਇਸ ਕਾਨੂੰਨ ਦੀ ਵਿਰੋਧੀਆਂ ਨੇ ਨਿੰਦਾ ਕਰਦਿਆਂ ਕਿਹਾ ਹੈ ਕਿ ਇਹ ਕਾਨੂੰਨ ਭਾਸ਼ਣ ਦੇ ਅਧਿਕਾਰ ਦੀ ਉਲੰਘਣਾ ਕਰਦਾ ਹੈ ਤੇ ਇਸ ਕਾਨੂੰਨ ਤਹਿਤ ਸਾਹਫਿਆਮ ਲੋਕਾਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਆਲੋਚਕਾਂ ਦਾ ਕਹਿਣ ਹੈ ਕਿ ਇਹ ਕਾਨੂੰਨ ਰਾਜਸੀ ਹੈ।

# ਅਮਰੀਕਾ ਦੀ ਉਪ ਰਾਸ਼ਟਰਪਤੀ ਕਮਲਾ ਹੈਰਿਸ ਨੂੰ ਮਿਲੀ ਮਾਰਨ ਦੀ ਧਮਕੀ

**ਹਿਊਸਟਨ/ਏ.ਟੀ.ਨਿਊਜ਼ :** ਅਮਰੀਕਾ ਦੇ ਫਲੋਰਿਡਾ 'ਚ ਇਕ 39 ਸਾਲਾ ਨਰਸ ਨੂੰ ਉਪ ਰਾਸ਼ਟਰਪਤੀ ਕਮਲਾ ਹੈਰਿਸ ਨੂੰ ਜਾਨ ਤੋਂ ਮਾਰਨ ਦੀ ਧਮਕੀ ਦੇਣ ਦੇ ਦੋਸ਼ ਵਿਚ ਗ੍ਰਿਫਤਾਰ ਕੀਤਾ ਗਿਆ ਹੈ। ਸੀਐਨਐਨ ਦੀ ਇਕ ਰਿਪੋਰਟ ਦੇ ਅਨੁਸਾਰ, ਨਿਵੀਅਨ ਪੇਟਿਟ ਫੇਲਪਸ ਨੂੰ ਯੂਐਸ ਸੀਕ੍ਰੇਟ ਸਰਵਿਸ ਦੁਆਰਾ ਜਾਂਚ ਤੋਂ ਬਾਅਦ ਗ੍ਰਿਫਤਾਰ ਕੀਤਾ ਗਿਆ ਸੀ। ਕਮਲਾ ਹੈਰਿਸ (56) ਅਮਰੀਕਾ ਦੀ ਉਪ ਰਾਸ਼ਟਰਪਤੀ ਵਜੋਂ ਚੁਣੀ ਗਈ ਪਹਿਲੀ ਬਲੈਕ ਅਮਰੀਕੀ ਅਤੇ ਦੱਖਣੀ ਏਸ਼ੀਆਈ ਅਮਰੀਕੀ ਔਰਤ ਹੈ।

ਫਲੋਰਿਡਾ ਵਿੱਚ ਦਾਇਰ ਕੀਤੀ ਇੱਕ ਸ਼ਿਕਾਇਤ ਦੇ ਅਨੁਸਾਰ, ਫੇਲਪਸ ਨੇ ਜਾਣਬੁੱਝ ਕੇ 13 ਫਰਵਰੀ ਤੋਂ 18 ਫਰਵਰੀ ਦੇ ਵਿਚਕਾਰ ਸੰਯੁਕਤ ਰਾਜ ਦੀ ਉਪ ਰਾਸ਼ਟਰਪਤੀ ਨੂੰ ਜਾਨ ਤੋਂ ਮਾਰਨ ਅਤੇ




ਸਰੀਰਕ ਨੁਕਸਾਨ ਪਹੁੰਚਾਉਣ ਦੀ ਧਮਕੀ ਦਿੱਤੀ ਸੀ। ਫੇਲਪਸ 2001 ਤੋਂ ਜੈਕਸਨ ਸਿਹਤ ਪ੍ਰਣਾਲੀ ਲਈ ਕੰਮ ਕਰ ਰਹੀ ਹੈ।

ਸ਼ਿਕਾਇਤ 'ਚ ਕਿਹਾ ਗਿਆ ਹੈ ਕਿ ਫੇਲਪਸ ਨੇ ਇਕ ਕੰਪਿਊਟਰ ਐਪਲੀਕੇਸ਼ਨ ਦੇ ਜ਼ਰੀਏ ਜੇਲ 'ਚ ਆਪਣੇ ਪਤੀ ਨੂੰ ਵੀਡੀਓ ਭੇਜੀ ਸੀ, ਜਿਸ ਵਿਚ ਪਰਿਵਾਰਾਂ ਨੂੰ ਕੈਦੀਆਂ ਨਾਲ ਜੁੜਨ ਦੀ ਆਗਿਆ ਹੈ। ਸ਼ਿਕਾਇਤ ਦੇ ਅਨੁਸਾਰ, ਫੇਲਪਸ ਨੇ ਵੀਡੀਓ ਵਿੱਚ ਕੈਮਰੇ ਦੇ ਸਾਹਮਣੇ ਰਾਸ਼ਟਰਪਤੀ ਜੋਅ ਬਾਈਡਨ ਅਤੇ ਉਪ ਰਾਸ਼ਟਰਪਤੀ ਕਮਲਾ ਹੈਰਿਸ ਲਈ ਨਫ਼ਰਤ ਭਰੇ ਸ਼ਬਦਾਂ ਦੀ ਵਰਤੋਂ ਕੀਤੀ। ਇਨਾਂ ਵੀਡੀਓ ਵਿਚ ਫੇਲਪਸ ਨੇ ਉਪ ਰਾਸ਼ਟਰਪਤੀ ਹੈਰਿਸ ਦੀ ਹੱਤਿਆ ਬਾਰੇ ਵੀ ਬਿਆਨ ਦਿੱਤਾ ਹੈ। ਇਕ ਵੀਡੀਓ ਵਿਚ ਫੇਲਪਸ ਨੇ ਕਿਹਾ 'ਕਮਲਾ ਹੈਰਿਸ ਤੁਸੀਂ ਮਰਨ ਜਾ ਰਹੇ ਹੋ। ਤੁਹਾਡੇ ਦਿਨ ਹੁਣ ਥੋੜੇ ਰਹਿ ਗਏ ਹਨ', 18 ਫਰਵਰੀ ਨੂੰ ਇੱਕ ਦੂਸਰੀ ਵੀਡੀਓ 'ਚ ਹੈਰਿਸ ਨੇ ਕਿਹਾ, ਮੈਂ ਗਨ ਰੇਂਜ 'ਤੇ ਜਾ ਰਹੀ ਹਾਂ। ਮੈਂ ਰੱਬ ਦੀ ਕਸਮ ਖਾਂਦੀ ਹਾਂ। ਅੱਜ ਤੁਹਾਡਾ ਦਿਨ ਹੈ, ਤੁਸੀਂ ਮਰਨ ਜਾ ਰਹੇ ਹੋ। ਅੱਜ ਤੋਂ 50 ਦਿਨਾਂ ਬਾਅਦ ਇਸ ਦਿਨ ਨੂੰ ਮਾਰਕ ਕਰ ਲਵੋ।

# ਵੈਨਕੂਵਰ 'ਚ ਰੈਸਟੋਰੈਂਟ ਦੇ ਬਾਹਰ ਪੰਜਾਬੀ ਗੱਭਰੂ, ਦਾ ਗੋਲ਼ੀਆਂ ਮਾਰ ਕੇ ਕਤਲ

**ਸਰੀ/ਏ.ਟੀ.ਨਿਊਜ਼:** ਬੀਤੀ ਸ਼ਾਮ ਵੈਨਕੂਵਰ ਦੇ ਕੋਲ-ਹਾਰਬਰ ਇਲਾਕੇ 'ਚ ਕੈਨੇਡਾ ਪਲੇਸ ਤੋਂ ਥੋੜੀ ਦੂਰ ਇਕ ਰੈਸਟੋਰੈਂਟ ਦੇ ਬਾਹਰ ਗੋਲ਼ੀਆਂ ਮਾਰ ਕੇ ਪੰਜਾਬੀ ਨੌਜਵਾਨ ਹਰਬ ਧਾਲੀਵਾਲ ਨੂੰ ਮਾਰ ਦਿੱਤਾ ਗਿਆ। ਨੌਜਵਾਨ ਜੋ ਐਬਸਫੋਰਡ ਦੇ 'ਧਾਲੀਵਾਲ ਬ੍ਰਦਰਜ਼' 'ਚੋਂ ਇੱਕ ਸੀ।

ਮੋਗੇ ਕੋਲ ਪੰਜਾਬ ਦੇ ਪਿੰਡ ਲੋਪੋ ਨਾਲ ਸਬੰਧਤ ਕੈਨੇਡੀਅਨ ਜੰਮਪਲ ਹਰਬ ਦੇ ਗੋਲ਼ੀਆਂ ਲੱਗਣ ਤੋਂ ਬਾਅਦ ਐਂਬੂਲੈਂਸ ਨਾਲ ਪੁੱਜੇ ਸਿਹਤ ਮੁਲਾਜ਼ਮ ਉਸ ਨੂੰ ਬਚਾਉਣ ਦੀ ਕੋਸ਼ਿਸ਼ ਕਰ ਰਹੇ ਸਨ ਪਰ ਉਸ ਨੂੰ ਬਚਾਇਆ ਨਹੀਂ ਜਾ ਸਕਿਆ।

ਦਸੰਬਰ 2018 'ਚ ਮ੍ਰਿਤਕ ਹਰਬ ਧਾਲੀਵਾਲ 'ਤੇ ਰਿਚਮੰਡ ਦੇ ਲੌਂਸਡੇਲ ਮਾਲ ਵਿਚ ਵੀ ਖ਼ੂਨੀ ਹਮਲਾ ਹੋਇਆ ਸੀ ਪਰ ਉਹ ਬਚ ਗਿਆ ਸੀ। ਇਸ ਹਮਲੇ 'ਚ ਉਸਦੇ ਨਾਲ ਮੌਜੂਦ ਸਾਥੀ ਵਿੱਕੀ ਖੱਖ ਨੂੰ ਫਰਵਰੀ 2019 ਦੌਰਾਨ ਸਰੀ 'ਚ ਉਸ ਦੇ ਘਰ ਦੇ ਬਾਹਰ ਮਾਰ ਦਿੱਤਾ ਗਿਆ ਸੀ। ਫਿਰ ਮਾਰਚ 2019 ਵਿਚ ਹਰਬ ਦੇ ਭਰਾ ਮਨਿੰਦਰ ਧਾਲੀਵਾਲ ਦੇ ਮਿੱਚਲ ਆਈਲੈਂਡ (ਵੈਨਕੂਵਰ) ਵਿਖੇ ਲੌਂਗਸ਼ੋਰ ਟਰੇਨਿੰਗ ਸੈਂਟਰ ਬਾਹਰ ਗੋਲੀਆਂ ਮਾਰੀਆਂ ਗਈਆਂ ਸਨ ਪਰ ਸਖਤ ਜ਼ਖਮੀ ਹੋਣ ਦੇ ਬਾਵਜੂਦ ਉਹ ਬਚ ਗਿਆ ਸੀ। 17 ਸਾਲਾਂ ਤੋਂ ਚੱਲੇ ਆ ਰਹੇ ਝਗੜੇ ਦੌਰਾਨ ਧਾਲੀਵਾਲ ਭਰਾਵਾਂ 'ਤੇ ਹਮਲੇ ਤਾਂ ਕਈ ਵਾਰ ਹੋਏ ਪਰ ਸਖਤ ਜ਼ਖਮੀ ਹੋਣ ਦੇ ਬਾਵਜੂਦ ਬਚ ਜਾਂਦੇ ਰਹੇ, ਇਸ ਵਾਰ ਹਰਬ ਧਾਲੀਵਾਲ ਹਮਲੇ ਵਿਚ ਬਚ ਨਾ ਸਕਿਆ।

# ਸ਼ਿਕਾਗੋ ਵਿਚ ਪੁਲਿਸ ਗੋਲੀ ਨਾਲ 13 ਸਾਲਾਂ ਦੇ ਮੁੰਡੇ ਦੀ ਹੋਈ ਮੌਤ ਨੂੰ ਲੈ ਕੇ ਹਜ਼ਾਰਾਂ ਲੋਕਾਂ ਨੇ ਕੀਤਾ ਪ੍ਰਦਰਸ਼ਨ




**ਸੈਕਰਾਮੈਂਟੋ (ਹੁਸਨ ਲੜੋਆ ਬੰਗਾ):** ਐਡਮ ਟੋਲੇਡੋ ਨਾਮੀ 13 ਸਾਲਾ ਮੁੰਡੇ ਦੀ ਪੁਲਿਸ ਗੋਲੀ ਨਾਲ ਹੋਈ ਮੌਤ ਦੇ ਮਾਮਲੇ ਵਿਚ ਨਿਆਂ ਦੀ ਮੰਗ ਨੂੰ ਲੈ ਕੇ ਸ਼ਿਕਾਗੋ ਵਿਚ ਹਜ਼ਾਰਾਂ ਲੋਕਾਂ ਨੇ ਪ੍ਰਦਰਸ਼ਨ ਕੀਤਾ। ਪ੍ਰਦਰਸ਼ਨਕਾਰੀਆਂ ਨੇ 'ਜਸਟਿਸ ਫਾਰ ਐਡਮ ਟੋਲੇਡੋ' ਬੈਨਰ ਫੜਕੇ ਨਾਅਰੇਬਾਜੀ ਕੀਤੀ ਤੇ ਦੋਸ਼ੀ ਪੁਲਿਸ ਅਧਿਕਾਰੀਆਂ ਵਿਰੁੱਧ ਕਾਰਵਾਈ ਦੀ ਮੰਗ ਕੀਤੀ। ਲੰਘੇ ਵੀਰਵਾਰ ਇਕ ਵਾਚਡੌਗ ਏਜੰਸੀ ਵੱਲੋਂ ਘਟਨਾ ਦੀ ਜਾਰੀ ਕੀਤੀ ਗਈ ਵੀਡੀਓ ਤੋਂ ਬਾਅਦ ਲੋਕਾਂ ਵਿਚ ਗੁੱਸਾ ਤੇ ਰੋਹ ਵਧ ਗਿਆ ਹੈ। ਇਸ ਵੀਡੀਓ ਵਿਚ ਜਦੋਂ ਪੁਲਿਸ ਅਧਿਕਾਰੀ ਵੱਲੋਂ ਗੋਲੀ ਮਾਰੀ ਜਾਂਦੀ ਹੈ ਤਾਂ ਮੁੰਡੇ ਨੇ ਹੱਥ ਖੜੇ ਕੀਤੇ ਹੋਏ ਹਨ ਜਦ ਕਿ ਪੁਲਿਸ ਨੇ ਪਹਿਲਾਂ ਕਿਹਾ ਸੀ ਕਿ ਦੋਨਾਂ ਪਾਸਿਆਂ ਤੋਂ ਹਥਿਆਰਾਂ ਨਾਲ ਮੁਕਾਬਲਾ ਹੋਇਆ ਹੈ ਜਿਸ ਦੌਰਾਨ ਐਡਮ ਮਾਰਿਆ ਗਿਆ। ਪ੍ਰਦਰਸ਼ਨਕਾਰੀਆਂ ਨੇ ਘਟਨਾ ਦੀ ਪਾਰਦਰਸ਼ੀ ਢੰਗ ਨਾਲ ਜਾਂਚ ਕਰਨ ਦੀ ਮੰਗ ਕੀਤੀ ਹੈ।

# ਟਿਕੈਤ ਦੀ ਮੋਦੀ ਸਰਕਾਰ ਨੂੰ ਚੇਤਾਵਨੀ

## ਕਿਸਾਨ ਅੰਦੋਲਨ ਜ਼ਬਰਦਸਤੀ ਖ਼ਤਮ ਕਰਵਾਇਆ ਤਾਂ ਪਿੰਡਾਂ 'ਚ ਭਾਜਪਾ ਨੂੰ ਵੜਨ ਨਹੀਂ ਦੇਵਾਂਗੇ

**ਸੋਨੀਪਤ/ਏ.ਟੀ.ਨਿਊਜ਼ :** ਤਿੰਨਾਂ ਖੇਤੀ ਕਾਨੂੰਨਾਂ ਖ਼ਿਲਾਫ਼ ਕੁੰਡਲੀ ਬਾਰਡਰ 'ਤੇ ਪੰਜਾਬ, ਹਰਿਆਣਾ ਅਤੇ ਉੱਤਰ ਪ੍ਰਦੇਸ਼ ਸਮੇਤ ਕਈ ਸੂਬਿਆਂ ਦੇ ਅੰਦੋਲਨਕਾਰੀਆਂ ਦਾ ਧਰਨਾ ਜਾਰੀ ਹੈ। ਕੋਰੋਨਾ ਇਨਫੈਕਸ਼ਨ ਦੇ ਵਧਦੇ ਖ਼ਤਰੇ ਅਤੇ ਅਸਰ ਵਿਚਾਲੇ ਵੀ ਸੰਯੁਕਤ ਕਿਸਾਨ ਮੋਰਚਾ ਧਰਨੇ ਤੋਂ ਪਿੱਛੇ ਹਟਣ ਲਈ ਤਿਆਰ ਨਹੀਂ ਹੈ। ਕੁੰਡਲੀ ਬਾਰਡਰ ਪੁੱਜੇ ਭਾਰਤੀ ਕਿਸਾਨ ਯੂਨੀਅਨ ਦੇ ਬੁਲਾਰੇ ਰਾਕੇਸ਼ ਟਿਕੈਤ ਨੇ ਕਿਹਾ ਕਿ ਸਰਕਾਰ ਅੰਦੋਲਨ ਨੂੰ ਜ਼ਬਰਦਸਤੀ ਖ਼ਤਮ ਨਹੀਂ ਕਰਵਾ ਸਕਦੀ। ਉਨਾਂ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਸਰਕਾਰ ਇਹ ਨਾ ਸੋਚੇ ਕਿ ਦਬਾਅ 'ਚ ਧਰਨੇ ਤੋਂ ਲੋਕਾਂ ਨੂੰ ਘਰ ਭੇਜ ਦਿੱਤਾ ਜਾਵੇਗਾ। ਜੇ ਸਰਕਾਰ ਨੇ ਜ਼ਬਰਦਸਤੀ ਕੀਤੀ ਤਾਂ ਪਿੰਡਾਂ 'ਚ ਕਿਸੇ ਵੀ ਭਾਜਪਾ ਨੇਤਾ ਨੂੰ ਵੜਨ ਨਹੀਂ ਦਿੱਤਾ ਜਾਵੇਗਾ। ਉਨਾਂ ਕਿਹਾ ਕਿ ਲਾਕਡਾਊਨ ਲੱਗਣ ਦੇ ਬਾਵਜੂਦ ਅੰਦੋਲਨ ਨਹੀਂ ਰੁਕੇਗਾ।



ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: Malkeet Singh Manager: Pardeep Singh Online Editor: Sukhwinder Singh Asst. Editor: Balwinderpal Singh, Sarbjeet Kaur Sarb Online Interview Host: Balraj Pannu
Designer: Balbir Singh Content Composer: Amritpal Singh US Distributor: Amritsar Times Inc Owner: Amritsar Times Pvt Ltd.
Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.
All legal disputes must be handled in the courts of State of Punjab in India.

# ਦਿੱਲੀ ਗੁਰਦੁਆਰਾ ਕਮੇਟੀ ਦੀਆਂ ਚੋਣਾਂ ਕੋਰੋਨਾ ਕਾਰਨ ਮੁਲਤਵੀ

## ਚੋਣਾਂ ਮੁਲਤਵੀ ਨਾ ਕੀਤੀਆਂ ਜਾਣ : ਫੂਲਕਾ



**ਨਵੀਂ ਦਿੱਲੀ/ਏ.ਟੀ.ਨਿਊਜ਼:** ਦਿੱਲੀ ਵਿਚ ਕੋਰੋਨਾ ਦੇ ਵੱਧ ਰਹੇ ਮਾਮਲਿਆਂ ਨੂੰ ਦੇਖਦੇ ਹੋਏ 25 ਅਪ੍ਰੈਲ ਨੂੰ ਹੋਣ ਵਾਲੀਆਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਨੂੰ ਮੁਲਤਵੀ ਕਰ ਦਿੱਤਾ ਗਿਆ ਹੈ। ਇਸ ਸਬੰਧੀ ਕੇਜਰੀਵਾਲ ਸਰਕਾਰ ਨੇ ਇਕ ਤਜਵੀਜ਼ ਉਪ ਰਾਜਪਾਲ ਨੂੰ ਭੇਜੀ ਹੈ। ਇਸ ਦੀ ਜਾਣਕਾਰੀ ਡਿਪਟੀ ਸੀਐੱਮ ਮਨੀਸ਼ ਸਿਸੋਦੀਆ ਨੇ ਦਿੱਤੀ ਹੈ। ਦੱਸਣਯੋਗ ਹੈ ਕਿ ਹੁਣ ਇਸ 'ਤੇ ਆਖਰੀ ਫ਼ੈਸਲਾ ਐੱਲਜੀ ਨੇ ਕਰਨਾ ਹੈ।

**ਫੂਲਕਾ ਵਲੋਂ ਵਿਰੋਧ**

ਸੀਨੀਅਰ ਵਕੀਲ ਹਰਵਿੰਦਰ ਸਿੰਘ ਫੂਲਕਾ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਚਿੱਠੀ ਲਿਖੀ ਹੈ ਕਿ ਦਿੱਲੀ ਗੁਰਦੁਆਰਾ ਕਮੇਟੀ ਦੀਆਂ ਚੋਣਾਂ ਜੋ ਕਿ 25 ਅਪ੍ਰੈਲ ਨੂੰ ਹੋਣੀਆਂ ਤੈਅ ਹੋਈਆਂ ਹਨ, ਮੁਲਤਵੀ ਨਾ ਕੀਤੀਆਂ ਜਾਣ। ਦਿੱਲੀ ਵਿਚ 26 ਅਪ੍ਰੈਲ ਸਵੇਰ ਤੱਕ ਲਾਕਡਾਊਨ ਐਲਾਨ ਦਿੱਤਾ ਗਿਆ ਹੈ ਜਿਸ ਵਿਚ ਕੁਝ ਜ਼ਰੂਰੀ ਸੇਵਾਵਾਂ ਨੂੰ ਹੀ ਇਜਾਜ਼ਤ ਦਿੱਤੀ ਗਈ ਹੈ ਤੇ ਪਬਲਿਕ ਟਰਾਂਸਪੋਰਟ ਦੇ ਨਾਲ-ਨਾਲ ਹੋਰ ਵੀ ਕਈ ਸੁਵਿਧਾਵਾਂ ਖੁੱਲੀਆਂ ਰਹਿਣਗੀਆਂ। ਇਸ ਲਈ 25 ਅਪ੍ਰੈਲ ਨੂੰ ਗੁਰਦੁਆਰਾ ਕਮੇਟੀ ਦੇ ਵੋਟਰਾਂ ਨੂੰ ਕਰੋਨਾ ਦੀਆਂ ਸਾਵਧਾਨੀਆਂ ਵਰਤ ਕੇ ਪੋਲਿੰਗ ਬੂਥ 'ਤੇ ਜਾ ਕੇ ਵੋਟ ਪਾਉਣ ਦੀ ਇਜਾਜ਼ਤ ਦਿੱਤੀ ਜਾ ਸਕਦੀ ਹੈ। ਉਨਾਂ ਪੱਤਰ ਵਿਚ ਲਿਖਿਆ ਹੈ ਕਿ ਇਹ ਧਾਰਮਿਕ ਚੋਣਾਂ ਹਨ। ਇਨਾਂ ਚੋਣਾਂ 'ਚ ਰਾਜਨੀਤਕ ਚੋਣਾਂ ਵਾਂਗੂ ਚੋਣ ਪ੍ਰਚਾਰ ਨਹੀਂ ਹੋਣਾ ਚਾਹੀਦਾ। ਫੂਲਕਾ ਨੇ ਲਿਖਿਆ ਕਿ ਹੁਣ ਲਾਕਡਾਊਨ ਦਾ ਐਲਾਨ ਹੋ ਚੁੱਕਾ ਹੈ, ਇਸ ਕਰਕੇ ਲਾਕਡਾਊਨ ਵਿੱਚ ਚੋਣ ਪ੍ਰਚਾਰ ਕਰਨ ਦੀ ਇਜਾਜ਼ਤ ਕਿਸੇ ਵੀ ਉਮੀਦਵਾਰ ਨੂੰ ਨਹੀਂ ਹੋਣੀ ਚਾਹੀਦੀ। ਉਨਾਂ ਕਿਹਾ ਕਿ ਜੋ ਵੀ ਦਿੱਲੀ ਗੁਰਦੁਆਰਾ ਕਮੇਟੀ ਦੇ ਚੋਣਾਂ ਬਾਰੇ ਨਿਯਮ ਹਨ, ਉਸ ਮੁਤਾਬਕ ਕਿਸੇ ਵੀ ਤਰਾਂ ਦੇ ਚੋਣ ਪ੍ਰਚਾਰ ਲਈ ਸਮਾਂ ਦੇਣਾ ਜ਼ਰੂਰੀ ਨਹੀਂ ਹੈ। ਉਨਾਂ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਇਹ ਵੀ ਕਿਹਾ ਹੈ ਕਿ ਕੁਦਰਤੀ ਆਫ਼ਤ ਪ੍ਰਬੰਧਨ ਅਥਾਰਟੀ (ਐਨਡੀਐਮਏ) ਤੇ ਡਾਇਰੈਕਟਰ, ਗੁਰਦੁਆਰਾ ਇਲੈਕਸ਼ਨ ਕਮਿਸ਼ਨ ਇਹ ਹਦਾਇਤਾਂ ਜਾਰੀ ਕਰਨ ਤੇ ਆਦਰਸ਼ ਚੋਣ ਜ਼ਾਬਤੇ ਵਿੱਚ ਇਹ ਜੋੜਿਆ ਜਾਵੇ ਕਿ ਕੋਈ ਵੀ ਉਮੀਦਵਾਰ ਨਿਯਮਾਂ ਦੀ ਉਲੰਘਣਾ ਕਰਦਾ ਪਾਇਆ ਗਿਆ ਤਾਂ ਉਸ ਨੂੰ ਅਯੋਗ ਠਹਿਰਾ ਦਿੱਤਾ ਜਾਣਾ ਚਾਹੀਦਾ ਹੈ। ਉਨਾਂ ਸੰਗਤ ਨੂੰ ਵੀ ਅਪੀਲ ਕੀਤੀ ਕਿ ਇਨਾਂ ਚੋਣਾਂ ਨੂੰ ਉਹ ਧਾਰਮਿਕ ਤਰੀਕੇ ਨਾਲ ਕਰਵਾਉਣ ਦੀ ਹੀ ਮੰਗ ਕਰਨ।

# ਬਿਨਾਂ ਪ੍ਰਵਾਨਗੀ ਦਸਤਾਵੇਜ਼ੀ ਫਿਲਮ 'ਪੰਜਾਬ .ਗਾਇਬ' ਵਿਖਾ ਕੇ ਕੀਤਾ ਖ਼ਾਲਿਸਤਾਨੀ ਪ੍ਰਚਾਰ,

## ਸਤਨਾਮ ਸਿੰਘ ਖ਼ਿਲਾ.ਫ ਪੁਲਿਸ ਵਲੋਂ ਕੇਸ ਦਰਜ

**ਚੰਡੀਗੜ/ਏ.ਟੀ.ਨਿਊਜ਼ :** ਦਸਤਾਵੇਜ਼ੀ ਫਿਲਮ 'ਪੰਜਾਬ ਗ਼ਾਇਬ' ਬਣਾ ਕੇ ਖ਼ਾਲਿਸਤਾਨ ਹਮਾਇਤੀਆਂ ਦੇ ਏਜੰਡੇ ਦਾ ਪ੍ਰਚਾਰ ਕਰਨ ਤਹਿਤ ਪੁਲਿਸ ਨੇ ਕੇਸ ਦਰਜ ਕੀਤਾ ਹੈ। ਇਹ ਦਸਤਾਵੇਜ਼ੀ ਫਿਲਮ ਦਿੱਲੀ, ਚੰਡੀਗੜ ਤੇ ਅੰਮ੍ਰਿਤਸਰ ਵਿਚ ਵਿਖਾਈ ਗਈ ਹੈ। ਇਸ ਮਗਰੋਂ ਚੰਡੀਗੜ ਪੁਲਿਸ ਨੂੰ ਸ਼ਿਕਾਇਤ ਕੇਂਦਰ ਸਰਕਾਰ ਦੇ ਸੂਚਨਾ ਤੇ ਪ੍ਰਸਾਰਣ ਮੰਤਰਾਲੇ ਦੇ ਜੁਅਇੰਟ ਸਕੱਤਰ ਅਰੁਣ ਆਰ ਪਰਮਾਰ ਨੇ ਕੀਤੀ ਸੀ। ਮਾਮਲੇ ਦੀ ਪੜਤਾਲ ਪਿੱਛੋਂ ਸੈਕਟਰ-36 ਥਾਣਾ ਦੀ ਪੁਲਿਸ ਨੇ ਦਸਤਾਵੇਜ਼ੀ ਬਣਾਉਣ ਲਈ ਨਵੀਂ ਦਿੱਲੀ ਸਥਿਤ ਡਿਫੈਂਸ ਕਾਲੋਨੀ ਦੇ ਗਰਾਉਂਡ ਫਲੋਰ ਸਥਿਤ ਨਿੱਜੀ ਐੱਨਜੀਓ ਤੇ ਸਤਨਾਮ ਸਿੰਘ ਵਿਰੁੱਧ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਹੈ।

ਸਾਲ 2019 ਵਿਚ ਕੇਂਦਰ ਸਰਕਾਰ ਦੇ ਸੂਚਨਾ ਤੇ ਪ੍ਰਸਾਰਣ ਮੰਤਰਾਲਾ ਦੇ ਜੁਆਇੰਟ ਸਕੱਤਰ ਅਸ਼ੋਕ ਆਰ ਪਰਮਾਰ ਨੇ ਪੁਲਿਸ ਨੂੰ ਇਸ ਬਾਰੇ ਇਤਲਾਹ ਕੀਤੀ ਸੀ। ਪਰਮਾਰ ਨੇ ਦੱਸਿਆ ਸੀ ਕਿ ਮੰਤਰਾਲੇ ਨੂੰ ਪੁਖ਼ਤਾ ਜਾਣਕਾਰੀ ਮਿਲੀ ਹੈ ਕਿ ਦਿੱਲੀ ਦੀ ਐੱਨਜੀਓ ਨੇ 'ਪੰਜਾਬ ਡਾਕਿਊਮੈਂਟੈਸ਼ਨ ਐਂਡ ਐਡਵੋਕੇਸੀ ਪ੍ਰਾਜੈਕਟ' ਵੱਲੋਂ ਇਕ ਦਸਤਾਵੇਜ਼ੀ ਫਿਲਮ 'ਪੰਜਾਬ ਗ਼ਾਇਬ' ਬਣਾ ਕੇ ਖ਼ਾਲਿਸਤਾਨੀ ਹਮਾਇਤੀਆਂ ਦਾ ਪ੍ਰਚਾਰ ਕੀਤਾ ਹੈ। ਇਹ ਪ੍ਰਚਾਰ 26 ਅਪ੍ਰੈਲ ਨੂੰ ਦਿੱਲੀ, 25 ਮਈ ਨੂੰ ਚੰਡੀਗੜ ਵਿਚ ਤੇ 7 ਮਈ ਨੂੰ ਅੰਮ੍ਰਿਤਸਰ ਵਿਚ ਕੀਤਾ ਗਿਆ ਹੈ। ਇਸ ਤੋਂ ਇਲਾਵਾ ਦਸਤਾਵੇਜ਼ੀ ਫਿਲਮ ਦੀ ਸਕ੍ਰੀਨਿੰਗ ਡੀਆਰ ਪੀਐੱਨ ਚੱਟਾਨੀ ਮੈਮੋਰੀਅਲ, ਇੰਡੀਅਨ ਮੈਡੀਕਲ ਐਸੋਸੀਏਸ਼ਨ ਕੰਪਲੈਕਸ ਸੈਕਟਰ-35 ਨੇ ਚੰਡੀਗੜ ਵਿਚ ਪਿਛਲੇ ਵਰੇ ਕੇਂਦਰੀ ਫਿਲਮ ਸਰਟੀਫਿਕੇਟ ਬੋਰਡ ਤੋਂ ਪ੍ਰਵਾਨਗੀ ਲਏ ਬਿਨਾਂ ਫਿਲਮ ਵਿਖਾਈ ਸੀ। ਇਸ ਦਸਤਾਵੇਜ਼ੀ ਫਿਲਮ ਜ਼ਰੀਏ ਖ਼ਾਲਿਸਤਾਨੀ ਅਨਸਰਾਂ ਦਾ ਪ੍ਰਚਾਰ ਕੀਤਾ ਗਿਆ ਹੈ।

# ਉਘੇ ਅਰਥਸ਼ਾਸਤਰੀ ਡਾ. ਗੁਰਮੁਖ ਸਿੰਘ ਗਿੱਲ ਨਹੀਂ ਰਹੇ

**ਵਰਜੀਨੀਆ/ਏ.ਟੀ.ਨਿਊਜ਼ :** ਸੱਠ ਦੇ ਦਹਾਕੇ ਵਿਚ ਅਮਰੀਕਾ ਦੀ ਧਰਤੀ 'ਤੇ ਵੱਸਣ ਵਾਲੇ ਡਾ. ਗੁਰਮੁਖ ਸਿੰਘ ਗਿੱਲ 13 ਅਪ੍ਰੈਲ 2021 ਨੂੰ ਮੈਕਲੀਨ ਵਰਜੀਨਆ ਵਿਖੇ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ। ਉਸ ਵੇਲੇ ਉਨਾਂ ਦੇ ਸਪੁਤਰ ਸ. ਉਪਦੀਪ ਸਿੰਘ ਗਿੱਲ ਅਤੇ ਉਨਾਂ ਦੀ ਸਪੁਤਰੀ ਪੂਨਮ ਉਨਾਂ ਦੇ ਕੋਲ ਸਨ । ਡਾ. ਗੁਰਮੁਖ ਸਿੰਘ ਗਿੱਲ ਪਿਛਲੇ ਕੁਝ ਸਮੇਂ ਤੋਂ ਬਿਮਾਰ ਚੱਲ ਰਹੇ ਸਨ । ਪੀਏਯੂ ਦੇ ਸਾਬਕਾ ਕੁਆਰਡੀਨੇਟਰ ਰਿਸਰਚ ਇੰਜੀਨੀਅਰ ਡਾ. ਚਰਨਜੀਤ ਸਿੰਘ ਪੰਨੂੰ ਨੇ ਡਾ. ਗੁਰਮੁਖ ਸਿੰਘ ਗਿੱਲ ਦੀ ਮੌਤ ਬਾਰੇ ਸ਼ੋਕ ਪ੍ਰਗਟ ਕਰਦਿਆਂ ਦੱਸਿਆ ਕਿ ਡਾ. ਗੁਰਮੁਖ ਸਿੰਘ ਗਿੱਲ ਦਾ ਜਨਮ 24 ਜੂਨ 1930 ਨੂੰ ਪਿੰਡ ਜਗਦੇਵ ਖੁਰਦ ਨੇੜੇ ਅਜਨਾਲਾ ਵਿਚ ਹੋਇਆ । ਉਨਾਂ ਦੀਆਂ ਪੰਜ ਭੈਣਾਂ ਸਨ। ਉਨਾਂ ਨੇ ਛੋਟੀ ਉਮਰ ਵਿੱਚ ਹੀ ਸਕੂਲ ਜਾਣਾ ਸ਼ੁਰੂ ਕਰ ਦਿੱਤਾ । ਇਸ ਤਰਾਂ ਉਨਾਂ ਨੇ ਮੁਢਲੀ ਸਿੱਖਿਆ ਆਪਣੇ ਪਿੰਡ ਤੋਂ ਹਾਸਲ ਕੀਤੀ । ਹਾਈ ਸਕੂਲ ਤੱਕ ਦੀ ਪੜਾਈ ਉਨਾਂ ਨੇ ਅਜਨਾਲਾ ਤੋਂ ਪੂਰੀ ਕੀਤੀ । ਅਗਲੀ ਪੜਾਈ ਵਾਸਤੇ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਦਾਖਲਾ ਲਿਆ ਅਤੇ ਬੀ ਐਸ ਸੀ ਉਨਾਂ ਨੇ ਐਗਰੀਕਲਚਰ ਕਾਲਜ ਲੁਧਿਆਣਾ ਤੋਂ ਪੂਰੀ ਕੀਤੀ। ਇਹ ਕਾਲਜ ਅੱਗੇ ਜਾ ਕੇ 1962 ਵਿਚ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ (ਪੀਏਯੂ) ਬਣਿਆ। ਸੰਨ 1960 ਵਿਚ ਡਾ. ਗੁਰਮੁੱਖ ਸਿੰਘ ਗਿੱਲ ਦਾ ਵਿਆਹ ਸ. ਮੋਹਿੰਦਰ ਕੌਰ ਸਪੁਤਰੀ ਸ. ਸੁਖਜਿੰਦਰ ਸਿੰਘ ਰੰਧਾਵਾ ਪਿੰਡ ਰਣਜੀਤ ਬਾਗ ਨੇੜੇ ਗੁਰਦਾਸਪੁਰ ਨਾਲ



ਹੋਇਆ ।

ਪਹਿਲੀ ਡਿਗਰੀ ਪੂਰੀ ਕਰਕੇ ਉਨਾਂ ਨੇ ਖੇਤੀਬਾੜੀ ਵਿਭਾਗ ਪੰਜਾਬ ਵਿੱਚ ਨੌਕਰੀ ਸ਼ੁਰੂ ਕੀਤੀ ਅਤੇ ਫਿਰ ਉਨਾਂ ਨੇ ਭਾਰਤੀ ਆਡਿਟ ਜਨਰਲ (ਏਜੀ) ਦੇ ਦਫ਼ਤਰ ਵਿਚ ਸ਼ਿਮਲਾ ਹਿਮਾਚਲ ਪ੍ਰਦੇਸ਼ ਵਿਖੇ ਨਵਾਂ ਅਹੁਦਾ ਸੰਭਾਲਿਆ । ਉਨਾਂ ਨੇ ਭਾਰਤ ਸਰਕਾਰ ਦੇ ਐਗਰੀਕਲਚਰ ਅਤੇ ਇੰਸਪੈਕਸ਼ਨ ਵਿਭਾਗ, ਅਕਾਊਂਟਸ ਅਤੇ ਆਡਿਟ ਵਿਭਾਗ ਵਿਚ ਸ਼ਲਾਘਾਯੋਗ ਕੰਮ ਕੀਤਾ । ਉਨਾਂ ਦੀ ਪੜਾਈ ਅਤੇ ਹੂਨਰ ਵੇਖਕੇ ਸ੍ਰੀ ਬੀ.ਕੇ. ਨਹਿਰੂ ਨੇ ਸ. ਗੁਰਮੁਖ ਸਿੰਘ ਗਿੱਲ ਨੂੰ ਭਾਰਤੀ ਅੰਬੈਸੀ ਵਾਸ਼ਿੰਗਟਨ ਡੀ.ਸੀ. ਅਮਰੀਕਾ ਵਿਖੇ ਨੌਕਰੀ ਚਾਲੂ ਕਰਨ ਲਈ ਸੱਦਾ ਦਿੱਤਾ। ਇਸ ਤਰਾਂ ਸ. ਗੁਰਮੁੱਖ ਸਿੰਘ ਗਿੱਲ ਦਾ 1962 ਤੋਂ ਅਮਰੀਕੀ ਸਫ਼ਰ ਸ਼ੁਰੂ ਹੋਇਆ ਅਤੇ ਉਨਾਂ ਨੇ ਭਾਰਤੀ ਅੰਬੈਸੀ ਵਿਚ 1966 ਤੱਕ ਕੰਮ ਕੀਤਾ । ਸੰਨ 1966 ਤੋਂ 1968 ਤਕਯੂਨੀਵਰਸਿਟੀ ਔਫ ਨਿਊ ਹੈਮਪਸ਼ਾਅਰ ਦੇ ਰੀਸੋਰਸ ਇੱਕਨੋਮਿਕਸ ਵਿਭਾਗ ਵਿਚ ਸਿਰ ਸੁਟ ਕੇ ਕੱਮ ਕੀਤਾ ਅਤੇ ਮਾਸਟਰਸ ਡਿਗਰੀ ਵੀ ਹਾਸਲ ਕੀਤੀ । ਸੱਨ 1968 ਤੋਂ 1971 ਤੱਕ ਯੂਨੀਵਰਸਿਟੀ ਆਫ ਕੈਲੀਫੋਰਨੀਆਂ (ਯੂ.ਸੀ.) ਬਰਕਲੇ ਦੇ ਐਗਰੀਕਲਚਰਲ ਇਕਨੋਮਿਕਸ ਵਿਭਾਗ ਵਿਚ ਸਖਤ ਮਿਹਨਤ ਨਾਲ ਕੰਮ ਕੀਤਾ ਅਤੇ ਪੀ.ਐਚ.ਡੀ. ਦੀ ਡਿਗਰੀ ਪੂਰੀ ਕੀਤੀ। ਡਾ. ਗੁਰਮੁਖ ਸਿੰਘ ਗਿੱਲ ਨੇ 'ਕੈਲੀਫੋਰਨੀਆ ਵਾਟਰਸ' ਨਾਂ ਦੀ ਕਿਤਾਬ ਲਿਖਣ ਵਿਚ ਭਰਪੂਰ ਹਿੱਸਾ ਪਾਇਆ । ਇਸ ਕਿਤਾਬ ਨੂੰ ਪ੍ਰੋਫ਼ੈਸਰ ਡੇਵਿਡ ਸੈਕਲਰ ਨੇ ਏਡਿਟ ਕੀਤਾ ਸੀ । ਕੁਝ ਸਮਾਂ ਡਾ. ਗੁਰਮੁਖ ਸਿੰਘ ਗਿੱਲ ਨੇ ਔਕਰਿਜ ਨੈਸ਼ਨਲ ਲੈਬਾਰਟਰੀ ਟੈਨੇਸੀ ਵਿਚ ਕੰਮ ਕੀਤਾ ਅਤੇ ਅਮਰੀਕਾ ਦੀ ਬਿਜਲੀ ਦੀਆਂ ਲੋੜਾਂ ਬਾਰੇ ਵਿਊਂਤਬੰਦੀ ਕੀਤੀ। ਅੰਦਾਜਾ ਲਾਇਆ ਕਿ ਦੂਸਰੇ ਸੰਸਾਰ ਜੰਗ ਤੋਂ ਬਾਅਦ ਬਿਜਲੀ ਦੀਆਂ ਲੋੜਾਂ

**ਬਾਕੀ ਸਫ਼ਾ 29 'ਤੇ**

# ਭਾਜਪਾ ਨੂੰ ਵੱਡਾ ਝਟਕਾ : ਕਿਸਾਨਾਂ ਲਈ ਭਾਜਪਾ ਲੀਡਰ ਨੇ ਛੱਡੀ ਪਾਰਟੀ



**ਸਿਰਸਾ/ਏ.ਟੀ.ਨਿਊਜ਼:** ਹਰਿਆਣਾ ਬੀਜ ਨਿਗਮ ਦੇ ਸਾਬਕਾ ਚੇਅਰਮੈਨ ਰਹਿ ਚੁੱਕੇ ਪਵਨ ਬੈਨੀਵਾਲ ਨੇ ਸਿਰਸਾ ਦੇ ਸ਼ਹੀਦ ਭਗਤ ਸਿੰਘ ਸਟੇਡੀਅਮ ਵਿਚ ਕਿਸਾਨ ਸਮਾਗਮ ਦੌਰਾਨ ਬੀਜੇਪੀ ਨੂੰ ਅਲਵਿਦਾ ਆਖ ਦਿੱਤਾ ਹੈ।

ਇਸ ਸਟੇਡੀਅਮ ਵਿੱਚ ਕਿਸਾਨਾਂ ਨੇ ਪੱਕਾ ਮੋਰਚਾ ਲਿਆ ਹੋਇਆ ਹੈ।ਕਿਸਾਨਾਂ ਵਿੱਚ ਪਹੁੰਚਦੇ ਹੀ ਪਵਨ ਬੈਨੀਵਾਲ ਨੇ ਬੀਜੇਪੀ ਛੱਡਣ ਦਾ ਐਲਾਨ ਕਰ ਦਿੱਤਾ। ਤੁਹਾਨੂੰ ਦੱਸ ਦੇਈਏ ਕਿ ਪਵਨ ਬੈਨੀਵਾਲ ਪਹਿਲਾਂ ਬੀਜੇਪੀ ਦੀ ਟਿਕਟ ਤੋਂ ਚੋਣ ਵੀ ਲੜ ਚੁੱਕੇ ਹਨ। ਆਪਣੇ ਸਮਰਥਕਾਂ ਸਮੇਤ ਬੈਨੀਵਾਲ ਨੇ ਬੀਜੇਪੀ ਨੂੰ ਛੱਡਣ ਦਾ ਐਲਾਨ ਕਰ ਦਿੱਤਾ। ਤੁਹਾਨੂੰ ਦੱਸ ਦੇਈਏ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਖ਼ੁਦ ਐਲਨਾਬਾਦ ਖੇਤਰ ਵਿੱਚ ਪਵਨ ਬੈਨੀਵਾਲ ਦੇ ਸਮਰਥਨ ਲਈ ਚੋਣ ਪ੍ਰਚਾਰ ਕਰਨ ਪਹੁੰਚੇ ਸੀ ਜਿਨਾਂ ਨੇ ਭਾਜਪਾ ਦੀ ਟਿਕਟ 'ਤੇ ਚੋਣ ਲੜੀ ਸੀ।

# ਚੜੂਨੀ ਨੇ ਰਾਜੇਵਾਲ ਦੇ ਝੂਠ ਦਾ ਕੀਤਾ ਪਰਦਾਫਾਸ਼

## ਕਿਹਾ ਕਿ ਦਿੱਲੀ ਕਮੇਟੀ ਨੇ ਕਿਸਾਨਾਂ ਦੀ ਰਿਹਾਈ ਲਈ 30 ਲੱਖ ਦੇ ਬਾਂਡ ਭਰੇ



**ਨਵੀਂ ਦਿੱਲੀ/ਏ.ਟੀ.ਨਿਊਜ਼ :** ਹਰਿਆਣਾ ਦੀ ਭਾਰਤੀ ਕਿਸਾਨ ਯੂਨੀਅਨ ਚੜੂਨੀ ਦੇ ਆਗੂ ਗੁਰਨਾਮ ਸਿੰਘ ਚੜੂਨੀ ਨੇ ਕਿਹਾ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕਿਸਾਨਾਂ ਦੀਆਂ ਜ਼ਮਾਨਤਾਂ ਦੇਣ ਤੇ ਰਿਹਾਈ ਲਈ 30 ਲੱਖ ਰੁਪਏ ਦੇ ਜ਼ਮਾਨਤੀ ਬਾਂਡ ਭਰੇ ਹਨ। ਚੜੂਨੀ ਦਾ ਇਹ ਬਿਆਨ ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ) ਬਲਬੀਰ ਸਿੰਘ ਰਾਜੇਵਾਲ ਦੇ ਉਸ ਬਿਆਨ ਦੇ ਇੱਕ ਦਮ ਉਲਟ ਹੈ ਜਿਸ 'ਚ ਕਿਹਾ ਜਾ ਰਿਹਾ ਸੀ ਕਿ ਦਿੱਲੀ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਕਿਸਾਨਾਂ ਦੀ ਰਿਹਾਈ ਲਈ ਕੁਝ ਨਹੀਂ ਕੀਤਾ। ਰਾਜੇਵਾਲ ਦੇ ਬਿਆਨ ਮਗਰੋਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲਈ ਮਘੇ ਹੋਏ ਪ੍ਰਚਾਰ ਦੌਰਾਨ ਸਿਰਸਾ ਦੇ ਵਿਰੋਧੀਆਂ ਨੇ ਇਹ ਮੁੱਦਾ ਖ਼ੂਬ ਚੁੱਕਿਆ ਸੀ। ਚੜੂਨੀ ਨੇ ਦਿੱਲੀ ਕਮੇਟੀ ਵੱਲੋਂ ਲੰਗਰ, ਟੈਂਟਾਂ, ਦਵਾਈਆਂ ਅਤੇ ਹੋਰ ਸਾਮਾਨ ਸਮੇਤ ਜੋ ਵੀ ਲੋੜ ਪਈ ਉਹ ਮਦਦ ਦਾ ਜ਼ਿਕਰ ਕੀਤਾ ਤੇ ਕਿਹਾ ਕਿ ਦਿੱਲੀ ਕਮੇਟੀ ਨੇ ਇੱਕ ਗੁਰਦੁਆਰੇ ਵਿੱਚ ਵਕੀਲਾਂ ਲਈ ਦਫ਼ਤਰ ਬਣਾ ਦਿੱਤਾ। ਇਹ ਵਕੀਲ ਅਦਾਲਤਾਂ ਵਿੱਚ ਵੀ ਗਏ। ਉੱਧਰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਰਾਜੇਵਾਲ ਨੂੰ ਅਪੀਲ ਕੀਤੀ ਹੈ ਕਿ ਉਹ ਉਸ ਵਕੀਲ ਬਾਰੇ ਦੱਸਣ ਜਿਸ ਨੇ ਕਿਸੇ ਵੀ ਪਰਿਵਾਰ ਦੇ ਜੀਅ ਨੂੰ ਜ਼ਮਾਨਤ ਦਿਵਾਈ ਹੋਵੇ। ਦਿੱਲੀ ਕਮੇਟੀ ਉਸ ਵਕੀਲ ਤੇ ਪਰਿਵਾਰ ਦਾ ਸਨਮਾਨ ਕਰੇਗੀ ਕਿਉਂਕਿ ਹੁਣ ਤੱਕ ਦਿੱਲੀ ਕਮੇਟੀ ਨੇ ਉਨਾਂ ਵਕੀਲਾਂ ਤੇ ਪਰਿਵਾਰਾਂ ਦਾ ਹੀ ਸਨਮਾਨ ਕੀਤਾ ਹੈ ਜੋ ਇਸ ਕਮੇਟੀ ਰਾਹੀਂ ਕਿਸਾਨਾਂ ਲਈ ਜ਼ਮਾਨਤਾਂ ਦਾ ਕੰਮ ਕਰ ਰਹੇ ਸਨ।

# ਭਾਈ ਰੇਸ਼ਮ ਸਿੰਘ ਨੂੰ ਭਾਰੀ ਸਦਮਾ



**ਅੰਮ੍ਰਿਤਸਰ ਟਾਈਮਜ਼ ਬਿਊਰੋ:** ਭਾਈ ਰੇਸ਼ਮ ਸਿੰਘ, ਅਕਾਲੀ ਦਲ ਅੰਮ੍ਰਿਤਸਰ ਦੇ ਸੀਨੀਅਰ ਆਗੂ ਦੇ ਸੱਭ ਤੋਂ ਛੋਟੇ ਭਰਾ ਭਾਈ ਬਾਜ ਸਿੰਘ (52 ਸਾਲ) ਦੀ ਪਿਛਲੇ ਦਿਨੀਂ ਪੰਜਾਬ ਵਿੱਚ ਮੌਤ ਹੋ ਗਈ ਹੈ। ਉਹ ਕਾਫ਼ੀ ਸਮੇਂ ਤੋਂ ਬਿਮਾਰ ਚੱਲ ਰਹੇ ਸਨ। ਇਸ ਸਾਲ ਜਨਵਰੀ ਵਿੱਚ ਉਨਾਂ ਦੇ ਦੂਜੇ ਭਰਾ ਪਰਮਜੀਤ ਸਿੰਘ ਜੋ ਪੰਥਕ ਸਫ਼ਾ ਵਿੱਚ ਸਰਗਰਮ ਸਨ, ਦੀ ਸਿਆਟਲ ਵਿੱਚ ਮੌਤ ਹੋ ਗਈ ਸੀ। ਭਾਈ ਰੇਸ਼ਮ ਸਿੰਘ ਖਾਲਿਸਤਾਨੀ ਸੰਘਰਸ਼ ਦੇ ਸਰਗਰਮ ਲੀਡਰ ਹਨ ਅਤੇ ਸਿੱਖ ਯੂਥ ਆਫ ਅਮਰੀਕਾ ਵਿੱਚ ਵੀ ਸੇਵਾ ਨਿਭਾਅ ਚੁੱਕੇ ਹਨ। ਭਾਈ ਰੇਸ਼ਮ ਸਿੰਘ ਨਾਲ ਦੁੱਖ ਸਾਂਝਾ ਕਰਨ ਲਈ ੬੬੧ ੨੦੯ ੦੧੧੮ 'ਤੇ ਫੋਨ ਕੀਤਾ ਜਾ ਸਕਦਾ ਹੈ।

# ਪੰਜਾਬ ਟਾਈਮਜ ਯੂ ਐਸ ਦੇ ਮਾਲਿਕ ਅਤੇ ਐਡੀਟਰ ਅਮੋਲਕ ਸਿੰਘ ਜੰਮੂ ਜੀ ਦਾ ਦੇਹਾਂਤ



**ਅੰਮ੍ਰਿਤਸਰ ਟਾਈਮਜ਼ ਬਿਊਰੋ:** ਪੰਜਾਬ ਟਾਈਮਜ ਯੂ ਐਸ ਦੇ ਮਾਲਿਕ ਅਤੇ ਐਡੀਟਰ ਅਮੋਲਕ ਸਿੰਘ ਜੰਮੂ ਜੀ ਲੰਬੀ ਬਿਮਾਰੀ ਕਾਰਣ ਇਸ ਫਾਨੀ ਸੰਸਾਰ ਨੂੰ ਛੱਡ ਗਏ ਹਨ। ਅਮੋਲਕ ਸਿੰਘ ਪੰਜਾਬੀ ਟ੍ਰਿਬਿਊਨ ਵਿੱਚ ਬਤੌਰ ਅਸਿਸਟੈਂਟ ਐਡੀਟਰ ਕੰਮ ਕਰਦੇ ਸਨ ਅਤੇ 1995-96 ਵਿੱਚ ਅਮਰੀਕਾ ਆਕੇ ਆਪਣੇ ਪੇਸੇ ਨਾਲ ਹੀ ਜੁੜੇ ਰਹੇ ਅਤੇ ਪੰਜਾਬ ਟਾਈਮਜ ਅਖਬਾਰ ਦੀ ਸਥਾਪਨਾ ਕੀਤੀ। ਚਾਹੇ ਉਹਨਾਂ ਦਾ ਜਿਆਦਾ ਝੁਕਾਅ ਖੱਬੇ ਪੱਖੀ ਸੀ ਪਰ ਪੱਤਰਕਾਰੀ ਵਿੱਚ ਉਹਨਾਂ ਨੇ ਆਪਣੇ ਅਖਬਾਰ ਦਾ ਮਿਆਰ ਬਰਕਰਾਰ ਰੱਖਿਆ। ਅਦਾਰਾ ਅੰਮ੍ਰਿਤਸਰ ਟਾਈਮਜ ਉਹਨੇ ਦੇ ਪਰਿਵਾਰ ਨਾਲ ਦੁੱਖ ਸਾਂਝਾ ਕਰਦਾ ਹੈ ਅਤੇ ਅਕਾਲ ਪੁਰਖ ਅੱਗੇ ਅਰਦਾਸ ਕਰਦਾ ਹੈ ਕਿ ਪਰਿਵਾਰ ਨੂੰ ਭਾਣਾ ਮੰਨਣ ਦਾ ਬੱਲ ਬਖਸ਼ੇ।

# ਕੌਮਾਂਤਰੀ ਡਰੱਗ ਰੈਕਟ ਦਾ ਪਰਦਾਫਾਸ਼, ਭਾਰੀ ਮਾਤਰਾ 'ਚ ਡਰੱਗ ਸਮੇਤ 25 ਪੰਜਾਬੀ ਗ੍ਰਿਫ਼ਤਾਰ

**ਟੋਰਾਂਟੋ/ਏ.ਟੀ.ਨਿਊਜ਼ :** ਇਕ ਭਾਰਤੀ-ਕੈਨੇਡੀਅਨ ਡਰੱਗ ਰੈਕਟ ਦਾ ਪਰਦਾਫਾਸ਼ ਹੋਇਆ ਜਿਸ 'ਚ 325 ਪੰਜਾਬੀਆਂ ਸਮੇਤ 30 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਇਸ ਵਿਚ ਡਰੱਗ ਸਮੱਗਲਰਾਂ ਦੇ ਅਮਰੀਕਾ ਤੇ ਭਾਰਤ 'ਚ ਵੀ ਸੰਪਰਕ ਦੱਸੇ ਜਾ ਰਹੇ ਹਨ। ਇਨਾਂ ਕੋਲੋਂ ਦਸ ਕਿੱਲੋ ਕੋਕੀਨ, ਅੱਠ ਕਿੱਲੋ ਕੇਟਾਮਾਈਨ, ਤਿੰਨ ਕਿੱਲੋ ਹੈਰੋਇਨ, 2.5 ਕਿੱਲੋ ਅਫ਼ੀਮ, 48 ਹਥਿਆਰ ਤੇ ਸੱਤ ਲੱਖ 30 ਹਜ਼ਾਰ ਕੈਨੇਡੀਅਨ ਡਾਲਰ ਬਰਾਮਦ ਕੀਤੇ ਗਏ ਹਨ। ਇਹ ਗ੍ਰਿਫ਼ਤਾਰੀਆਂ ਤੇ ਬਰਾਮਦਗੀਆਂ ਇਕ ਸਾਲ ਤੱਕ ਚੱਲੇ ਆਪ੍ਰੇਸ਼ਨ ਚੀਤਾ ਤਹਿਤ ਕੀਤੀਆਂ ਗਈਆਂ ਹਨ। ਇਹ ਆਪ੍ਰੇਸ਼ਨ ਪਿਛਲੇ ਹਫ਼ਤੇ ਹੀ ਖ਼ਤਮ ਹੋਇਆ ਸੀ। ਇਹ ਆਪ੍ਰੇਸ਼ਨ ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ, ਅਮਰੀਕੀ ਡਰੱਗ ਇਨਫੋਰਸਮੈਂਟ ਐਡਮਿਨਸਟ੍ਰੇਸ਼ਨ ਤੇ ਓਂਟਾਰੀਓ, ਬ੍ਰਿਟਿਸ਼ ਕੋਲੰਬੀਆ ਤੇ ਕੈਲੀਫੋਰਨੀਆ 'ਚ ਰੀਜਨਲ ਪੁਲਿਸ ਫੋਰਸਿਜ਼ ਵਲੋਂ ਸਾਂਝੇ ਤੌਰ 'ਤੇ ਚਲਾਇਆ ਗਿਆ ਸੀ ਜਿਸ ਵਿਚ 33 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਨਾਂ 'ਚੋਂ 25 ਪੰਜਾਬੀ ਰੁਪਿੰਦਰ ਸ਼ਰਮਾ (25), ਵਾਗਨ ਪ੍ਰਭਸਿਮਰਨ ਕੌਰ (25) ਲਾਦਨ
ਪਰਸ਼ੋਤਮ ਮੱਲੀ (54) ਬ੍ਰੈਂਪਟਨ
ਰੁਪਿੰਦਰ ਢਿਲੋਂ (37) ਬ੍ਰੈਂਪਟਨ
ਸਨਵੀਰ ਸਿੰਘ (25) ਬ੍ਰੈਂਪਟਨ
ਹਰੀਪਾਲ ਨਾਗਰਾ (45) ਬ੍ਰੈਂਪਟਨ
ਹਾਸਮ ਸਈਅਦ (30) ਬ੍ਰੈਂਪਟਨ



ਪ੍ਰਿਤਪਾਲ ਸਿੰਘ (56) ਬ੍ਰੈਂਪਟਨ
ਹਰਕਿਰਨ ਸਿੰਘ (33) ਬ੍ਰੈਂਪਟਨ
ਲਖਪ੍ਰੀਤ ਬਰਾੜ (29) ਬ੍ਰੈਂਪਟਨ
ਦੀਦੇ ਅਦਾਂਸੀ (52) ਟੋਰਾਂਟੋ
ਸਰਬਜੀਤ ਸਿੰਘ (43) ਵੁੱਡਸਟਾਕ
ਬਲਵਿੰਦਰ ਧਾਲੀਵਾਲ (60) ਬ੍ਰੈਂਪਟਨ
ਰੁਪਿੰਦਰ ਧਾਲੀਵਾਲ (39) ਟੋਰਾਂਟੋ
ਰਣਜੀਤ ਸਿੰਘ (40) ਟੋਰਾਂਟੋ
ਸੁਖਮਨਪ੍ਰੀਤ ਸਿੰਘ (23) ਬ੍ਰੈਂਪਟਨ
ਖੁਸ਼ਹਾਲ ਭਿੰਡਰ (36) ਬ੍ਰੈਂਪਟਨ
ਵੰਸ਼ ਅਰੋੜਾ (24) ਬ੍ਰੈਂਪਟਨ
ਸਿਮਰਨਜੀਤ ਨਾਰੰਗ (28) ਬ੍ਰੈਂਪਟਨ
ਹਰਜਿੰਦਰ ਝਜ (28) ਕੈਲੇਡਨ
ਗਗਨਪ੍ਰੀਤ ਗਿੱਲ (28) ਬ੍ਰੈਂਪਟਨ
ਸੁਖਜੀਤ ਧਾਲੀਵਾਲ (47) ਬ੍ਰੈਂਪਟਨ
ਇਮਰਾਨ ਖਾਨ (33) ਟੋਰਾਂਟੋ
ਚਿਨੇਦੂ ਅਜੋਕੂ (51) ਬ੍ਰੈਂਪਟਨ
ਸੁਖਜੀਤ ਧੁੱਗਾ (35) ਬ੍ਰੈਂਪਟਨ ਹਨ ਜਿਹੜੇ ਬ੍ਰੈਂਪਟਨ ਦੇ ਰਹਿਣ ਵਾਲੇ ਹਨ। ਦੱਸਿਆ ਜਾਂਦਾ ਹੈ ਕਿ ਇਹ ਲੋਕ ਨਸ਼ੀਲੇ ਪਦਾਰਥਾਂ ਦੀ ਸਮੱਗਲਿੰਗ ਕਰ ਕੇ ਲਿਆਂਦੇ ਸਨ ਤੇ ਉਨਾਂ ਨੂੰ ਆਪਣੇ ਅੰਡਰਗਰਾਊਂਡ ਨੈੱਟਵਰਕ ਰਾਹੀਂ ਵੇਚਦੇ ਸਨ। ਉਨਾਂ ਖਿਲਾਫ਼ ਵੱਖ ਵੱਖ ਅਪਰਾਧਕ ਕੇਸ ਹਨ ਜਿਨਾਂ 'ਚ ਪਾਬੰਦੀਸ਼ੁਦਾ ਚੀਜ਼ਾਂ ਦੀ ਦਰਾਮਦ, ਨਸ਼ੀਲੇ ਪਦਾਰਥਾਂ ਦੀ ਸਮੱਗਲਿੰਗ ਤੇ ਅਪਰਾਧ ਨਾਲ ਜਾਇਦਾਦ ਹਾਸਲ ਕਰਨਾ ਸ਼ਾਮਲ ਹੈ।

# ਐਨਰਜੀ ਡਰਿੰਕ ਦਾ ਜ਼ਿਆਦਾ ਇਸਤੇਮਾਲ ਖ਼ਤਰਨਾਕ

## ਦੋ ਸਾਲਾਂ ਤੋਂ ਰੋਜ਼ਾਨਾ ਐਨਰਜੀ ਡਰਿੰਕ ਪੀਣ ਨਾਲ ਹੋਇਆ ਹਾਰਟ ਅਟੈਕ

**ਨਵੀਂ ਦਿੱਲੀ/ਏ.ਟੀ.ਨਿਊਜ਼ :** ਐਨਰਜੀ ਡਰਿੰਕ ਦਾ ਜ਼ਿਆਦਾ ਇਸਤੇਮਾਲ ਕਰਨਾ ਖ਼ਤਰਨਾਕ ਹੋ ਸਕਦਾ ਹੈ, ਇਸ ਗੱਲ ਦਾ ਅੰਦਾਜ਼ਾ ਤੁਸੀਂ 21 ਸਾਲਾ ਇਕ ਲੜਕੇ ਤੋਂ ਲਗਾ ਸਕਦੇ ਹੋ, ਜਿਸ ਨੂੰ ਇਸ ਦਰਦ ਤੋਂ ਲੰਘਣਾ ਪਿਆ। ਇਹ ਲੜਕਾ ਯੂ.ਕੇ. ਦਾ ਰਹਿਣ ਵਾਲਾ ਹੈ। ਉਹ ਰੋਜ਼ਾਨਾ 2 ਲੀਟਰ ਐਨਰਜੀ ਡਰਿੰਕ ਪੀਂਦਾ ਸੀ ਤੇ ਪਿਛਲੇ ਦੋ ਸਾਲਾਂ ਤੋਂ ਇਸ ਦਾ ਸੇਵਨ ਕਰਦਾ ਰਿਹਾ ਸੀ, ਨਤੀਜਾ ਇਸ ਡਰਿੰਕ ਦੇ ਜ਼ਿਆਦਾ ਇਸਤੇਮਾਲ ਨਾਲ ਉਸ ਦਾ ਹਾਰਟ ਫੇਲ ਹੋ ਗਿਆ। ਜਾਣਕਾਰੀ ਅਨੁਸਾਰ ਕਰੀਬ ਚਾਰ ਮਹੀਨੇ ਬਿਮਾਰ ਰਹਿਣ ਤੋਂ ਬਾਅਦ ਸਾਹ ਦੀ ਤਕਲੀਫ ਤੇ ਵਜ਼ਨ ਦੀ ਕਮੀ ਦੇ



ਚਲਦਿਆਂ ਨੌਜਵਾਨ ਨੂੰ ਡਾਕਟਰਾਂ ਦੀ ਸਲਾਹ ਲੈਣੀ ਪਵੇਗੀ। ਬਲੱਡ ਟੈਸਟ, ਸਕੈਨ, ਈਸੀਜੀ ਵਿਚ ਇਹ ਖੁਲਾਸਾ ਹੋਇਆ ਹੈ ਕਿ ਉਸ ਦਾ ਹਾਰਟ ਤੇ ਕਿਡਨੀ ਦੋਵੇਂ ਫੇਲ ਹੋ ਗਈਆਂ ਹਨ। ਡਾਕਟਰਾਂ ਨੇ ਦੱਸਿਆ ਕਿ ਦਿਲ ਫੇਲ ਹੋਣ ਦਾ ਸਭ ਤੋਂ ਵੱਡਾ ਕਾਰਨ ਉਸ ਵੱਲੋਂ ਐਨਰਜੀ ਡਰਿੰਕ ਦਾ ਜ਼ਿਆਦਾ ਸੇਵਨ ਕਰਨਾ ਸੀ। ਡਾਕਟਰਾਂ ਨੇ ਦੱਸਿਆ ਕਿ ਉਸ ਨੂੰ ਹੋਰ ਬਿਮਾਰੀ ਨਹੀਂ ਸੀ ਪਰ ਜਿਹੜੀ ਉਹ ਐਨਰਜੀ ਡਰਿੰਕ ਪੀ ਰਿਹਾ ਸੀ ਉਸ ਵਿਚ ਕੈਫੀਨ ਦੀ ਹਰ ਵਾਰ 160 ਮਿਲੀਗ੍ਰਾਮ ਮਾਤਰਾ ਹੁੰਦੀ ਸੀ। ਉਸ ਨੇ ਰਿਪੋਰਟ ਵਿਚ ਕਿਹਾ ਕਿ ਉਹ ਰੋਜ਼ਾਨਾ ਚਾਰ ਐਨਰਜੀ ਡਰਿੰਕ ਤੱਕ ਪੀਂਦਾ ਸੀ। ਡਾਕਟਰ ਕੇਲੀ ਮੋਰਗਨ ਨੇ ਕਿਹਾ ਕਿ ਐਨਰਜੀ ਡਰਿੰਕਸ ਦਾ ਰੋਜ਼ਾਨਾ ਇਸਤੇਮਾਲ ਨੌਜਵਾਨਾਂ ਦੇ ਵਿਚ ਘੱਟ ਨਹੀਂ ਹੋਇਆ ਹੈ।

# ਡਰੱਗ ਨੇ ਨਿਗਲਿਆ 17 ਸਾਲਾ ਲੜਕਾ

**ਸਭਰਾ/ਏ.ਟੀ.ਨਿਊਜ਼ :** ਵਿਧਾਨ ਸਭਾ ਹਲਕਾ ਪੱਟੀ ਦੇ ਪਿੰਡ ਸਭਰਾ ਵਿਖੇ 17 ਸਾਲਾ ਲੜਕੇ ਦੀ ਹੈਰੋਇਨ ਦਾ ਟੀਕਾ ਲਾਉਣ ਕਾਰਨ ਮੌਤ ਹੋ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਸਬੰਧੀ ਸਭਰਾ ਵਾਸੀ ਨਛੱਤਰ ਸਿੰਘ ਨੇ ਦੱਸਿਆ ਕਿ ਉਸ ਦਾ ਲੜਕਾ ਗੁਰਜੰਟ ਸਿੰਘ ਪਿੰਡ ਦੀ ਦਾਣਾ ਮੰਡੀ ਵਿਚ ਮਿਹਨਤ ਮਜ਼ਦੂਰੀ ਕਰਦਾ ਸੀ। ਉਸ ਨੇ ਦਾਣਾ ਮੰਡੀ ਤੋਂ ਘਰ ਆਉਣ ਸਮੇਂ ਖੇਤਾਂ ਵਿਚ ਜਾ ਕੇ ਟੀਕਾ ਲਗਾ ਲਿਆ, ਜੋ ਉਸ ਲਈ ਜਾਨਲੇਵਾ ਸਾਬਿਤ ਹੋਇਆ। ਜਦੋਂ ਉਹ ਘਰ ਨਹੀਂ ਆਇਆ ਤਾਂ ਉਨਾਂ ਉਸ ਦੀ ਭਾਲ ਕਰਨੀ ਸ਼ੁਰੂ ਕਰ ਦਿੱਤੀ। ਇਸ ਦੌਰਾਨ ਉਹ ਖੇਤਾਂ ਵਿਚ ਮਰਿਆ ਹੋਇਆ ਪਾਇਆ ਗਿਆ। ਨਛੱਤਰ ਸਿੰਘ ਨੇ ਮੰਗ ਕੀਤੀ ਕਿ ਪਿੰਡ ਵਿਚ ਵਿਕ ਰਿਹਾ ਨਸ਼ਾ ਬੰਦ ਕਰਵਾਇਆ ਜਾਵੇ। ਇਸ ਮੌਕੇ ਆਪ ਪਾਰਟੀ ਦੇ ਵਰਕਰ ਅੰਗਰੇਜ ਸਿੰਘ ਸਭਰਾ ਨੇ ਕਿਹਾ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਚੋਣਾਂ ਦੌਰਾਨ ਵਾਅਦਾ ਕੀਤਾ ਸੀ ਕਿ ਉਹ



ਸੂਬੇ ਅੰਦਰ ਨਸ਼ਾ ਬੰਦ ਕਰਨਗੇ। ਪਰ ਇਸ ਦੀ ਜ਼ਮੀਨੀ ਹਕੀਕਤ ਹੋਰ ਹੈ। ਨੌਜਵਾਨ ਨਸ਼ੇ ਕਾਰਨ ਆਪਣੀਆਂ ਜਾਨਾਂ ਗੁਆ ਰਹੇ ਹਨ। ਇਸ ਮੌਕੇ ਅੰਗਰੇਜ਼ ਸਿੰਘ ਨੇ ਪੁਲਿਸ ਚੌਕੀ ਸਭਰਾ ਦੇ ਮੁਲਾਜ਼ਮਾਂ ਉੱਪਰ ਦੋਸ਼ ਲਗਾਉਦਿਆਂ ਕਿਹਾ ਕਿ ਉਨਾਂ ਵੱਲੋਂ ਨਸ਼ਾ ਤਸਕਰਾਂ ਨੂੰ ਸ਼ਹਿ ਦਿੱਤੀ ਜਾ ਰਹੀ ਹੈ।

A-ONE EXPRESS
ਸਾਨੂੰ ਤਜ਼ਰਬੇਕਾਰ ਡਰਾਇਵਰਾਂ ਅਤੇ ਉਨਰ ਉਪਰੇਟਰਾਂ ਦੀ ਲੋੜ ਹੈ
- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨੌਰਥ- ਈਸਟ, ਸਾਊਥ ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖਾਹ ਸਮੇਂ ਸਿਰ
- 50% ਹੁੱਕ ਡ੍ਰੌਪ
- Excellent Payment
ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ
28421 S CHRISMAN RD, UNIT# 3, TRACY, CA



ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ
Toll Free: 888.725.7441, Office: 209.537.0975, Fax: 209.537.0375

# ਸੰਸਦ ਘੇਰਨ ਦੇ ਪ੍ਰੋਗਰਾਮ ਨੂੰ ਮੁੜ ਮੁਲਤਵੀ ਕਰਕੇ ਕਿਸਾਨ ਆਗੂਆਂ ਨੇ ਆਪਣੀ ਕਮਜ਼ੋਰੀ ਅਤੇ ਬੇਬਸੀ ਪ੍ਰਗਟਾਈ ਹੈ : ਦਲ ਖਾਲਸਾ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਦਲ ਖਾਲਸਾ ਨੇ ਸੰਯੁਕਤ ਕਿਸਾਨ ਮੋਰਚੇ ਵੱਲੋਂ ਮਈ ਮਹੀਨੇ ਵਿੱਚ ਸੰਸਦ ਘੇਰਨ ਦੇ ਦਿੱਤੇ ਪ੍ਰੋਗਰਾਮ ਨੂੰ ਦੂਜੀ ਵਾਰ ਮੁਲਤਵੀ ਕਰਨ ਦੇ ਫ਼ੈਸਲੇ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਕਿਹਾ ਕਿ ਵਾਰ-ਵਾਰ ਯੂ-ਟਰਨ ਲੈਣ ਨਾਲ ਕਿਸਾਨ ਲੀਡਰਸ਼ਿਪ ਆਪਣੀ ਬਚੀ-ਖੁਚੀ ਭਰੋਸੇਯੋਗਤਾ ਖਤਮ ਕਰ ਰਹੇ ਹਨ।

ਜ਼ਿਕਰਯੋਗ ਹੈ ਕਿ ਕਿਸਾਨ ਲੀਡਰਸ਼ਿਪ ਪਹਿਲਾਂ ਵੀ ਸੰਸਦ ਵੱਲ ਨੂੰ ਮਾਰਚ ਦਾ ਪ੍ਰੋਗਰਾਮ ਮੁਲਤਵੀ ਕਰ ਚੁਕੀ ਹੈ। ਜਥੇਬੰਦੀ ਨੇ ਕਿਹਾ ਕਿ ਅਫਸੋਸ ਦੀ ਗਲ ਹੈ ਕਿ ਸੰਯੁਕਤ ਕਿਸਾਨ ਮੋਰਚੇ ਦੀ ਮੀਟਿੰਗ ਵਿੱਚ ਸਿੰਘੂ ਬਾਰਡਰ ਤੋਂ ਗ੍ਰਿਫਤਾਰੀਆਂ ਦੇਣ ਲਈ ਜਥੇ ਭੇਜਣ ਦੇ ਰੱਖੇ ਪ੍ਰਸਤਾਵ ਸਬੰਧੀ ਵੀ ਇਹ ਲੀਡਰਸ਼ਿਪ ਹਾਂ-ਪੱਖੀ ਫੈਸਲਾ ਨਹੀ ਕਰ ਸਕੀ।

ਦਲ ਖਾਲਸਾ ਦੇ ਬੁਲਾਰੇ ਕੰਵਰਪਾਲ ਸਿੰਘ ਨੇ ਕਿਹਾ ਕਿ ਮੋਰਚੇ ਦੇ ਆਗੂ ਵਾਰ-ਵਾਰ ਆਪਣੇ ਦਿੱਤੇ ਪ੍ਰੋਗਰਾਮਾਂ ਤੋਂ ਕਿਉਂ ਦੌੜ ਰਹੇ ਹਨ। ਉਨਾਂ ਟਿਪਣੀ ਕਰਦਿਆਂ ਸਵਾਲ ਪੁਛਿਆ ਕਿ ਕਿਸਾਨ ਆਗੂ ਪਹਿਲਾਂ ਗੰਭੀਰਤਾ ਨਾਲ ਸੋਚ ਵਿਚਾਰ ਕੇ ਪ੍ਰੋਗਰਾਮ ਕਿਉਂ ਨਹੀਂ ਉਲੀਕਦੇ ? ਉਨਾਂ ਕਿਹਾ ਕਿ ਸੰਸਦ ਘੇਰਣ ਦੇ ਪ੍ਰਸਤਾਵਿਤ ਪ੍ਰੋਗਰਾਮ ਨੇ ਨੌਜਵਾਨਾਂ ਅਤੇ ਜਥੇਬੰਦੀਆਂ ਅੰਦਰ ਉਤਸ਼ਾਹ ਪੈਦਾ ਕੀਤਾ ਸੀ ਪਰ ਫਿਰ ਇਕ ਵਾਰ ਇਸ ਪ੍ਰੋਗਰਾਮ ਨੂੰ ਮੁਲਤਵੀ ਕਰਕੇ ਕਿਸਾਨ ਆਗੂਆਂ ਨੇ ਜਿੱਥੇ ਨੌਜਵਾਨ ਵਰਗ ਨੂੰ ਨਿਰਾਸ਼ ਕੀਤਾ ਹੈ ਉੱਥੇ ਆਪਣਿਆਂ ਤੇ ਬੇਗਾਨਿਆਂ, ਹਮਾਇਤੀਆਂ ਅਤੇ ਵਿਰੋਧੀਆਂ (ਦਿੱਲੀ ਦੀ ਸਰਕਾਰ) ਅੱਗੇ ਆਪਣੀ ਕਮਜ਼ੋਰੀ ਦਿਖਾਈ ਹੈ। ਉਨਾਂ ਵਿਅੰਗ ਕੱਸਦਿਆਂ ਕਿਹਾ ਕਿ ਲਗਦੈ ਕਿ ਕਿਸਾਨ ਆਗੂ ਯੂ-ਟਰਨ ਮਾਰਨ ਵਿੱਚ ਮੁਹਾਰਤ ਹਾਸਲ ਕਰ ਰਹੇ ਹਨ।

ਉਨਾਂ ਕਿਸਾਨ ਆਗੂਆਂ ਨੂੰ ਖ਼ਬਰਦਾਰ



ਕਰਦਿਆਂ ਕਿਹਾ ਕਿ ਕਮਜ਼ੋਰ, ਬੇਬਸ ਅਤੇ ਡਾਵਾਂਡੋਲ ਆਗੂਆਂ ਦੀ ਝੋਲੀ ਕਦੇ ਜਿੱਤ ਨਹੀਂ ਪੈਂਦੀ ।

ਉਨਾਂ ਕਿਸਾਨ ਆਗੂਆਂ ਦੇ ਆਪਾਂ-ਵਿਰੋਧੀ ਬਿਆਨਾਂ ਅਤੇ ਗਤੀਵਿਧੀਆਂ ਦਾ ਗੰਭੀਰ ਨੋਟਿਸ ਲੈਂਦਿਆਂ ਕਿਹਾ ਕਿ 32 ਆਗੂਆਂ ਅੰਦਰ ਵਖਰੇਵੇਂ ਹੋਣੇ ਸੁਭਾਵਿਕ ਹਨ ਪਰ ਇਨਾਂ ਵਖਰੇਵਿਆਂ

ਬਾਕੀ ਸਫ਼ਾ 29 'ਤੇ

# ਕੋਰੋਨਾ ਤੋਂ ਬਚਾਅ ਲਈ ਦੇਸੀ ਦਵਾ ਦੇਣ ਵਾਲੇ ਸਪੇਰੇ ਨੂੰ ਹੋਇਆ ਕਰੋਨਾ



**ਲੁਧਿਆਣਾ/ਏ.ਟੀ.ਨਿਊਜ਼:** ਸਿਹਤ ਵਿਭਾਗ ਦੀ ਟੀਮ ਵਲੋਂ ਲਲਤੋਂ ਕਲਾਂ ਦੇ ਬੱਸ ਅੱਡੇ 'ਤੇ ਕੋਰੋਨਾ ਦੇ ਸੈਂਪਲ ਲੈਣ ਲਈ ਲਾਏ ਵਿਸ਼ੇਸ਼ ਕੈਂਪ ਰਾਹਗੀਰਾਂ ਦੇ ਕੋਰੋਨਾ ਸੈਂਪਲ ਲਏ ਜਾ ਰਹੇ ਸਨ। ਸਾਹਮਣੇ ਤੋਂ ਆ ਰਹੇ ਸਪੇਰੇ ਨੂੰ ਜਦੋਂ ਸਿਹਤ ਵਿਭਾਗ ਦੀ ਟੀਮ ਨੇ ਸੈਂਪਲ ਦੇਣ ਵਾਸਤੇ ਕਿਹਾ ਤਾਂ ਉਸ ਨੇ ਮਨਾ ਕਰ ਦਿੱਤਾ। ਸਪੇਰੇ ਨੇ ਕਿਹਾ ਕਿ ਉਸ ਨੂੰ ਕਦੇ ਵੀ ਕੋਰੋਨਾ ਨਹੀਂ ਹੋ ਸਕਦਾ, ਉਹ ਤਾਂ ਖੁਦ ਲੋਕਾਂ ਨੂੰ ਕੋਰੋਨਾ ਤੋਂ ਬਚਣ ਲਈ ਦੇਸੀ ਨੁਸਖੇ ਤੇ ਦਵਾਈ ਤਿਆਰ ਕਰਕੇ ਦਿੰਦਾ ਹੈ।

ਜਦ ਸਿਹਤ ਵਿਭਾਗ ਦੀ ਟੀਮ ਨੇ ਲਲਤੋਂ ਪੁਲਿਸ ਚੌਂਕੀ ਦੀ ਸਹਾਇਤਾ ਨਾਲ ਸਪੇਰੇ ਦਾ ਰੈਪਿਡ ਐਂਟੀਜਨ ਸੈਂਪਲ ਲਿਆ ਤਾਂ ਉਹ ਪਾਜ਼ੇਟਿਵ ਆਇਆ। ਜਿਸ ਤੋਂ ਬਾਅਦ ਸਪੇਰੇ ਨੂੰ ਘਰ 'ਚ ਇਕਾਂਤਵਾਸ ਹੋਣ ਲਈ ਕਹਿ ਦਿੱਤਾ ਗਿਆ ਹੈ। ਇਸ ਮੌਕੇ ਡੀ ਸੀ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਖ਼ੁਦ ਤੇ ਆਪਣੇ ਪਰਿਵਾਰ ਨੂੰ ਸੁਰੱਖਿਅਤ ਰੱਖਣ ਲਈ ਅਧਿਕਾਰਤ ਡਾਕਟਰਾਂ ਤੇ ਸਿਹਤ ਸੰਸਥਾਵਾਂ ਤੋਂ ਬਿਨਾਂ ਕਿਸੇ ਹੋਰ ਤੋਂ ਕੋਰੋਨਾ ਦੀ ਬਿਮਾਰੀ ਦੇ ਬਚਾਅ ਲਈ ਦਵਾਈ ਨਾ ਲੈਣ। ਉਨਾਂ ਕਿਹਾ ਕਿ ਲੋਕ ਝੋਲਾ ਛਾਪ ਡਾਕਟਰਾਂ ਤੇ ਦੇਸੀ ਦਵਾਈਆਂ ਦੇ ਨੁਸਖੇ ਦੇਣ ਵਾਲਿਆਂ ਦੇ ਝਾਂਸੇ ਵਿੱਚ ਨਾ ਆਉਣ।

### ਸੋਸ਼ਲ ਮੀਡੀਆ ਉੱਤੇ ਵਾਇਰਲ ਹੋਈ ਕਤਲ ਦੀ ਕਹਾਣੀ ਦੇ ਜਵਾਬ ਵਿਚ !

# ਜਦੋਂ ਸਭ ਦੀਆਂ ਰੂਹਾਂ ਮਰ ਚੁੱਕੀਆਂ ਹਨ ਮੈਂ ਹਾਲੇ ਵੀ ਜ਼ਿੰਦਾ ਹਾਂ : ਪ੍ਰਗਿਆ ਮਿਸ਼ਰਾ

**ਚੰਡੀਗੜ/ਅੰਮ੍ਰਿਤਸਰ ਟਾਈਮਜ਼ ਬਿਊਰੋ :** ਸ਼ੋਸ਼ਲ ਮੀਡੀਆ ਉੱਤੇ ਪੈਣ ਵਾਲੀ ਹਰ ਖ਼ਬਰ ਸੱਚੀ ਨਹੀਂ ਹੁੰਦੀ, ਇਸ ਗੱਲ ਦਾ ਸਬੂਤ ਦਿੱਤਾ ਹੈ ਪ੍ਰਗਿਆ ਮਿਸ਼ਰਾ ਨੇ। ਪ੍ਰਗਿਆ ਮਿਸ਼ਰਾ ਇਕ ਆਮ ਪੱਤਰਕਾਰ ਹੈ ਜੋ ਉੱਤਰ ਪ੍ਰਦੇਸ਼ ਦੇ ਸ਼ਹਿਰ ਲਖਨਊ ਦੀ ਰਹਿਣ ਵਾਲੀ ਹੈ। ਦੱਸਣਯੋਗ ਹੈ ਕਿ ਪਿਛਲੇ ਕੁਝ ਦਿਨਾਂ ਤੋਂ ਸੋਸ਼ਲ ਮੀਡੀਆ ਉੱਤੇ ਵਾਇਰਲ ਹੋ ਰਹੀ ਵੀਡੀਓ ਜਿਸ ਵਿੱਚ ਇੱਕ ਵਿਅਕਤੀ ਦੁਆਰਾ ਦਿਨ ਦਿਹਾੜੇ ਹੀ ਇਕ ਔਰਤ ਦਾ ਚਾਕੂ ਮਾਰ ਕੇ ਬੇਰਹਿਮੀ ਨਾਲ ਕਤਲ ਕਰ ਦਿੱਤਾ ਜਾਂਦਾ ਹੈ।






ਮਾਰੀ ਗਈ ਔਰਤ ਨੂੰ ਪ੍ਰਗਿਆ ਮਿਸ਼ਰਾ ਦਾ ਨਾਮ ਦੇ ਦਿੱਤਾ ਜਾਂਦਾ ਹੈ ਅਤੇ ਨਾਲ ਹੀ ਕਾਰਨ ਇਹ ਦੱਸ ਦਿੱਤਾ ਜਾਂਦਾ ਹੈ ਕਿ ਪ੍ਰਗਿਆ ਮਿਸ਼ਰਾ ਨੇ ਜੋ ਸੋਸ਼ਲ ਮੀਡੀਆ ਉੱਤੇ ਕੁੰਭ ਮੇਲੇ ਉਤੇ ਇਕੱਠ ਦੀ ਵੀਡੀਓ ਵਾਇਰਲ ਕੀਤੀ ਸੀ ਉਸ ਦੇ ਕਾਰਨ ਹੀ ਉਸ ਦਾ ਕਤਲ ਕਰ ਦਿੱਤਾ ਗਿਆ ਹੈ। ਲੋਕਾਂ ਦੀ ਸੋਚ ਇਹ ਹੀ ਸੀ ਕਿ ਉਸ ਸੱਚ ਨੂੰ ਲੋਕਾਂ ਤੱਕ ਲਿਆਉਣ ਲਈ ਹੀ ਪ੍ਰਗਿਆ ਮਿਸ਼ਰਾ ਦਾ ਕਤਲ ਕਰ ਦਿੱਤਾ ਗਿਆ ਹੈ । ਇਸ ਝੂਠੀ ਖ਼ਬਰ ਦੀ ਵੀਡੀਓ ਕਈ ਦਿਨ ਸੋਸ਼ਲ ਮੀਡੀਆ ਉਤੇ ਵਾਇਰਲ ਹੁੰਦੀ ਰਹੀ।

ਆਖ਼ਰਕਾਰ ਜਦੋਂ ਇਹ ਖ਼ਬਰ ਪ੍ਰਗਿਆ ਮਿਸ਼ਰਾ ਦੇ ਕੋਲ ਪਹੁੰਚੀ ਤਦ ਉਸ ਨੇ ਇੱਕ ਵੀਡੀਓ ਬਣਾ ਕੇ ਆਪਣੇ ਜ਼ਿੰਦਾ ਹੋਣ ਦਾ ਸਬੂਤ ਟਵਿੱਟਰ ਰਾਹੀਂ ਦਿੱਤਾ। ਟਵਿੱਟਰ ਰਾਹੀਂ ਪ੍ਰਗਿਆ ਮਿਸ਼ਰਾ ਨੇ ਇਸ ਖ਼ਬਰ ਨੂੰ ਗ਼ਲਤ ਦੱਸਿਆ ਕਿ ਉਸ ਦੀ ਮੌਤ ਹੋ ਗਈ ਹੈ ਅਤੇ ਨਾਲ ਹੀ ਉਸ ਨੇ ਕਿਹਾ ਕਿ ਜਦੋਂ ਸਾਰਿਆਂ ਦੀਆਂ ਆਤਮਾਵਾਂ ਮਰ ਚੁੱਕੀਆਂ ਹਨ ਪਰ ਉਹ ਫਿਰ ਵੀ ਜ਼ਿੰਦਾ ਹੈ। ਉਸ ਦੀ ਇਸ ਝੂਠੀ ਖ਼ਬਰ ਪੈਣ ਨਾਲ ਇਹ ਸਾਬਤ ਹੋ ਜਾਂਦਾ ਹੈ ਕਿ ਲੋਕਾਂ ਵਿੱਚ ਇਸ ਗੱਲ ਨੂੰ ਲੈ ਕੇ ਅਜੇ ਵੀ ਡਰ ਹੈ ਕਿ ਸੱਚ ਬੋਲਣ ਵਾਲੇ ਨੂੰ ਭਿਆਨਕ ਮੌਤ ਦਿੱਤੀ ਜਾਂਦੀ ਹੈ।

When tired of all treatments for any disease at any age TRY
HOMEOPATHIC
EXPERIENCED CONSULTANT PHYSICIAN SINCE 1973
ਹੋਰ ਇਲਾਜਾਂ ਤੋਂ ਥੱਕ ਗਏ ਹੋ ਤਾਂ ਹੋਮੀਉਪੈਥੀ ਅਜਮਾਉ
WE SELL HOMEOPATHY MEDICINES
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ, ਵਜਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜੋਰੀ ਦਾ ਪੱਕਾ ਇਲਾਜ



GURDIP SINGH SANDHU
DHMS-Gold Medalist, BAMS,MDEH, INDIA
Ex Principal Homeopathic medical colleges in India,
Prof., Chief Medical Officer,
Ex Member NCH and CA Homeomedical Society
Working under act SB 577 state of CA
American Red Cross
Cell Phone: 408 687 1899
Office: 925 999 8278
7021 village park way Dublin ca 94568
Email: homeomedicine@yahoo.com
ਡਾ ਸੰਧੂ ਦੇ ਲਾਈਵ ਸਿਹਤ ਵਿਗਿਆਨ ਦੇ ਪ੍ਰੋਗਰਾਮ ਸੁਨਣ ਲਈ ਜੱਸ ਪੰਜਾਬੀ ਟੀ ਵੀ ਤੇ ਰੇਡੀਓ SabRang ਰੋਜ਼ਾਨਾ ਸੁਣੋ
(Download Sub Rang Radio station application)

Homeopathicvibes
We treat Acute and chronic diseases like Asthma, Allergies, Mood swings, Migraine, Anxiety, Depression, Insomnia, Bed wetting, Acne, Diabetes, Arthritis, PMS, Acidity, Indigestion, Hot flashes, Blood Pressure, Kidney stones, Neuralgic pains, Skin disorders, especially non specific headaches and many more....



Now we have two locations :
940, E. El Camino Real, Sunnyvale, CA 94087
Office : (408) 737-7100 Fax: (408) 737-7102
39039 Paseo Padre Pkwy Suite #209 (upstairs) Fremont CA 94538
www.homeopathicvibes.com
We sell and ship homeopathic remedies through out North America.
ਸਮੂਹ ਸਰਪ੍ਰਸਤਾਂ ਅਤੇ ਸਹਿਯੋਗੀਆਂ ਦਾ ਬਹੁਤ ਬਹੁਤ ਧੰਨਵਾਦ
Harminder Singh Gill D.H.M.S;B.C.I.H
(Ex Homeopathic Medical officer Punjab Govt.)

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co. website: capitalservices.us

Allstate You're in good hands.
ALL STATE INSURANCE
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

# ਕੋਰੋਨਾ ਦੇ ਕਹਿਰ ਕਾਰਨ ਪੰਜਾਬ ਵਿਚ ਨਵਾਂ ਸੰਕਟ, ਆਕਸੀਜਨ ਦੀ ਘਾਟ

## ✪ ਆਕਸੀਜਨ ਦੀ ਕਮੀ ਕਾਰਨ ਭਾਰਤ ਵਿਚ ਹਾਲਾਤ ਗੰਭੀਰ ✪ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਉਸ ਦੇ ਸਮਰਥਕ ਬਿਹਾਰ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਮਗਨ ✪ ਮਹਾਰਾਸ਼ਟਰ, ਮੱਧ ਪ੍ਰਦੇਸ਼, ਗੁਜਰਾਤ, ਛੱਤੀਸਗੜ ਤੇ ਉੱਤਰ ਪ੍ਰਦੇਸ਼ ਵਿੱਚ ਸਥਿਤੀ ਬੇਹੱਦ ਗੰਭੀਰ ✪ ਆਪਣੀ ਨਾਕਾਮੀ ’ਤੇ ਪਰਦਾ ਪਾਉਣ ਲਈ ਯੂ.ਪੀ., ਮੱਧ ਪ੍ਰਦੇਸ਼, ਗੁਜਰਾਤ ਸਰਕਾਰਾਂ ਨੇ ਲਾਸ਼ਾਂ ਦੇ ਅੰਕੜੇ ਛੁਪਾਏ

**ਜਲੰਧਰ/ਏ.ਟੀ.ਨਿਊਜ਼ :** ਕੋਰੋਨਾ ਨਾਲ ਸਾਲ ਭਰ ਤੋਂ ਚੱਲ ਰਹੀ ਜੰਗ ਦੇ ਵਿਚਕਾਰ ਹੁਣ ਆਕਸੀਜਨ ਦੀ ਘਾਟ ਨਾਲ ਵੀ ਜੂਝਣਾ ਪੈ ਰਿਹਾ ਹੈ। ਇਸ ਸਭ ਦੇ ਵਿਚਕਾਰ ਜਲੰਧਰ ਦੇ ਡਿਪਟੀ ਕਮਿਸ਼ਨਰ ਘਣਸ਼ਿਆਮ ਥੋਰੀ ਨੇ ਪੰਜਾਬ ਸਿਹਤ ਸਿਸਟਮ ਕਾਰਪੋਰੇਸ਼ਨ ਰਾਹੀਂ ਕੋਰੋਨਾ ਦੇ ਮਰੀਜ਼ਾਂ ਦੇ ਇਲਾਜ ਲਈ ਪੰਜਾਬ ਸਰਕਾਰ ਨੂੰ ਚਿੱਠੀ ਭੇਜੀ ਹੈ। ਇਸ ਵਿੱਚ ਉਨਾਂ ਨੇ ਜਲੰਧਰ ਜ਼ਿਲੇ ਲਈ ਰੋਜ਼ਾਨਾ 16 ਮੀਟ੍ਰਿਕ ਟਨ ਆਕਸੀਜਨ ਸਿਲੰਡਰ ਦੀ ਮੰਗ ਕੀਤੀ ਗਈ ਹੈ। ਆਕਸੀਜਨ ਦੀ ਘਾਟ ਹੁਣ ਕੋਰੋਨਾ ਦੇ ਮਰੀਜ਼ਾਂ ਲਈ ਵੱਡਾ ਖ਼ਤਰਾ ਹੋ ਸਕਦੀ ਹੈ ਕਿਉਂਕਿ ਜਲੰਧਰ ਜ਼ਿਲੇ ਵਿੱਚ ਮੌਤਾਂ ਦਾ ਸਿਲਸਿਲਾ ਲਗਾਤਾਰ ਜਾਰੀ ਹੈ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜਲੰਧਰ ਵਿੱਚ ਰੋਜ਼ਾਨਾ 3000 ਤੋਂ 3500 ਸਿਲੰਡਰਾਂ ਦੀ ਖਪਤ ਹੋ ਰਹੀ ਹੈ। ਇਸ ਤੋਂ ਇਲਾਵਾ 400 ਤੋਂ 500 ਹੁਸ਼ਿਆਰਪੁਰ ਤੇ ਨਵਾਂ ਸ਼ਹਿਰ ਵੀ ਭੇਜੇ ਜਾ ਰਹੇ ਹਨ। ਇਸ ਬਾਰੇ ਦੱਸਦਿਆਂ ਉਨਾਂ ਕਿਹਾ ਕਿ ਜਲੰਧਰ ਵਿੱਚ ਰੋਜ਼ਾਨਾ 4000 ਸਿਲੰਡਰਾਂ ਦੀ ਜ਼ਰੂਰਤ ਹੈ। ਇਸ ਵੇਲੇ ਜ਼ਿਲਾ ਆਪਣੇ ਪੱਧਰ ’ਤੇ ਦੋ ਪਲਾਂਟਾਂ ਵਿੱਚੋਂ ਸਿਰਫ 2400 ਸਿਲੰਡਰ ਤਿਆਰ ਕਰਨ ਦੇ ਯੋਗ ਹੈ।

ਬਾਕੀ ਤਰਲ ਆਕਸੀਜਨ ਅਜੇ ਵੀ ਪਾਣੀਪਤ, ਸੋਨੀਪਤ, ਰਾਜਪੁਰਾ ਤੇ ਬਠਿੰਡਾ ਤੋਂ ਸਪਲਾਈ ਕੀਤੀ ਜਾ ਰਹੀ ਹੈ। ਹਾਲਾਂਕਿ, ਹੁਣ ਇਨਾਂ ਥਾਵਾਂ ’ਤੇ ਵੀ ਹਾਲਾਤ ਵਿਗੜ ਰਹੇ ਹਨ। ਇਸ ਲਈ ਇਹ ਸੰਭਵ ਹੈ ਕਿ ਆਕਸੀਜਨ ਦੀ ਸਪਲਾਈ ਉਥੋਂ ਪ੍ਰਭਾਵਿਤ ਹੋ ਜਾਵੇ, ਅਜਿਹੀ ਸਥਿਤੀ ਵਿੱਚ ਸਰਕਾਰ ਨੂੰ ਰੋਜ਼ਾਨਾ ਜ਼ਿਲੇ ਵਿੱਚ ਆਕਸੀਜਨ ਭੇਜਣਾ ਪਵੇਗੀ। ਉਨਾਂ ਨੇ ਸਿਹਤ ਵਿਭਾਗ ਦੇ ਪ੍ਰਮੁੱਖ ਸੈਕਟਰ ਨੂੰ ਵੀ ਇਸ ਬਾਰੇ ਜਾਣਕਾਰੀ ਦਿੱਤੀ ਹੈ।

**ਭਾਰਤ ਰਾਮ ਜੀ ਭਰੋਸੇ**

ਇਸ ਸਮੇਂ ਭਾਰਤ ਦੇ ਲੋਕ ਕੋਰੋਨਾ ਦੀ ਦੂਜੀ ਲਹਿਰ ਨਾਲ ਜੂਝ ਰਹੇ ਹਨ । ਜੋ ਕੁਝ ਪਹਿਲੀ ਲਹਿਰ ਸਮੇਂ ਹੋਇਆ, ਉਹੀ ਇਸ ਵਾਰ ਹੋ ਰਿਹਾ ਹੈ । ਪਿਛਲੀ ਵਾਰ ਜਦੋਂ ਕੋਰੋਨਾ ਦੇ ਮਾਮਲੇ ਸਾਹਮਣੇ ਆਏ ਤਾਂ ਹਾਕਮ ਉਸ ਨਾਲ ਸਮੇਂ ਸਿਰ ਨਜਿੱਠਣ ਦੀ ਥਾਂ ਨਮਸਤੇ ਟਰੰਪ ਤੇ ਮੱਧ ਪ੍ਰਦੇਸ਼ ਦੀ ਕਾਂਗਰਸ ਸਰਕਾਰ ਡੇਗਣ ਲਈ ਵਿਧਾਇਕ ਖਰੀਦਣ ਵਿੱਚ ਰੁੱਝੇ ਰਹੇ ।ਇਸ ਵਾਰ ਜਦੋਂ ਸਤੰਬਰ-ਅਕਤੂਬਰ ਮਹੀਨੇ ਵਿੱਚ ਬਾਕੀ ਦੇਸ਼ ਦੂਜੀ ਲਹਿਰ ਨੂੰ ਰੋਕਣ ਲਈ ਲੋੜੀਂਦੇ ਪ੍ਰਬੰਧ ਕਰ ਰਹੇ ਸਨ ਤਾਂ ਭਾਰਤੀ ਸਤਾਧਾਰੀ ਕੋਰੋਨਾ ਦੀ ਜੰਗ ਵਿੱਚ ਜਿੱਤ ਹਾਸਲ ਕਰ ਲੈਣ ਦੇ ਜਸ਼ਨ ਮਨਾ ਰਹੇ ਸਨ । ਇਸੇ ਜਿੱਤ ਦੀ ਖ਼ੁਸ਼ੀ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਉਸ ਦੇ ਸਭ ਸਮਰਥਕ ਬਿਹਾਰ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਮਗਨ ਸਨ ।ਜਦੋਂ ਕੋਰੋਨਾ ਖ਼ਿਲਾਫ਼ ਜੰਗ ਜਿੱਤ ਹੀ ਲਈ ਫਿਰ ਨਾ ਮਾਸਕ ਦੀ ਲੋੜ ਰਹੀ ਨਾ ਦੋ ਗਜ਼ ਦੂਰੀ ਦੀ । ਕੋਰੋਨਾ ਵੈਕਸੀਨ ਆਈ ਤਾਂ ਆਪਣੇ ਲੋਕਾਂ ਨੂੰ ਲਾਉਣ ਦੀ ਥਾਂ ਵਪਾਰੀ ਬਣ ਗਏ ਤੇ ਧੜਾਧੜ ਦੂਜੇ ਦੇਸ਼ਾਂ ਨੂੰ ਵੈਕਸੀਨ ਦੀ ਸਪਲਾਈ ਸ਼ੁਰੂ ਕਰ ਦਿੱਤੀ । ਇਸ ਸਮੇਂ ਹਾਲਤ ਬਦ ਤੋਂ ਬਦਤਰ ਹੋ ਚੁੱਕੇ ਹਨ । ਮਹਾਰਾਸ਼ਟਰ, ਮੱਧ ਪ੍ਰਦੇਸ਼, ਗੁਜਰਾਤ, ਛੱਤੀਸਗੜ ਤੇ ਉੱਤਰ ਪ੍ਰਦੇਸ਼ ਵਿੱਚ ਸਥਿਤੀ ਬੇਹੱਦ ਗੰਭੀਰ ਹੋ ਚੁੱਕੀ ਹੈ। ਹਸਪਤਾਲਾਂ ਵਿੱਚ ਨਾ ਲੋੜ ਮੁਤਾਬਕ ਬੈੱਡ ਹਨ, ਨਾ ਲੋੜੀਂਦੀ ਦਵਾਈ ਹੈ, ਨਾ ਵੈਂਟੀਲੇਟਰ ਪੂਰੇ ਹਨ ਤੇ ਨਾ ਆਕਸੀਜਨ ਮਿਲ ਰਹੀ ਹੈ। ਲੋਕ ਆਪਣੇ ਨੇੜਲਿਆਂ ਨੂੰ ਚੁੱਕੀ ਇੱਕ ਹਸਪਤਾਲ ’ਚੋਂ ਦੂਜੇ ਵੱਲ ਦੌੜੇ ਫਿਰ ਰਹੇ ਹਨ, ਪਰ ਕੋਈ ਦਾਖਲ ਨਹੀਂ ਕਰ ਰਿਹਾ। ਗੰਭੀਰ ਮਰੀਜ਼ ਆਕਸੀਜਨ ਦੀ ਕਮੀ ਕਾਰਨ ਦਮ ਤੋੜ ਰਹੇ ਹਨ । ਸ਼ਮਸ਼ਾਨਘਾਟਾਂ ਤੇ ਕਬਰਸਤਾਨਾਂ ਦੇ ਵਿਹੜੇ ਲਾਸ਼ਾਂ ਨਾਲ ਭਰ ਜਾਣ ਬਾਅਦ ਸੜਕਾਂ ’ਤੇ ਲਾਸ਼ਾਂ ਲੱਦੇ ਵਾਹਨਾਂ ਦੀਆਂ ਲੰਮੀਆਂ ਲਾਈਨਾਂ ਲੱਗ ਚੁੱਕੀਆਂ ਹਨ। ਭਾਜਪਾ ਸ਼ਾਸਤ ਰਾਜਾਂ ਵਿੱਚੋਂ ਆ ਰਹੀਆਂ ਖ਼ਬਰਾਂ ਸ਼ਰਮਸਾਰ ਕਰਨ ਵਾਲੀਆਂ ਹਨ । ਆਪਣੀ ਨਾਕਾਮੀ ’ਤੇ ਪਰਦਾ ਪਾਉਣ ਲਈ ਲਾਸ਼ਾਂ ਦੇ ਅੰਕੜੇ ਛੁਪਾਏ ਜਾ ਰਹੇ ਹਨ । ਮੱਧ ਪ੍ਰਦੇਸ਼ ਵਿੱਚ ਪਿਛਲੇ 5 ਦਿਨਾਂ ਵਿੱਚ 356 ਕੋਵਿਡ ਮਰੀਜ਼ਾਂ ਦਾ ਸਸਕਾਰ ਹੋਇਆ, ਸਰਕਾਰੀ ਅੰਕੜੇ 21 ਦੱਸ ਰਹੇ ਹਨ । ਗੁਜਰਾਤ ਵਿੱਚ ਤਾਂ ਹਾਈਕੋਰਟ ਅੰਕੜੇ ਛੁਪਾਉਣ ਲਈ ਸਰਕਾਰ ਨੂੰ ਫਿਟਕਾਰਾਂ ਪਾ ਚੁੱਕੀ ਹੈ । ਯੂ.ਪੀ. ਦੀ ਯੋਗੀ ਸਰਕਾਰ ਨੇ 15 ਅਪ੍ਰੈਲ ਨੂੰ 24 ਘੰਟਿਆਂ ਵਿਚ ਸਾਰੇ ਰਾਜ ਵਿੱਚ 104 ਮੌਤਾਂ ਹੋਣ ਦਾ ਬੁਲੇਟਿਨ ਜਾਰੀ ਕੀਤਾ ਸੀ, ਪਰ ਉਸ ਦਿਨ ਇਕੱਲੇ ਲਖਨਊ ਵਿੱਚ 108 ਕੋਵਿਡ ਲਾਸ਼ਾਂ ਦਾ ਸੰਸਕਾਰ ਕੀਤਾ ਗਿਆ। 14 ਅਪ੍ਰੈਲ ਨੂੰ ਲਖਨਊ ਦੇ ਦੋ ਸ਼ਮਸ਼ਾਨਘਾਟਾਂ ਵਿੱਚ 101 ਲਾਸ਼ਾਂ ਦਾ ਦਾਹ ਸੰਸਕਾਰ ਹੋਇਆ, ਪਰ ਸਰਕਾਰੀ ਅੰਕੜਿਆਂ ਵਿੱਚ ਇਹ ਗਿਣਤੀ 21 ਦੱਸੀ ਗਈ ।



ਅਸੀਂ ਹਾਕਮ ਏਨੇ ਬੇਸ਼ਰਮ ਚੁਣੇ ਹਨ ਕਿ ਜੇਕਰ ਕੋਈ ਲੋਕਾਂ ਦੇ ਭਲੇ ਦੀ ਗੱਲ ਕਰਦਾ ਹੈ ਤਾਂ ਉਸ ਨੂੰ ਚਾਰੇ ਪੌੜ ਚੁੱਕ ਕੇ ਪੈ ਜਾਂਦੇ ਹਨ । ਜਦੋਂ ਰਾਹੁਲ ਗਾਂਧੀ ਨੇ ਇਹ ਕਿਹਾ ਕਿ ਵਿਦੇਸ਼ੀ ਵੈਕਸੀਨਾਂ ਨੂੰ ਜਲਦੀ ਮਨਜ਼ੂਰੀ ਦਿੱਤੀ ਜਾਵੇ ਤਾਂ ਜਵਾਬ ਆਇਆ ਤੂੰ ਉਨਾਂ ਦਾ ਏਜੰਟ ਹੈਂ ।ਬੇਸ਼ਰਮੀ ਏਨੀ ਕਿ ਤਿੰਨ ਦਿਨਾਂ ਬਾਅਦ ਉਹੀ ਕਰਨਾ ਪਿਆ । 19 ਜਨਵਰੀ ਨੂੰ ਮੋਦੀ ਨੇ ਕਿਹਾ ਸੀ ਕਿ ਸਾਨੂੰ ਦੁਨੀਆ ਨੂੰ ਵੈਕਸੀਨ ਦੇਣ ’ਤੇ ਮਾਣ ਹੋ ਰਿਹਾ ਹੈ । ਅੱਜ ਨੌਬਤ ਇਹ ਆ ਗਈ ਹੈ ਕਿ ਅਸੀਂ ਦਾਨੀ ਦੀ ਥਾਂ ਭਿਖਾਰੀ ਬਣ ਗਏ ਹਾਂ ।ਵਿਦੇਸ਼ਾਂ ’ਚੋਂ ਵੈਕਸੀਨ ਮਿਲਣ ਵਿੱਚ ਸਮਾਂ ਲਗਦਾ ਹੈ । ਉਨਾਂ ਕੋਲ ਹੋਰ ਦੇਸ਼ਾਂ ਦੇ ਵੀ ਆਰਡਰ ਹਨ, ਪਹਿਲਾਂ ਉਹ ਉਨਾਂ ਨੂੰ ਪੂਰਾ ਕਰਨਗੇ ।

ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਨਰਿੰਦਰ ਮੋਦੀ ਨੂੰ ਖਤ ਲਿਖ ਕੇ ਕਿਹਾ ਸੀ ਕਿ ਵੈਕਸੀਨ ਬਣਾਉਣ ਵਾਲੀਆਂ ਕੰਪਨੀਆਂ ਨੂੰ ਮਦਦ ਦਿੱਤੀ ਜਾਵੇ, ਤਾਂ ਜੋ ਉਹ ਉਤਪਾਦਨ ਵਧਾ ਸਕਣ । ਇਸ ਦੇ ਜਵਾਬ ਵਿੱਚ ਕੇਂਦਰੀ ਸਿਹਤ ਮੰਤਰੀ ਹਰਸ਼ਵਰਧਨ ਸਾਬਕਾ ਪ੍ਰਧਾਨ ਮੰਤਰੀ ਨੂੰ ਉਨਾਂ ਦੀ ਪਾਰਟੀ ਸਬੰਧੀ ਮਿਹਣੇ ਮਾਰਦੇ ਰਹੇ, ਪਰ ਉਸੇ ਦਿਨ ਹੀ ਸਰਕਾਰ ਨੂੰ ਕਹਿਣਾ ਪਿਆ ਕਿ ਉਹ ਕੰਪਨੀਆਂ ਨੂੰ ਮਦਦ ਦੇਵੇਗੀ।

ਸਰਕਾਰ ਨੇ ਵੈਕਸੀਨੇਸ਼ਨ ਦਾ ਸਿਹਰਾ ਆਪਣੇ ਸਿਰ ਲੈਣ ਲਈ ਇਹ ਐਲਾਨ ਕਰ ਦਿੱਤਾ ਕਿ ਉਹੀ ਲੋਕਾਂ ਦੇ ਵੈਕਸੀਨ ਲਾਵੇਗੀ, ਪਰ ਕੁਝ ਦਿਨਾਂ ਤੋਂ ਬਾਅਦ ਹੀ ਸਰਕਾਰ ਦਾ ਦਮ ਫੁੱਲ ਗਿਆ ਤੇ ਪ੍ਰਾਈਵੇਟ ਹਸਪਤਾਲਾਂ ਨੂੰ ਵੀ ਇਸ ਵਿੱਚ ਸ਼ਾਮਲ ਕਰਨਾ ਪਿਆ। ਰਾਹੁਲ ਗਾਂਧੀ ਨੇ ਕਿਹਾ ਸੀ ਕਿ 45 ਸਾਲ ਦੀ ਹੱਦ ਘਟਾ ਕੇ 18 ਕੀਤੀ ਜਾਵੇ ਤਾਂ ਪ੍ਰਧਾਨ ਮੰਤਰੀ ਨੇ ਉਸ ਦਾ ਠੋਕਵਾਂ ਜਵਾਬ ਦਿੱਤਾ ਸੀ ਕਿ ਇਹ ਨਹੀਂ ਹੋ ਸਕਦਾ । ਹੁਣ ਉਸੇ ਸੁਝਾਅ ’ਤੇ ਅਮਲ ਕਰਦਿਆਂ 1 ਮਈ ਤੋਂ 18 ਸਾਲ ਤੋਂ ਵੱਧ ਉਮਰ ਦੇ ਲੋਕਾਂ ਨੂੰ ਟੀਕਾ ਲਵਾਉਣ ਦੀ ਖੁੱਲ ਦੇ ਦਿੱਤੀ ਗਈ ਹੈ, ਪਰ ਇਹ ਮੁਫ਼ਤ ’ਚ ਨਹੀਂ ਪੈਸੇ ਖਰਚ ਕੇ ਲਵਾਉਣੇ ਪੈਣਗੇ ਤੇ ਕੀਮਤ ਕੰਪਨੀਆਂ ਤੈਅ ਕਰਨਗੀਆਂ, ਪਰ ਵੱਡਾ ਸਵਾਲ ਇਹ ਹੈ ਕਿ ਏਨੇ ਟੀਕੇ ਆਉਣਗੇ ਕਿਥੋਂ ? ਇਸ ਸਮੇਂ ਦੋਵੇਂ ਕੰਪਨੀਆਂ 8 ਕਰੋੜ ਵੈਕਸੀਨ ਖ਼ੁਰਾਕਾਂ ਪ੍ਰਤੀ ਮਹੀਨਾ ਬਣਾ ਰਹੀਆਂ ਹਨ । ਇਹ ਕੰਪਨੀਆਂ ਸਰਕਾਰ ਦੀ ਮਨਜ਼ੂਰੀ ਨਾਲ 60 ਦੇਸ਼ਾਂ ਨੂੰ ਵੈਕਸੀਨ ਦੇਣ ਦੇ ਸਮਝੌਤੇ ਕਰ ਚੁੱਕੀਆਂ ਹਨ । ਉਨਾਂ ਨੂੰ ਇਹ ਕਰਾਰ ਵੀ ਪੂਰੇ ਕਰਨੇ ਪੈਣਗੇ । ਕੁਝ ਦੇਸ਼ਾਂ ਵੱਲੋਂ ਤਾਂ ਕੰਪਨੀਆਂ ਨੂੰ ਲੀਗਲ ਨੋਟਿਸ ਵੀ ਮਿਲ ਚੁੱਕੇ ਹਨ । ਇਸ ਦਾ ਇੱਕੋ ਰਾਹ ਹੈ ਕਿ ਕੰਪਨੀਆਂ ਦੀ ਉਤਪਾਦਨ ਸਮਰੱਥਾ ਵਧਾਈ ਜਾਵੇ । ਇਸ ਲਈ ਪੈਸੇ ਦੀ ਜ਼ਰੂਰਤ ਹੋਵੇਗੀ ਤੇ ਪਲਾਂਟ ਖੜਾ ਕਰਨ ਲਈ ਵੀ ਸਮਾਂ ਲੱਗੇਗਾ ।

ਬਾਕੀ ਘਾਟਾਂ, ਬੈੱਡ, ਦਵਾਈ ਆਦਿ ਤਾਂ ਪਹਿਲੀ ਲਹਿਰ ਵਾਲੀਆਂ ਹੀ ਹਨ, ਪਰ ਐਤਕੀਂ ਆਕਸੀਜਨ ਦੀ ਘਾਟ ਸਿਖਰ ਉੱਤੇ ਪੁੱਜ ਚੁੱਕੀ ਹੈ । ਜਦੋਂ ਰਾਜਾਂ ਨੇ ਚੀਕ-ਚਿਹਾੜਾ ਪਾਉਣਾ ਸ਼ੁਰੂ ਕੀਤਾ ਤਾਂ ਸਮੀਖਿਆ ਮੀਟਿੰਗ ਕੀਤੀ ਗਈ । ਇੰਡਸਟ੍ਰੀਅਲ ਸਪਲਾਈ ਬੰਦ ਕਰ ਦਿੱਤੀ ਗਈ, ਦਰਾਮਦ ਹੋਵੇਗੀ ਤੇ ਫਿਰ ਟਰੇਨਾਂ ਰਾਹੀਂ ਆਕਸੀਜਨ ਹਸਪਤਾਲਾਂ ਵਿੱਚ ਪੁੱਜੇਗੀ, ਉਦੋਂ ਤੱਕ ਕਿੰਨਿਆਂ ਦੇ ਸਾਹ ਮੁੱਕ ਜਾਣਗੇ, ਕਿਸੇ ਨੂੰ ਫਿਕਰ ਨਹੀਂ । ਇਸ ਸਮੇਂ ਰੋਜ਼ਾਨਾ ਦੇ ਕੇਸ ਪੌਣੇ ਤਿੰਨ ਲੱਖ ਦੇ ਨੇੜੇ ਪੁੱਜ ਚੁੱਕੇ ਹਨ। ਸਿਹਤ ਮਾਹਿਰਾਂ ਦਾ ਅੰਦਾਜ਼ਾ ਹੈ ਕਿ ਮਈ ਦੇ ਅੱਧ ਤੱਕ ਰੋਜ਼ਾਨਾ ਦਾ ਅੰਕੜਾ 5 ਲੱਖ ਤੱਕ ਪੁੱਜ ਸਕਦਾ ਹੈ ।ਹਰ ਪਾਸੇ ਰਾਮ ਨਾਮ ਸੱਤ ਹੋ ਰਹੀ ਹੈ ਤੇ ਸਮੁੱਚੇ ਦੇਸ਼ ਵਾਸੀ ਰਾਮ ਜੀ ਭਰੋਸੇ ਜੀ ਰਹੇ ਹਨ ।



# ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਤੇ ਕੋਟਕਪੂਰਾ ਗੋਲੀ ਕਾਂਡ ਦਾ ਮਾਮਲਾ

**✪ ਅਦਾਲਤ ਦੇ ਨਿਆਂ ਅੱਗੇ ਪ੍ਰਸ਼ਨ ਚਿੰਨ ✪ ਪਟਨੇ ਦੀ ਮਿੱਟੀ ਨਾਲ ਜੁੜੇ ਪੁਲਿਸ ਅਫਸਰ ਕੰਵਰ ਵਿਜੈ ਪ੍ਰਤਾਪ ਸਿੰਘ ਨੇ ਸੱਚ ਦੀ ਅਦਾਲਤ ਉੱਪਰ ਛਡਿਆ ਫ਼ੈਸਲਾ ✪ ਕੁੰਵਰ ਦੀ ਵੀ. ਆਰ. ਐਸ. ਦੀ ਅਰਜ਼ੀ ਮਨਜ਼ੂਰ ✪ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਭੇਜੀ ਗਈ ਰਿਪੋਰਟ ✪ ਆਈਜੀ ਕੁੰਵਰ ਵਿਜੈ ਪ੍ਰਤਾਪ ਨੂੰ ਧਮਕਾ ਰਹੇ ਸੀ ਸੁਖਬੀਰ ਬਾਦਲ**

**ਬਘੇਲ ਸਿੰਘ ਧਾਲੀਵਾਲ ਪੱਤਰਕਾਰ**

ਪਿਛਲੇ ਦਿਨੀਂ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਬਹਿਬਲ ਕਲਾਂ, ਕੋਟਕਪੂਰਾ ਗੋਲੀ ਕਾਂਡ ਦੀ ਜਾਂਚ ਲਈ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਬਣਾਈ ਗਈ ਕੁੰਵਰ ਵਿਜੇ ਪ੍ਰਤਾਪ ਸਿੰਘ ਦੀ ਅਗਵਾਈ ਵਾਲੀ ਐਸ ਆਈ ਟੀ ਦੀ ਜਾਂਚ ਰਿਪੋਰਟ ਰੱਦ ਕਰਨ ਦੇ ਹੁਕਮ ਦੇ ਦਿੱਤੇ ਹਨ। ਇਸ ਤੋਂ ਪਹਿਲਾਂ ਜਾਂਚ ਪੜਤਾਲ ਸਬੰਧੀ ਕੁੰਵਰ ਵਿਜੇ ਪ੍ਰਤਾਪ ਨੇ ਮੀਡੀਏ ਨੂੰ ਦਿੱਤੀ ਇੰਟਰਵਿਊ ਵਿੱਚ ਬਹੁਤ ਸਾਰੇ ਖੁਲਾਸੇ ਵੀ ਕੀਤੇ ਸਨ।ਉਨਾਂ ਜਾਂਚ ਪੜਤਾਲ ਪੂਰੀ ਹੋਣ 'ਤੇ ਤਸੱਲੀ ਦਾ ਪ੍ਰਗਟਾਵਾ ਕਰਦਿਆਂ ਬੜੀ ਸਹਿਜਤਾ ਨਾਲ ਕਿਹਾ ਸੀ ਕਿ ਮੈਂ ਆਪਣੇ ਵੱਲੋਂ ਪੂਰੀ ਇਮਾਨਦਾਰੀ ਨਾਲ ਇਹ ਪੜਤਾਲ ਦਾ ਕੰਮ ਨੇਪਰੇ ਚਾੜਿਆ ਹੈ। ਉਨਾਂ ਇਹ ਵੀ ਕਿਹਾ ਸੀ ਕਿ ਮੈਂ ਦੁੱਧ ਦਾ ਦੁੱਧ ਅਤੇ ਪਾਣੀ ਦਾ ਪਾਣੀ ਕਰ ਦਿੱਤਾ ਹੈ। ਕੁੰਵਰ ਵਿਜੇ ਪ੍ਰਤਾਪ ਦੇ ਮੀਡੀਆ ਸਾਹਮਣੇ ਆਉਣ ਤੋਂ ਬਾਅਦ ਬਹੁਤ ਸਾਰੇ ਉਨਾਂ ਪੁਲਿਸ ਅਫਸਰਾਂ ਅਤੇ ਸਿਆਸੀ ਨੇਤਾਵਾਂ ਦੀ ਰਾਤਾਂ ਦੀ ਨੀਂਦ ਹਰਾਮ ਹੋ ਗਈ ਸੀ, ਜਿਨਾਂ ਦੀ ਬਹਿਬਲ ਕਲਾਂ, ਕੋਟਕਪੂਰਾ ਗੋਲੀ ਕਾਂਡ ਵਿੱਚ ਕੋਈ ਭੂਮਿਕਾ ਰਹੀ ਸੀ। ਹਾਈਕੋਰਟ ਦੇ ਇਨਾਂ ਤਾਜ਼ਾ ਹੁਕਮਾਂ ਨੇ ਇੱਕ ਵਾਰੀ ਫਿਰ ਭਾਰਤੀ ਲੋਕਤੰਤਰ ਦਾ ਕਰੂਰ ਚਿਹਰਾ ਦੁਨੀਆ ਸਾਹਮਣੇ ਨੰਗਾ ਕਰ ਦਿੱਤਾ ਹੈ। ਜੇਕਰ ਇਨਸਾਫ ਦੀ ਗੱਲ ਕੀਤੀ ਜਾਵੇ, ਤਾਂ ਭਾਰਤੀ ਅਦਾਲਤਾਂ ਨੇ ਸਿੱਖਾਂ ਨੂੰ ਕਦੇ ਵੀ ਇਨਸਾਫ ਨਹੀ ਦਿੱਤਾ। ਸ੍ਰੀਮਤੀ ਇੰਦਰਾ ਗਾਂਧੀ ਦੀ ਮੌਤ ਤੋਂ ਬਾਅਦ 1984 ਦੇ ਨਵੰਬਰ ਮਹੀਨੇ ਦੇ ਪਹਿਲੇ ਹਫਤੇ ਜੋ ਯੋਜਨਾਬਧ ਢੰਗ ਸਿੱਖ ਕਤਲੇਆਮ ਹੋਇਆ, ਉਹਦੇ ਇਨਸਾਫ ਲਈ ਪੀੜਤ ਸਿੱਖ ਅਦਾਲਤਾਂ ਦੇ ਚੱਕਰ ਕੱਟਦੇ ਕੱਟਦੇ ਇਸ ਦੁਨੀਆ ਤੋਂ ਹੀ ਰੁਖਸਤ ਹੋ ਗਏ, ਪਰ ਅਦਾਲਤਾਂ ਇਨਸਾਫ ਦੇਣ ਦੇ ਨੇੜੇ ਵੀ ਨਾ ਪਹੁੰਚ ਸਕੀਆਂ। ਮੌਜੂਦਾ ਹਾਲਾਤਾਂ ਨੂੰ ਦੇਖ ਕੇ ਇਸ ਇਲਮ ਸੌਖਿਆਂ ਹੀ ਹੋ ਜਾਂਦਾ ਹੈ ਕਿ ਪਿਛਲੇ 37 ਸਾਲਾਂ ਤੋਂ ਦਿੱਲੀ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਵਿਚ ਟਾਲ ਮਟੋਲ ਕਰਨ ਵਾਲੀ ਭਾਰਤੀ ਨਿਆਂ ਪ੍ਰਣਾਲੀ ਦਾ ਮੌਜੂਦਾ ਵਰਤਾਰਾ ਵੀ ਪਿਛਲੇ ਚਾਰ ਦਹਾਕਿਆਂ ਦੇ ਵਰਤਾਰੇ ਤੋਂ ਵੱਖਰਾ ਨਹੀ ਹੈ। ਦਿੱਲੀ ਕਤਲੇਆਮ ਹੋਵੇ ਜਾਂ ਤੀਹ ਤੀਹ ਪੈਂਤੀ ਪੈਂਤੀ ਸਾਲਾਂ ਤੋਂ ਸਜਾਵਾਂ ਪੂਰੀਆਂ ਕਰ ਲੈਣ ਦੇ ਬਾਵਜੂਦ ਵੀ ਜੇਲਾਂ ਵਿਚ ਬੰਦ ਰੱਖੇ ਹੋਏ ਸਿੱਖ ਨੌਜਵਾਨਾਂ ਦੀ ਗੱਲ ਹੋਵੇ, ਹਰ ਪਾਸੇ ਭਾਰਤੀ ਕਾਨੂੰਨ ਦਾ ਦੋਹਰਾ ਮਾਪਦੰਡ ਘੱਟਗਿਣਤੀਆਂ ਨੂੰ ਇਸ ਦੇਸ਼ ਅੰਦਰ ਗੁਲਾਮੀ ਦਾ ਅਹਿਸਾਸ ਕਰਵਾਉਂਦਾ ਪ੍ਰਤੀਤ ਹੁੰਦਾ ਹੈ। ਕੁੰਵਰ ਵਿਜੇ ਪ੍ਰਤਾਪ ਸਿੰਘ ਦੀ ਜਾਂਚ ਪੜਤਾਲ ਦੇ ਮਾਮਲੇ ਵਿੱਚ ਹਾਈ ਕੋਰਟ ਦਾ ਫੈਸਲਾ ਸਪੱਸ਼ਟ ਕਰਦਾ ਹੈ ਕਿ ਦੇਸ਼ ਦੀ ਨਿਆਂ ਪ੍ਰਣਾਲੀ ਵੀ ਅਜ਼ਾਦ ਨਹੀਂ, ਬਲਕਿ ਅੱਜ ਦੇ ਸੰਦਰਭ ਵਿੱਚ ਉਹ ਸੱਤਾ ਦੇ ਰਹਿਮੋ ਕਰਮ ਤੇ, ਸੱਤਾ ਦੀ ਸਥਾਪਤੀ ਦੀ ਰਾਖੀ ਲਈ ਕੰਮ ਕਰਦੀ ਹੈ।ਪੰਜਾਬ ਅਤੇ ਹਰਿਆਣਾ ਹਾਈਕੋਰਟ ਦਾ ਇਹ ਫੈਸਲਾ ਵੀ ਮਹਿਜ ਅਦਾਲਤੀ ਫੈਸਲਾ ਨਹੀਂ ਮੰਨਣਾ ਚਾਹੀਦਾ, ਸਗੋਂ ਇਹਦੇ ਪਿੱਛੇ ਖੜੀਆਂ ਕੇਂਦਰੀ ਤਾਕਤਾਂ ਅਤੇ ਉਨਾਂ ਦੀ ਮਨਸਾ ਨੂੰ ਸਮਝਣਾ ਹੋਵੇਗਾ, ਜਿਹੜੀਆਂ ਤਾਕਤਾਂ ਆਪਣੇ ਪੁਰਾਣੇ ਵਫਾਦਾਰ ਬੁਚੜ ਪੁਲਿਸ ਅਫਸਰਾਂ ਨੂੰ ਬਚਾਉਣ ਖਾਤਰ ਅਦਾਲਤਾਂ ਨੂੰ ਵਰਤਦੀਆਂ ਹਨ। ਕੁੰਵਰ ਵਿਜੇ ਪ੍ਰਤਾਪ ਸਿੰਘ ਦੇ ਤਾਜ਼ਾ ਅਦਾਲਤੀ ਮਾਮਲੇ ਵਿੱਚ ਕੇਂਦਰੀ ਤਾਕਤਾਂ ਹੀ ਨਹੀਂ ਬਲਕਿ ਸੂਬਾ ਸਰਕਾਰ ਵੀ ਬਰਾਬਰ ਦੀ ਦੋਸ਼ੀ ਹੈ, ਜਿਸ ਨੇ ਆਪਣੀ ਹੀ ਬਣਾਈ ਜਾਂਚ ਕਮੇਟੀ ਨੂੰ ਖੁਦ ਹੀ ਗਲਤ ਸਾਬਤ ਕਰਕੇ ਇੱਕ ਵਾਰ ਫਿਰ ਪਟਿਆਲਾ ਖਾਨਦਾਨ ਪ੍ਰਤੀ ਸਿੱਖ ਮਨਾਂ ਵਿਚ ਨਫਰਤ ਦੇ ਬੀਜ ਬੀਜ ਦਿੱਤੇ ਹਨ। ਇਸ ਮਾਮਲੇ ਨਾਲ ਜੁੜੇ ਬਹੁਤ ਸਾਰੇ ਸੁਆਲ ਹਨ, ਜਿਨਾਂ ਨੇ ਮੁੱਖ ਮੰਤਰੀ ਪੰਜਾਬ ਦੀ ਸਾਖ ਨੂੰ ਵੱਡੀ ਢਾਹ ਲਾਈ ਹੈ। ਜੇਕਰ ਗੱਲ ਕੁੰਵਰ ਵਿਜੈ ਪ੍ਰਤਾਪ ਸਿੰਘ ਦੀ ਕੀਤੀ ਜਾਵੇ ਤਾਂ ਉਨਾਂ ਵੱਲੋਂ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਪ੍ਰਤੀ ਦਿਖਾਈ ਸ਼ਰਧਾ ਅਤੇ ਉਨਾਂ ਵੱਲੋਂ ਉਸ ਅਕਾਲ ਪੁਰਖ ਦੀ ਅਦਾਲਤ 'ਤੇ ਕੀਤਾ ਗਿਆ ਅਥਾਹ ਭਰੋਸਾ ਦੱਸਦਾ ਹੈ ਕਿ ਕੁੰਵਰ ਵਿਜੈ ਪ੍ਰਤਾਪ ਨੂੰ ਆਪਣੇ ਇਮਾਨਦਾਰੀ ਨਾਲ ਨਿਭਾਏ ਗਏ ਫਰਜਾਂ ਪ੍ਰਤੀ ਕੋਈ ਸ਼ੱਕ ਨਹੀਂ ਅਤੇ ਨਾ ਹੀ ਕੋਈ ਪਛਤਾਵਾ ਹੈ, ਬਲਕਿ ਉਨਾਂ ਨੂੰ ਆਪਣੇ ਵੱਲੋਂ ਗੁਰੂ ਨੂੰ ਹਾਜ਼ਰ ਨਾਜ਼ਰ ਜਾਣ ਕੇ ਇਮਾਨਦਾਰੀ ਨਾਲ ਕੀਤੀ ਪੜਤਾਲ ਤੇ ਇਹ ਪੂਰਨ ਭਰੋਸਾ ਹੈ ਕਿ ਭਾਵੇਂ ਦੁਨਿਆਵੀ ਅਦਾਲਤਾਂ ਕੋਈ ਵੀ ਫੈਸਲਾ ਦੇਣ, ਫਿਰ ਵੀ ਦੋਸ਼ੀਆਂ ਨੂੰ ਸੱਚੀ ਅਦਾਲਤ ਵਿੱਚੋਂ ਸਜ਼ਾ ਜਰੂਰ ਮਿਲੇਗੀ।

**ਆਈਜੀ ਕੁੰਵਰ ਦਾ ਅਸਤੀਫਾ ਕੈਪਟਨ ਵਲੋਂ ਮਨਜ਼ੂਰ**

ਕੋਟਕਪੂਰਾ ਤੇ ਬਹਿਬਲ ਕਲਾਂ ਗੋਲੀਕਾਂਡ ਮਾਮਲੇ 'ਚ ਗਠਿਤ ਵਿਸ਼ੇਸ਼ ਜਾਂਚ ਟੀਮ ਦੇ ਮੁਖੀ ਆਈਜੀ ਕੁੰਵਰ ਵਿਜੈ ਪ੍ਰਤਾਪ ਸਿੰਘ ਦਾ ਅਸਤੀਫਾ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਮਨਜ਼ੂਰ ਕਰ ਲਿਆ ਹੈ।

ਦੱਸ ਦਈਏ ਕਿ ਕੈਪਟਨ ਅਮਰਿੰਦਰ ਸਿੰਘ ਨੇ ਇਸ ਤੋਂ ਪਹਿਲਾਂ ਕੁੰਵਰ ਦਾ ਅਸਤੀਫਾ ਅਸਵੀਕਾਰ ਕਰ ਦਿੱਤਾ ਸੀ ਤੇ ਕਿਹਾ ਸੀ ਕਿ ਸੂਬੇ ਨੂੰ ਉਨਾਂ ਵਰਗੇ ਯੋਗ ਅਫਸਰਾਂ ਦੀਆਂ ਸੇਵਾਵਾਂ ਦੀ ਲੋੜ ਹੈ ਪਰ ਕਰੀਬ ਚਾਰ ਦਿਨਾਂ ਬਾਅਦ ਸੀਐਮ ਨੇ ਉਨਾਂ ਦਾ ਅਸਤੀਫਾ ਸਵੀਕਾਰ ਕਰਨ ਤੋਂ ਬਾਅਦ ਗ੍ਰਹਿ ਵਿਭਾਗ ਨੂੰ ਭੇਜ ਦਿੱਤਾ।



## ਬਹਿਬਲ ਕਾਂਡ ਬਾਰੇ ਸੁਣਵਾਈ 13 ਮਈ ਨੂੰ

ਫ਼ਰੀਦਕੋਟ/ਏ.ਟੀ.ਨਿਊਜ਼: ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਬਹਿਬਲ ਗੋਲੀ ਕਾਂਡ ਦੀ ਸੁਣਵਾਈ 13 ਮਈ ਤੱਕ ਮੁਲਤਵੀ ਕਰ ਦਿੱਤੀ ਹੈ। ਪੰਜਾਬ ਸਰਕਾਰ ਨੇ ਹਾਈ ਕੋਰਟ ਵਿੱਚ ਦੱਸਿਆ ਕਿ ਵਿਸ਼ੇਸ਼ ਜਾਂਚ ਟੀਮ ਦੇ ਪ੍ਰਮੁੱਖ ਮੈਂਬਰ ਕੁੰਵਰ ਵਿਜੈ ਪ੍ਰਤਾਪ ਸਿੰਘ ਨੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ ਜਿਸ ਕਰਕੇ ਸਿਟ ਅਤੇ ਸਰਕਾਰ ਦੇ ਵਕੀਲ ਇਸ ਮਾਮਲੇ ਵਿੱਚ ਬਹਿਸ ਨਹੀਂ ਕਰ ਸਕਦੇ ਹਨ। ਪੰਜਾਬ ਸਰਕਾਰ ਹਰ ਹਾਲ ਵਿੱਚ ਬਹਿਬਲ ਗੋਲੀ ਕਾਂਡ ਦੀ ਸੁਣਵਾਈ ਮੁਲਤਵੀ ਕਰਾਉਣਾ ਚਾਹੁੰਦੀ ਸੀ ਜਿਸ ਵਿੱਚ ਉਨਾਂ ਨੂੰ ਸਫ਼ਲਤਾ ਵੀ ਮਿਲੀ ਹੈ। ਪੰਜਾਬ ਸਰਕਾਰ ਬਹਿਬਲ ਗੋਲੀ ਕਾਂਡ ਵਿੱਚ ਬਹਿਸ ਕਰਨ ਤੋਂ ਪਹਿਲਾਂ ਕੋਟਕਪੂਰਾ ਗੋਲੀ ਕਾਂਡ ਬਾਰੇ ਹਾਈ ਕੋਰਟ ਵੱਲੋਂ ਸੁਣਾਏ ਫੈਸਲੇ ਦੀ ਸਮੀਖਿਆ ਕਰਨਾ ਚਾਹੁੰਦੀ ਹੈ ਪ੍ਰੰਤੂ ਅਜੇ ਤੱਕ ਕਿਸੇ ਵੀ ਧਿਰ ਨੂੰ ਹਾਈ ਕੋਰਟ ਦੇ ਹੁਕਮਾਂ ਦੀ ਕਾਪੀ ਨਹੀਂ ਮਿਲੀ ਹੈ। ਉਧਰ ਹਾਈ ਕੋਰਟ ਵਿੱਚ ਪਟੀਸ਼ਨ ਦਾਖ਼ਲ ਕਰਨ ਵਾਲੇ ਗੁਰਦੀਪ ਸਿੰਘ ਪੰਧੇਰ ਅਤੇ ਬਾਕੀ ਮੁਲਜ਼ਮਾਂ ਦੇ ਵਕੀਲਾਂ ਨੇ ਮੰਗ ਕੀਤੀ ਕਿ ਜਿੰਨਾ ਚਿਰ ਕੋਈ ਫ਼ੈਸਲਾ ਨਹੀਂ ਹੁੰਦਾ, ਓਨਾ ਚਿਰ ਸੈਸ਼ਨ ਜੱਜ ਫ਼ਰੀਦਕੋਟ ਦੀ ਅਦਾਲਤ ਵਿੱਚ ਚੱਲਦੇ ਕੇਸਾਂ ਉਪਰ ਰੋਕ ਲਾਈ ਜਾਵੇ। ਉਂਝ ਹਾਈ ਕੋਰਟ ਨੇ ਹੇਠਲੀ ਅਦਾਲਤ ਦੇ ਹੁਕਮ 'ਤੇ ਕਿਸੇ ਤਰਾਂ ਦੀ ਕੋਈ ਰੋਕ ਨਹੀਂ ਲਾਈ ਹੈ।

**ਕੁੰਵਰ ਨੂੰ ਸੁਖਬੀਰ ਉਪਰ ਧਮਕਾਉਣ ਦੇ ਦੋਸ਼**

ਬੇਅਦਬੀ ਤੇ ਗੋਲੀ ਕਾਂਡ ਬਾਰੇ ਨਿੱਤ ਨਵੇਂ ਖੁਲਾਸੇ ਹੋ ਰਹੇ ਹਨ। ਹੁਣ ਤਾਜ਼ਾ ਖੁਲਾਸਾ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਬਾਰੇ ਹੋਇਆ ਹੈ। ਮੀਡੀਆ ਰਿਪੋਰਟਾਂ ਮੁਤਾਬਕ ਆਈਜੀ ਕੁੰਵਰ ਵਿਜੈ ਪ੍ਰਤਾਪ ਸਿੰਘ ਨੇ ਇੱਕ ਰਿਪੋਰਟ ਵਿੱਚ ਦਾਅਵਾ ਕੀਤਾ ਸੀ ਕਿ ਉਨਾਂ ਨੂੰ ਸੁਖਬੀਰ ਬਾਦਲ ਤੇ ਬਿਕਰਮ ਮਜੀਠੀਆ ਵੱਲੋਂ ਧਮਕਾਇਆ ਗਿਆ ਸੀ। ਇਸ ਸਬੰਧੀ ਸੂਬੇ ਦੇ ਐਡਵੋਕੇਟ ਜਨਰਲ ਦਫ਼ਤਰ ਨੂੰ ਸੂਚਿਤ ਕੀਤਾ ਗਿਆ ਪਰ ਉਨਾਂ ਵੱਲੋਂ ਕੋਈ ਕਦਮ ਨਹੀਂ ਚੁੱਕਿਆ ਗਿਆ।ਆਈਜੀ ਕੁੰਵਰ ਵਿਜੈ ਪ੍ਰਤਾਪ ਸਿੰਘ ਨੇ ਸਿਫਾਰਸ਼ ਵਿੱਚ ਕਿਹਾ ਸੀ ਕਿ ਕਿ ਬਰਗਾੜੀ ਬੇਅਦਬੀ ਕਾਂਡ ਨਾਲ ਜੁੜੇ ਕੋਟਕਪੂਰਾ ਤੇ ਬਹਿਬਲ ਕਲਾਂ ਗੋਲੀ ਕਾਂਡ ਦੀਆਂ ਘਟਨਾਵਾਂ ਵਿੱਚ ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਨਾਂ ਦੇ ਪੁੱਤਰ ਸੁਖਬੀਰ ਸਿੰਘ ਬਾਦਲ ਨਾਲ ਵੀ ਸਵਾਲ ਜਵਾਬ ਹੋ ਚੁੱਕੇ ਹਨ। ਇਨਾਂ ਦੋਨਾਂ ਵਿਰੁੱਧ ਦੋਵੇਂ ਘਟਨਾਵਾਂ ਸਬੰਧੀ ਅਦਾਲਤ 'ਚ ਚਲਾਨ ਪੇਸ਼ ਕੀਤਾ ਜਾਣਾ ਚਾਹੀਦਾ ਹੈ।

ਇਹ ਸਿਫਾਰਸ਼ ਕੋਟਕਪੂਰਾ ਗੋਲੀਕਾਂਡ ਦੀ ਘਟਨਾ ਵਿੱਚ ਪੰਜਾਬ ਹਰਿਆਣਾ ਹਾਈਕੋਰਟ ਵੱਲੋਂ ਜਾਂਚ ਰੱਦ ਕਰਨ ਤੇ ਖੁਦ ਨੂੰ ਜਾਂਚ ਟੀਮ ਤੋਂ ਹਟਾਏ ਜਾਣ ਦੇ ਕਰੀਬ 25 ਦਿਨ ਪਹਿਲਾਂ ਹੀ 15 ਮਾਰਚ ਨੂੰ ਆਈਜੀ ਕੁੰਵਰ ਵਿਜੈ ਪ੍ਰਤਾਪ ਸਿੰਘ ਨੇ ਕੀਤੀ ਸੀ। ਇਹ 12 ਪੇਜ਼ ਦੀ ਰਿਪੋਰਟ ਉਨਾਂ ਨੇ ਸੂਬੇ ਦੇ ਡੀਜੀਪੀ, ਵਧੀਕ ਮੁੱਖ ਸਕੱਤਰ ਗ੍ਰਹਿ ਤੇ ਨਿਆਂ ਵਿਭਾਗ ਤੇ ਪੰਜਾਬ ਦੇ ਡਾਇਰੈਕਟਰ ਬਿਊਰੋ ਆਫ ਇਨਵੈਸਟੀਗੇਸ਼ਨ ਨੂੰ ਭੇਜ ਦਿੱਤੀ ਸੀ।

ਆਈਜੀ ਕੁੰਵਰ ਵਿਜੈ ਪ੍ਰਤਾਪ ਸਿੰਘ ਨੇ ਇਸ ਰਿਪੋਰਟ ਵਿੱਚ ਕਈ ਅਹਿਮ ਖੁਲਾਸੇ ਕੀਤੇ ਸਨ। ਇਸ ਵਿੱਚ ਕਿਹਾ ਗਿਆ ਹੈ ਕਿ ਉਨਾਂ ਨੂੰ ਸੁਖਬੀਰ ਬਾਦਲ ਤੇ ਬਿਕਰਮ ਮਜੀਠੀਆ ਵੱਲੋਂ ਧਮਕਾਇਆ ਵੀ ਗਿਆ, ਜਿਸ ਸਬੰਧੀ ਸੂਬੇ ਦੇ ਐਡਵੋਕੇਟ ਜਨਰਲ ਦਫ਼ਤਰ ਨੂੰ ਸੂਚਿਤ ਕੀਤਾ ਗਿਆ ਪਰ ਉਨਾਂ ਵੱਲੋਂ ਕੋਈ ਕਦਮ ਨਹੀਂ ਚੁੱਕਿਆ ਗਿਆ। ਜਦਕਿ ਕੋਟਕਪੂਰਾ ਤੇ ਬਹਿਬਲ ਗੋਲੀਕਾਂਡ ਦੀਆਂ ਘਟਨਾਵਾਂ 'ਚ ਹੁਣ ਤੱਕ 7-7 ਮੁਲਜ਼ਮਾਂ ਖਿਲਾਫ ਚਾਰਜਸ਼ੀਟ ਦਾਖਲ ਕੀਤੀ ਜਾ ਚੁੱਕੀ ਹੈ।

ਇਨਾਂ ਘਟਨਾਵਾਂ ਵਿੱਚ ਨਵੰਬਰ 2018 'ਚ ਪ੍ਰਕਾਸ਼ ਸਿੰਘ ਬਾਦਲ ਤੇ ਸੁਖਬੀਰ ਬਾਦਲ ਨਾਲ ਸਵਾਲ-ਜਵਾਬ ਦਾ ਵੇਰਵਾ ਦਿੰਦੇ ਹੋਏ ਉਨਾਂ ਨੇ ਦੋਵਾਂ ਵਿਰੁੱਧ ਦੋਵੇਂ ਘਟਨਾਵਾਂ ਵਿੱਚ ਚਲਾਨ ਦਾਖਲ ਕਰਨ ਦੀ ਸਿਫਾਰਸ਼ ਕੀਤੀ ਸੀ। ਕੁੰਵਰ ਵਿਜੈ ਪ੍ਰਤਾਪ ਨੇ ਸਾਫ ਲਿਖਿਆ ਹੈ ਕਿ ਇਨਾਂ ਘਟਨਾਵਾਂ ਦੀ ਜਾਂਚ ਲਗਭਗ ਪੂਰੀ ਹੋ ਚੁੱਕੀ ਹੈ ਤੇ ਕੇਸ ਨਿਰਣਾਇਕ ਮੋੜ ਉੱਤੇ ਪਹੁੰਚੇ ਚੁੱਕੇ ਹਨ। ਅਜਿਹੀ ਹਾਲਾਤ 'ਚ ਗਵਾਹਾਂ ਦੀ ਸੁਰੱਖਿਆ ਯਕੀਨੀ ਬਣਾਈ ਜਾਣ ਦੀ ਲੋੜ ਹੈ।

ਉਨਾਂ ਨੇ ਕੁਝ ਸਮਾਂ ਪਹਿਲਾਂ ਬਹਿਬਲ ਗੋਲੀਕਾਂਡ ਦੇ ਇੱਕ ਗਵਾਹ ਸੁਰਜੀਤ ਸਿੰਘ ਦੀ ਸ਼ੱਕੀ ਮੌਤ ਤੇ ਬਹਿਬਲ ਕਲਾਂ ਗੋਲੀਕਾਂਡ ਵਿੱਚ ਮਰਨ ਵਾਲੇ ਕਿਸ਼ਨ ਭਗਵਾਨ ਸਿੰਘ ਦੇ ਭਰਾ ਰੇਸ਼ਮ ਸਿੰਘ ਨੂੰ ਮਿਲ ਰਹੀ ਧਮਕੀਆਂ ਦਾ ਵੀ ਰਿਪੋਰਟ ਵਿੱਚ ਜ਼ਿਕਰ ਕੀਤਾ ਹੈ। ਇਸ ਵਿੱਚ ਸਰਕਾਰ ਨਾਲ ਜੁੜੇ ਲੋਕਾਂ ਦੇ ਨਾਮ ਵੀ ਸਾਹਮਣੇ ਆਏ ਹਨ। ਉਨਾਂ ਨੇ ਰਿਪੋਰਟ 'ਚ ਕਿਹਾ ਕਿ ਉਨਾਂ ਵੱਲੋਂ ਗੋਲੀਕਾਂਡ ਦੀਆਂ ਘਟਨਾਵਾਂ ਦੀ ਪੂਰੀ ਨਿਰਪੱਖਤਾ ਨਾਲ ਜਾਂਚ ਕੀਤੀ ਗਈ ਹੈ ਤੇ ਇਨਾਂ ਵਿੱਚ ਆਖਰੀ ਚਲਾਨ ਉਨਾਂ ਦੇ ਜਾਂ ਕਿਸੇ ਹੋਰ ਅਧਿਕਾਰੀ ਜਰੀਏ ਅਦਾਲਤ ਵਿੱਚ ਪੇਸ਼ ਕਰਵਾਇਆ ਜਾ ਸਕਦਾ ਹੈ। ਦੂਜੇ ਪਾਸੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਉਹ ਕੋਟਕਪੂਰਾ ਗੋਲੀਕਾਂਡ ਮਾਮਲੇ ਦੇ ਗਵਾਹ ਅਜੀਤ ਸਿੰਘ ਨੂੰ ਕਦੇ ਨਹੀਂ ਮਿਲੇ ਤੇ ਕੁੰਵਰ ਵਿਜੈ ਪ੍ਰਤਾਪ ਸਿੰਘ ਵਲੋਂ ਇਹ ਝੂਠਾ ਦਾਅਵਾ ਕਿ ਮੈਂ ਗਵਾਹ ਨੂੰ ਸ਼੍ਰੋਮਣੀ ਕਮੇਟੀ 'ਚ ਨੌਕਰੀ ਦੇਣ ਦਾ ਵਾਅਦਾ ਕਰ ਕੇ ਉਸ ਨੂੰ ਭਰਮਾਉਣ ਦੀ ਕੋਸ਼ਿਸ਼ ਕੀਤੀ, ਕਰਨ ਲਈ ਉਹ ਉਨਾਂ ਖ਼ਿਲਾਫ਼ ਮਾਣਹਾਨੀ ਦਾ ਕੇਸ ਕਰਨਗੇ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਇਹ ਸਪੱਸ਼ਟ ਹੈ ਕਿ ਆਈ.ਜੀ. ਕੁੰਵਰ ਵਿਜੈ ਪ੍ਰਤਾਪ ਸਿੰਘ ਨੂੰ ਅਕਾਲੀ ਦਲ ਅਤੇ ਬਾਦਲ ਪਰਿਵਾਰ ਨੂੰ ਨਿਸ਼ਾਨਾ ਬਣਾਉਣ ਦਾ ਖ਼ੁਮਾਰ ਚੜਿਆ ਹੋਇਆ ਸੀ ਤੇ ਇਸੇ ਮਕਸਦ ਲਈ ਉਸ ਨੇ ਇਹ ਦੂਸ਼ਣਬਾਜ਼ੀ ਦਾ ਪੱਤਰ ਸੂਬੇ ਦੇ ਡੀ.ਜੀ.ਪੀ. ਨੂੰ ਭੇਜ ਕੇ ਝੂਠੇ ਦੋਸ਼ ਲਗਾਏ । ਉਨਾਂ ਕਿਹਾ ਕਿ ਆਈ.ਜੀ. ਨੂੰ ਪਹਿਲਾਂ ਹੀ ਹਾਈਕੋਰਟ 'ਚ ਚੱਲ ਰਹੇ ਕੋਟਕਪੂਰਾ ਗੋਲੀਕਾਂਡ ਮਾਮਲੇ ਦੀ ਕਾਰਵਾਈ ਤੋਂ ਪਤਾ ਸੀ ਕਿ ਉਸ ਦੀ ਜਾਂਚ ਰੱਦ ਕਰ ਦਿੱਤੀ ਜਾਵੇਗੀ । ਉਨਾਂ ਕਿਹਾ ਕਿ ਤਾਜ਼ਾ ਦੂਸ਼ਣਬਾਜ਼ੀ ਅਸਲ ਵਿਚ ਉਸ ਦੀ ਭਾਰੀ ਨਮੋਸ਼ੀ ਦਾ ਨਤੀਜਾ ਹੈ, ਜਿਸ ਦਾ ਮਕਸਦ ਕਾਂਗਰਸ ਪਾਰਟੀ ਦੇ ਸਿਆਸੀ ਏਜੰਡੇ 'ਤੇ ਤਿੰਨ ਸਾਲ ਚੱਲਣ ਮਗਰੋਂ ਕੇਸ ਦਾ ਸਿਆਸੀਕਰਨ ਕਰਨਾ ਹੈ। ਉਨਾਂ ਕਿਹਾ ਕਿ ਆਈ.ਜੀ. ਨੇ ਕਾਂਗਰਸ ਸਰਕਾਰ ਦੇ ਇਸ਼ਾਰੇ 'ਤੇ ਅਕਾਲੀ ਦਲ ਅਤੇ ਇਸ ਦੀ ਸੀਨੀਅਰ ਲੀਡਰਸ਼ਿਪ ਨੂੰ ਕੇਸ ਵਿਚ ਫਸਾਉਣ ਦਾ ਯਤਨ ਕੀਤਾ, ਪਰ ਉਹ ਇਸ ਕੰਮ 'ਚ ਅਸਫਲ ਰਿਹਾ ।

**ਸਿੱਖ ਜਥੇਬੰਦੀਆਂ ਵੱਲੋਂ ਮੁਜ਼ਾਹਰਾ**

ਬਹਿਬਲ ਕਲਾਂ ਅਤੇ ਕੋਟਕਪੂਰਾ ਗੋਲੀਕਾਂਡ ਮਾਮਲੇ ਵਿੱਚ ਮੁਲਜ਼ਮਾਂ ਖ਼ਿਲਾਫ਼ ਕਾਰਵਾਈ ਲਈ ਬਣਾਈ ਆਈਜੀ ਕੁੰਵਰ ਵਿਜੈ ਪ੍ਰਤਾਪ ਸਿੰਘ ਦੀ ਅਗਵਾਈ ਹੇਠਲੀ 'ਸਿਟ' ਦੀ ਰਿਪੋਰਟ ਖਾਰਜ ਕਰਨ ਦੇ ਵਿਰੋਧ ਵਿੱਚ ਸੂਬੇ ਦੀਆਂ ਵੱਖ-ਵੱਖ ਸਿੱਖ ਜਥੇਬੰਦੀਆਂ ਨੇ ਚੰਡੀਗੜ, ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲ ਪੈਦਲ ਮਾਰਚ ਕੀਤਾ। ਪੁਲੀਸ ਨੇ ਪ੍ਰਦਰਸ਼ਨਕਾਰੀਆਂ ਨੂੰ ਮੁੱਲਾਂਪੁਰ ਬੈਰੀਅਰ 'ਤੇ ਰੋਕਣ ਦੀ ਕੋਸ਼ਿਸ਼ ਕੀਤੀ ਪਰ ਪੁਲੀਸ ਨਾਕਾਮ ਰਹੀ। ਇਸ ਮਗਰੋਂ ਪੁਲਿਸ ਨੇ ਪ੍ਰਦਰਸ਼ਨਕਾਰੀਆਂ ਨੂੰ ਹਿਰਾਸਤ ਵਿੱਚ ਲੈ ਲਿਆ।

ਇਸ ਮੌਕੇ ਯੂਨਾਈਟਿਡ ਅਕਾਲੀ ਦਲ ਦੇ ਆਗੂ ਗੁਰਦੀਪ ਸਿੰਘ ਬਠਿੰਡਾ ਨੇ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਕੋਟਕਪੂਰਾ ਤੇ ਬਹਿਬਲ ਕਲਾਂ ਗੋਲੀ ਕਾਂਡ ਮਾਮਲਿਆਂ ਸਬੰਧੀ ਆਈ.ਜੀ. ਕੁੰਵਰ ਵਿਜੈ ਪ੍ਰਤਾਪ ਸਿੰਘ ਦੀ ਅਗਵਾਈ ਹੇਠਲੀ ਐੱਸਆਈਟੀ ਨੇ ਜਾਂਚ ਕਰ ਕੇ ਰਿਪੋਰਟ ਪੇਸ਼ ਕੀਤੀ ਹੈ, ਜਿਸ ਨੂੰ ਪੰਜਾਬ ਸਰਕਾਰ ਦੇ ਵਕੀਲ ਹਾਈ ਕੋਰਟ ਵਿੱਚ ਸਹੀ ਢੰਗ ਨਾਲ ਪੇਸ਼ ਨਹੀਂ ਕਰ ਸਕੇ। ਇਸ ਕਾਰਨ ਹਾਈ ਕੋਰਟ ਨੇ ਕੁੰਵਰ ਵਿਜੈ ਪ੍ਰਤਾਪ ਸਿੰਘ ਦੀ ਅਗਵਾਈ ਹੇਠਲੀ 'ਸਿਟ' ਦੀ ਰਿਪੋਰਟ ਖਾਰਜ ਕਰ ਕੇ ਨਵੀਂ ਜਾਂਚ ਕਮੇਟੀ ਬਣਾਉਣ ਦੇ ਆਦੇਸ਼ ਦਿੱਤੇ ਸਨ। ਉਨਾਂ ਕਿਹਾ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸੱਤਾ ਵਿੱਚ ਆਉਂਦਿਆਂ ਹੀ ਬੇਅਦਬੀ ਮਾਮਲੇ ਵਿੱਚ ਇਨਸਾਫ਼ ਦਿਵਾਉਣ ਦੇ ਦਾਅਵੇ ਕੀਤੇ ਸਨ ਪਰ ਹੁਣ ਉਹ ਬਾਦਲਾਂ ਨੂੰ ਬਚਾਉਣ 'ਚ ਲੱਗੇ ਹੋਏ ਹਨ।

ਬਹਿਬਲ ਕਲਾਂ ਅਤੇ ਕੋਟਕਪੂਰਾ ਗੋਲੀ ਕਾਂਡ ਮਾਮਲੇ ਵਿੱਚ ਮੁਲਜ਼ਮਾਂ ਖ਼ਿਲਾਫ਼ ਕਾਰਵਾਈ ਵਿੱਚ ਹੋ ਰਹੀ ਦੇਰੀ ਵਿਰੁੱਧ ਆਮ ਆਦਮੀ ਪਾਰਟੀ ਦੇ ਵਿਧਾਇਕਾਂ ਨੇ ਚੰਡੀਗੜ ਸਥਿਤ ਮੁੱਖ ਮੰਤਰੀ ਕੈਪਟਨ ਦੀ ਰਿਹਾਇਸ਼ ਘੇਰਨ ਦੀ ਕੋਸ਼ਿਸ਼ ਕੀਤੀ ਪਰ ਪੁਲੀਸ ਨੇ ਬੈਰੀਕੇਡ ਲਗਾ ਕੇ ਉਨਾਂ ਨੂੰ ਪਹਿਲਾਂ ਹੀ ਰੋਕ ਲਿਆ। ਇਸ ਦੌਰਾਨ 'ਆਪ' ਆਗੂਆਂ ਤੇ ਪੁਲਿਸ ਵਿਚਾਲੇ ਖਿੱਚ-ਧੂਹ ਵੀ ਹੋਈ। ਜਦੋਂ 'ਆਪ' ਆਗੂ ਅੱਗੇ ਜਾਣ ਲਈ ਕਾਮਯਾਬ ਨਾ ਹੋਏ ਤਾਂ ਉਨਾਂ ਉਥੇ ਹੀ ਸੂਬਾ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ। ਹਾਲਾਤ ਵਿਗੜਦੇ ਦੇਖ ਪੁਲਿਸ ਨੇ ਉਨਾਂ ਨੂੰ ਹਿਰਾਸਤ ਵਿੱਚ ਲੈ ਲਿਆ। ਇਸ ਤੋਂ ਪਹਿਲਾਂ ਵਿਰੋਧੀ ਧਿਰ ਦੇ ਆਗੂ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਬੇਅਦਬੀ ਅਤੇ ਗੋਲੀ ਕਾਂਡ ਮਾਮਲਿਆਂ ਵਿੱਚ ਇਨਸਾਫ਼ ਨਾ ਮਿਲਣ ਲਈ ਕੈਪਟਨ ਸਰਕਾਰ ਜ਼ਿੰਮੇਵਾਰ ਹੈ। ਕੈਪਟਨ ਅਤੇ ਬਾਦਲ ਆਪਸ 'ਚ ਮਿਲੇ ਹੋਏ ਹਨ। ਸਰਕਾਰ ਵੱਲੋਂ ਇਸ ਮਾਮਲੇ ਨੂੰ ਕੋਰਟ ਵਿੱਚ ਵਧੀਆ ਢੰਗ ਨਾਲ ਨਾ ਪੇਸ਼ ਕਰਨ ਕਰਕੇ ਹੀ ਐੱਸਆਈਟੀ ਦੀ ਜਾਂਚ ਰਿਪੋਰਟ ਖਾਰਜ ਹੋਈ ਹੈ। ਆਮ ਆਦਮੀ ਪਾਰਟੀ ਵੱਲੋਂ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਹਰਪ੍ਰੀਤ ਸਿੰਘ ਨੂੰ ਅਪੀਲ ਕੀਤੀ ਹੈ ਕਿ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਬੇਅਦਬੀ, ਬਹਿਬਲ ਕਲਾਂ ਤੇ ਕੋਟਕਪੂਰਾ ਗੋਲੀ ਕਾਂਡ ਸੰਬੰਧੀ ਜਨਤਕ ਹੋਈ ਜਾਂਚ ਰਿਪੋਰਟ ਵਿੱਚ ਦਰਜ ਨਾਵਾਂ ਵਾਲੇ ਦੋਸ਼ੀਆਂ ਨੂੰ ਤੁਰੰਤ ਪੰਥ ਵਿਚੋਂ ਛੇਕਿਆ ਜਾਵੇ। ਇਸ ਤੋਂ ਇਲਾਵਾ ਅਤੇ ਰਾਜਪਾਲ ਤੇ ਪੰਜਾਬ ਸਰਕਾਰ ਨੂੰ ਨਾਮਜ਼ਦ ਦੋਸ਼ੀਆਂ 'ਤੇ ਤੁਰੰਤ ਸਖ਼ਤ ਕਾਰਵਾਈ ਕਰਨ ਦੇ ਆਦੇਸ਼ ਕਰਨ।

**ਆਪਣਿਆਂ ਵਲੋਂ ਕਸੂਤੇ ਕੈਪਟਨ ਘਿਰੇ**

ਕੈਬਨਿਟ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਐਸਆਈਟੀ ਰੱਦ ਹੋਣ ਉੱਤੇ ਕਿਹਾ ਕਿ ਇਸ ਸਬੰਧ ਵਿੱਚ ਉਨਾਂ ਦੀ ਸੀਐਮ ਕੈਪਟਨ ਅਮਰਿੰਦਰ ਸਿੰਘ ਨਾਲ ਮੀਟਿੰਗ ਹੋਈ ਹੈ। ਹਾਈ ਕੋਰਟ ਨੇ ਜੋ ਫੈਸਲਾ ਦਿੱਤਾ ਹੈ ਉਸ ਉੱਤੇ ਵਿਚਾਰ ਕੀਤਾ ਜਾਵੇਗਾ। ਹਾਈ ਕੋਰਟ ਨੇ ਹੁਣ ਤੱਕ ਫੈਸਲਾ ਲਿਖਿਆ ਨਹੀਂ ਹੈ। ਜੱਜ ਸਾਹਿਬਾਨ ਜੋ ਫੈਸਲਾ ਦੇਣਗੇ, ਉਸ ਮੁਤਾਬਕ ਚੱਲਿਆ ਜਾਵੇਗਾ।

ਇਸ ਤੋਂ ਪਹਿਲਾਂ ਇਸ ਮਾਮਲੇ ਵਿੱਚ ਕਈ ਤਰਾਂ ਦੀਆਂ ਅੜਚਨਾਂ ਆਈਆਂ ਹਨ। ਪੰਜਾਬ ਸਰਕਾਰ ਨੇ ਆਪਣੇ ਵਕੀਲ ਵੀ ਖੜੇ ਕੀਤੇ ਸਨ। ਕੋਰਟ ਦੁਆਰਾ ਸਟੇਅ ਜਾਰੀ ਕਰਨ ਵਰਗਾ ਮੁਸ਼ਕਲ ਸਮਾਂ ਵੀ ਆਇਆ। 4 ਸਾਲ ਤੱਕ ਲੋਕਾਂ ਨੂੰ ਇਨਸਾਫ ਨਹੀਂ ਮਿਲਿਆ। ਜਦੋਂ 4 ਸਾਲ ਬਾਅਦ ਅਦਾਲਤਾਂ ਅਜਿਹਾ ਫੈਸਲਾ

**ਬਾਕੀ ਸਫ਼ਾ 29 'ਤੇ**

# ਸਿਹਤ ਵਿਗਿਆਨ ਮੈਡੀਕਲ ਫਿਲਾਸਫੀ, ਸਿਰ ਤੋਂ ਪੈਰਾਂ ਤੱਕ ਦੀਆਂ ਬਿਮਾਰੀਆਂ ਦੇ ਕਾਰਨ

**ਕਿਸ਼ਤ ਦੂਜੀ**



**ਗੁਰਦੀਪ ਸਿੰਘ ਸੰਧੂ,**
**ਹੋਮੀਓਪੈਥਿਕ ਕੰਸਲਟੈਂਟ**
408-687-1899

ਮੈਂ ਗੁਰਦੀਪ ਸਿੰਘ ਸੰਧੂ ਸਿਹਤ ਵਿਗਿਆਨ ਦੇ ਲੈਕਚਰਾਂ ਦੀ ਦੂਜੀ ਕਿਸ਼ਤ ਲੈ ਕੇ ਹਾਜ਼ਰ ਹਾਂ।

ਸ਼ੁਰੂਆਤੀ ਦੌਰ ਵਿੱਚ ਇਸ ਸਰੀਰ ਨਾਲ ਸਬੰਧਤ ਸਿਹਤ ਵਿਗਿਆਨ ਦੀ ਜਾਣਕਾਰੀ ਮੁਢਲੀ ਅਤੇ ਸਧਾਰਨ ਹੋਵੇਗੀ ਤਾਂ ਕਿ ਆਮ ਸਧਾਰਨ ਮਨੁੱਖਾਂ ਦੀ ਸਮਝ ਵਿੱਚ ਆ ਸਕੇ, ਜਦ ਦੂਸਰੇ ਗੇੜ ਦੇ ਲੈਕਚਰ ਸ਼ੁਰੂ ਹੋਣਗੇ ਤਾਂ ਇਸ ਸਰੀਰ ਨਾਲ ਸਬੰਧਤ ਹਰੇਕ ਸਿਸਟਮ ਦੀ ਡਿਟੇਲ ਜਾਣਕਾਰੀ ਸਾਂਝੀ ਕੀਤੀ ਜਾਵੇਗੀ

ਮੁਢਲੇ ਤੌਰ ’ਤੇ ਇਸ ਸਰੀਰ ਵਿੱਚ ਨੌਂ ਸਿਸਟਮ ਕੰਮ ਕਰਦੇ ਹਨ ਤੇ ਇਨਾਂ ਨੌਂਵਾਂ ਸਿਸਟਮਾਂ ਦੇ ਨਾਰਮਲ ਚੱਲਣ ਨਾਲ ਯੋਗ-ਫ਼ਲ ਇਕ ਨਾਰਮਲ ਜੀਵਨ ਪੈਦਾ ਹੁੰਦਾ ਹੈ। ਕਿਸੇ ਇਕ ਵੀ ਸਿਸਟਮ ਵਿੱਚ ਕਿਸੇ ਇਕ ਵੀ ਸਿਸਟਮ ਦੇ ਕਿਸੇ ਅੰਗ ਵਿੱਚ ਆਇਆ ਮਾਮੂਲੀ ਜਿਹਾ ਵੀ ਵਿਕਾਰ ਸਮੁੱਚੇ ਤੌਰ ’ਤੇ ਸਾਰੇ ਜੀਵਨ ਨੂੰ ਪ੍ਰਭਾਵਿਤ ਕਰਦਾ ਹੈ । ਆਮ ਤੌਰ ’ਤੇ ਸਮਝਿਆ ਇਹ ਜਾਦਾ ਹੈ ਕਿ ਕਿਸੇ ਇਕ ਅੰਗ ਦਾ ਕਿਸੇ ਇਕ ਸਿਸਟਮ ਦਾ ਵਿਕਾਰ ਕੇਵਲ ਉਸੇ ਦਾ ਹੀ ਵਿਕਾਰ ਹੈ ਪਰ ਅਜਿਹਾ ਨਹੀਂ ਹੈ ਬੇਸ਼ੱਕ ਬਿਮਾਰੀ ਦੀਆਂ ਬਹੁਤੀਆਂ ਨਿਸ਼ਾਨੀਆਂ ਇਕ-ਇਕ ਸਿਸਟਮ ਵਿੱਚ ਜਾ ਕਿਸੇ ਸਿਸਟਮ ਦੇ ਇਕ ਅੰਗ ਰਾਹੀਂ ਹੀ ਸਾਨੂੰ ਜ਼ਿਆਦਾ ਵਿਖਾਈਆਂ ਜਾ ਰਹੀਆਂ ਹਨ, ਇਹ ਦੀ ਡੀਟੇਲ ਜਾਣਕਾਰੀ ਅਗਲੇ ਲੈਕਚਰਾਂ ਵਿੱਚ ਆ ਜਾਵੇਗੀ ਕਿ ਅਜਿਹਾ ਕਿਉਂ ਹੈ ਕਿ ਇਕ ਅੰਗ ਵਿੱਚ ਦਿਸਦੀਆਂ ਬਿਮਾਰੀ ਨਿਸ਼ਾਨੀਆਂ ਸਾਰੇ ਸਰੀਰ ਜਾਂ ਸਮੁੱਚੇ ਜੀਵਨ ਦੀਆਂ ਬਿਮਾਰੀ ਨਿਸ਼ਾਨੀਆਂ ਕਿਵੇਂ ਹੋ ਸਕਦੀਆ ਹਨ ।

ਇੱਥੇ ਇਸ ਸਬੰਧੀ ਕੇਵਲ ਸਧਾਰਨ ਜਾਣਕਾਰੀ ਦੇ ਕੇ ਅੱਗੇ ਤੁਰਾਂਗਾ ਕਿ ਇਸ ਸਰੀਰ ਦੇ ਕਿਸੇ ਵੀ ਸਿਸਟਮ ਦੇ ਕਿਸੇ ਵੀ ਅੰਗ ਦਾ ਵਿਕਾਰ ਜਦ ਏਨਾ ਵੱਧ ਜਾਂਦਾ ਹੈ ਕਿ ਆਦਮੀ ਮਰਨ ਕਿਨਾਰੇ ਪਹੁੰਚ ਜਾਂਦਾ ਹੈ ਤਾਂ ਉਸ ਵਾਸਤੇ ਸਰੀਰ ਦੀਆਂ ਸਾਰੀਆਂ ਲੋੜਾਂ ਨਿਰਮੂਲ ਹੋ ਕੇ ਰਹਿ ਜਾਂਦੀਆਂ ਹਨ। ਸੰਸਾਰ ਦੀਆਂ ਸਾਰੀਆਂ ਪ੍ਰਾਪਤੀਆਂ ਨਿਰਮੂਲ ਹੋ ਕੇ ਰਹਿ ਜਾਂਦੀਆਂ ਹਨ ਤੇ ਉਹਦੀ ਮਾਨਸਿਕਤਾ ਕੇਵਲ ਬਿਮਾਰੀ ਕੇਵਲ ਪੀੜ ਵਾਲੇ ਬਿੰਦੂ ਤੇ ਆ ਕੇ ਅਟਕ ਜਾਂਦੀ ਹੈ । ਉਸ ਨੂੰ ਹੋਰ ਕੁਝ ਨਹੀਂ ਸੁਝਦਾ । ਇਹ ਗੱਲ ਕੇਵਲ ਸਰੀਰ ਜਾਂ ਸਰੀਰ ਦੀਆਂ ਲੋੜਾਂ ਨਾਲ ਹੀ ਸਬੰਧਤ ਨਹੀਂ ਹੈ ਹੋਰ ਬਾਕੀ ਸਰੋਕਾਰਾਂ ਨਾਲ ਵੀ ਸਬੰਧਤ ਹੈ ਜੋ ਮਾਨਸਿਕ ਪੀੜਾ ਦਾਇਕ ਹੋਣ । ਮਿਸਾਲ ਦੇ ਤੌਰ ’ਤੇ ਤੁਸੀ ਘਰ ਤੋਂ ਬਾਹਰ ਕਿਸੇ ਪਾਰਟੀ ਜਸ਼ਨਾਂ ਵਿੱਚ ਸ਼ਾਮਲ ਹੋਣ ਗਏ ਹੋ ਤੇ ਜਸ਼ਨ ਚਲ ਰਹੇ ਹਨ ਖਾਣ ਲਈ ਵਧੀਆ ਵਧੀਆ ਪਕਵਾਨ ਹਾਜ਼ਰ ਹਨ ਤੇ ਉਸੇ ਵੇਲੇ ਕੋਈ ਇਹ ਖ਼ਬਰ ਦੇਵੇ ਕਿ ਪਿਛੇ ਤੁਹਾਡੇ ਘਰ ਵਿੱਚ ਅੱਗ ਲੱਗ ਗਈ ਹੈ ਜਾਂ ਘਰ ਦੇ ਕਿਸੇ ਮੈਂਬਰ ਦਾ ਜ਼ਬਰਦਸਤ ਐਕਸੀਡੈਂਟ ਹੋ ਗਿਆ ਹੈ ਤਾਂ ਉਸੇ ਵਕਤ ਪਾਰਟੀ ਦੇ ਸਭ ਜਸ਼ਨ ਸਭ ਖਾਣੇ ਤੁਹਾਡੇ ਲਈ ਬੇਸੁਆਦੇ ਤੇ ਨਿਰਮੂਲ ਹੋ ਕੇ ਰਹਿ ਜਾਣਗੇ, ਇਹ ਸਰੀਰਕ ਨਹੀਂ ਮਾਨਸਿਕ ਪੀੜਾ ਸੀ ਪਰ ਸਰੀਰ ਦੀ ਲੋੜ ਭੁੱਖ ਪਿਆਸ ਸਭ ਖਤਮ ਹੋ ਜਾਂਦੀ ਹੈ । ਇਸੇ ਤਰਾਂ ਹੀ ਸਰੀਰਕ ਤਕਲੀਫ਼ਾਂ ਸਮੇਂ ਜਿੰਨੀ ਜਿੰਨੀ ਬਿਮਾਰੀ ਦੀ ਪੀੜਾ ਦੀ ਤੀਬਰਤਾ ਹੁੰਦੀ ਹੈ ਉਸੇ ਤਰਾਂ ਹੀ ਸਰੀਰ ਦੇ ਬਾਕੀ ਅੰਗਾਂ ਦੇ ਬਾਕੀ ਸਿਸਟਮਾਂ ਦੀ ਕਾਰਕਗੁਜ਼ਾਰੀ ਪ੍ਰਭਾਵਿਤ ਹੋ ਜਾਂਦੀ ਹੈ । ਭੁੱਖ ਪਿਆਸ ਨੀਂਦ ਖਤਮ ਹੋਣ ਲਗਦੀ ਹੈ । ਮੇਰੇ ਕਹਿਣ ਤੋਂ ਭਾਵ ਇਹ ਸਰੀਰ ਤੇ ਇਸ ਸਰੀਰ ਵਿੱਚ ਕੰਮ ਕਰਦੇ ਨੌਂ ਸਿਸਟਮ ਕਿਸੇ ਇਕ ਹੀ ਸਰੋਤ ਰਾਹੀਂ ਇਕ ਸਾਂਝ ਵਿੱਚ ਬੱਝੇ ਹੋਏ ਹਨ ਤੇ ਕਿਸੇ ਵੀ ਸਿਸਟਮ ਦੀ ਕਿਸੇ ਵੀ ਅੰਗ ਦੀ ਬਿਮਾਰੀ ਸਮੇਂ ਮਤਲਬ ਹਰ ਪੀੜ ਸਮੇਂ ਇਕ ਦੂਜੇ ਦੇ ਦੁੱਖ ਵਿੱਚ ਵੱਧ ਜਾਂ ਘੱਟ ਦੁਖੀ ਹੁੰਦੇ ਹੀ ਹਨ । ਇਹ ਸਾਂਝ ਹੈ ਮਨ ਦੀ । ਇਹ ਸਰੀਰ ਕਿਵੇਂ ਮਨ ਨਾਲ ਜੁੜਿਆ ਹੋਇਆ ਹੈ ਇਹ ਦਾ ਵਿਸਥਾਰ ਇੱਥੇ ਥੋੜੇ ਲਫਜ਼ਾਂ ਵਿੱਚ ਸਾਂਝਾ ਕਰ ਰਿਹਾ ਹਾਂ, ਇਸ ਦੀ ਡਿਟੇਲ ਅੱਗੇ ਚਲ ਕੇ ਸਾਂਝੀ ਕੀਤੀ ਜਾਵੇਗੀ।

ਇਹ ਮਨੁੱਖੀ ਸਰੀਰ ਹੱਡੀਆਂ ਤੇ ਮਾਸ ਦਾ ਢਾਂਚਾ ਹੈ ਜਿਸ ਵਿੱਚ ਜੀਵਨ ਲਈ ਜ਼ਰੂਰੀ ਕਾਰਵਾਈਆਂ ਕਰਨ ਲਈ ਵੱਖ ਵੱਖ ਨੌਂ ਸਿਸਟਮ ਹਨ । ਹਰੇਕ ਸਿਸਟਮ ਵਿੱਚ ਕਈ ਕਈ ਅੰਗ ਹਨ। ਇਹ ਸਾਰੇ ਹੀ ਅੰਗਾਂ ਦਾ ਜੋੜ ਇਹ ਸਰੀਰ ਹੈ ਤੇ ਇਸ ਸਰੀਰ ਦਾ ਇਕ ਮਹੱਤਵਪੂਰਨ ਸਿਸਟਮ ਹੈ ਨਰਵਸ ਤੰਤੂਆਂ ਦਾ ਸਿਸਟਮ । ਠੀਕ ਜਿਵੇਂ



ਬਾਹਰੀ ਸੰਸਾਰ ਵਿੱਚ ਸਾਡਾ ਕਮਿਊਨੀਕੇਸ਼ਨ/ਸੰਚਾਰ ਹੈ ਮਤਲਬ ਟੈਲੀਫ਼ੋਨ ਲਾਈਨਾਂ ਹਨ ਉਸੇ ਤਰਾਂ ਹੀ ਇਸ ਸਰੀਰ ਵਿੱਚ ਨਰਵਸ ਸਿਸਟਮ ਹੈ । ਬਾਹਰੀ ਟੈਲੀਫ਼ੋਨ ਲਾਈਨ ਵਾਂਗ ਹੀ ਇਸ ਵਿੱਚ ਦੋ ਤਰਾਂ ਦੀਆਂ ਤਾਰਾਂ ਹਨ, ਇਕ ਰਾਹੀਂ ਆਵਾਜ ਸਾਡੇ ਤੱਕ ਆਉਂਦੀ ਹੈ ਤੇ ਦੂਜੀ ਰਾਹੀਂ ਸਾਡੀ ਆਵਾਜ ਦੂਸਰੇ ਤੱਕ ਪਹੁੰਚਦੀ ਹੈ । ਸਰੀਰ ਅੰਦਰ ਕੰਮ ਕਰਦੇ ਨਰਵਸ ਸਿਸਟਮ ਦੀ ਡੀਟੇਲ ਅੱਗੇ ਚਲ ਕੇ ਦਿੱਤੀ ਜਾਵੇਗੀ ਪਰ ਇੱਥੇ ਸਧਾਰਨ ਜਾਣਕਾਰੀ ਹੈ ਕਿ ਇਸ ਨਰਵਸ ਸਿਸਟਮ ਰਾਹੀਂ ਸਾਰੇ ਸਰੀਰ ਦੀ ਸੂਚਨਾ ਬਰੇਨ ਤੱਕ ਪਹੁੰਚਦੀ ਹੈ ਜੋ ਸਾਡੀ ਸਿਰ ਦੀ ਖੋਪੜੀ ਵਿੱਚ ਹੈ ਇਹਦੀ ਜਾਣਕਾਰੀ ਵੀ ਅਗਲੇ ਲੈਕਚਰਾਂ ਵਿੱਚ ਆਵੇਗੀ ਪਰ ਇੱਥੇ ਕੇਵਲ ਇਹ ਜਾਨਣਾ ਜ਼ਰੂਰੀ ਹੈ ਕਿ ਸਾਰੇ ਸਰੀਰਕ ਢਾਂਚੇ ਦਾ ਕੰਟਰੋਲ ਸੂਚਨਾਵਾਂ ਦਾ ਆਦਾਨ ਪ੍ਰਦਾਨ, ਤਕਲੀਫ਼ਾਂ ਦੀ ਵਿਸਥਾਰ ਦੀ ਜਾਣਕਾਰੀ ਇਕੱਠੀ ਕਰਨਾ ਤੇ ਉਸ ਅਨੁਸਾਰ ਵਾਜਬ ਪ੍ਰਬੰਧਾਂ ਲਈ ਵਾਪਸੀ ਹੁਕਮ ਸਬੰਧਤ ਅੰਗਾਂ ਨੂੰ ਪਹੁੰਚਦੇ ਕਰਨਾ ਇਸ ਬ੍ਰੇਨਗੰਨ ਦੇ ਕੰਮ ਹਨ ਜੋ ਇਹ ਨਰਵਸ ਸਿਸਟਮ ਰਾਹੀਂ ਕਰਦਾ ਹੈ। ਪਰ ਇਸ ਬਰੇਨ ਦੀਆਂ ਸੂਚਨਾਵਾਂ ਮਨ ਤੱਕ ਪਹੁੰਚਦੀਆਂ ਹਨ ਜੋ ਸਰੀਰ ਦਾ ਇਕ ਪਹਿਲਾ ਸੂਖਮ ਅਦਿੱਖ ਸਟੇਸ਼ਨ ਜਾਂ ਪਾਰਟ ਜਾਂ ਸਿਸਟਮ ਹੈ ।ਇਸ ਅਦਿੱਖ ਸਟੇਸ਼ਨ ‘ਮਨ’ ਵੱਲੋਂ ਵਾਪਸੀ ਹੁਕਮ ਬਰੇਨ ਨੂੰ ਸਰੀਰ ਦੇ ਆਖਰੀ ਦਿਖਾਈ ਦਿੰਦੇ ਹਿੱਸੇ ਵੱਲ ਨੂੰ ਭੇਜੇ ਜਾਂਦੇ ਹਨ ਜਿੱਥੋਂ ਇਹ ਉਨਾਂ ਹੁਕਮਾਂ ਨੂੰ ਸਰੀਰ ਤੇ ਸਰੀਰ ਦੇ ਉਸ ਵਕਤ ਦੀ ਲੋੜ ਦੇ ਸਬੰਧਤ ਅੰਗ ਨੂੰ ਪਹੁੰਚਦੇ ਹਨ । ਇਹ ਆਦਾਨ ਪ੍ਰਦਾਨ ਤੰਦਰੁਸਤ ਸਰੀਰਾਂ ਵਿਚ ਸਕਿੰਟ ਦੇ ਹਜ਼ਾਰਵੇਂ ਹਿੱਸੇ ਵਿੱਚ ਹੀ ਹੁੰਦਾ ਰਹਿੰਦਾ। ਮਿਸਾਲ ਦੇ ਤੌਰ ’ਤੇ ਅਚਨਚੇਤ ਬੇਧਿਆਨੀ ਵਿੱਚ ਜੇਕਰ ਤੁਹਾਡਾ ਹੱਥ ਕਿਸੇ ਗਰਮ ਜਾਂ ਕਿਸੇ ਤਿੱਖੀ ਚੀਜ ਨਾਲ ਛੂਹ ਜਾਵੇ ਤਾਂ ਇਸ ਦੀ ਸੂਚਨਾ ਨਰਵਸ ਸਿਸਟਮ ਰਾਹੀਂ ਬਰੇਨ ਤੇ ਬਰੇਨ ਤੋਂ ਮਨ ਤੱਕ ਪਹੁੰਚਦੀ ਹੈ ਤੇ ਮਨ ਤੋਂ ਫ਼ੌਰੀ ਹੁਕਮ ਆਉਂਦਾ ਹੈ ਕਿ ਹੱਥ ਪਿਛੇ ਖਿੱਚ ਲਉ । ਤੁਸੀਂ ਕਦੇ ਇੰਝ ਅਨੁਭਵ ਕੀਤਾ ਹੋਵੇਗਾ ਕਿ ਇਹ ਸਾਰੀ ਕਾਰਵਾਈ ਪਲਕ ਝਪਕਦੇ ਹੀ ਹੋ ਜਾਂਦੀ ਹੈ । ਵਿਚਾਰਾਂ ਦਾ ਸਫਰ ਮਨ ਤੋਂ ਅੱਗੇ ਦਾ ਵੀ ਹੈ ਜੋ ਬਾਅਦ ਵਿੱਚ ਡਿਟੇਲ ਵਿੱਚ ਲਿਖਿਆ ਜਾਵੇਗਾ। ਹੁਣ ਕੇਵਲ ਸਰੀਰ ਤੋਂ ਮਨ ਤੱਕ ਹੀ ਸੀਮਤ ਕਰਕੇ ਇਹ ਜਾਣਕਾਰੀ ਅੱਗੇ ਤੋਰ ਰਿਹਾ ਹਾਂ। ਮਨ ਇਸ ਸਰੀਰ ਦਾ ਪਹਿਲਾ ਸੁਖ਼ਮ ਸਟੇਸ਼ਨ ਹੈ ।ਹੱਡੀਆਂ ਮਾਸ ਤੇ ਸਭ ਅੰਗ ਤੇ ਇਨਾਂ ਅੰਗਾਂ ਦੀਆਂ ਸੂਚਨਾਵਾਂ ਇਕੱਠੀਆਂ ਕਰਨ ਤੇ ਵਾਪਸੀ ਹੁਕਮ ਲਿਆਉਣ ਵਾਲਾ ਨਰਵਸ ਸਿਸਟਮ ਬਾਕੀ ਸਰੀਰ ਦੇ ਸਿਸਟਮਾਂ ਵਾਂਗ ਹੀ ਇਕ ਮਹੱਤਵਪੂਰਨ ਸਿਸਟਮ ਹੈ ।

ਹਰ ਸਿਸਟਮ ਦਾ ਜੀਵਨ ਨੂੰ ਨਾਰਮਲ ਚੱਲਦਾ ਰੱਖਣ ਲਈ ਆਪਣਾ ਆਪਣਾ ਯੋਗਦਾਨ ਹੈ ਤੇ ਹਰ ਸਿਸਟਮ ਹੀ ਆਪਣੀ ਆਪਣੀ ਥਾਂ ਮਹੱਤਵਪੂਰਨ ਹੈ। ਵੱਖ ਵੱਖ ਸਿਸਟਮਾਂ ਦੀ ਜਾਣਕਾਰੀ ਸ਼ੁਰੂ ਕਰਨ ਤੋਂ ਪਹਿਲਾਂ ਇਕ ਨਵੇਂ ਜੀਵਨ ਦੀ ਸ਼ੁਰੂਆਤ ਦੀ ਮੁਢਲੀ ਜਾਣਕਾਰੀ ਸ਼ੁਰੂ ਕਰ ਰਿਹਾ ਹਾਂ ਜਿਸ ਨੂੰ ਮੈਡੀਕਲ ਸਾਇੰਸ ਦੀ ਟਰਮੇਨਾਲੋਜੀ ਵਿੱਚ **embryology** ਕਹਿੰਦੇ ਹਨ । ਨਵ ਜੀਵਨ ਦੀ ਇਸ ਸ਼ੁਰੂਆਤ ਦੀ ਸ਼ੁਰੂ ਸ਼ੁਰੂ ਵਿਚ ਸਾਧਾਰਨ ਜਾਣਕਾਰੀ ਤੁਹਾਡੇ ਨਾਲ ਸਾਂਝੀ ਕਰਾਂਗਾ ਤਾਂ ਕਿ ਕੁਦਰਤ ਦੇ ਇਸ ਭੇਦ ਨੂੰ ਜ਼ਿਆਦਾ ਗੁੰਝਲਦਾਰ ਨਾ ਬਣਾ ਕੇ ਸਾਧਾਰਨ ਤਰੀਕੇ ਨਾਲ ਸਾਧਾਰਨ ਜਾਣਕਾਰੀ ਦੇਵਾਂ ਤਾਂ ਕਿ ਅਸਾਨੀ ਨਾਲ ਤੁਸੀਂ ਸਾਰੇ ਹੀ ਸਮਝ ਸਕੋ ਕਿ ਇਕ ਨਵੇਂ ਜੀਵਨ ਦੀ ਸ਼ੁਰੂਆਤ ਕਿਵੇਂ ਹੁੰਦੀ ਹੈ ।

ਉਪਰੋਕਤ ਲਿਖਤ ਤੋਂ ਇਹ ਸਮਝ ਤਾਂ ਸਭ ਨੂੰ ਆ ਗਈ ਹੋਵੇਗੀ ਕਿ ਇਸ ਸਰੀਰ ਦਾ ਕਮਾਂਡਰ, ਕਰਤਾ ਧਰਤਾ ਸਾਡਾ ਮਨ ਹੈ ਤੇ ਇਹ ਮਨ ਹੀ ਹੈ ਜੋ ਸਾਰੇ ਸਿਸਟਮਾਂ ਦਾ ਮਤਲਬ ਸਰੀਰ ਵਿੱਚ ਚੱਲਦੇ ਜੀਵਨ ਦੀ ਕਿਰਿਆ ਤੇ ਪਰਤੀ ਕਿਰਿਆ ਦਾ ਜ਼ਿੰਮੇਵਾਰ ਹੈ। ਸਰੀਰ ਦੀ ਕਾਰਗੁਜ਼ਾਰੀ ਦਾ ਬਿਆਨ ਜਾਂ ਹਰ ਪੀੜ ਕਿਵੇਂ ਸੂਖਮ ਰੂਪ ਵਿੱਚ ਮਨ ਤੱਕ ਪਹੁੰਚਦੀ ਹੈ ਤੇ ਫਿਰ ਸੂਖਮ ਰੂਪ ਵਿੱਚੋਂ ਹੁਕਮ ਕਿਵੇਂ ਵਾਪਸ ਬਰੇਨ ਤੱਕ ਤੇ ਫਿਰ ਸਰੀਰ ਤੱਕ ਸਰੀਰ ਦੇ ਲੋੜੀਂਦੇ ਅੰਗ ਤੱਕ ਪਹੁੰਚਦੇ ਹਨ ਇਹ ਵੀ ਇਨਾਂ ਕਾਲਮਾਂ ਵਿੱਚ ਸਮਝਾਇਆ ਜਾਵੇਗਾ ਜਦ ਬਰੇਨ ਤੇ ਨਰਵਸ ਸਿਸਟਮ ਦੀ ਜਾਣਕਾਰੀ ਸਾਂਝੀ ਕੀਤੀ ਜਾਵੇਗੀ। ਹੁਣ ਤੱਕ ਇਹ ਸਮਝ ਆ ਗਈ ਹੋਵੇਗੀ ਕਿ ਇਸ ਸਰੀਰ ਦੀ ਹਰ ਕਾਰਗੁਜ਼ਾਰੀ ਦਾ ਕੰਟਰੋਲ ਸੂਖਮ ਮਨ ਕੋਲ ਹੀ ਹੈ ਇਹੀ ਸੂਤਰਧਾਰ ਹੈ। ਸਰੀਰ ਦੀ ਹਰ ਕਾਰਵਾਈ ਦਾ ਤੇ ਜਾਂ ਇੰਝ ਕਹੋ ਕਿ ਅਸਲ ਮਾਲਿਕ ਹੈ ਜ਼ਿੰਮੇਵਾਰ ਹੈ ਇਸ ਸਰੀਰ ਦਾ ਤੇ ਇਸ ਵਿੱਚ ਤੰਦਰੁਸਤੀ ਬਹਾਲ ਰੱਖਣ ਦਾ। ਜੇ ਸਰੀਰ ਬਿਮਾਰ ਹੈ ਤਾਂ ਅਸਾਨੀ ਨਾਲ ਕਿਹਾ ਜਾ ਸਕਦਾ ਹੈ ਕਿ ਇਹ ਬਿਮਾਰ ਹੋਣ ਵਾਲਾ ਵੀ ਤੇ ਬਿਮਾਰੀ ਤੋਂ ਤੰਦਰੁਸਤ ਹੋਣ ਵਾਲਾ ਵੀ ਉਹ ਮਨ ਹੀ ਹੈ ।

ਮਿਸਾਲ ਦੇ ਤੌਰ ’ਤੇ ਅਗਰ ਕੋਈ ਕਹੇ ਕਿ ਆਹ ਮੇਰੀ ਪੱਗ ਹੈ, ਆਹ ਮੇਰੀ ਕਮੀਜ਼ ਹੈ, ਤਾਂ ਸਾਧਾਰਨ ਆਦਮੀ ਕਹਿ ਸਕਦਾ ਹੈ ਕਿ ਇਹ ਸਰੀਰ ਹੈ ਜੋ ਪੱਗ ਤੇ ਜਾਂ ਕਮੀਜ਼ ’ਤੇ ਦਾਅਵਾ ਜਤਾ ਰਿਹਾ ਹੈ ।ਪਰ ਜੇ ਕੋਈ ਕਹੇ ਕਿ ਆਹ ਮੇਰੀ ਅੱਖ ਹੈ ਜਾਂ ਆਹ ਮੇਰੀ ਬਾਂਹ ਹੈ ਤਾਂ ਸੁਭਾਵਕ ਹੀ ਸਮਝ ਆਉਂਦਾ ਹੈ ਕਿ ਇਸ ਸਰੀਰ ਜਾਂ ਸਰੀਰ ਦੇ ਅੰਗਾਂ ’ਤੇ ਵੀ ਕੋਈ ਦਾਅਵਾ ਜਤਾ ਰਿਹਾ ਹੈ ਕਿ ਇਹ ਮੇਰੇ ਹਨ । ਜੋ ਬਰੇਨ ਤੋਂ ਲੈ ਕੇ ਪੈਰਾਂ ਤੱਕ ਇੰਝ ਹੀ ਪਦਾਰਥਿਕ ਦਿਸਦੀ ਸਰੀਰ ਦੀ ਕਾਇਆ ਤੇ ਆਪਣਾ ਦਾਅਵਾ ਜਤਾਉਂਦਾ ਹੈ ਕਿ ਇਹ ਮੇਰੀ ਹੈ ਪਰ ਉਹ ਸੂਖਮ ਹੈ ਉਹ ਮਨ ਹੈ ਜਿਹਦੇ ਸੂਖਮ ਅਨੁਭਵ ਪਦਾਰਥਿਕ ਅੰਗਾਂ ਰਾਹੀਂ ਭਾਵ ਮੂੰਹ ਰਾਹੀਂ ਫਿਜੀਕਲ ਰੂਪ ਵਿੱਚ ਸੁਨਣ ਵਿੱਚ ਆ ਰਹੇ ਹਨ।

ਹਾਲ ਦੀ ਘੜੀ ਇਹ ਮਨ ਕੇ ਚਲੋ ਕਿ ਕੇਵਲ ਇਹ ਮਨ ਹੈ ਜੋ ਅਦਿੱਖ ਹੁੰਦਿਆਂ ਹੋਇਆਂ, ਸੂਖਮ ਹੁੰਦਿਆਂ ਹੋਇਆ ਵੀ ਪਦਾਰਥਿਕ ਸਰੀਰ ਦਾ ਮਾਲਕ ਹੈ । ਇਸ ਦੀ ਹਰ ਵਾਧ ਘਾਟ ਯਾਨੀ ਬਿਮਾਰੀ ਜਾਂ ਤੰਦਰੁਸਤੀ ਦਾ ਜ਼ਿੰਮੇਵਾਰ ਹੈ । ਅੱਗੇ ਚੱਲ ਕੇ ਸਾਨੂੰ ਬਿਮਾਰੀਆਂ ਦੇ ਪੈਦਾ ਹੋਣ ਤੇ ਉਨਾਂ ਦੇ ਨਿਵਾਰਨ ਯਾਨੀ ਸਰੀਰ ਦੇ ਤੰਦਰੁਸਤ ਹੋਣ ਦੀ ਕਾਰਵਾਈ ਨੂੰ ਸਮਝਣ ਵਿੱਚ ਅਸਾਨੀ ਰਹੇਗੀ । ਸੋ ਹੁਣ ਤੱਕ ਦੇ ਸਾਰੇ ਵਿਸਥਾਰ ਦਾ ਨਤੀਜਾ ਇਹ ਹੋਇਆ ਕਿ ਜੇਕਰ ਮਨ ਦਾ ਸਰੀਰ ਨਾਲ਼ੋਂ ਲਿੰਕ ਟੁੱਟ ਜਾਵੇ ਤਾਂ ਸਰੀਰ ਕੋਲ ਆਪਣੀ ਕਿਸੇ ਕਿਰਿਆ ਨੂੰ ਸਪੱਸ਼ਟ ਕਰਨ ਦਾ ਹੋਰ ਕੋਈ ਜ਼ਰੀਆ ਨਹੀਂ ਤੇ ਨਾ ਹੀ ਕੋਈ ਕਾਰਵਾਈ ਕਰਨ ਯੋਗ ਹੀ ਰਹਿੰਦਾ ਹੈ ਇਹ ਸਰੀਰ। ਭਾਵ ਸਥਿਰਤਾ ਭਾਵ ਮੌਤ ।

ਇਹਦਾ ਇਹ ਮਤਲਬ ਨਾ ਸਮਝ ਲੈਣਾ ਕਿ ਕੌਮਾ ਵਰਗੀ ਸਥਿਤੀ ਵਿੱਚ ਇਹ ਸਰੀਰ ਤੇ ਮਨ ਦਾ ਲਿੰਕ ਟੁੱਟ ਗਿਆ, ਨਹੀਂ ਇਹ ਕੇਵਲ ਇਕਪਾਸੜ ਹੋਇਆ ਜਿਵੇਂ ਕਦੀ ਕਦੀ ਟੈਲੀਫ਼ੋਨ ਲਾਈਨਾਂ ਦੇ ਵਿਕਾਰ ਨਾਲ ਕਿਸੇ ਇਕ ਪਾਸੇ ਦੀ ਆਵਾਜ ਮਤਲਬ ਸੂਚਨਾ ਦੂਜੇ ਪਾਸੇ ਜਾਣੀ ਬੰਦ ਹੋ ਜਾਂਦੀ ਹੈ ਉਹੀ ਕਾਰਵਾਈ ਹੋ ਰਹੀ ਹੁੰਦੀ ਹੈ ਕੌਮਾ ਦੀ ਹਾਲਤ ਵਿੱਚ। ਸਰੀਰ ਦੀ ਕਾਰਵਾਈ ਚੱਲ ਰਹੀ ਹੈ ਪਰ ਬਰੇਨ ਵੱਲੋਂ ਕਿਸੇ ਵੀ ਸਥਿਤੀ ਸਮੇਂ ਬਚਾਉਣ ਲਈ ਆਉਣ ਵਾਲੇ ਵਾਪਸੀ ਸੁਨੇਹੇ ਬਰੇਨ ਤੋਂ ਲੋੜੀਂਦੇ ਅੰਗ ਨੂੰ ਨਹੀਂ ਪਹੁੰਚਦੇ। ਸਰੀਰ ਦੀ ਬਾਹਰੀ ਸਾਂਭ ਸੰਭਾਲ ਨਾਲ ਭਾਵ ਖ਼ੁਰਾਕ ਵਗੈਰਾ ਅਗਰ ਮਿਲਦੀ ਰਹਿੰਦੀ ਹੈ ਤਾਂ ਸਰੀਰ ਨਾਰਮਲ ਵਰਗੀਆਂ ਕਾਰਵਾਈਆਂ ਸਰੀਰ ਦੇ ਨੌਂ ਸਿਸਟਮਾਂ ਰਾਹੀਂ ਕਰ ਰਿਹਾ ਹੈ ਪਰ ਫਰਕ ਇਹੋ ਹੈ ਕਿ ਉਨਾਂ ਕਾਰਵਾਈਆਂ ਨੂੰ ਨਿਸ਼ਾਨੀਆਂ ਦੇ ਰੂਪ ਵਿੱਚ ਭਾਵ ਬਿਮਾਰੀ ਦੀਆਂ ਨਿਸ਼ਾਨੀਆਂ ਦੇ ਰੂਪ ਵਿੱਚ ਜਾਂ ਸਰੀਰ ਦੀਆਂ ਲੋੜਾਂ ਦੇ ਰੂਪ ਵਿੱਚ ਐਕਸਪ੍ਰੈਸ ਨਹੀਂ ਕਰ ਸਕਦਾ, ਦੱਸ ਨਹੀਂ ਸਕਦਾ, ਪਰ ਲਿੰਕ ਜੋ ਸਰੀਰ ਤੋਂ ਮਨ ਤੱਕ ਦਾ ਸੀ ਪੂਰੀ ਤਰਾਂ ਟੁਟਿਆ ਨਹੀਂ ਹੁੰਦਾ । ਲਿੰਕ ਦਾ ਪੂਰੀ ਤਰਾਂ ਟੁੱਟਣਾ ਮਤਲਬ ਸਰੀਰਕ ਤੌਰ ’ਤੇ ਵੀ ਮਰ ਜਾਦਾ ਹੈ ਜਿਸ ਦਾ ਸਿੱਧਾ ਸਿੱਧਾ ਮਤਲਬ ਨਿਕਲਦਾ ਹੈ ਕਿ ਸਰੀਰ ਦੀ ਹੁਣ ਕੋਈ ਬਾਹਰੀ ਲੋੜ ਹੀ ਨਹੀਂ ਰਹੀ ਤੇ ਮਨ ਕੋਲ ਕੋਈ ਸਰੀਰ ਵਰਗਾ ਸਾਧਨ ਹੀ ਨਹੀਂ ਰਿਹਾ ਕਿ ਉਹ ਆਪਣੀ ਹੋਂਦ ਜਤਾ ਸਕੇ ।ਸੋ ਇਸ ਲਿੰਕ ਦਾ ਪੂਰੀ ਤਰਾਂ ਟੁੱਟਣਾ ਮਤਲਬ ਮੌਤ ਹੈ ।

ਭਾਵ ਇਹ ਹੋਇਆ ਕਿ ਮਨ ਇਕ ਸ਼ਕਤੀ ਹੈ ਜੋ ਸਰੀਰ ਪਦਾਰਥ ਤੋਂ ਬਿਨਾਂ ਆਪਣੇ ਆਪ ਨੂੰ ਐਕਸਪ੍ਰੈਸ ਨਹੀਂ ਕਰ ਸਕਦੀ ਤੇ ਸਰੀਰਕ ਪਦਾਰਥ ਕਿਸੇ ਕੰਮ ਦਾ ਨਹੀਂ ਜੇ ਇਹਦਾ ਲਿੰਕ ਉਸ ਮਨ ਸ਼ਕਤੀ ਨਾਲ ਨਹੀਂ ਰਿਹਾ ਤਾਂ ।ਦੋਵੇਂ ਇਕ ਦੂਜੇ ਦੇ ਪੂਰਕ ਹਨ । ਮਨ ਬ੍ਰਹਿਮੰਡ ਦੀ ਸ਼ਕਤੀ ਦਾ ਪ੍ਰਤੀਕ ਹੈ ਤੇ ਪਦਾਰਥ ਸਰੀਰ ਜਾਂ ਜੋ ਵੀ ਬ੍ਰਹਿਮੰਡ ਵਿੱਚ ਤੁਸੀਂ ਵੇਖਦੇ ਹੋ ਉਹਦਾ ਪ੍ਰਤੀਕ ਹੈ ।ਦੋਵੇਂ ਇਕ ਦੂਜੇ ਦੇ ਪੂਰਕ ਹਨ। ਦੋਵੇਂ ਇਕ ਦੂਜੇ ਨਾਲ ਸਬੰਧਤ ਹਨ ਤਾਂ ਹੀ ਜੀਵਨ ਉਤਪੰਨ ਹੁੰਦਾ ਹੈ। ਜਿਵੇਂ ਲੱਕੜ ਦੀ ਬੰਸਰੀ ਜੀਵਤ ਨਹੀਂ ਹੈ ਪਰ ਜਦ ਇਸ ਵਿੱਚ ਫੂਕ ਵੱਜਦੀ ਹੈ ਤਾਂ ਇਹ ਜੀਵੰਤ ਹੋ ਗਈ ਲਗਦੀ ਹੈ । ਬੋਲਕੇ ਦੱਸਦੀ ਹੈ ਜੋ ਸਮਝਣ ਵਾਲੇ ਸਮਝ ਜਾਂਦੇ ਹਨ ਕਿ ਕੀ ਕਹਿ ਰਹੀ ਹੈ ਜਿਵੇਂ ਬੱਚੇ ਦੀ ਤੋਤਲੀ ਬੋਲੀ ਮਾਂ ਸਮਝ ਜਾਂਦੀ ਹੈ । ਇਸੇ ਤਰਾਂ ਦਾ ਹੀ ਹੈ ਵਿਸਥਾਰ ਤੇ ਸਬੰਧ ਨਵੇਂ ਪਣਪਦੇ ਜੀਵਨ ਵਿੱਚ ਸ਼ਕਤੀ ਤੇ ਪਦਾਰਥ ਦੇ ਸੁਮੇਲ ਦਾ, ਜਿਸ ਰਾਹੀਂ ਅਸੀਂ ਨਵੇਂ ਜੀਵਨ ਨੂੰ ਚੱਲਦਾ ਬੋਲਦਾ ਵੇਖਦੇ ਹਾਂ। ਬਾਕੀ ਸਭ ਕਿਰਿਆਵਾਂ ਕਰਦਾ ਵੇਖਦੇ ਹਾਂ ਜਿਸਦਾ ਬਿਆਨ ਤੇ ਵਿਸਥਾਰ ਸਿਹਤ ਵਿਗਿਆਨ ਦੇ ਇਨਾਂ ਲੈਕਚਰਾਂ ਦਾ ਸਾਡਾ ਮੁਖ ਕੰਮ ਹੋਵੇਗਾ ।

ਅਗਲੇ ਲੈਕਚਰ ਦੀ ਸ਼ੁਰੂਆਤ ਤੋਂ ਪਹਿਲਾਂ ਇਹ ਬੇਨਤੀ ਹੈ ਪਾਠਕਾਂ ਨੂੰ ਕਿ ਤੁਹਾਡਾ ਕੋਈ ਵੀ ਸਵਾਲ ਹੋਵੇ ਸਿਹਤ ਸਬੰਧੀ ਜਾਂ ਕਿਸੇ ਵੀ ਉਮਰ ਵਿੱਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਅਗਰ ਥੱਕ ਗਏ ਹੋ ਤਾਂ ਇਕ ਮੌਕਾ ਹੋਮਿਓਪੈਥਿਕ ਦੇ ਸਿਧਾਂਤਕ ਇਲਾਜ ਨੂੰ ਦਿਉ ਜਾਂ ਹੋਮਿਓਪੈਥਿਕ ਦਵਾਈਆਂ ਲੈਣੀਆਂ ਚਾਹੁੰਦੇ ਹੋ ਤਾਂ ਮੇਰੇ ਨਾਲ ਹੇਠ ਲਿਖੇ ਨੰਬਰਾਂ ’ਤੇ ਸੰਪਰਕ ਕਰ ਸਕਦੇ ਹੋ।

ਮੇਰਾ ਕਲੀਨਿਕ ਅਡਰੈਸ
**7021 village park way dublin ca 94568**
ਅਤੇ ਮੇਰਾ ਫੋਨ ਨੰ. **408 687 1899 ਜਾਂ 925 999 8278** ਤੇ ਸੰਪਰਕ ਕਰ ਸਕਦੇ ਹੋ।
ਈਮੇਲ ਰਾਹੀਂ ਵੀ ਤੁਸੀਂ ਆਪਣਾ ਸਿਹਤ ਸਬੰਧੀ ਸਵਾਲ ਭੇਜ ਕੇ ਜਵਾਬ ਲੈ ਸਕਦੇ ਹੋ । ਮੇਰਾ ਈ ਮੇਲ ਅਡਰੈਸ ਹੈ **homeomedicine @yahoo.com**

# ਭਾਰਤੀ ਕਿਸਾਨਾਂ ਨੂੰ ਮਿਲੇਗਾ ਬਾਈਡਨ ਪ੍ਰਸ਼ਾਸਨ ਦਾ ਸਮਰਥਨ ?



**ਸਰਬਜੀਤ ਕੌਰ ਸਰਬ**

ਜੇ ਬਾਈਡਨ ਪ੍ਰਸ਼ਾਸਨ ਕਿਸਾਨਾਂ ਦੇ ਸਮਰਥਨ ਵਿਚ ਆ ਜਾਂਦਾ ਹੈ ਤਾਂ ਪੂਰਾ ਵਿਸ਼ਵ ਇਸ ਗੱਲ ਦਾ ਸਮਰਥਨ ਕਰੇਗਾ ਅਮਰੀਕੀ ਰਾਸ਼ਟਰਪਤੀ ਬਾਈਡਨ ਨੇ ਹਾਲ ਹੀ ਵਿੱਚ ਚਤੁਰਭੁਜ ਸੁਰੱਖਿਆ ਵਾਰਤਾਲਾਪ ਦੇ ਸਮੇਂ ਪਹਿਲੀ ਵਾਰ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਕੀਤੀ ਹੈ। ਕਵਾਡ ਦੇਸ਼ਾਂ ਦੀ ਇਸ ਮੀਟਿੰਗ ਵਿੱਚ-ਸੰਯੁਕਤ ਰਾਜ ਅਮਰੀਕਾ, ਭਾਰਤ, ਜਾਪਾਨ ਅਤੇ ਆਸਟਰੇਲੀਆ ਕੋਵਿਡ-19 ਤੋਂ ਬਾਅਦ ਪਹਿਲੀ ਵਾਰ ਇਕੱਠੇ ਹੋਏ। ਇਨਾਂ ਦੇਸ਼ਾਂ ਨੇ ਕੋਵਿਡ-19 ਮਹਾਂਮਾਰੀ ਦੇ ਵਿਰੁੱਧ ਲੜਨ ਲਈ ਇਕ ਦੂਜੇ ਨੂੰ ਸਹਿਯੋਗ ਦੇਣ ਅਤੇ ਪ੍ਰਸ਼ਾਂਤ ਖਿੱਤੇ ਵਿੱਚ ਚੀਨ ਦੀਆਂ ਵਿਰੋਧੀ ਗਤੀਵਿਧੀਆਂ ਨੂੰ ਰੋਕਣ ਲਈ ਲੋਕਤੰਤਰ ਵਜੋਂ ਇੱਕ ਸੰਯੁਕਤ ਮੋਰਚਾ ਬਣਾਉਣ ਲਈ ਪਹਿਲ ਕੀਤੀ। ਹਾਲਾਂਕਿ ਇਹ ਨਿਸ਼ਚਿਤ ਤੌਰ 'ਤੇ ਇਕ ਮਹੱਤਵਪੂਰਣ ਪਹਿਲਕਦਮੀ ਹੈ, ਰਾਸ਼ਟਰਪਤੀ ਅਤੇ ਉਨਾਂ ਦੇ ਪ੍ਰਸ਼ਾਸਨ ਨੂੰ ਅਜੇ ਵੀ ਇਕ ਕਵਾਡ ਮੈਂਬਰਾਂ ਦੇ ਘਰਾਂ ਵਿਚ ਵੱਧ ਰਹੀਆਂ ਲੋਕਤੰਤਰੀ ਵਿਰੋਧੀ ਕਾਰਵਾਈਆਂ ਦਾ ਸਾਹਮਣਾ ਕਰਨ ਦੀ ਪਹਿਲ ਕਰਨੀ ਚਾਹੀਦੀ ਹੈ ਜੇਕਰ ਉਹ ਸੱਚਮੁੱਚ ਮਨੁੱਖੀ ਅਧਿਕਾਰਾ ਨੂੰ ਪਹਿਲ ਦੇਂਦੇ ਹਨ।

ਭਾਰਤ ਸਰਕਾਰ ਦੁਆਰਾ ਬਣਾਏ ਗਏ ਖੇਤੀਬਾੜੀ ਕਾਨੂੰਨ ਦਾ ਵਿਰੋਧ ਨਵੰਬਰ 2020 ਤੋਂ ਕਿਸਾਨਾਂ ਵੱਲੋਂ ਸ਼ਾਤਮਈ ਢੰਗ ਨਾਲ ਕੀਤਾ ਜਾ ਰਿਹਾ ਹੈ। ਪਰ ਸਮੇਂ ਦੀ ਹਕੂਮਤ ਨੇ ਇਸ ਸ਼ਾਂਤਮਈ ਵਿਰੋਧ ਨੂੰ ਦਬਾਉਣ ਲਈ ਅਨੇਕਾਂ ਜਤਨ ਕੀਤੇ, 26 ਜਨਵਰੀ ਤੋਂ ਬਾਅਦ ਤਾਂ ਜਿਵੇਂ ਸਰਕਾਰ ਨੂੰ ਇਕ ਗੱਲ ਹੀ ਮਿਲ ਗਈ ਸੀ ਕਿ ਇਹ ਹਿੰਸਾ ਫੈਲਾਅ ਰਿਹਾ ਹੈ। ਜਿਸ ਦੇ ਚਲਦੇ ਸਰਕਾਰ ਨੇ ਆਪਣੀ ਗਲਤ ਰਣਨੀਤੀ ਰਾਹੀਂ ਇਸ ਨੂੰ ਦਬਾਉਣਾ ਸ਼ੁਰੂ ਕਰ ਦਿੱਤਾ। ਕਿਸਾਨਾਂ ਉੱਤੇ ਹਮਲੇ ਕਰਨੇ ਸ਼ੁਰੂ ਕਰ ਦਿੱਤੇ, ਕਿਸਾਨ ਲੀਡਰਾਂ 'ਤੇ ਹਮਲੇ ਹੋਏ, ਉਨਾਂ ਨੂੰ ਜਾਨ ਤੋਂ ਮਾਰਨ ਦੀਆਂ ਧਮਕੀਆਂ ਮਿਲਣੀਆਂ ਸ਼ੁਰੂ ਹੋ ਗਈਆਂ। ਪੁਲਿਸ ਵੱਲੋਂ ਸ਼ਾਤਮਈ ਢੰਗ ਨਾਲ ਰੋਸ ਕਰ ਰਹੇ ਕਿਸਾਨ ਬਜ਼ੁਰਗਾਂ, ਨੌਜਵਾਨਾਂ, ਬੱਚਿਆਂ ਅਤੇ ਔਰਤਾਂ ਉਤੇ ਤਸ਼ਦੱਦ ਕੀਤਾ ਗਿਆ। ਅਰਧ ਸੈਨਿਕ ਬਲਾਂ ਦੀ ਤਾਇਨਾਤੀ ਕੀਤੀ ਗਈ, ਇਸ ਤੋਂ ਇਲਾਵਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵਿਰੋਧ ਵਾਲੇ ਸਥਾਨਾਂ 'ਤੇ ਇੰਨਟਰਨੈਟ ਦੀ ਸੇਵਾ ਬੰਦ ਕਰਵਾ ਦਿੱਤੀ ਤਾਂ ਜੋ ਪ੍ਰਦਰਸ਼ਨ ਕਰ ਰਹੇ ਕਿਸਾਨਾਂ ਤੇ ਕੀਤਾ ਜਾਂਦਾ ਤਸ਼ੱਦਦ ਸ਼ੋਸ਼ਲ ਮੀਡੀਆ ਰਾਹੀਂ ਦੂਜੇ ਲੋਕਾਂ ਕੋਲ ਨਾ ਪਹੁੰਚ ਸਕੇ।

ਭਾਰਤੀ ਲੋਕਤੰਤਰ ਦਾ ਖਾਤਮਾ ਉਦੋਂ ਹੋਇਆ ਜਦੋਂ ਇਸ ਤਸ਼ੱਦਦ ਦੀ ਵਿਰੋਧਤਾ ਕਰਨ ਵਾਲੇ ਨੂੰ ਵੀ ਜੇਲ ਸੁੱਟਿਆ ਗਿਆ। ਟਵਿੱਟਰ ਵਰਗੀਆਂ ਸੋਸ਼ਲ ਮੀਡੀਆ ਕੰਪਨੀਆਂ ਨੂੰ ਪ੍ਰਦਰਸ਼ਨਕਾਰੀਆਂ ਅਤੇ ਉਨਾਂ ਦੇ ਸਹਿਯੋਗੀ ਲੋਕਾਂ ਦੀ ਆਵਾਜ਼ ਨੂੰ ਦਬਾਉਣ ਲਈ ਮਜ਼ਬੂਰ ਕੀਤਾ ਗਿਆ। ਸੱਚ ਨੂੰ ਲੋਕਾਂ ਸਾਹਮਣੇ ਲਿਆਉਣ ਵਾਲੇ ਪੱਤਰਕਾਰਾਂ, ਪ੍ਰਦਰਸ਼ਨਕਾਰੀਆਂ ਨੂੰ ਜੇਲਾਂ ਵਿਚ ਸੁੱਟਿਆ ਗਿਆ। ਮੋਦੀ ਸਰਕਾਰ ਦੀ ਇਸ ਰਣਨੀਤੀ ਨੂੰ ਸੰਸਾਰ ਦੀਆਂ ਪ੍ਰਸਿੱਧ ਨਾਮੀ ਲੋਕ ਜਿਨਾਂ ਵਿਚੋਂ ਰਿਹਾਨਾ, ਗ੍ਰੇਟਾ ਥਨਬਰਗ, ਅਮਰੀਕੀ ਉਪ ਰਾਸ਼ਟਰਪਤੀ ਕਮਲਾ ਹੈਰਿਸ ਦੀ ਭਤੀਜੀ ਮੀਨਾ ਹੈਰਿਸ ਸਮੇਤ ਅਨੇਕਾਂ ਹਸਤੀਆਂ ਜਿਨਾਂ ਨੇ ਜਦੋਂ ਕਿਸਾਨਾਂ ਦਾ ਸਮਰਥਨ ਕੀਤਾ ਤੇ ਭਾਰਤੀ ਸਰਕਾਰ ਦੁਆਰਾ ਅਪਣਾਈ ਨੀਤੀ ਦੀ ਸਖ਼ਤ ਅਲੋਚਾਨਾ ਕੀਤੀ ਤਾਂ ਉਨਾਂ ਉੱਤੇ ਬੇਤੁਕੀ ਹਮਲੇ ਕਰ ਕੇ ਉਨਾਂ ਦੁਆਰਾ ਦਿੱਤੇ ਸਮਰਥਨ ਨੂੰ ਗਲਤ ਦੱਸ ਕੇ ਉਨਾਂ ਖਿਲਾਫ਼ ਵਿਰੋਧ ਪ੍ਰਦਰਸ਼ਨ ਕਰਵਾਏ ਉਨਾਂ ਦੀਆਂ ਤਸਵੀਰਾ ਸਾੜੀਆਂ ਗਈਆਂ।

ਇਹ ਸੱਭ ਕੁਝ ਹੋਣ ਦੇ ਬਾਅਦ ਇਸ ਗੱਲ ਉੱਤੇ ਹੈਰਾਨੀ ਆਉਂਦੀ ਹੈ ਕਿ ਪ੍ਰਧਾਨ ਮੰਤਰੀ ਮੋਦੀ ਨੇ ਕਵਾਡ ਬੈਠਕ ਵਿਚ ਜੋ ਕਿਹਾ ਸੀ ਕਿ 'ਮਹਾਨਤਾ ਦੇ ਬਾਵਜੂਦ, ਅਸੀਂ ਆਪਣੀਆਂ ਜਮਹੂਰੀ ਕਦਰਾਂ ਕੀਮਤਾਂ ਅਤੇ ਇਕ ਅਜ਼ਾਦ, ਖੁੱਲੇ ਅਤੇ ਸੰਮਲਿਤ ਇੰਡੋ-ਪੈਸੀਫਿਕ' ਪ੍ਰਤੀ ਵਚਨਬੱਧਤਾ ਨਾਲ ਇਕਜੁਟ ਹਾਂ।' ਉਨਾਂ ਦੀ ਕਹਿਣੀ ਤੇ ਕਰਨੀ ਵਿਚ ਬਹੁਤ ਫ਼ਰਕ ਹੈ। ਇਸ ਲਈ ਉਹ ਆਪਣੇ ਦੁਆਰਾ ਬੋਲੇ ਸ਼ਬਦਾਂ ਪ੍ਰਤੀ ਵੀ ਵਚਨਵੱਧ ਨਹੀਂ ਹਨ। ਜੇਕਰ ਰਾਸ਼ਟਰਪਤੀ ਬਾਈਡਨ ਸੱਚਮੁੱਚ ਵਿਸ਼ਵ ਪੱਧਰ 'ਤੇ ਸਾਡੇ ਦੇਸ਼ ਦੀ ਲੋਕਤੰਤਰੀ ਕਦਰਾਂ ਕੀਮਤਾਂ ਨੂੰ ਉਤਸ਼ਾਹਤ ਕਰਨ ਦੀ ਅਗਵਾਈ ਵਾਲੀ ਭੂਮਿਕਾ ਨੂੰ ਦੁਬਾਰਾ ਦੱਸਣਾ ਚਾਹੁੰਦੇ ਹਨ ਤਾਂ ਪ੍ਰਸ਼ਾਸਨ ਨੂੰ ਜਬਰਦਸਤੀ ਇਸ ਗੱਲ ਦੀ ਨਿੰਦਾ ਕਰਨੀ ਚਾਹੀਦੀ ਹੈ ਕਿ ਇਸ ਸਮੇਂ ਭਾਰਤ ਵਿਚ ਕੀ ਹੋ ਰਿਹਾ ਹੈ ? ਸੈਕਟਰੀ ਆਫ ਸਟੇਟ ਬਲਿੰਕੇਨ ਨੇ ਹਾਲ ਹੀ ਵਿਚ ਸੰਯੁਕਤ ਰਾਸ਼ਟਰ ਸੰਮੇਲਨ ਵਿਚ, 'ਲੋਕਤੰਤਰ ਅਤੇ ਮਨੁੱਖੀ ਅਧਿਕਾਰਾਂ ਬਾਰੇ ਸਾਡੇ ਵਿਚਾਰਾਂ ਨੂੰ ਅੱਗੇ ਵਧਾਉਣ ਲਈ' ਅਮਰੀਕੀ ਵਚਨਬੱਧਤਾ ਨੂੰ ਦੁਹਰਾਇਆ। ਜੇ ਇਹ ਮਾਮਲਾ ਹੈ, ਤਾਂ ਭਾਰਤ 'ਤੇ ਸੰਖੇਪ ਚੁੱਪ ਕਿਉਂ ?

ਨਿਊਜਰਸੀ ਅਤੇ ਨਿਊਯਾਰਕ ਸਿੱਖ ਅਮਰੀਕੀ ਭਾਈਚਾਰਿਆਂ ਦੇ ਮੈਂਬਰਾਂ ਦੁਆਰਾ ਕਿਸਾਨੀ ਸੰਘਰਸ਼ ਦੇ





ਸਮਰਥਨ ਵਿਚ ਬੋਲਣ ਅਤੇ ਭਾਰਤ ਵਿਚ ਆਈ ਗੰਭੀਰ ਸਥਿਤੀ ਨੂੰ ਹੱਲ ਕਰਨ ਦੀਆਂ ਵਾਰ-ਵਾਰ ਬੇਨਤੀਆਂ ਦੇ ਬਾਵਜੂਦ, ਮਨੁੱਖੀ ਅਧਿਕਾਰਾਂ ਅਤੇ ਸਮਾਜਿਕ ਨਿਆਂ ਕਾਰਕੁਨਾਂ, ਪੱਤਰਕਾਰਾਂ ਅਤੇ ਸੁਤੰਤਰ ਭਾਸ਼ਣ ਦੇਣ ਵਾਲੇ, ਬਾਇਡੇਨ ਪ੍ਰਸ਼ਾਸਨ ਅਤੇ ਕਾਂਗਰਸ ਦੇ ਕਈ ਮੈਂਬਰਾਂ ਨੇ ਜਿਆਦਾਤਰ ਚੁੱਪੀ ਹੀ ਧਾਰੀ ਹੈ। ਉਨਾਂ ਦੀ ਇਸ ਚੁੱਪ ਤੋਂ ਇਹ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਪ੍ਰਧਾਨ ਮੰਤਰੀ ਮੋਦੀ ਦਾ ਸਾਹਮਣਾ ਕਰਨ ਤੋਂ ਡਰਦੇ ਹੋਏ ਪ੍ਰਤੀਤ ਹੁੰਦੇ ਹਨ। ਹਾਲਾਂਕਿ ਦੋ ਹੋਰ ਸਖ਼ਤ ਆਵਾਜ਼ਾਂ ਨਿਊਜਰਸੀ ਦੇ ਸੈਨੇਟਰ ਰੌਬਰਟ ਮੇਨੈਂਡੇਜ਼ ਅਤੇ ਕੋਰੀ ਬੁਕਰ ਸਨ-ਹੁਣ ਤੱਕ ਸਿਰਫ ਦੋ ਸੈਨੇਟਰ ਹਨ ਜਿਨਾਂ ਨੇ ਭਾਰਤੀ ਰਾਜਦੂਤ ਤਰਨਜੀਤ ਸੰਧੂ ਨੂੰ ਪੱਤਰ ਭੇਜੇ ਹਨ ਜੋ ਇਸ ਮੁੱਦੇ 'ਤੇ ਆਪਣੀ ਚਿੰਤਾ ਜ਼ਾਹਰ ਕਰਦੇ ਹੋਏ ਉਨਾਂ ਨੇ ਕਿਹਾ ਕਿ ਨਿਊਜਰਸੀ ਵਿਚ ਸਿੱਖ ਅਮਰੀਕੀ ਭਾਈਚਾਰੇ ਦੇ ਮੈਂਬਰ ਹੋਣ ਦੇ ਨਾਤੇ, ਸਾਨੂੰ ਪੂਰੀ ਯੂਐਸ ਸਰਕਾਰ ਦੀ ਲੋੜ ਹੈ ਕਿ ਉਹ ਆਪਣੇ ਲੋਕਤੰਤਰੀ ਕਦਰਾਂ ਕੀਮਤਾਂ ਅਤੇ ਵਿਸ਼ਵ-ਵਿਆਪੀ ਸੰਯੁਕਤ ਰਾਜ ਦੀ ਲੀਡਰਸ਼ਿਪ ਨੂੰ ਮੁੜ ਸਥਾਪਤ ਕਰਨ ਲਈ ਵਚਨਬੱਧਤਾ ਨੂੰ ਅਮਲ ਵਿਚ ਲਿਆਉਣ। ਰਾਸ਼ਟਰਪਤੀ ਬਾਈਡਨ ਉਪ ਰਾਸ਼ਟਰਪਤੀ ਹੈਰਿਸ ਅਤੇ ਸੈਕਟਰੀ ਬਲਿੰਕੇਨ ਲਈ ਇਹ ਸਮਾਂ ਆ ਗਿਆ ਹੈ ਕਿ ਲੋਕਤੰਤਰ ਤੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਕਰਦੇ ਹੋਏ ਉਹ ਭਾਰਤੀ ਕਿਸਾਨਾਂ ਨਾਲ ਕੀ ਹੋ ਰਿਹਾ ਹੈ, ਰਾਜ ਦਾ ਕਾਨੂੰਨ, ਬੋਲਣ ਦੀ ਅਜ਼ਾਦੀ ਅਤੇ ਪ੍ਰੈਸ ਦੀ ਅਜ਼ਾਦੀ ਨੂੰ ਅੱਜ ਸਾਰਥਕ ਤੌਰ 'ਤੇ ਪ੍ਰਵਾਨਗੀ ਦੇਣ ਅਤੇ ਪ੍ਰਧਾਨ ਮੰਤਰੀ ਮੋਦੀ ਨੂੰ ਆਪਣੀ ਤਾਨਾਸ਼ਾਹੀ ਨੂੰ ਖ਼ਤਮ ਕਰਨ ਦੇ ਆਦੇਸ਼ ਦੇਣ।

ਕਾਂਗਰਸ ਦੇ ਮੈਂਬਰ ਦਿਖਾ ਸਕਦੇ ਹਨ ਕਿ ਉਹ ਲੋਕਤੰਤਰੀ ਸਿਧਾਂਤਾਂ ਅਤੇ ਭਾਰਤੀ ਕਿਸਾਨਾਂ ਦੇ ਨਾਲ ਭਾਰਤ ਵਿਚ ਮੌਜੂਦਾ ਸਿਆਸਤੀ ਖੇਡ ਸਥਿਤੀ ਬਾਰੇ ਸੁਣਵਾਈ ਕਰਕੇ, ਇਕ ਮਤਾ ਪਾਸ ਕਰਕੇ, ਭਾਰਤ ਸਰਕਾਰ ਦੀ ਕਰਤੂਤ ਬਾਰੇ ਆਪਣੀ ਨਾਰਾਜ਼ਗੀ ਜ਼ਾਹਰ ਕਰਨ। ਬੇਸ਼ੱਕ ਕੁਝ ਮੈਬਰ ਵਿਰੋਧ ਕਰ ਵੀ ਰਹੇ ਹਨ ਜਿਨਾਂ ਵਿਚੋਂ ਨੋਰਵਿਚ : ਯੂ.ਐੱਸ ਦੇ ਕਾਂਗਰਸ ਮੈਂਬਰ ਜੋਅ ਕੋਰਟਨੀ ਨੇ ਭਾਰਤ ਵਿਚ ਚੱਲ ਰਹੇ ਕਿਸਾਨਾਂ ਦੇ ਵਿਰੋਧ ਪ੍ਰਦਰਸ਼ਨ ਦੇ ਮੁੱਦੇ 'ਤੇ ਸਿੱਖ ਆਰਟ ਗੈਲਰੀ ਦੇ ਡਾਇਰੈਕਟਰ ਸਵਰਨਜੀਤ ਸਿੰਘ ਖਾਲਸਾ ਨੂੰ ਆਪਣਾ ਜਵਾਬ ਭੇਜਿਆ। ਕਿ ਜੋ ਵੀ ਭਾਰਤ ਵਿਚ ਚੱਲ ਰਿਹਾ ਹੈ ਉਹ ਸਹੀ ਨਹੀ ਹੈ। ਲੋਕਤੰਤਰੀ ਦੇਸ਼ ਵਿਚ ਅਜਿਹਾ ਹੋਣਾ ਚਿੰਤਾ ਦਾ ਵਿਸ਼ਾ ਹੈ। ਭਾਰਤੀ ਕਿਸਾਨਾਂ ਦਾ ਵਿਰੋਧ ਅਤੇ ਸਰਕਾਰ ਦੀ ਸਖਤ ਪ੍ਰਤੀਕ੍ਰਿਆ ਇਕ ਵਿਸ਼ਵਵਿਆਪੀ ਮੁੱਦਾ ਬਣ ਗਿਆ ਹੈ, ਜਿਸ ਨੂੰ ਵਿਸ਼ਵ ਦੇਖ ਰਿਹਾ ਹੈ। ਯੂਨਾਈਟਿਡ ਸਟੇਟ ਸਰਕਾਰ ਕੋਲ ਹੁਣ ਆਪਣੀਆਂ ਕਦਰਾਂ ਕੀਮਤਾਂ ਨੂੰ ਅਮਲ ਵਿੱਚ ਲਿਆਉਣ ਅਤੇ ਆਪਣੇ ਆਪ ਨੂੰ ਇੱਕ ਨੈਤਿਕ ਆਗੂ ਅਤੇ ਲੋਕਤੰਤਰ ਅਤੇ ਮਨੁੱਖੀ ਅਧਿਕਾਰਾਂ ਦੀ ਚੈਂਪੀਅਨ ਵਜੋਂ ਸਥਾਪਤ ਕਰਨ ਦਾ ਮੌਕਾ ਹੈ। ਜੇਕਰ ਬਾਇਡਨ ਪ੍ਰਸ਼ਾਸ਼ਨ ਕਿਸਾਨਾਂ ਦੇ ਸਮਰਥਨ ਵਿਚ ਆ ਜਾਂਦਾ ਹੈ ਤਾਂ ਪੂਰਾ ਵਿਸ਼ਵ ਇਸ ਗੱਲ ਦਾ ਸਮਰਥਨ ਕਰੇਗਾ।

ਦੱਸਣਯੋਗ ਹੈ ਕਿ ਕਿਸਾਨਾਂ ਨੇ ਅੱਤ ਦੀ ਠੰਢ ਵੀ ਦਿੱਲੀ ਦੀਆਂ ਬਰੂਹਾਂ 'ਤੇ ਕੱਢੀ ਸੀ ਤੇ ਹੁਣ ਅੱਤ ਦੀ ਗਰਮੀ ਕੱਢਣ ਲਈ ਵੀ ਆਪਣੇ ਹੱਕਾਂ ਲਈ ਸੰਘਰਸ਼ ਕਰ ਰਹੇ ਹਨ। ਜੇਕਰ ਅੱਜ ਦੀ ਭਾਰਤੀ ਸਥਿਤੀ ਨੂੰ ਵੇਖਿਆ ਜਾਵੇ ਤਾਂ ਇਹ ਲੋਕਤੰਤਰੀ ਘੱਟ ਅਤੇ ਤਾਨਾਸ਼ਾਹੀ ਵਾਲੀ ਵੱਧ ਨਜ਼ਰ ਆਉਂਦੀ ਹੈ।

# ਕਿਸਾਨੀ ਚੁਣੌਤੀਆਂ ਦੂਰ ਕਰਨ ਲਈ ਘੱਟੋ-ਘੱਟ ਸਮਰਥਨ ਮੁੱਲ ਤੇ ਮੰਡੀਕਰਨ ਜ਼ਰੂਰੀ

**ਡਾ. ਸਿਕੰਦਰ ਸਿੰਘ**

ਫ਼ਸਲੀ ਵਿਭਿੰਨਤਾ ਨੂੰ ਕਿਸਾਨਾਂ ਦੀਆਂ ਦਰਪੇਸ਼ ਚੁਣੌਤੀਆਂ ਦੂਰ ਕਰਨ ਲਈ ਇਕ ਮਹੱਤਪੂਰਨ ਨੀਤੀ ਮੰਨਿਆ ਜਾ ਸਕਦਾ ਹੈ। ਫ਼ਸਲੀ ਵਿਭਿੰਨਤਾ ਦਾ ਅਰਥ ਹੈ ਉੱਚ ਮੁੱਲ ਅਤੇ ਵਧੇਰੇ ਲਾਭ ਵਾਲੀਆਂ ਜ਼ਿਆਦਾ ਫ਼ਸਲਾਂ ਉਗਾਉਣਾ। ਫ਼ਸਲੀ ਵਿਭਿੰਨਤਾ ਦੇ ਹੱਕ ਵਿਚ ਪ੍ਰਮੁੱਖ ਦਲੀਲਾਂ ਇਹ ਹਨ-ਖੇਤੀਬਾੜੀ ਆਮਦਨੀ ਨੂੰ ਵਧਾਉਣਾ, ਵਧੇਰੇ ਰੁਜ਼ਗਾਰ ਪੈਦਾ ਕਰਨਾ, ਲੰਬੇ ਸਮੇਂ ਲਈ ਖੇਤੀਬਾੜੀ ਆਮਦਨ ਨੂੰ ਸਥਿਰ ਕਰਨਾ ਅਤੇ ਕੁਦਰਤੀ ਸਰੋਤਾਂ ਦੀ ਰੱਖਿਆ ਕਰਨਾ। ਬਹੁਤ ਸਾਰੇ ਦੇਸ਼ਾਂ ਵਿਚ ਫ਼ਸਲੀ ਵਿਭਿੰਨਤਾ ਨੂੰ ਖੇਤੀਬਾੜੀ ਸੈਕਟਰ ਦੇ ਮੁਨਾਫ਼ੇ ਅਤੇ ਸਥਿਰਤਾ ਵਿਚ ਵਾਧਾ ਕਰਨ ਲਈ ਸੁਧਾਰਾਂ ਨੂੰ ਇਕ ਤਰੀਕੇ ਵਜੋਂ ਅਪਣਾਇਆ ਗਿਆ ਹੈ। ਇਸ ਸਮੇਂ ਪੰਜਾਬ ਵਿਚ ਜ਼ਿਆਦਾਤਰ ਖੇਤੀਯੋਗ ਰਕਬਾ ਕਣਕ ਤੇ ਝੋਨੇ ਦੀਆਂ ਫ਼ਸਲਾਂ ਹੇਠਾਂ ਹੈ।

ਇਨਾਂ ਫ਼ਸਲਾਂ ਦਾ ਯਕੀਨੀ ਮੰਡੀਕਰਨ ਤੇ ਘੱਟੋ-ਘੱਟ ਸਮਰਥਨ ਮੁੱਲ ਹੋਣ ਕਰਕੇ, ਕਿਸਾਨ ਇਹ ਫ਼ਸਲਾਂ ਉਗਾਉਣ ਨੂੰ ਤਰਜੀਹ ਦਿੰਦਾ ਹੈ। ਜੇਕਰ ਕਿਸਾਨ ਇਨਾਂ ਫ਼ਸਲਾਂ ਤੋਂ ਇਲਾਵਾ ਕੋਈ ਹੋਰ ਫ਼ਸਲ ਉਗਾਉਣ ਬਾਰੇ ਸੋਚਦਾ ਹੈ ਤਾਂ ਉਪਜ ਦਾ ਘੱਟੋ-ਘੱਟ ਸਮਰਥਨ ਮੁੱਲ 'ਤੇ ਯਕੀਨੀ ਮੰਡੀਕਰਨ ਨਾ ਹੋਣ ਕਰਕੇ ਉਹ ਉਸ ਫ਼ਸਲ ਤੋਂ ਚੰਗਾਂ ਮੁਨਾਫ਼ਾ ਨਹੀਂ ਕਮਾ ਸਕਦਾ, ਮੁਨਾਫ਼ਾ ਤਾਂ ਦੂਰ ਦੀ ਗੱਲ ਹੈ ਕਈ ਵਾਰੀ ਤਾਂ ਕਿਸਾਨ ਨੂੰ ਫ਼ਸਲ ਦੀ ਉਪਜ ਸੜਕਾਂ 'ਤੇ ਸੁਟਣ ਲਈ ਵੀ ਮਜਬੂਰ ਹੋਣਾ ਪੈਂਦਾ ਹੈ। ਦੂਜੇ ਪਾਸੇ ਲਗਾਤਾਰ ਝੋਨੇ ਤੇ ਕਣਕ ਦੀਆਂ ਫ਼ਸਲਾਂ ਉਗਾਉਣ ਨਾਲ ਮਿੱਟੀ ਦੀ ਉਪਜਾਊ ਸ਼ਕਤੀ ਲਗਾਤਾਰ ਘਟ ਰਹੀ ਹੈ ਅਤੇ ਝੋਨੇ ਦੀ ਫ਼ਸਲ ਲਈ ਪਾਣੀ ਦੀ ਬਹੁਤ ਜ਼ਿਆਦਾ ਵਰਤੋਂ ਕਰਨ ਨਾਲ ਧਰਤੀ ਹੇਠਲੇ ਪਾਣੀ ਦੇ ਸਰੋਤਾਂ ਵਿਚ ਵੀ ਕਮੀ ਆ ਰਹੀ ਹੈ। ਮਾਲਵੇ ਦੇ ਕਈ ਇਲਾਕਿਆਂ ਵਿਚ ਧਰਤੀ ਹੇਠਲਾ ਪਾਣੀ 120 ਫੁੱਟ ਤੱਕ ਹੇਠਾਂ ਚਲਾ ਗਿਆ ਹੈ ਜੋ ਕਿ ਭਵਿੱਖ ਵਿਚ ਬਹੁਤ ਹੀ ਖ਼ਤਰਨਾਕ ਸਿੱਧ ਹੋ ਸਕਦਾ ਹੈ। ਜੇ ਪਾਣੀ ਦਾ ਪੱਧਰ ਇਸੇ ਤਰਾਂ ਹੇਠਾਂ ਜਾਂਦਾ ਰਿਹਾ ਤਾਂ ਪੰਜਾਬ ਦੀ ਧਰਤੀ ਨੂੰ ਮਾਰੂਥਲ ਹੋਣ ਤੋਂ ਕੋਈ ਨਹੀਂ ਬਚਾ ਸਕਦਾ। ਇਸ ਕਰਕੇ ਪੰਜਾਬ ਦੇ ਕਿਸਾਨਾਂ ਨੂੰ ਝੋਨੇ ਦੀ ਫ਼ਸਲ ਦਾ ਬਦਲ ਜ਼ਰੂਰ ਲੱਭਣਾ ਪੈਣਾ ਹੈ। ਪਰ ਕਣਕ ਤੇ ਝੋਨੇ ਤੋਂ ਇਲਾਵਾ ਹੋਰ ਫ਼ਸਲਾਂ ਦਾ ਯਕੀਨਨ ਮੰਡੀਕਰਨ ਤੇ ਘੱਟੋ-ਘੱਟ ਸਮਰਥਨ ਮੁੱਲ ਨਾ ਹੋਣ ਕਰਕੇ ਕਿਸਾਨ ਉਨਾਂ ਫ਼ਸਲਾਂ ਨੂੰ ਉਗਾਉਣ ਤੋਂ ਡਰਦਾ ਹੈ। ਇਸ ਕਰਕੇ ਸਰਕਾਰਾਂ ਨੂੰ ਚਾਹੀਦਾ ਹੈ ਕਿ ਜੇ ਉਹ ਕਿਸਾਨੀ ਤੇ ਕੁਦਰਤੀ ਸਰੋਤਾਂ ਨੂੰ ਬਚਾਉਣਾ ਚਾਹੁੰਦੀਆਂ ਹਨ ਤਾਂ ਉਨਾਂ ਨੂੰ ਖੇਤੀਬਾੜੀ ਸੈਕਟਰ ਵਿਚ ਵੱਡੇ ਸੁਧਾਰ ਲਿਆਉਣੇ ਚਾਹੀਦੇ ਹਨ ਤਾਂ ਕਿ ਝੋਨੇ ਤੇ ਕਣਕ ਦੇ ਫ਼ਸਲੀ ਚੱਕਰ ਨੂੰ ਤੋੜਿਆ ਜਾ ਸਕੇ ਅਤੇ ਹੋਰ ਫ਼ਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ ਤੈਅ ਕੀਤੇ ਜਾਣ ਤੇ ਉਨਾਂ ਦਾ ਮੰਡੀਕਰਨ ਯਕੀਨੀ ਬਣਾਇਆ ਜਾਵੇ। ਝੋਨੇ ਤੇ ਕਣਕ ਦੇ ਇਸ ਫ਼ਸਲੀ ਚੱਕਰ ਨੂੰ ਤੋੜਨ ਲਈ ਸਰਕਾਰ ਨੇ ਇਕ ਨੀਤੀ ਸ਼ੁਰੂ ਕੀਤੀ ਸੀ ਜਿਸ ਨੂੰ ਕੰਟਰੈਕਟ ਫਾਰਮਿੰਗ ਕਹਿੰਦੇ ਸੀ। ਇਹ ਖੇਤੀਬਾੜੀ ਉਪਜ ਦੇ ਸਿੱਧੇ ਮੰਡੀਕਰਨ ਦਾ ਪ੍ਰਬੰਧ ਸੀ। ਜਿਸ ਵਿਚ ਕਿਸਾਨ ਤੇ ਪ੍ਰਾਈਵੇਟ ਫਰਮਾਂ ਵਿਚਾਲੇ ਕੁਝ ਸਮਝੌਤਿਆਂ ਤਹਿਤ, ਫਰਮਾਂ ਕਿਸਾਨਾਂ ਨੂੰ ਕੁਝ ਸਹੂਲਤਾਂ ਦਿੰਦੀਆਂ ਸਨ ਜਿਵੇਂਕਿ ਸ਼ੁੱਧ ਬੀਜ ਮੁਹੱਈਆ ਕਰਵਾਉਣੇ ਤੇ ਤਕਨੀਕੀ ਸਹਾਇਤਾ ਦੇਣ। ਬਦਲੇ ਵਿਚ ਕਿਸਾਨ ਤੋਂ ਇਕ ਦਿੱਤੇ ਹੋਏ ਸਮੇਂ 'ਤੇ ਵਧੀਆ ਕੁਆਲਟੀ ਦੀ ਉਪਜ ਲੈਣੀ। ਪਰ ਇਸ ਨੀਤੀ ਨੂੰ ਕੋਈ ਬਹੁਤੀ ਸਫਲਤਾ ਨਹੀਂ ਮਿਲੀ ਤੇ ਕਣਕ-ਝੋਨੇ ਦਾ ਫ਼ਸਲੀ ਚੱਕਰ ਉਸੇ ਤਰਾਂ ਬਰਕਰਾਰ ਰਿਹਾ। ਸਮੇਂ-ਸਮੇਂ 'ਤੇ ਖੇਤੀਬਾੜੀ ਵਿਗਿਆਨੀਆਂ ਤੇ ਬੁੱਧੀਜੀਵੀਆਂ ਵਲੋਂ ਕਣਕ-ਝੋਨੇ ਦੇ ਇਸ ਫ਼ਸਲੀ ਚੱਕਰ ਨੂੰ ਤੋੜਨ ਲਈ ਸੁਝਾਅ ਦਿੱਤੇ ਗਏ ਪਰ ਸਮੇਂ ਦੀਆਂ ਸਰਕਾਰਾਂ ਨੇ ਉਨਾਂ ਸੁਝਾਵਾਂ ਨੂੰ ਜ਼ਮੀਨੀ ਪੱਧਰ 'ਤੇ ਲਾਗੂ ਨਹੀਂ ਕੀਤਾ। ਜੇਕਰ ਕਿਸਾਨ ਆਪਣੇ ਪੱਧਰ 'ਤੇ ਹੋਰ ਫ਼ਸਲਾਂ ਉਗਾਉਣ ਦੀ ਕੋਸ਼ਿਸ਼ ਕਰਦੇ ਹਨ ਤਾਂ ਉਨਾਂ ਨੂੰ ਫ਼ਸਲ ਦਾ ਚੰਗਾ ਭਾਅ ਨਹੀਂ ਮਿਲਦਾ। ਇਸੇ ਸੰਦਰਭ ਵਿਚ ਲੇਖਕ ਇਕ ਉਦਾਹਰਨ ਦੇਣਾ ਚਾਹੁੰਦਾ ਹੈ। ਸਾਲ 20 15 ਵਿਚ ਕਿਸਾਨਾਂ ਨੇ ਆਲੂ ਦੀ ਫ਼ਸਲ ਵੱਡੇ ਪੱਧਰ 'ਤੇ ਲਗਾਈ ਅਤੇ ਉਸ ਸਮੇਂ ਆਲੂ ਦੀ ਫ਼ਸਲ ਦਾ ਝਾੜ ਵੀ ਬਹੁਤ ਨਿਕਲਿਆ ਪਰ ਮੰਡੀ ਵਿਚ ਚੰਗਾ ਭਾਅ ਨਾ ਮਿਲਣ ਕਾਰਣ ਮਜਬੂਰਨ ਕਿਸਾਨਾਂ ਨੂੰ ਆਪਣੀ ਇਹ ਫ਼ਸਲ ਸੜਕਾਂ 'ਤੇ ਸੁੱਟਣੀ ਪਈ, ਜੋ ਕਿ ਬਹੁਤ ਹੀ ਮੰਦਭਾਗੀ ਗੱਲ ਸੀ, ਕਿਉਂਕਿ ਜਦੋਂ ਇਕ ਕਿਸਾਨ ਫ਼ਸਲ ਉਗਾਉਂਦਾ ਹੈ ਤਾਂ ਉਹ ਇਸ ਨੂੰ ਆਪਣੇ ਪੁੱਤਾਂ-ਧੀਆਂ ਵਾਂਗ ਪਾਲਦਾ ਹੈ ਤੇ ਜਦੋਂ ਕਿਸਾਨ ਫ਼ਸਲ ਦੀ ਉਪਜ ਇਸ ਤਰਾਂ ਸੁੱਟਣ ਲਈ ਮਜਬੂਰ ਹੋਣ ਜਾਣ ਤਾਂ ਤੁਸੀਂ ਆਪਣੇ ਆਪ ਅੰਦਾਜ਼ਾ ਲਗਾ ਸਕਦੇ ਹੋ ਕਿ ਉਸ ਸਮੇਂ ਇਕ ਕਿਸਾਨ ਦੇ ਮਨ 'ਤੇ ਕੀ ਬੀਤਦੀ ਹੋਵੇਗੀ ?

ਲੇਖਕ ਮਹਿਸੂਸ ਕਰਦਾ ਹੈ ਕਿ ਜੇ ਸਰਕਾਰਾਂ ਅਸਲ ਵਿਚ ਝੋਨੇ-ਕਣਕ ਦੇ ਫ਼ਸਲੀ ਚੱਕਰ ਨੂੰ ਤੋੜ ਕੇ ਫ਼ਸਲੀ ਵਿਭਿੰਨਤਾ ਲਿਆਉਣੀ ਚਾਹੁੰਦੀਆਂ ਹਨ ਤਾਂ ਵਿਭਿੰਨਤਾ ਪੋਰਟਫੋਲਿਓ ਵਿਚ ਅਨੇਕਾਂ ਫ਼ਸਲਾਂ ਨੂੰ ਸ਼ਾਮਿਲ ਕਰਨ ਦੀ ਬਜਾਏ, ਸਰਕਾਰ ਨੂੰ ਵੱਖ-ਵੱਖ ਖੇਤੀ ਮੌਸਮ ਵਾਲੇ ਖੇਤਰਾਂ ਲਈ ਸਰਬੋਤਮ ਫ਼ਸਲਾਂ ਦੇ ਜੋੜਾਂ ਦੀ ਭਾਲ ਕਰਨੀ ਚਾਹੀਦੀ ਹੈ, ਜਿਨਾਂ ਨੂੰ ਸਥਿਰ ਖੇਤੀ ਵਾਧੇ ਲਈ ਸੰਭਾਵਤ ਤੌਰ 'ਤੇ ਉਤਸ਼ਾਹਿਤ ਕੀਤਾ ਜਾ ਸਕੇ। ਉਨਾਂ ਫ਼ਸਲਾਂ ਦਾ ਘੱਟੋ-ਘੱਟ ਸਮਰਥਨ ਮੁੱਲ ਸਰਕਾਰ ਨਿਰਧਾਰਤ ਕਰੇ ਅਤੇ ਮੰਡੀਕਰਨ ਨੂੰ ਯਕੀਨੀ ਬਣਾਵੇ। ਇਸੇ ਨੀਤੀ ਤਹਿਤ ਮਿੱਟੀ ਅਤੇ ਧਰਤੀ ਹੇਠਲੇ ਪਾਣੀ ਦੇ ਆਧਾਰ 'ਤੇ ਪੰਜਾਬ ਰਾਜ ਨੂੰ ਵੱਖ-ਵੱਖ ਜ਼ੋਨਾਂ ਵਿਚ ਵੰਡਿਆ ਜਾਵੇ ਤੇ ਉਨਾਂ ਵਿਚ ਵਾਤਾਵਰਨ ਦੇ ਅਨੁਕੂਲ ਅਲੱਗ-ਅਲੱਗ ਫ਼ਸਲਾਂ ਉਗਾਈਆਂ ਜਾਣ। ਇਸ ਤਰਾਂ ਕਰਨ ਨਾਲ ਸਾਡੇ ਕੋਲ ਦੋ ਤੋਂ ਵੱਧ ਉਪਜਾਂ ਉਪਲਬਧ ਹੋਣਗੀਆਂ ਤੇ ਸਰਕਾਰ ਇਨਾਂ ਸਾਰੀਆਂ ਫ਼ਸਲਾਂ ਦੀਆਂ ਉਪਜਾਂ ਨੂੰ ਚੰਗੇ ਭਾਅ 'ਤੇ ਖ਼ਰੀਦ ਕੇ ਮਹਿੰਗਾਈ 'ਤੇ ਕੰਟਰੋਲ ਕਰ ਸਕਦੀ ਹੈ। ਇਸ ਤਰਾਂ ਨਾਲ ਕਿਸਾਨਾਂ ਦੀ ਆਰਥਿਕ ਹਾਲਤ ਵਿਚ ਵੀ ਸੁਧਾਰ ਹੋਵੇਗਾ ਤੇ ਰਾਜ ਦੀ ਵਿੱਤੀ ਸਥਿਤੀ ਵਿਚ ਵੀ। ਇਸ ਨਾਲ ਕਣਕ-ਝੋਨੇ ਦੇ ਫ਼ਸਲੀ ਚੱਕਰ ਤੋਂ ਛੁਟਕਾਰਾ ਪਾਇਆ ਜਾ ਸਕੇਗਾ ਅਤੇ ਧਰਤੀ ਹੇਠਲੇ ਪਾਣੀ ਨੂੰ ਵੀ ਬਚਾਇਆ ਜਾ ਸਕਦਾ ਹੈ ਜੋ ਕਿ ਦਿਨ ਪ੍ਰਤੀ ਦਿਨ ਹੇਠਾਂ ਜਾ ਰਿਹਾ ਹੈ। ਇਸ ਤਰਾਂ ਅਲੱਗ-ਅਲੱਗ ਫ਼ਸਲਾਂ ਉਗਾਉਣ ਨਾਲ ਮਿੱਟੀ ਦੀ ਉਪਜਾਊ ਸ਼ਕਤੀ ਨੂੰ ਵੀ ਬਰਕਰਾਰ ਰੱਖਿਆ ਜਾ ਸਕਦਾ ਹੈ। ਇਹ ਸਭ ਕੁਝ ਤਾਂ ਹੀਂ ਸੰਭਵ ਹੋ ਸਕਦਾ ਹੈ ਜੇਕਰ ਸਰਕਾਰਾਂ ਇਨਾਂ ਨੀਤੀਆਂ ਨੂੰ ਚੰਗੀ ਤਰਾਂ ਜ਼ਮੀਨੀ ਪੱਧਰ 'ਤੇ ਲਾਗੂ ਕਰਨ ਅਤੇ ਇਨਾਂ ਫ਼ਸਲਾਂ ਲਈ ਸਰਕਾਰੀ ਮੰਡੀਕਰਨ 'ਤੇ ਘੱਟੋ-ਘੱਟ ਸਮਰਥਨ ਮੁੱਲ ਨੂੰ ਯਕੀਨੀ ਬਣਾਉਣ। ਪਰ ਦੂਜੇ ਪਾਸੇ ਭਾਰਤ ਸਰਕਾਰ ਨੇ ਖੇਤੀ ਆਧਾਰਿਤ ਤਿੰਨ ਐਕਟ ਪਾਸ ਕਰ ਦਿੱਤੇ ਹਨ, ਜਿਨਾਂ ਤੋਂ ਬਾਅਦ ਭਵਿੱਖ ਵਿਚ ਘੱਟੋ-ਘੱਟ ਸਮਰਥਨ ਮੁੱਲ 'ਤੇ ਫ਼ਸਲਾਂ ਦੇ ਮੰਡੀਕਰਨ 'ਤੇ ਵੀ ਸਵਾਲੀਆ ਚਿੰਨ ਲੱਗ ਗਿਆ ਹੈ। ਕਿਸਾਨਾਂ ਨੂੰ ਆਪਣੀਆਂ ਕਣਕ-ਝੋਨੇ ਦੀਆਂ ਫ਼ਸਲਾਂ ਦੀ ਖ਼ਰੀਦ ਦੀ ਵੀ ਚਿੰਤਾ ਖੜੀ ਹੋ ਗਈ ਹੈ। ਇਸ ਕਰਕੇ ਪੰਜਾਬ ਦੇ ਕਿਸਾਨਾਂ ਵਲੋਂ ਲਗਾਤਾਰ ਸੰਘਰਸ਼ ਕੀਤਾ ਜਾ ਰਿਹਾ ਹੈ ਤਾਂ ਕਿ ਸਰਕਾਰ ਇਨਾਂ ਐਕਟਾਂ ਨੂੰ ਵਾਪਸ ਲੈ ਲਵੇ ਅਤੇ ਭਵਿੱਖ ਵਿਚ ਉਨਾਂ ਦੀਆਂ ਫ਼ਸਲਾਂ ਦੀ ਸਰਕਾਰੀ ਖ਼ਰੀਦ ਘੱਟੋ-ਘੱਟੋ ਸਮਰਥਨ ਮੁੱਲ 'ਤੇ ਹੁੰਦੀ ਰਹੇ। ਇਸ ਲਈ ਕੇਂਦਰ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਇਨਾਂ ਐਕਟਾਂ 'ਤੇ ਮੁੜ ਵਿਚਾਰ ਕਰੇ ਤੇ ਕਿਸਾਨਾਂ ਦੀਆਂ ਮੁਸ਼ਕਿਲਾਂ ਨੂੰ ਹੱਲ ਕਰੇ ਅਤੇ ਭਵਿੱਖ ਵਿਚ ਕਿਸਾਨਾਂ ਨੂੰ ਹੋਰ ਬਦਲਵੀਆਂ ਫ਼ਸਲਾਂ ਜਿਵੇਂ ਮੱਕੀ, ਦਾਲਾਂ, ਸਬਜ਼ੀਆਂ ਆਦਿ ਦਾ ਘੱਟੋ-ਘੱਟ ਸਮਰਥਨ ਮੁੱਲ ਤੇ ਯਕੀਨਨ ਮੰਡੀਕਰਨ ਮੁਹੱਈਆ ਕਰਵਾ ਕੇ ਫ਼ਸਲੀ ਵਿਭਿੰਨਤਾ ਲਿਆਉਣ ਵਿਚ ਸਹਾਇਤਾ ਕਰੇ, ਨਹੀਂ ਤਾਂ ਖੇਤੀਬਾੜੀ ਸੈਕਟਰ ਇਕ ਘਾਟੇ ਦਾ ਸੌਦਾ ਬਣ ਕੇ ਰਹਿ ਜਾਵੇਗਾ ਤੇ ਕਿਸਾਨਾਂ ਦੀਆਂ ਮੁਸ਼ਕਿਲਾਂ ਵਿਚ ਦਿਨੋ-ਦਿਨ ਵਾਧਾ ਹੋਵੇਗਾ। ਇਸ ਨਾਲ ਖੇਤੀ ਉਤਪਾਦਨ ਵਿਚ ਗਿਰਾਵਟ ਆਵੇਗੀ ਅਤੇ ਮੁਲਕ ਅੱਗੇ ਨਵੀਆਂ ਮੁਸ਼ਕਲਾਂ ਖੜੀਆਂ ਹੋ ਸਕਦੀਆਂ ਹਨ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
Quomantry AMRITSAR TIMES

23 ਅਪ੍ਰੈਲ 2021 ਤੋਂ 29 ਅਪ੍ਰੈਲ 2021

# ਮੌਤ ਦਾ ਡਰ ਅਤੇ ਸਿਆਸਤ

ਡਰ ਸਾਰੀ ਉਮਰ ਬੰਦੇ ਦੇ ਨਾਲ ਨਾਲ ਤੁਰਦਾ ਹੈ। ਕਿਸੇ ਨੂੰ ਘਰ ਪਰਿਵਾਰ ਦਾ ਡਰ, ਕਿਸੇ ਨੂੰ ਹੋਰ ਪੂੰਜੀ ਖੁੱਸ ਜਾਣ ਦਾ ਡਰ, ਆਪਣੇ ਕੀਤੇ ਕੰਮਾਂ/ਪਾਪਾਂ ਦਾ ਡਰ ਅਤੇ ਸਭ ਤੋਂ ਅਹਿਮ ਮੌਤ ਦਾ ਡਰ। ਵਿਰਲੇ ਮਨੁੱਖ ਅਕਾਲ ਪੁਰਖ ਦੀ ਕਿਰਪਾ ਸਦਕਾ ਮੌਤ ਦੇ ਡਰ ਤੋਂ ਰਹਿਤ ਹੁੰਦੇ ਹਨ ਨਹੀਂ ਤਾਂ ਮੌਤ ਦਾ ਡਰ ਬੰਦੇ ਉੱਤੇ ਅਜਿਹਾ ਅਸਰ ਪਾਉਂਦਾ ਹੈ ਕਿ ਬੰਦਾ ਆਪਣੇ ਗੁਰੂ ਤੋਂ ਵੀ ਬੇਮੁੱਖ ਹੋ ਜਾਂਦਾ ਹੈ। ਦੁਨੀ ਚੰਦ ਨੇ ਮੌਤ ਦੇ ਡਰੋਂ ਗੁਰੂ ਤੇ ਭਰੋਸਾ ਨਾ ਕੀਤਾ, ਜੇ ਕਰਦਾ ਤਾਂ ਹਾਥੀ 'ਤੇ ਫਤਹਿ ਵੀ ਪਾ ਲੈਂਦਾ ਪਰ ਉਹ ਮੌਤ ਤੋਂ ਭੱਜਿਆ, ਭੱਜਦੇ ਨੇ ਲੱਤ ਤੜਾਈ, ਪਿੰਡ ਜਾ ਕੇ ਲੋਕਾਂ ਦੇ ਮਿਹਣੇ ਸਹੇ ਅਤੇ ਅੰਤ ਸੱਪ ਲੜਨ ਨਾਲ ਮਰ ਗਿਆ। ਦਸਵੇਂ ਪਾਤਸ਼ਾਹ ਨੇ ਜਦੋਂ 'ਫੱਤੇ' ਨੰਬਰਦਾਰ ਨੂੰ ਘੋੜੀ ਲਿਆਉਣ ਲਈ ਕਿਹਾ ਤਾਂ ਉਹਨੇ ਸਰਕਾਰ ਅਤੇ ਮੌਤ ਦੇ ਡਰ ਤੋਂ ਘੋੜੀ ਦੇਣ ਤੋਂ ਮਨਾ ਕਰ ਦਿੱਤਾ। ਘਰ ਜਾ ਕੇ ਦੇਖਿਆ ਘੋੜੀ ਸੱਪ ਲੜਨ ਨਾਲ ਮਰੀ ਪਈ ਹੈ। ਅਗਲੇ ਦਿਨ 'ਫੱਤਾ' ਆਪ ਵੀ ਸੱਪ ਲੜਨ ਨਾਲ ਮਰ ਜਾਂਦਾ ਹੈ। ਜਿਸ ਮੌਤ ਦੇ ਡਰੋਂ ਬੰਦੇ ਗੁਰੂ ਤੋਂ ਬੇਮੁੱਖ ਹੋਏ ਓਹਨੇ ਤਾਂ ਵੈਸੇ ਵੀ ਇਕ ਦਿਨ ਆਉਣਾ ਹੀ ਸੀ, ਤੇ ਉਹ ਆ ਗਈ ਪਰ ਇਸਦਾ ਡਰ ਐਨਾ ਭੈੜਾ ਹੁੰਦਾ ਹੈ ਕਿ ਇਹਦੀ ਲਪੇਟ 'ਚ ਆਇਆ ਬੰਦਾ ਕੁਝ ਵੀ ਕਰ ਸਕਦਾ ਹੈ, ਕਿਸੇ ਵੀ ਹੱਦ ਤੱਕ ਜਾ ਸਕਦਾ ਹੈ, ਬੇਬੱਸ ਹੋ ਜਾਂਦਾ ਹੈ ਅਤੇ ਇਹੀ ਡਰ ਬੰਦੇ ਨੂੰ ਗੁਲਾਮੀ ਵੱਲ ਲੈ ਕੇ ਜਾਂਦਾ ਹੈ, ਖਾਸਕਰ ਮਾਨਸਿਕ ਗੁਲਾਮੀ ਵੱਲ।

ਜਦੋਂ ਵੱਡਾ ਹਿੱਸਾ ਇਸ ਡਰ ਅੱਗੇ ਬੇਬੱਸ ਹੋਵੇ ਅਤੇ ਬਦਕਿਸਮਤੀ ਨੂੰ ਉਹ ਲੋਕ ਉੱਥੇ ਹੋਣ ਜਿੱਥੋਂ ਦੀ ਸਿਆਸਤ ਬੇਈਮਾਨ, ਪੱਖਪਾਤੀ ਅਤੇ ਜ਼ਾਲਮ ਬੰਦਿਆਂ ਦੇ ਹੱਥ ਹੋਵੇ, ਫਿਰ ਸਿਆਸਤ ਹੱਸਦੀ ਹੈ, ਜ਼ੋਰ ਦੀ ਹੱਸਦੀ ਹੈ ਅਤੇ ਇਸ ਵਰਤਾਰੇ ਦਾ ਲਾਹਾ ਲੈਂਦੀ ਹੈ। 'ਅੰਨ੍ਹਾ ਕੀ ਭਾਲੇ, ਦੋ ਅੱਖਾਂ' ਵਾਲੀ ਗੱਲ ਹੋ ਜਾਂਦੀ ਹੈ। ਅੰਨ੍ਹੀ ਸਿਆਸਤ ਨੂੰ ਡਰੇ ਹੋਏ ਬੰਦੇ ਦੋ ਅੱਖਾਂ ਵਾਂਙ ਮਿਲਦੇ ਹਨ, ਫਿਰ ਸਿਆਸਤ ਆਪਣੇ ਜੋੜ ਤੋੜ ਕਰਦੀ ਹੈ। ਬੰਦੇ ਦਾ ਜੋ ਡਰ ਮੌਤ ਤੋਂ ਹੁੰਦਾ ਹੈ ਸਿਆਸਤ ਓਹਨੂੰ ਆਪਣੇ ਰਾਹੀਂ ਕਰ ਲੈਂਦੀ ਹੈ ਅਤੇ ਫਿਰ ਮਨ ਆਈਆਂ ਕਰਦੀ ਹੈ। ਬੰਦੇ ਨੂੰ ਵਾਰ ਵਾਰ ਓਹਦੇ ਡਰ ਤੋਂ ਜਾਣੂ ਕਰਵਾਇਆ ਜਾਂਦਾ ਹੈ, ਓਹਨੂੰ ਡਰਾਇਆ ਜਾਂਦਾ ਹੈ ਅਤੇ ਓਸੇ ਡਰ ਵਿੱਚ ਰੱਖਣ ਦੇ ਯਤਨ ਕੀਤੇ ਜਾਂਦੇ ਹਨ। ਸਿਆਸਤ ਕਹਿੰਦੀ ਹੈ ਕਿ ਹੱਕ ਸੱਚ ਇਨਸਾਫ ਦੀ ਗੱਲ ਮੇਰੇ ਬਣਾਏ ਅਸੂਲਾਂ ਮੁਤਾਬਿਕ ਹੀ ਹੋਵੇ, ਜੇ ਇਸ ਤੋਂ ਬਾਹਰ ਹੋਵੇਗੀ ਫਿਰ ਮੈਂ ਆਪਣੇ ਰੰਗ ਦਿਖਾਵਾਂਗੀ। ਡਰਿਆ ਬੰਦਾ ਅਧੀਨਗੀ ਕਬੂਲ ਲੈਂਦਾ ਹੈ, ਆਪਣਾ ਝੰਡਾ ਛੱਡ ਦਿੰਦਾ ਹੈ, ਅਜਿਹੀ ਸਿਆਸਤ ਦੇ ਅਸੂਲਾਂ ਹੇਠ ਆਪਣੇ ਅਮਲ ਕਰਦਾ ਹੈ, ਹੌਲੀ ਹੌਲੀ ਇੰਨਾ ਆਦੀ ਹੋ ਜਾਂਦਾ ਹੈ ਕਿ ਇਹ ਸਭ ਸਹਿਜ ਵਿੱਚ ਹੋਣ ਲੱਗ ਪੈਂਦਾ ਹੈ ਅਤੇ ਇਹੀ ਸੱਚ ਜਾਪਣ ਲੱਗ ਪੈਂਦਾ ਹੈ। ਸਿਆਸਤ ਅਤੇ ਡਰੇ ਬੰਦੇ ਦਾ ਬਿਨ੍ਹਾਂ ਲਿਖਤੀ, ਬਿਨ੍ਹਾਂ ਐਲਾਨ, ਬਿਨ੍ਹਾਂ ਸ਼ਰਤ ਅਤੇ ਬਿਨ੍ਹਾਂ ਗੱਲਬਾਤ ਸਮਝੌਤਾ ਹੋ ਜਾਂਦਾ ਹੈ। ਜਿਸ ਗੱਲ ਤੋਂ ਵੀ ਲੋਕਾਂ ਨੂੰ ਆਪਣੀ ਜਾਨ ਅਤੇ ਮਾਲ ਦਾ ਡਰ ਹੋਵੇ ਸਿਆਸਤ ਓਹਨੂੰ ਉਛਾਲ ਦੀ ਹੈ, ਆਪਣੀ ਮਸ਼ੀਨਰੀ ਅਤੇ ਸਾਧਨਾਂ ਰਾਹੀਂ ਵੱਡਾ ਕਰ ਕੇ ਵਿਖਾਉਂਦੀ ਹੈ। ਅਜਿਹੇ ਮੌਕੇ ਜੇਕਰ ਨਾ ਬਣਨ ਤਾਂ ਸਿਆਸਤ ਖੁਦ ਬਣਾ ਲੈਂਦੀ ਹੈ ਅਤੇ ਜੇਕਰ ਬਣੇ ਬਣਾਏ ਮਿਲ ਜਾਣ ਫਿਰ ਤਾਂ ਰੀਸਾਂ ਹੀ ਕੀ।

ਕੁਝ ਗੱਲਾਂ ਅਜਿਹੀ ਸਿਆਸਤ ਲਈ ਵੀ ਡਰ ਹੁੰਦੀਆਂ ਹਨ ਜਿਵੇਂ ਉੱਥੋਂ ਦੇ ਢਾਂਚੇ ਨੂੰ ਕੋਈ ਵੰਗਾਰੇ ਅਤੇ ਸੋਧਣ ਦੇ ਅਮਲ ਕਰੇ, ਸਭ ਦੇ ਭਲੇ ਦੀ ਗੱਲ ਕਰੇ, ਇਨਸਾਫ ਦੀ ਗੱਲ ਕਰੇ ਆਦਿ। ਇਹ ਗੱਲਾਂ ਪੱਖਪਾਤੀ ਅਤੇ ਜ਼ਾਲਮ ਬੰਦਿਆਂ ਨੂੰ ਕਿਵੇਂ ਪਚਣ? ਇਸੇ ਲਈ ਸਿਆਸਤ ਤਲਖੀ ਵਿੱਚ ਆਉਂਦੀ ਹੈ ਅਤੇ ਜੋ ਵੀ ਸੰਭਵ ਹੋਵੇ ਉਹ ਕਰਦੀ ਹੈ, ਬਾਗੀਆਂ ਨੂੰ ਤਸੀਹੇ ਦਿੰਦੀ ਹੈ, ਬਦਨਾਮ ਕਰਦੀ ਹੈ ਅਤੇ ਬਾਕੀਆਂ ਨੂੰ ਇਸ ਅਮਲ ਰਾਹੀਂ ਡਰਾਉਂਦੀ ਹੈ ਅਤੇ ਦੇਸ਼ ਭਗਤੀ ਦੇ ਪਾਠ ਪੜ੍ਹਾਉਂਦੀ ਹੈ। ਕੁਝ ਗੱਲਾਂ ਤੋਂ ਬੰਦੇ ਆਪਣੀ ਕਿਸੇ ਘਾਟ ਕਰਕੇ ਵੀ ਡਰਦੇ ਹੁੰਦੇ ਹਨ, ਉਹਨਾਂ ਗੱਲਾਂ ਨੂੰ ਇਹ ਸਿਆਸਤ ਆਪਣੇ ਹਥਿਆਰ ਵਜੋਂ ਵਰਤਦੀ ਹੈ ਅਤੇ ਸਮੇਂ ਸਮੇਂ ਉੱਤੇ ਓਹਦਾ ਡਰਾਵਾ ਦਿੰਦੀ ਹੈ ਅਤੇ ਬੰਦਿਆਂ ਨੂੰ ਅਪਾਹਜ ਬਣਾ ਕੇ ਰੱਖਦੀ ਹੈ। ਕੁਝ ਗੱਲਾਂ ਕੁਦਰਤੀ ਆਫ਼ਤ ਦੇ ਰੂਪ ਵਿੱਚ ਸਮਾਜ ਅੱਗੇ ਆ ਖੜਦੀਆਂ ਹਨ ਜੋ ਹਰ ਕਿਸੇ ਲਈ ਮੁਸ਼ਕਲ ਦਾ ਸਬੱਬ ਬਣਦੀਆਂ ਹਨ, ਅਜਿਹੇ ਵਿੱਚ ਇਸ ਮੁਸ਼ਕਲ ਘੜੀ ਨਾਲ ਨਜਿੱਠਣ ਅਤੇ ਇਹਦੇ ਹੱਲ ਲਈ ਬਣਦੇ ਸਹੀ ਕਦਮ ਚੁੱਕਣ ਦੀ ਥਾਂ ਸਿਆਸਤ ਇਸ ਮੁਸ਼ਕਲ ਦਾ ਲਾਹਾ ਲੈਂਦੀ ਹੈ। ਲੋਕਾਂ ਉੱਤੇ ਸਦਮਾ ਸਿਧਾਂਤ ਦੀ ਵਰਤੋਂ ਕਰ ਆਪਣੀਆਂ ਘਟੀਆ ਨੀਤੀਆਂ ਨੂੰ ਲਾਗੂ ਕਰਦੀ ਹੈ ਅਤੇ ਲਗਾਤਾਰ ਬੰਦਿਆਂ ਨੂੰ ਇਹਦੇ ਡਰ ਵਿੱਚ ਰੱਖਣ ਲਈ ਆਪਣੇ ਸਾਧਨਾਂ ਰਾਹੀਂ ਇਸ ਕੁਦਰਤੀ ਆਫ਼ਤ ਨੂੰ ਵੱਡਾ ਡਰ ਬਣਾ ਕੇ ਪੇਸ਼ ਕਰਦੀ ਹੈ। ਮੌਤਾਂ ਦੀ ਗਿਣਤੀ ਅਤੇ ਹੋਰ ਡਰਾਉਣੀਆਂ ਗੱਲਾਂ ਨੂੰ ਵੱਡੇ ਗੂੜੇ ਅੱਖਰ ਨਸੀਬ ਹੁੰਦੇ ਹਨ। ਚੀਕਿਆ ਜਾਂਦਾ ਹੈ ਕਿ ਇਹ ਜੰਗ ਹੈ ਪਰ ਲੜਨ ਲਈ ਨਹੀਂ ਕਿਹਾ ਜਾਂਦਾ, ਲੜਨ ਦੇ ਨਾਮ ਉੱਤੇ ਡਰਨ ਲਈ ਕਿਹਾ ਜਾਂਦਾ ਹੈ, ਹੌਸਲਾ ਨਹੀਂ ਦਿੱਤਾ ਜਾਂਦਾ ਸਗੋਂ ਮੌਤ ਦਿਖਾਈ ਜਾਂਦੀ ਹੈ।

ਇਹ ਸਭ ਕੁਝ ਇਸੇ ਤਰ੍ਹਾਂ ਲਗਾਤਾਰ ਤੇਜ਼ੀ ਨਾਲ ਵੱਧਦਾ ਰਹਿੰਦਾ ਹੈ। ਕੂੱਲ ਲੁਕਾਈ ਮੌਤ ਦੇ ਡਰ ਤੋਂ ਮੁਕਤ ਹੋ ਜਾਵੇ ਜਾਂ ਕੋਈ ਅਜਿਹੀ ਗੱਲ ਨਾ ਕਰੇ ਜਿਸ ਦਾ ਡਰ ਦੇ ਕੇ ਅਜਿਹੀ ਸਿਆਸਤ ਲਾਹਾ ਲੈ ਸਕੇ, ਇਹ ਤਾਂ ਸ਼ਾਇਦ ਕਦੀ ਵੀ ਸੰਭਵ ਨਾ ਹੋਵੇ, ਇਕਦਮ ਤਾਂ ਬਿਲਕੁਲ ਵੀ ਨਹੀਂ ਪਰ ਘੱਟੋ ਘੱਟ ਇਸ ਵਰਤਾਰੇ ਨੂੰ ਸਮਝਣ ਦੇ ਯਤਨ ਜ਼ਰੂਰ ਕਰਨੇ ਚਾਹੀਦੇ ਹਨ, ਵਿਚਾਰਾਂ ਹੋਣੀਆਂ ਚਾਹੀਦੀਆਂ ਹਨ, ਸਵੈ ਪੜਚੋਲ ਹੋਣੀ ਚਾਹੀਦੀ ਹੈ ਅਤੇ ਆਪੋ ਆਪਣੀ ਸਮਰੱਥਾ ਅਨੁਸਾਰ ਸਾਵਧਾਨੀਆਂ ਵਰਤ ਕੇ ਸੰਭਵ ਕਦਮ ਪੁੱਟਣੇ ਚਾਹੀਦੇ ਹਨ ਤਾਂ ਕਿ ਇਸ ਡਰ ਉੱਤੇ ਸਿਆਸਤ ਦੀ ਪਕੜ ਢਿੱਲੀ ਕੀਤੀ ਜਾ ਸਕੇ ਨਹੀਂ ਤਾਂ ਇਸ ਡਰ ਦਾ ਲਾਹਾ ਸਿਆਸਤ ਨੇ ਇਸੇ ਤਰ੍ਹਾਂ ਲੈਂਦੇ ਰਹਿਣਾ ਹੈ ਅਤੇ ਲੋਕਾਂ ਨੂੰ ਇਸ ਡਰ ਦੇ ਖੇਡੇ ਵਿੱਚ ਪਾ ਕੇ ਆਪਣੀਆਂ ਨਾਕਾਮੀਆਂ ਨੂੰ ਲੁਕਾਉਂਦੇ ਰਹਿਣਾ ਹੈ।

# ਅਮਰੀਕਾ ਵਿਚ ਪੰਜਾਬੀ ਫਿਰ ਨਸਲਵਾਦ ਦਾ ਸ਼ਿਕਾਰ






**ਰਜਿੰਦਰ ਸਿੰਘ ਪੁਰੇਵਾਲ**

ਅਮਰੀਕਾ ਵਿਚ ਪੰਜਾਬੀ ਖਾਸ ਕਰਕੇ ਫਿਰ ਨਸਲਵਾਦ ਦਾ ਸ਼ਿਕਾਰ ਹੋਣ ਲਗ ਪਏ ਹਨ।ਇਹ ਵਰਤਾਰਾ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਨਸਲੀ ਨੀਤੀਆਂ ਕਾਰਨ ਵਾਪਰਿਆ ਹੈ। ਫੈੱਡਐਕਸ ਕਾਰਪੋਰੇਸ਼ਨ ਜਿਹੜੀ ਪਹਿਲਾਂ ਫੈਡਰਲ ਐਕਸਪ੍ਰੈੱਸ ਕਾਰਪੋਰੇਸ਼ਨ ਕਹਿਲਾਉਂਦੀ ਸੀ, ਅਮਰੀਕਾ ਦੀ ਕਾਰਪੋਰੇਟ ਬਹੁ-ਰਾਸ਼ਟਰੀ ਕੰਪਨੀ ਹੈ। ਇਹ ਹਵਾਈ ਜਹਾਜ਼ਾਂ ਅਤੇ ਹੋਰ ਸਾਧਨਾਂ ਰਾਹੀਂ ਵਸਤਾਂ ਭੇਜਣ ਤੇ ਉਨਾਂ ਨੂੰ ਲੋਕਾਂ ਤੱਕ ਪਹੁੰਚਾਉਣ ਦਾ ਪ੍ਰਬੰਧ ਕਰਦੀ ਹੈ। ਇਹ ਅਮਰੀਕਾ ਦੇ ਸਰਕਾਰੀ ਡਾਕ ਘਰ ਨੂੰ ਵੀ ਸੇਵਾਵਾਂ ਦਿੰਦੀ ਹੈ। ਬੀਤੇ ਵੀਰਵਾਰ ਰਾਤ ਅਮਰੀਕਾ 'ਚ ਇੰਡੀਆਨਾਪੋਲਿਸ ਸਥਿਤ ਇਸ ਦੇ ਕੰਮ ਕਰਨ ਦੇ ਸਥਾਨ 'ਤੇ ਕੰਪਨੀ ਦੇ 19 ਸਾਲਾ ਗੋਰੇ ਸਾਬਕਾ ਕਰਮਚਾਰੀ ਬਰੈਨਡਨ ਹੋਲ ਨੇ ਅੰਨੇਵਾਹ ਗੋਲੀਆਂ ਚਲਾ ਕੇ 8 ਲੋਕਾਂ ਨੂੰ ਮਾਰ ਦਿੱਤਾ। ਉਨਾਂ 'ਚ 4 ਪੰਜਾਬੀ ਹਨ, ਜਿਨਾਂ 'ਚ ਤਿੰਨ ਔਰਤਾਂ ਤੇ ਇਕ ਮਰਦ ਸ਼ਾਮਿਲ ਹੈ। ਇਥੇ ਦੀ ਸ਼ਿਫ਼ਟ ਵਿਚ ਜ਼ਿਆਦਾ ਪੰਜਾਬੀ ਬਜ਼ੁਰਗ ਕੰਮ ਕਰਦੇ ਹਨ। ਇਹ ਵੀ ਪਤਾ ਲੱਗਾ ਹੈ ਕਿ ਇਸ ਫੈਡੇਕਸ ਵੇਅਰਹਾਊਸ 'ਚ 90 ਫ਼ੀਸਦੀ ਪੰਜਾਬੀ ਕੰਮ ਕਰਦੇ ਹਨ। ਮਰਨ ਵਾਲਿਆਂ 'ਚ ਅਮਰਜੀਤ ਕੌਰ ਜੌਹਲ (66), ਜਸਵਿੰਦਰ ਕੌਰ (64), ਅਮਰਜੀਤ ਕੌਰ ਸੇਖੋਂ (48) ਤੇ ਜਸਵਿੰਦਰ ਸਿੰਘ (71) ਜੋ ਹੁਸ਼ਿਆਰਪੁਰ ਜ਼ਿਲੇ ਦੇ ਪਿੰਡ ਕੋਟਲਾ ਨੋਧ ਸਿੰਘ ਦਾ ਵਸਨੀਕ ਸੀ। ਇਸ ਤੋਂ ਇਲਾਵਾ ਬਾਕੀ ਮ੍ਰਿਤਕਾਂ 'ਚ ਜੌਹਨ ਵਿਸਰਥ (74), ਕਾਰਲਿਨ ਸਮਿਥ (19), ਸਮਾਰਿਆ ਬਲੈਕਵਿਲ (19) ਤੇ ਮਾਥਿਵ ਆਰ. ਅਲੈਕਸੈਂਡਰ ਸ਼ਾਮਿਲ ਹਨ। ਜ਼ਖ਼ਮੀਆਂ 'ਚ 2 ਪੰਜਾਬੀ ਔਰਤਾਂ ਤੇ ਇਕ ਮਰਦ ਹਰਪ੍ਰੀਤ ਸਿੰਘ ਗਿੱਲ (45) ਜਿਸ ਦੀ ਅੱਖ 'ਚ ਗੋਲੀ ਲੱਗੀ ਹੈ, ਗੰਭੀਰ ਜ਼ਖ਼ਮੀ ਹੈ। ਹਰਪ੍ਰੀਤ ਸਿੰਘ ਅੰਮ੍ਰਿਤਸਰ ਜ਼ਿਲੇ ਦੇ ਪਿੰਡ ਜਗਦੇਵ ਕਲਾਂ ਦਾ ਵਸਨੀਕ ਹੈ। ਇਨਾਂ ਤਿੰਨਾਂ ਪੰਜਾਬੀਆਂ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ।ਕਰੀਬ 8 ਹਜ਼ਾਰ ਤੋਂ ਵੱਧ ਸਿੱਖ ਇੰਡੀਆਨਾ 'ਚ ਰਹਿੰਦੇ ਹਨ ਤੇ ਉਨਾਂ ਸਮੇਤ ਅਮਰੀਕਾ ਭਰ ਦਾ ਪੰਜਾਬੀ ਭਾਈਚਾਰਾ ਡੂੰਘੇ ਸਦਮੇ ਵਿਚ ਹੈ।

ਜਸਵਿੰਦਰ ਸਿੰਘ (64) ਜੋ ਇਕ ਹਫ਼ਤਾ ਪਹਿਲਾਂ ਹੀ ਇਥੇ ਕੰਮ ਕਰਨ ਲਈ ਆਇਆ ਸੀ ਤੇ ਉਹ ਚੈੱਕ ਲੈਣ ਲਈ ਕਤਾਰ 'ਚ ਮੋਹਰੇ ਹੋ ਕੇ ਖੜ੍ਹਾ ਸੀ, ਜਦੋਂ ਇਹ ਭਾਣਾ ਵਰਤ ਗਿਆ ਤੇ ਗੋਲੀ ਲੱਗਣ ਨਾਲ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਇਕ ਪੰਜਾਬੀ ਪਰਿਵਾਰ ਦੀਆਂ ਦੋ ਔਰਤਾਂ ਦੀ ਮੌਤ ਹੋਈ ਹੈ, ਜੋ ਰਿਸ਼ਤੇ 'ਚ ਨਨਾਣ-ਭਰਜਾਈ ਸਨ। ਗੋਲੀਬਾਰੀ ਤੋਂ ਬਾਅਦ ਉਥੇ ਪਹੁੰਚੇ ਮ੍ਰਿਤਕਾਂ ਤੇ ਜ਼ਖ਼ਮੀਆਂ ਦੇ ਪਰਿਵਾਰਕ ਮੈਂਬਰਾਂ ਨੂੰ ਪੁਲਿਸ ਘਟਨਾ ਸਥਾਨ ਤੋਂ ਥੋੜੀ ਦੂਰ ਇਕ ਹੋਟਲ 'ਚ ਲੈ ਗਈ ਤੇ ਤਸਵੀਰਾਂ ਦਿਖਾ ਕੇ ਮ੍ਰਿਤਕਾਂ ਦੀ ਪਹਿਚਾਣ ਕਰਵਾਈ ਗਈ।

ਪੁਲਿਸ ਅਧਿਕਾਰੀਆਂ ਅਨੁਸਾਰ ਸ਼ੱਕੀ ਹਮਲਾਵਰ ਬਰੈਂਡਨ ਹੋਲ ਨੇ 2020 ਵਿਚ ਫੈੱਡਐਕਸ ਲਈ ਕੰਮ ਕੀਤਾ ਸੀ। ਪੁਲਿਸ ਅਨੁਸਾਰ ਪਿਛਲੇ ਸਾਲ ਉਸਦੀ ਮਾਂ ਦੀ ਸ਼ਿਕਾਇਤ 'ਤੇ ਐੱਫ.ਬੀ.ਆਈ ਵਲੋਂ ਹੋਲ ਦੀ ਜਾਂਚ ਵੀ ਕੀਤੀ ਗਈ ਸੀ। ਉਹ ਪਹਿਲਾਂ ਵੀ ਫੈੱਡਐਕਸ 'ਚ ਕੰਮ ਕਰਦੇ ਸਮੇਂ ਇਕ ਵਾਰ ਗੰਨ ਲੈ ਕੇ ਆਇਆ ਸੀ, ਜਿਸ ਤੋਂ ਬਾਅਦ ਉਸ ਨੂੰ ਕੰਮ ਤੋਂ ਕੱਢ ਦਿੱਤਾ ਸੀ, ਜਿਸ ਬਾਰੇ ਪੁਲਿਸ ਨੂੰ ਵੀ ਪਤਾ ਸੀ। ਹਤਿਆਰਾ ਕੰਮ ਤੋਂ ਕੱਢਣ ਲਈ ਇਥੇ ਕੰਮ ਕਰਦੇ ਸਾਰੇ ਲੋਕਾਂ ਨੂੰ ਦੋਸ਼ੀ ਸਮਝਦਾ ਸੀ, ਜਿਸ ਕਾਰਨ ਉਸ ਨੇ ਇਸ ਵਹਿਸ਼ੀ ਘਟਨਾ ਨੂੰ ਅੰਜਾਮ ਦਿੱਤਾ।

ਅਮਰੀਕਾ ਦੇ ਰਾਸ਼ਟਰਪਤੀ ਜੋ ਬਾਈਡਨ ਤੇ ਉਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਇਸ ਭਿਆਨਕ ਗੋਲੀਬਾਰੀ ਦੀ ਘਟਨਾ 'ਤੇ ਗਹਿਰਾ ਦੁੱਖ ਪ੍ਰਗਟ ਕਰਦਿਆਂ ਮ੍ਰਿਤਕਾਂ ਦੇ ਪਰਿਵਾਰਾਂ ਨਾਲ ਡੂੰਘੀ ਹਮਦਰਦੀ ਪ੍ਰਗਟ ਕੀਤੀ ਹੈ।ਅਮਰੀਕਾ 'ਚ ਦਰਅਸਲ ਸਿੱਖਾਂ ਨੂੰ ਦਸਤਾਰ ਕਾਰਨ ਪੱਛਮੀ ਏਸ਼ੀਅਨ ਭਾਵ ਮੁਸਲਿਮ ਸਮਝ ਲਿਆ ਜਾਂਦਾ ਹੈ। 11 ਸਤੰਬਰ, 2001 ਨੂੰ ਜਦੋਂ ਨਿਊਯਾਰਕ ਦੇ ਵਰਲਡ ਟਰੇਡ ਸੈਂਟਰ 'ਤੇ ਅੱਤਵਾਦੀ ਹਮਲਾ ਹੋਇਆ ਸੀ ਤਦ ਬਲਬੀਰ ਸਿੰਘ ਸੋਢੀ ਦਾ ਸਿਰਫ਼ ਇਸ ਲਈ ਕਤਲ ਹੋ ਗਿਆ ਸੀ ਕਿਉਂਕਿ ਨਸਲੀ ਮਾਨਸਿਕਤਾ ਵਾਲੇ ਕਾਤਲ ਨੂੰ ਉਨਾਂ ਦੀ ਸ਼ਕਲ ਤੇ ਰੂਪ ਕਿਸੇ ਮੁਸਲਿਮ ਵਰਗੀ ਜਾਪੀ ਸੀ। ਫਿਰ ਸਾਲ 2013 ਦੌਰਾਨ ਵਿਸਕੌਨਸਿਨ ਦੇ ਗੁਰਦੁਆਰਾ ਸਾਹਿਬ 'ਤੇ ਹਮਲਾ ਹੋਇਆ ਸੀ ਜਿੱਥੇ ਛੇ ਸਿੱਖ ਸ਼ਰਧਾਲੂਆਂ ਨੂੰ ਸ਼ਹੀਦ ਕਰ ਦਿੱਤਾ ਗਿਆ ਸੀ। ਅਮਰੀਕਾ 'ਚ ਪੰਜ ਲੱਖ ਦੇ ਲਗਭਗ ਸਿੱਖ ਵੱਸਦੇ ਹਨ। ਉਨਾਂ ਦਾ ਮੰਨਣਾ ਹੈ ਕਿ ਸਿੱਖਾਂ ਵਿਰੁੱਧ ਨਸਲੀ ਨਫ਼ਰਤ ਦੇ ਮਾਮਲਿਆਂ ਦੀ ਅਸਲ ਗਿਣਤੀ ਤਾਂ ਬਹੁਤ ਜ਼ਿਆਦਾ ਹੈ ਪਰ ਉਨਾਂ ਵਿੱਚੋਂ ਬਹੁਤੇ ਮਾਮਲੇ ਪੁਲਿਸ ਕੋਲ ਕਦੇ ਜਾਂਦੇ ਹੀ ਨਹੀਂ। ਹਾਲ ਹੀ ਜੋ ਬਾਈਡਨ ਅਮਰੀਕਾ ਦੇ ਨਵੇਂ ਰਾਸ਼ਟਰਪਤੀ ਚੁਣੇ ਗਏ ਹਨ। ਚੋਣ ਪ੍ਰਚਾਰ ਦੌਰਾਨ ਉਨਾਂ ਦੀ ਟੀਮ ਵੱਲੋਂ ਮੁਲਕ ਵਿੱਚ ਰਹਿੰਦੇ ਸਿੱਖਾਂ ਤੱਕ ਪਹੁੰਚ ਬਣਾਉਣ ਲਈ 'ਸਿੱਖ ਅਮੈਰੀਕਨਜ਼ ਫਾਰ ਬਾਈਡਨ' ਮੁਹਿੰਮ ਚਲਾਈ ਗਈ। ਬਾਈਡਨ ਦੀ ਟੀਮ ਨੇ ਮੁਹਿੰਮ ਦੀ ਸ਼ੁਰੂਆਤ ਕਰਦਿਆਂ ਸਕੂਲਾਂ ਵਿੱਚ ਪੜਦੇ ਸਿੱਖ-ਅਮਰੀਕੀਆਂ ਦੀ ਸੁਰੱਖਿਆ ਲਈ ਯੋਜਨਾ ਦਾ ਜ਼ਿਕਰ ਕੀਤਾ ਸੀ।

ਬਾਈਡਨ ਕੰਪੇਨ ਨੇ ਘੱਟਗਿਣਤੀ ਧਾਰਮਿਕ ਭਾਈਚਾਰੇ ਨੂੰ ਅਮਰੀਕਾ ਵਿੱਚ ਨਸਲੀ ਤੇ ਨਫ਼ਰਤੀ ਹਮਲਿਆਂ ਸਮੇਤ ਦਰਪੇਸ਼ ਹੋਰਨਾਂ ਨਿਵੇਕਲੀ ਚੁਣੌਤੀਆਂ ਦਾ ਨਿਬੇੜਾ ਕਰਨ ਦਾ ਸੰਕਲਪ ਦੁਹਰਾਇਆ ਹੈ।

ਬਾਈਡਨ ਕੰਪੇਨ ਨੇ ਇਕ ਪ੍ਰੈੱਸ ਬਿਆਨ ਵਿੱਚ ਕਿਹਾ ਗਿਆ, 'ਸਿੱਖ ਅਮਰੀਕੀਆਂ ਨੂੰ ਨਸਲੀ ਹਮਲੇ ਜਿਹੀਆਂ ਘਟਨਾਵਾਂ ਦਾ ਕੌਮੀ ਔਸਤ ਨਾਲੋਂ ਦੁੱਗਣਾ ਸ਼ਿਕਾਰ ਬਣਾਇਆ ਜਾਂਦਾ ਹੈ ਤੇ ਸਾਲ 2017 ਮਗਰੋਂ ਇਨਾਂ ਘਟਨਾਵਾਂ 'ਚ ਵੱਡਾ ਵਾਧਾ ਹੋਇਆ ਹੈ। ਡੈਮੋਕ੍ਰੇਟਿਕ ਪਾਰਟੀ ਦੇ ਉਮੀਦਵਾਰ ਜੋ ਬਾਈਡਨ ਨੇ ਸਿੱਖ ਭਾਈਚਾਰੇ ਨੂੰ ਦਰਪੇਸ਼ ਨਸਲਵਾਦ ਤੇ ਪੱਖਪਾਤ ਜਿਹੀਆਂ ਨਿਵੇਕਲੀਆਂ ਚੁਣੌਤੀਆਂ ਨੂੰ ਮੁਖਾਤਬ ਹੋਣ ਲਈ ਵਿਸ਼ੇਸ਼ ਯੋਜਨਾ ਤੇ ਨੀਤੀਆਂ ਬਣਾਈਆਂ ਹਨ।'

ਫੈੱਡੈਕਸ ਵਿਚ ਹੋਈ ਗੋਲੀਬਾਰੀ ਦੌਰਾਨ ਮਾਰੇ 4 ਸਿੱਖ ਪੰਜਾਬੀਆਂ ਦੀ ਮੌਤ ਨਾਲ ਸਿੱਖ ਭਾਈਚਾਰਾ ਸੋਗ ਵਿਚ ਹੈ। 5 ਅਗਸਤ 2012 ਵਿਚ ਵਿਸਕਾਂਸਨ ਦੇ ਓਕਕ੍ਰੀਕ ਗੁਰੂਘਰ ਵਿਚ ਹੋਏ ਇਸੇ ਤਰਾਂ ਦੇ ਹਮਲੇ ਵਿਚ ਵੀ 7 ਸਿੱਖ ਸ਼ਰਧਾਲੂ ਮਾਰੇ ਗਏ ਸਨ ਤੇ ਉਸ ਤੋਂ ਬਾਅਦ ਇਹ ਦੂਜੀ ਅਜਿਹੀ ਦਰਦਨਾਕ ਘਟਨਾ ਹੈ ਜਿਸਦੀ ਪੀੜਾ ਇਸ ਵੇਲੇ ਸਮੁੱਚੇ ਸਿੱਖ ਜਗਤ ਸਿੱਖਾਂ ਦੇ ਚਿਹਰਿਆਂ ਵਿਚ ਵੇਖੀ ਜਾ ਸਕਦੀ ਹੈ। ਅਮਰੀਕਾ ਦੀਆਂ ਸਿੱਖ ਜਥੇਬੰਦੀਆਂ, ਗੁਰੂਘਰਾਂ ਦੀਆਂ ਕਮੇਟੀਆਂ ਅਤੇ ਸਿੱਖ ਨੁਮਾਇੰਦਿਆਂ ਵਲੋਂ ਇਸ ਘਟਨਾਂ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ ਜਾ ਰਹੀ ਹੈ। ਸਿੱਖ ਕੋਲੀਸ਼ਨ ਨੇ ਇਸ ਮਾਮਲੇ ਬਾਰੇ ਅਮਰੀਕਾ ਦੇ ਰਾਸ਼ਟਰਪਤੀ ਨੂੰ ਖ਼ਤ ਲਿਖ ਕੇ ਇਹ ਮੰਗ ਕੀਤੀ ਹੈ ਕਿ ਉਹ ਵਿਅਕਤੀ ਜਿਹੜੇ ਪਹਿਲਾਂ ਨਸਲਵਾਦੀ ਹਿੰਸਾ ਜਾਂ ਨਫ਼ਰਤ ਫੈਲਾਉਣ ਲਈ ਗ੍ਰਿਫ਼ਤਾਰ ਕੀਤੇ ਜਾ ਚੁੱਕੇ ਹੋਣ, ਨੂੰ ਹਥਿਆਰ ਵੇਚਣ ਦੀ ਪਾਬੰਦੀ ਲਗਾਉਣ ਵਾਲਾ ਕਾਨੂੰਨ ਬਣਾਇਆ ਜਾਵੇ। ਅਮਰੀਕਾ ਵਿਚ ਭਾਰਤ ਦੇ ਰਾਜਦੂਤ ਤਰਨਜੀਤ ਸਿੰਘ ਸੰਧੂ ਨੇ ਵੀ ਇਸ ਘਟਨਾ ਦੀ ਸਖ਼ਤ ਨਿਖੇਧੀ ਕੀਤੀ ਹੈ। ਇਸ ਤੋਂ ਇਲਾਵਾ ਅਮਰੀਕਾ ਦੇ ਪੰਜਾਬੀ ਭਾਈਚਾਰੇ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਨੇ ਵੀ ਇਸ ਹਮਲੇ ਦੀ ਪੁਰਜ਼ੋਰ ਨਿੰਦਾ ਕੀਤੀ ਹੈ, ਜਿਨਾਂ ਵਿਚ ਸਿੱਖ ਕੰਪੇਨ ਦੇ ਡਾ. ਰਾਜਵੰਤ ਸਿੰਘ, ਪ੍ਰਸਿੱਧ ਕਾਰੋਬਾਰੀ ਬਲਵੀਰ ਸਿੰਘ ਉਸਮਾਨਪੁਰ, ਪ੍ਰਸਿੱਧ ਅਕਾਊਂਟੈਂਟ ਮਹਿੰਦਰ ਸਿੰਘ ਸੋਹਲ, ਸਿੱਖ ਸੇਵਕ ਸੁਸਾਇਟੀ ਦੇ ਸਵਰਨਜੀਤ ਸਿੰਘ ਖਾਲਸਾ ਆਦਿ ਸ਼ਾਮਿਲ ਹਨ। ਸਵਰਨਜੀਤ ਸਿੰਘ ਖਾਲਸਾ ਪੰਜ ਸਾਲ ਤੋਂ ਅਮਰੀਕਾ ਵਿਚ ਨਸਲਵਾਦੀ ਵਿਰੋਧੀ ਲਹਿਰ ਚਲਾ ਰਹੇ ਹਨ। ਸਿੱਖ ਭਾਈਚਾਰੇ ਦੇ ਨੁਮਾਇੰਦਿਆਂ ਅਨੁਸਾਰ ਅਮਰੀਕਾ ਵਿਚ ਬਹੁਤ ਵੱਡੀ ਗਿਣਤੀ ਵਿਚ ਲੋਕਾਂ ਨੂੰ ਵੱਖ-ਵੱਖ ਦੇਸ਼ਾਂ, ਧਰਮਾਂ, ਫ਼ਿਰਕਿਆਂ ਅਤੇ ਨਸਲਾਂ ਨਾਲ ਸਬੰਧ ਰੱਖਣ ਵਾਲੇ ਲੋਕਾਂ ਦੇ ਧਰਮਾਂ ਤੇ ਸਭਿਆਚਾਰ ਬਾਰੇ ਜਾਣਕਾਰੀ ਨਹੀਂ ਅਤੇ ਉਹ ਕਈ ਦੇਸ਼ਾਂ ਦੇ ਵਸਨੀਕਾਂ ਨੂੰ ਉਨਾਂ ਦੇ ਪਹਿਰਾਵੇ ਕਾਰਨ ਹੀ ਅਤਿਵਾਦੀ ਸਮਝਦੇ ਹਨ। ਅਮਰੀਕਾ ਦੇ ਅਸਰਦਾਰ ਸੰਸਦ ਮੈਂਬਰਾਂ ਤੇ ਸਿੱਖ ਭਾਈਚਾਰੇ ਦੇ ਲੋਕਾਂ ਨੇ ਇੰਡੀਆਨਾਪੋਲਿਸ ਵਿਚ ਹੋਈ ਗੋਲੀਬਾਰੀ ਦੀ ਇਸ ਲਿਹਾਜ਼ ਨਾਲ ਜਾਂਚ ਦੀ ਮੰਗ ਕੀਤੀ ਹੈ ਕਿ ਇਹ ਘਟਨਾ ਕਿਤੇ ਨਸਲੀ ਹਿੰਸਾ ਤਾਂ ਨਹੀਂ ਸੀ।

ਭਾਰਤੀ ਮੂਲ ਦੇ ਅਮਰੀਕੀ ਸੰਸਦ ਮੈਂਬਰ ਰਾਜਾ ਕ੍ਰਿਸ਼ਣਮੂਰਤੀ ਦਾ ਕਹਿਣਾ ਸੀ ਕਿ ਵੀਰਵਾਰ ਰਾਤ ਹੋਈ ਇਸ ਘਟਨਾ ਦੀ ਇਸ ਲਿਹਾਜ਼ ਨਾਲ ਵੀ ਜਾਂਚ ਕੀਤੀ ਜਾਣੀ ਚਾਹੀਦੀ ਹੈ ਕਿ ਹਿੰਸਾ ਪਿੱਛੇ ਸਿੱਖ ਵਿਰੋਧੀ ਭਾਵਨਾ ਤਾਂ ਕੰਮ ਨਹੀਂ ਕਰ ਰਹੀ ਸੀ।

ਅਮਰੀਕਾ ਦੇ ਗੋਰੇ ਲੋਕਾਂ ਵਿਚ ਨਸਲਵਾਦੀ ਵਿਤਕਰੇ ਦੀ ਭਾਵਨਾ ਪਿਛਲੇ ਕੁਝ ਸਾਲਾਂ ਵਿਚ ਤੇਜੀ ਨਾਲ ਵਧੀ ਹੈ ਤੇ ਡੋਨਾਲਡ ਟਰੰਪ ਵਰਗੇ ਨਸਲਵਾਦੀ ਆਗੂਆਂ ਨੇ ਅਜਿਹੀ ਨਫ਼ਰਤ ਵਧਾਉਣ ਵਿਚ ਹਿੱਸਾ ਪਾਉਂਦਿਆਂ ਇਸ ਤੋਂ ਸਿਆਸੀ ਲਾਹਾ ਲਿਆ ਹੈ। ਨਸਲਵਾਦੀ ਅਮਰੀਕਾ ਦੇ ਗੋਰੇ ਲੋਕਾਂ ਨੂੰ ਇਹ ਦੱਸਣ ਦਾ ਯਤਨ ਕਰਦੇ ਹਨ ਕਿ ਗੋਰੀ ਨਸਲ ਹੀ ਦੁਨੀਆ ਦੀ ਸਭ ਤੋਂ ਸਭਿਅਕ ਤੇ ਉਤਮ ਨਸਲ ਹੈ ਅਤੇ ਦੂਸਰੀਆਂ ਨਸਲਾਂ ਦੇ ਲੋਕ ਅਸਭਿਆ ਤੇ ਘਟੀਆ ਹਨ। ਇਸ ਵਰਤਾਰੇ ਕਾਰਨ ਏਸ਼ੀਆ ਅਤੇ ਅਫ਼ਰੀਕਾ ਮੂਲ ਦੇ ਲੋਕਾਂ ਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ। ਧਾਰਮਿਕ ਆਧਾਰ 'ਤੇ ਜ਼ਿਆਦਾਤਰ ਯਹੂਦੀ ਤੇ ਮੁਸਲਮਾਨ ਨਸਲਵਾਦੀ ਨਫ਼ਰਤ ਦਾ ਸ਼ਿਕਾਰ ਹੁੰਦੇ ਹਨ। ਮੁਸਲਮਾਨਾਂ ਦਾ ਵਿਰੋਧ ਇਸ ਵੇਲੇ ਸਿਖ਼ਰਾਂ 'ਤੇ ਹੈ। ਨਸਲਵਾਦੀ ਹਰ ਮੁਸਲਮਾਨ ਨੂੰ ਅਤਿਵਾਦੀ ਗਰਦਾਨਦੇ ਹਨ। ਮੁਸਲਮਾਨ ਆਗੂਆਂ ਦੇ ਪੱਗ ਬੰਨਣ ਕਾਰਨ ਨਸਲਵਾਦੀ ਸਿੱਖਾਂ ਨੂੰ ਵੀ ਨਿਸ਼ਾਨਾ ਬਣਾਉਂਦੇ ਹਨ। ਅਮਰੀਕਾ ਵਿਚ ਗੋਰੀ ਨਸਲ ਦਾ ਵੱਡਾ ਹਿੱਸਾ ਇਸ ਬਾਰੇ ਚੇਤਨ ਵੀ ਹੈ ਅਤੇ ਅਜਿਹੇ ਵਿਤਕਰਿਆਂ ਦਾ ਵਿਰੋਧ ਕਰਦਾ ਹੈ ਪਰ ਨਫ਼ਰਤ ਕਰਨ ਅਤੇ ਹਿੰਸਾ ਫੈਲਾਉਣ ਵਾਲਿਆਂ ਦਾ ਪ੍ਰਭਾਵ ਜਲਦੀ ਫੈਲਦਾ ਤੇ ਲੋਕਾਂ ਦੇ ਮਨਾਂ ਵਿਚ ਜ਼ਹਿਰ ਭਰਦਾ ਹੈ। ਪੰਜਾਬੀ ਅਤੇ ਸਿੱਖ ਭਾਈਚਾਰੇ ਨੂੰ ਇਸ ਸਬੰਧ ਵਿਚ ਵੱਡੇ ਪਧਰ ਉਪਰ ਲਹਿਰ ਚਲਾਉਣ ਦੀ ਲੋੜ ਹੈ।

# ਸਭ ਤੋਂ ਜ਼ਿਆਦਾ ਗ਼ਰੀਬ ਲੋਕ ਭਾਰਤ ਵਿਚ,

## ਕੋਰੋਨਾ ਮਹਾਂਮਾਰੀ ਦੇ ਪ੍ਰਭਾਵ ਨਾਲ ਹੀ 10 ਕਰੋੜ ਵਸੋਂ ਬੇਰੁਜ਼ਗਾਰ ਹੋਈ



ਡਾਕਟਰ ਐਸ ਐਸ ਛੀਨਾ

ਜਦੋਂ ਇਸ ਤਰਾਂ ਦੀ ਜਾਣਕਾਰੀ ਮਿਲਦੀ ਹੋਵੇ ਕਿ ਭਾਰਤ ਦਾ ਇਕ ਵਿਅਕਤੀ ਏਸ਼ੀਆ ਦਾ ਸਭ ਤੋਂ ਅਮੀਰ ਵਿਅਕਤੀ ਹੈ ਜਾਂ ਦੁਨੀਆ ਦੇ ਸਭ ਤੋਂ ਅਮੀਰ ਵਿਅਕਤੀਆਂ ਵਿਚ ਭਾਰਤੀਆਂ ਦੀ ਗਿਣਤੀ ਤੀਸਰੇ ਨੰਬਰ 'ਤੇ ਆਉਂਦੀ ਹੈ ਤਾਂ ਇਸ ਦਾ ਕਦੇ ਵੀ ਇਹ ਅਰਥ ਨਹੀਂ ਲਿਆ ਜਾ ਸਕਦਾ ਕਿ ਆਮ ਭਾਰਤੀ ਦੀ ਔਸਤ ਆਮਦਨ ਵੀ ਦੁਨੀਆ ਦੇ ਦੇਸ਼ਾਂ ਵਿਚ ਤੀਜੇ ਨੰਬਰ 'ਤੇ ਹੈ ਕਿਉਂਕਿ ਇਹ ਜਾਣਕਾਰੀ ਵੀ ਮਿਲਦੀ ਹੈ ਕਿ ਦੁਨੀਆ ਦੇ ਸਭ ਦੇਸ਼ਾਂ ਵਿਚੋਂ ਸਭ ਤੋਂ ਜ਼ਿਆਦਾ ਗ਼ਰੀਬ ਲੋਕ ਭਾਰਤ ਵਿਚ ਰਹਿ ਰਹੇ ਹਨ ਅਤੇ ਉਹ ਗ਼ਰੀਬੀ ਦੀ ਰੇਖਾ ਤੋਂ ਥੱਲੇ ਰਹਿ ਰਹੇ ਹਨ ਅਤੇ ਜਿਨਾਂ ਵਿਚੋਂ ਜ਼ਿਆਦਾਤਰ ਘੋਰ ਗ਼ਰੀਬੀ ਦੀ ਹਾਲਤ ਵਿਚ ਹਨ। ਭਾਵੇਂ ਕਿ ਪਿਛਲੇ ਕਈ ਸਾਲਾਂ ਤੋਂ ਔਸਤ ਵਿਕਾਸ ਦਰ 6 ਫ਼ੀਸਦੀ ਰਹੀ ਹੈ ਪਰ ਮੁਦਰਾ ਸਫ਼ੀਤੀ ਦੀ ਦਰ 7 ਫ਼ੀਸਦੀ ਤੋਂ ਵੀ ਉੱਪਰ ਰਹੀ ਹੈ ਜਿਸ ਦਾ ਅਰਥ ਹੈ ਕਿ ਮਹਿੰਗਾਈ ਵਧਣ ਨਾਲ ਆਮ ਵਿਅਕਤੀ ਦੀ ਹਾਲਤ ਪਹਿਲਾਂ ਤੋਂ ਵੀ ਕਮਜ਼ੋਰ ਹੋਈ ਹੈ। 1950 ਤੋਂ ਲੈ ਕੇ ਲਗਾਤਾਰ ਹਰ ਸਾਲ ਮਹਿੰਗਾਈ ਵਿਚ ਵਾਧਾ ਹੁੰਦਾ ਰਿਹਾ ਹੈ ਅਤੇ ਜਿਹੜੀਆਂ ਆਮ ਵਸਤੂਆਂ ਦੀਆਂ ਕੀਮਤਾਂ 1960 ਵਿਚ ਸਨ, ਹੁਣ ਉਨਾਂ ਤੋਂ ਕੀਮਤਾਂ ਔਸਤ 150 ਗੁਣਾ ਵਧ ਗਈਆਂ ਹਨ। ਦੂਜੀ ਸੰਸਾਰ ਜੰਗ ਤੋਂ ਬਾਅਦ ਜਰਮਨੀ ਵਿਚ ਮੁਦਰਾ ਸਫ਼ੀਤੀ ਇਸ ਰਫ਼ਤਾਰ ਨਾਲ ਵਧੀ ਸੀ ਕਿ ਇਹ ਗੱਲ ਆਮ ਕਹੀ ਜਾਂਦੀ ਸੀ ਕਿ ਲੋਕ ਟੋਕਰੀਆਂ ਵਿਚ ਕੈਸ਼ ਲੈ ਕੇ ਬਾਜ਼ਾਰ ਜਾਂਦੇ ਹਨ ਅਤੇ ਜੇਬਾਂ ਵਿਚ ਵਸਤੂਆਂ ਪਾ ਕੇ ਵਾਪਸ ਮੁੜਦੇ ਹਨ। ਹੁਣ ਇਸ ਤਰਾਂ ਦੀ ਮਹਿੰਗਾਈ ਵਾਲੀ ਹਾਲਤ ਬਣ ਗਈ ਹੈ ਕਿ 1957 ਵਿਚ ਨਵੇਂ ਪੈਸੇ ਦੀ ਇਕ ਇਕਾਈ ਵੀ ਮਿਲਦੀ ਸੀ ਜਿਹੜੀ ਖ਼ਤਮ ਹੁੰਦੀ ਗਈ ਅਤੇ ਹੁਣ ਕੋਈ ਵੀ ਸਿੱਕਾ ਨਹੀਂ ਮਿਲਦਾ ਜਦੋਂ ਕਿ ਇਕ ਰੁਪਏ, ਦੋ ਰੁਪਏ, 5 ਰੁਪਏ ਦੇ ਨੋਟ ਵੀ ਨਜ਼ਰ ਆਉਣੋਂ ਹਟਦੇ ਜਾਂਦੇ ਹਨ। ਪੈਸੇ ਦੀ ਕੀਮਤ ਭਾਵੇਂ ਸਿਫ਼ਰ ਤਾਂ ਕਦੀ ਵੀ ਨਹੀਂ ਹੁੰਦੀ ਪਰ ਬਹੁਤ ਘੱਟ ਗਈ ਹੈ।





2019 ਦੇ ਬਜਟ ਨੂੰ ਪੇਸ਼ ਕਰਦਿਆਂ ਵਿੱਤ ਮੰਤਰੀ ਸ੍ਰੀਮਤੀ ਸੀਤਾਰਮਨ ਵਲੋਂ ਇਹ ਦੱਸਿਆ ਗਿਆ ਸੀ ਕਿ ਆਉਣ ਵਾਲੇ 5 ਸਾਲਾਂ ਵਿਚ ਭਾਰਤ ਦੀ ਅਰਥਵਿਵਸਥਾ 5 ਟ੍ਰਿਲੀਅਨ ਡਾਲਰ (5 ਲੱਖ ਕਰੋੜ ਡਾਲਰ) ਵਾਲੀ ਬਣ ਜਾਵੇਗੀ, ਜਦੋਂ ਕਿ ਉਸ ਵਕਤ ਇਹ ਅਰਥ ਵਿਵਸਥਾ 2.7 ਲੱਖ ਕਰੋੜ ਡਾਲਰ ਵਾਲੀ ਸੀ। ਪਹਿਲਾਂ ਤਾਂ ਇਹ ਸੰਭਵ ਹੀ ਨਹੀਂ ਲਗਦਾ ਕਿ ਇਹ ਸਥਿਤੀ ਬਣ ਸਕਦੀ ਹੈ ਪਰ ਜੇ ਇਹ ਬਣ ਵੀ ਜਾਵੇ ਤਾਂ ਵੀ ਇਸ ਦਾ ਇਹ ਅਰਥ ਨਹੀਂ ਕਿ ਆਮ ਵਿਅਕਤੀ ਦੀ ਆਮਦਨ ਵੀ ਦੁੱਗਣੀ ਹੋ ਜਾਵੇਗੀ। ਕਿਉਂਕਿ ਪਿਛਲੇ ਸਮਿਆਂ ਦੀ ਸਥਿਤੀ ਨੂੰ ਵੇਖਦਿਆਂ ਇਹ ਗੱਲ ਸਾਹਮਣੇ ਆਈ ਹੈ ਕਿ ਵਿਕਾਸ ਵਿਚ ਆਮਦਨ ਅਤੇ ਧਨ ਦੀ ਨਾਬਰਾਬਰੀ ਪਹਿਲਾਂ ਤੋਂ ਵੀ ਜ਼ਿਆਦਾ ਵਧ ਗਈ ਹੈ ਅਤੇ ਇਹ ਹੋਰ ਵਧਦੀ ਜਾ ਰਹੀ ਹੈ।

ਇਕ ਰਿਪੋਰਟ ਅਨੁਸਾਰ ਭਾਰਤ ਦੀ ਸਿਰਫ ਇਕ ਫ਼ੀਸਦੀ ਉਪਰਲੀ ਆਮਦਨ ਵਾਲੀ ਵਸੋਂ ਕੋਲ ਦੇਸ਼ ਦੀ 45 ਫ਼ੀਸਦੀ ਜਾਇਦਾਦ ਹੈ। ਸਿਰਫ 9 ਅਰਬਪਤੀਆਂ ਕੋਲ ਏਨੀ ਜਾਇਦਾਦ ਹੈ, ਜਿੰਨੀ ਹੇਠਾਂ ਦੀ ਆਮਦਨ ਵਾਲੀ ਕੁੱਲ ਮਿਲਾ ਕੇ 50 ਫ਼ੀਸਦੀ ਵਸੋਂ ਕੋਲ ਹੈ। ਉੱਪਰਲੀ ਆਮਦਨ ਵਾਲੀ ਸਿਰਫ 10 ਫ਼ੀਸਦੀ ਵਸੋਂ ਕੋਲ ਦੇਸ਼ ਦੀ ਕੁੱਲ ਜਾਇਦਾਦ ਦਾ 75 ਫ਼ੀਸਦੀ ਜਾਇਦਾਦ ਹੈ। ਅਰਬਪਤੀਆਂ ਦੇ ਲਾਭ ਜਿਸ ਰਫ਼ਤਾਰ ਨਾਲ ਵਧ ਰਹੇ ਹਨ, ਉਸ ਰਫ਼ਤਾਰ ਨਾਲ ਆਮ ਆਦਮੀ ਦੀ ਆਮਦਨ ਨਹੀਂ ਵਧ ਰਹੀ, ਕਿਉਂਕਿ ਜੋ ਆਮਦਨ ਵਿਚ ਵਾਧਾ ਕਰਨ ਲਈ ਨਵੀਆਂ ਤਕਨੀਕਾਂ ਅਤੇ ਬਹੁਪੱਖੀ ਮਸ਼ੀਨਾਂ ਨਾਲ ਕਿਰਤੀਆਂ ਦੀ ਗਿਣਤੀ ਘਟਾ ਕੇ ਲਾਗਤ ਨੂੰ ਘਟਾਇਆ ਜਾਂਦਾ ਹੈ। ਹੁਣ ਦੇ ਕੋਰੋਨਾ ਮਹਾਂਮਾਰੀ ਦੇ ਪ੍ਰਭਾਵ ਨਾਲ ਹੀ 10 ਕਰੋੜ ਵਸੋਂ ਬੇਰੁਜ਼ਗਾਰ ਹੋਈ ਹੈ। ਕੋਈ 31 ਕਰੋੜ 10 ਲੱਖ ਪਰਿਵਾਰਾਂ ਦੀ ਆਮਦਨ ਘਟ ਗਈ ਹੈ ਤੇ ਉਹ ਪਰਿਵਾਰ ਮੱਧ ਵਰਗੀ ਸ਼੍ਰੇਣੀ ਤੋਂ ਥੱਲੇ ਆ ਗਏ ਹਨ। ਨਿੱਜੀਕਰਨ ਦੇ ਵਧਦੇ ਰੁਝਾਨ ਕਾਰਨ ਆਟੋਮੇਸ਼ਨ, ਰਿਮੋਟ ਕੰਟਰੋਲ ਅਤੇ ਹਰ ਨਵੀਂ ਤਕਨੀਕ ਜਿਹੜੀ ਕਿਰਤੀ ਦੀ ਜਗਾ ਪੂੰਜੀ ਨਾਲ ਲਾਗਤ ਘਟਾਈ ਜਾਵੇਗੀ ਉਸ ਨੂੰ ਅਪਣਾਉਣ ਨਾਲ ਰੁਜ਼ਗਾਰ ਵਧਣ ਦੀਆਂ ਸੰਭਾਵਨਾਵਾਂ ਹੋਰ ਘੱਟ ਹੋਣਗੀਆਂ, ਜਿਹੜੀਆਂ ਆਮਦਨ ਦੇ ਵਾਧੇ ਵਿਚ ਮੁੱਖ ਰੁਕਾਵਟਾਂ ਬਣਨਗੀਆਂ ਅਤੇ ਆਰਥਿਕਤਾ ਹੋਰ ਕਮਜ਼ੋਰ ਹੋ ਜਾਵੇਗੀ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਭਾਰਤ ਇਕ ਵਸੋਂ ਦੇ ਵੱਡੇ ਭਾਰ ਵਾਲਾ ਦੇਸ਼ ਹੈ ਪਰ ਜੇ ਵਸੋਂ ਘਣਤਾ ਵੱਲ ਵੇਖੀਏ ਤਾਂ ਦੁਨੀਆ ਦੇ ਤਿੰਨ ਦੇਸ਼ ਜਰਮਨੀ, ਜਾਪਾਨ ਅਤੇ ਇੰਗਲੈਂਡ ਦੀ ਵਸੋਂ ਘਣਤਾ ਵੀ ਭਾਰਤ ਦੀ ਵਸੋਂ ਘਣਤਾ ਤੋਂ ਵੱਧ ਹੈ ਪਰ ਫਿਰ ਵੀ ਉਹ ਦੁਨੀਆ ਦੇ ਪਹਿਲੇ 8 ਵਿਕਸਿਤ ਦੇਸ਼ਾਂ ਦੀ ਸੂਚੀ ਵਿਚ ਹਨ ਅਤੇ ਉਹ ਤਿੰਨੇ ਹੀ ਉਦਯੋਗਿਕ ਦੇਸ਼ ਹਨ। ਤਿੰਨਾਂ ਦੇਸ਼ਾਂ ਦੀਆਂ ਕਰੰਸੀਆਂ ਬਹੁਤ ਮਹਿੰਗੀਆਂ ਹਨ, ਕਿਉਂਕਿ ਉਨਾਂ ਦੇਸ਼ਾਂ ਦੀਆਂ ਬਣੀਆਂ ਵਸਤੂਆਂ ਦੀ ਵਿਦੇਸ਼ਾਂ ਵਿਚ ਭਾਰੀ ਮੰਗ ਹੈ। ਉਨਾਂ ਦੀ ਬਰਾਮਦ ਜ਼ਿਆਦਾ ਹੈ ਅਤੇ ਦਰਾਮਦ ਘੱਟ ਹੈ। ਬੰਗਲਾਦੇਸ਼ ਦੀ ਵਸੋਂ ਘਣਤਾ ਭਾਰਤ ਦੀ ਵਸੋਂ ਘਣਤਾ ਤੋਂ ਕਿਤੇ ਜ਼ਿਆਦਾ ਹੈ ਪਰ ਹੁਣ ਬੰਗਲਾਦੇਸ਼ ਵੀ ਵਕਤ ਤੋਂ ਜ਼ਿਆਦਾ ਤੇਜ਼ੀ ਨਾਲ ਵਿਕਾਸ ਕਰ ਰਿਹਾ ਹੈ, ਜਿਸ ਵਿਚ ਵੱਡਾ ਤੱਤ ਇਹ ਸਾਹਮਣੇ ਆਉਂਦਾ ਹੈ ਕਿ ਉਸ ਨੇ ਆਪਣੇ ਦੇਸ਼ ਦੀਆਂ ਵਸਤੂਆਂ ਨੂੰ ਉਤਪਾਦਨ ਕਰਕੇ ਇਸ ਹੱਦ ਤੱਕ ਵਧਾ ਲਿਆ ਹੈ ਕਿ ਉਹ ਆਪਣੀਆਂ ਲੋੜਾਂ ਵੀ ਪੂਰੀਆਂ ਕਰਦਾ ਹੈ ਅਤੇ ਵਿਦੇਸ਼ਾਂ ਨੂੰ ਬਰਾਮਦ ਵੀ ਕਰਦਾ ਹੈ। ਰੁਜ਼ਗਾਰ ਵਧਣ ਕਰਕੇ ਆਮ ਵਿਅਕਤੀ ਦੀ ਆਮਦਨ ਵਿਚ ਵਾਧਾ ਹੋ ਰਿਹਾ ਹੈ। ਹੁਣ ਭਾਰਤ ਔਸਤ ਆਮਦਨ ਦੀ ਪੱਧਰ 'ਤੇ ਦੁਨੀਆ ਵਿਚ 142ਵੇਂ ਨੰਬਰ 'ਤੇ ਪਹੁੰਚ ਗਿਆ ਹੈ ਜਦੋਂ ਕਿ ਬੰਗਲਾਦੇਸ਼ ਤੇ ਸ੍ਰੀਲੰਕਾ ਭਾਰਤ ਤੋਂ ਉੱਪਰ ਪਹੁੰਚ ਗਏ ਹਨ।

ਆਮਦਨ ਨਾਬਰਾਬਰੀ ਵਾਲੀ ਆਰਥਿਕਤਾ ਦਾ ਵਿਕਾਸ ਹੰਢਣਸਾਰ ਵਿਕਾਸ ਨਹੀਂ ਬਣ ਸਕਦਾ। ਇਕ ਪਾਸੇ ਬਹੁਤ ਅਮੀਰ ਲੋਕ, ਜਿਨਾਂ ਦੀ ਥੋੜੀ ਜਿਹੀ ਆਮਦਨ ਨਾਲ ਉਨਾਂ ਦੀਆਂ ਲੋੜਾਂ ਪੂਰੀਆਂ ਹੋ ਜਾਂਦੀਆਂ ਹਨ ਅਤੇ ਬਾਕੀ ਬਚਾ ਲਈ ਜਾਂਦੀ ਹੈ ਅਤੇ ਜਿਹੜੀ ਕਿ ਖ਼ਰਚ ਨਹੀਂ ਹੁੰਦੀ। ਜਿਹੜੀ ਆਮਦਨ ਖ਼ਰਚ ਨਹੀਂ ਹੁੰਦੀ ਉਹ ਹੋਰ ਕਿਸੇ ਦੀ ਆਮਦਨ ਨਹੀਂ ਬਣਦੀ। ਬਾਜ਼ਾਰ ਵਿਚ ਚੀਜ਼ਾਂ ਇਸ ਕਰਕੇ ਨਹੀਂ ਵਿਕਦੀਆਂ, ਕਿਉਂਕਿ ਜ਼ਿਆਦਾਤਰ ਲੋਕਾਂ ਦੀ ਆਮਦਨ ਏਨੀ ਘੱਟ ਹੈ ਕਿ ਉਨਾਂ ਕੋਲ ਖ਼ਰੀਦ ਸ਼ਕਤੀ ਨਹੀਂ। ਜਦੋਂ ਵਸਤੂਆਂ ਨਹੀਂ ਵਿਕਦੀਆਂ ਤਾਂ ਹੋਰ ਬਣਾਉਣ ਦੀ ਲੋੜ ਨਹੀਂ, ਹੋਰ ਵਸਤੂਆਂ ਬਣਦੀਆਂ ਨਹੀਂ, ਨਵੇਂ ਰੁਜ਼ਗਾਰ ਪੈਦਾ ਨਹੀਂ ਹੁੰਦੇ। ਇਸ ਤਰਾਂ ਜਦੋਂ ਬੇਰੁਜ਼ਗਾਰੀ ਵਧਦੀ ਹੈ ਤਾਂ ਗ਼ਰੀਬਾਂ ਦੀ ਗਿਣਤੀ ਹੋਰ ਵਧਦੀ ਜਾਂਦੀ ਹੈ। ਇਹ ਨਾਬਰਾਬਰੀ ਲਗਾਤਾਰ ਚੱਲਣ ਵਾਲੇ ਵਿਕਾਸ ਵਿਚ ਵੱਡੀ ਰੁਕਾਵਟ ਬਣ ਜਾਂਦੀ ਹੈ। ਬਾਕੀ ਸਫ਼ਾ 31 'ਤੇ

---

### ਸਕਾਟਿਸ਼ ਪਾਰਲੀਮੈਂਟ ਚੋਣਾਂ 2021

# ਸਕਾਟਿਸ਼ ਨੈਸ਼ਨਲ ਪਾਰਟੀ ਨਿਕੋਲਾ ਸਟਰਜਨ ਤੇ ਸਕਾਟਿਸ਼ ਲੇਬਰ ਪਾਰਟੀ ਲੀਡਰ ਅਨਸ ਸਰਵਰ 'ਚ ਫਸਵੀਂ ਟੱਕਰ



ਮਨਦੀਪ ਖੁਰਮੀ ਹਿੰਮਤਪੁਰਾ
ਗਲਾਸਗੋ (ਸਕਾਟਲੈਂਡ)
+੪੪ ੭੫੧੯੯੧ ੧੨੩੧੨

6 ਮਈ ਨੂੰ ਹੋਣ ਜਾ ਰਹੀਆਂ ਸਕਾਟਿਸ਼ ਪਾਰਲੀਮੈਂਟ ਚੋਣਾਂ ਕਰਕੇ ਬਰਤਾਨਵੀ ਸਿਆਸਤ ਵਿਚ ਹਲਚਲ ਮਚੀ ਹੋਈ ਹੈ। ਹੋਲੀਰੁਡ ਚੋਣਾਂ ਦੇ ਨਤੀਜੇ ਬਰਤਾਨੀਆ ਦੀ ਸਿਆਸੀ ਧਰਾਤਲ ਲਈ ਵੀ ਅਹਿਮ ਮੋੜ ਪੈਦਾ ਕਰਨਗੇ। ਇੱਥੋਂ ਜਿੱਤਣ ਵਾਲੀ ਪਾਰਟੀ ਬਰਤਾਨਵੀ ਸਿਆਸਤ ਦੇ ਸੈਂਚੇ ਵਿੱਚ ਫਿੱਟ ਬੈਠਦੀ ਹੈ ਜਾਂ ਨਹੀਂ? ਇਹੀ ਚਿੰਤਾ ਪ੍ਰਧਾਨ ਮੰਤਰੀ ਤੱਕ ਦੇ ਅਹੁਦੇ ਲਈ ਸਵਾਲ ਰਹੇਗਾ। 25 ਮਾਰਚ ਤੋਂ ਰਸਮੀ ਤੌਰ 'ਤੇ ਚੋਣ ਪ੍ਰਚਾਰ ਦਾ ਆਗਾਜ਼ ਹੋ ਚੁੱਕਾ ਹੈ। ਸਭ ਤੋਂ ਵਧੇਰੇ ਫਸਵੀਂ ਟੱਕਰ ਮੌਜੂਦਾ ਸਕਾਟਿਸ਼ ਨੈਸ਼ਨਲ ਪਾਰਟੀ ਪ੍ਰਮੁੱਖ ਫਸਟ ਮਨਿਸਟਰ ਨਿਕੋਲਾ ਸਟਰਜਨ ਤੇ ਸਕਾਟਿਸ਼ ਲੇਬਰ ਪਾਰਟੀ ਲੀਡਰ ਅਨਸ ਸਰਵਰ ਵਾਲੀ ਸੀਟ 'ਤੇ ਹੋਵੇਗੀ। ਜ਼ਿਕਰਯੋਗ ਹੈ ਕਿ ਗਲਾਸਗੋ ਸਾਊਥਸਾਈਡ ਹਲਕੇ ਤੋਂ ਜੇਤੂ ਰਹਿ ਚੁੱਕੀ ਫਸਟ ਮਨਿਸਟਰ ਨਿਕੋਲਾ ਸਟਰਜਨ ਮੁੜ ਉੱਥੋਂ ਹੀ ਚੋਣ ਮੈਦਾਨ ਵਿੱਚ ਹੋਵੇਗੀ ਤੇ ਉਸੇ ਸੀਟ ਤੋਂ ਸਕਾਟਿਸ਼ ਲੇਬਰ ਪਾਰਟੀ ਲੀਡਰ ਅਨਸ ਸਰਵਰ ਵੀ ਮੈਦਾਨ ਵਿੱਚ ਡਟਿਆ ਹੋਇਆ ਹੈ। ਅਨਸ ਸਰਵਰ ਵੱਲੋਂ ਪ੍ਰਚਾਰ ਦੇ ਪਹਿਲੇ ਦਿਨ ਹੀ ਇਹ ਬਿਆਨ ਦਿੱਤਾ ਗਿਆ ਸੀ ਕਿ 'ਉਕਤ ਹਲਕਾ ਨਿਕੋਲਾ ਸਟਰਜਨ ਲਈ ਤਾਂ ਸਿਆਸੀ ਬਿਸਾਤ ਹੋ ਸਕਦਾ ਹੈ ਪਰ ਇਹ ਹਲਕਾ ਮੇਰਾ ਤਾਂ ਘਰ ਹੈ।' ਨਿਕੋਲਾ ਸਟਰਜਨ ਦੇ ਸਿਆਸੀ ਸਫ਼ਰ ਦੇ ਮੁਕਾਬਲੇ ਬਹੁਤ ਘੱਟ ਸਫ਼ਰ ਵਾਲੇ ਨੌਜਵਾਨ ਲੇਬਰ ਲੀਡਰ ਅਨਸ ਸਰਵਰ ਦੇ ਇਸ ਜੁਰਅੱਤ ਭਰੇ ਬਿਆਨ ਤੇ ਕਦਮ ਦੀ ਸਿਆਸੀ ਹਲਕਿਆਂ 'ਚ ਭਰਵੀਂ ਚਰਚਾ ਹੋਈ। ਅਨਸ ਸਰਵਰ ਦੀ ਲਲਕਾਰ ਤੇ ਫੈਸਲੇ ਨੂੰ ਸਿਆਸਤ ਪ੍ਰਤੀ ਡੂੰਘੀ ਸਮਝ ਰੱਖਣ ਵਾਲੇ ਲੋਕ ਬਹੁਤ ਹੀ ਫੈਸਲਾਕੁੰਨ ਐਲਾਨ ਦੱਸ ਰਹੇ ਹਨ। ਮੌਜੂਦਾ ਹਾਲਾਤ ਇਹ ਹਨ ਕਿ ਨਿਕੋਲਾ ਸਟਰਜਨ ਜਿੱਥੇ ਸਾਬਕਾ ਫਸਟ ਮਨਿਸਟਰ ਅਲੈਕਸ ਸਲਮੰਡ ਦੇ ਮਾਮਲੇ ਵਿੱਚ ਘਿਰੀ ਰਹੀ, ਉੱਥੇ ਹੁਣ ਅਨਸ ਸਰਵਰ ਵੱਲੋਂ ਆਪਣੇ ਸਿਆਸੀ ਭਵਿੱਖ ਵੱਲੋਂ ਬੇਪ੍ਰਵਾਹ ਹੁੰਦਿਆਂ ਸਾਹਮਣੇ ਡਟ ਜਾਣਾ ਵੀ ਨਿਕੋਲਾ ਲਈ ਪ੍ਰੇਸ਼ਾਨੀ ਦਾ ਸਬੱਬ ਬਣੇਗਾ। ਇਸ ਨਾਜ਼ੁਕ ਦੌਰ ਵਿੱਚ ਜੇਕਰ ਅਜੇ ਅਨਸ ਸਰਵਰ ਕੋਲ ਗੁਆਉਣ ਲਈ ਕੁਝ ਵੀ ਨਹੀਂ ਤਾਂ ਨਿਕੋਲਾ ਸਟਰਜਨ ਦੇ ਇਸ ਸੀਟ ਤੋਂ ਹਾਰ ਜਾਣ ਨਾਲ ਬਹੁਤ ਕੁਝ ਗੁਆਚ ਜਾਵੇਗਾ।

ਸਕਾਟਿਸ਼ ਲੇਬਰ ਪਾਰਟੀ ਅਨਸ ਸਰਵਰ ਦੇ ਲੀਡਰ ਬਣਨ ਤੋਂ ਪਹਿਲਾਂ ਸਿਆਸੀ ਧਰਾਤਲ 'ਤੇ ਹੋਂਦ ਬਚਾਉਣ ਦੀ ਹਾਲਤ ਵਿੱਚ ਸੀ ਪਰ ਅਨਸ ਸਰਵਰ ਦੇ ਲੀਡਰ ਵਜੋਂ ਕਮਾਨ ਸੰਭਾਲਣ ਤੋਂ ਬਾਅਦ ਲੇਬਰ ਪਾਰਟੀ ਦੀਆਂ ਸਰਗਰਮੀਆਂ ਵਿੱਚ ਜੋਸ਼ ਦੇਖਣ ਨੂੰ ਮਿਲ ਰਿਹਾ ਹੈ। ਜਿੱਥੇ ਸਕਾਟਿਸ਼ ਨੈਸ਼ਨਲ ਪਾਰਟੀ ਸਕਾਟਲੈਂਡ ਵਿੱਚ ਯੂ.ਕੇ. ਨਾਲੋਂ ਵੱਖ ਹੋਣ ਲਈ ਦੂਜੀ ਰਾਇਸ਼ੁਮਾਰੀ ਕਰਵਾਉਣ ਲਈ ਬਜ਼ਿਦ ਹੋਣ ਕਰਕੇ ਬਰਤਾਨਵੀ ਸਿਆਸਤ ਦਾ ਅੱਖ-ਤਿਣ ਹੈ ਉੱਥੇ ਲੇਬਰ ਪਾਰਟੀ ਵੱਲੋਂ ਏਕਤਾ ਬਣਾਈ ਰੱਖਣ ਦਾ ਹਾਮੀ ਹੋਣਾ ਬਾਕੀ ਸਿਆਸੀ ਪਾਰਟੀਆਂ ਨੂੰ ਵੀ ਹਜ਼ਮ ਆ ਰਿਹਾ ਹੈ। ਬੇਸ਼ੱਕ ਦੇਸ਼ ਦੇ ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਕੰਸਰਵੇਟਿਵ ਪਾਰਟੀ ਨਾਲ ਸੰਬੰਧ ਰੱਖਦੇ ਹਨ, ਪਰ ਰੈਫਰੰਡਮ ਦੇ ਮੁੱਦੇ 'ਤੇ ਉਨਾਂ ਨੂੰ ਸਕਾਟਿਸ਼ ਲੇਬਰ ਪਾਰਟੀ ਦਾ ਸਟੈਂਡ ਪਸੰਦ ਆਉਣਾ ਵੀ ਸੁਭਾਵਿਕ ਹੈ। ਇਨਾਂ 6 ਮਈ ਨੂੰ ਹੋਣ ਜਾ ਰਹੀਆਂ ਚੋਣਾਂ ਦੇ ਨਤੀਜੇ ਜੋ ਮਰਜ਼ੀ ਆਉਣ ਪਰ ਇਹ ਗੱਲ ਸਪੱਸ਼ਟ ਹੈ ਕਿ ਥਾਲੀ 'ਚ ਪਰੋਸ ਕੇ ਸੌਖੀ ਜਿੱਤ ਕਿਸੇ ਨੂੰ ਵੀ ਮਿਲਣੀ ਮੁਸ਼ਕਿਲ ਜਾਪ ਰਹੀ ਹੈ। ਸਿਆਸੀ ਧਿਰਾਂ ਵਿੱਚੋਂ ਆਪਣਾ ਅਕਸ, ਭਵਿੱਖੀ ਰਾਹ ਤੇ ਪੈਰ ਜਮਾਉਣ ਵਿੱਚ ਲੇਬਰ ਪਾਰਟੀ ਅਨਸ ਸਰਵਰ ਦੀ ਅਗਵਾਈ ਵਿੱਚ ਲਾਹਾ ਜ਼ਰੂਰ ਲੈ ਜਾਵੇਗੀ। ਜ਼ਿਕਰਯੋਗ ਹੈ ਕਿ ਲੇਬਰ ਲੀਡਰ ਅਨਸ ਸਰਵਰ, ਗਲਾਸਗੋ ਤੋਂ ਸਾਬਕਾ ਮੈਂਬਰ ਪਾਰਲੀਮੈਂਟ ਰਹੇ ਚੌਧਰੀ ਮੁਹੰਮਦ ਸਰਵਰ ਦੇ ਫਰਜ਼ੰਦ ਹਨ। ਚੌਧਰੀ ਮੁਹੰਮਦ ਸਰਵਰ ਪਾਕਿਸਤਾਨ ਪੰਜਾਬ ਦੇ ਗਵਰਨਰ ਦੀਆਂ ਸੇਵਾਵਾਂ ਵੀ ਨਿਭਾ ਰਹੇ ਹਨ। ਸਕਾਟਲੈਂਡ ਵਿੱਚ ਮੁਹੰਮਦ ਸਰਵਰ ਦੇ ਸਿਆਸੀ ਪ੍ਰਭਾਵ ਤੇ ਲੋਕਾਂ ਵਿੱਚ ਹਰਮਨ ਪਿਆਰਤਾ ਦਾ ਫਾਇਦਾ ਅਨਸ ਸਰਵਰ ਦੇ ਜ਼ਰੀਏ ਲੇਬਰ ਪਾਰਟੀ ਨੂੰ ਹੀ ਮਿਲੇਗਾ। ਬਰਤਾਨਵੀ ਸਿਆਸਤ ਵਿੱਚ ਕਿਸੇ ਸਿਆਸੀ ਪਾਰਟੀ ਦਾ ਲੀਡਰ ਬਣਨ ਵਾਲਾ ਵੀ ਅਨਸ ਸਰਵਰ ਪਹਿਲਾ ਸਿਆਸਤਦਾਨ ਹੈ ਜੋ ਗੈਰ ਗੋਰਾ ਹੋਣ ਦੇ ਬਾਵਜੂਦ ਪਾਰਟੀ ਦੀ ਅਗਵਾਈ ਕਰ ਰਿਹਾ ਹੈ। ਏਸ਼ੀਅਨ, ਖਾਸ ਕਰਕੇ ਮੁਸਲਿਮ ਪਿਛੋਕੜ ਵਾਲੀ ਵੋਟ ਅਨਸ ਸਰਵਰ ਦੀ ਝੋਲੀ ਵੱਡੀ ਗਿਣਤੀ ਵਿੱਚ ਪੈਣ ਦੀ ਸੰਭਾਵਨਾ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ। ਇਸ ਦੇ ਨਾਲ ਹੀ ਸਿੱਖ ਭਾਈਚਾਰੇ ਦੀ ਵੋਟ ਵੀ ਅਨਸ ਸਰਵਰ ਰਾਹੀਂ ਲੇਬਰ ਪਾਰਟੀ ਦੇ ਖਾਤੇ ਪੈ ਸਕਦੀ ਹੈ, ਕਿਉਂਕਿ ਚੌਧਰੀ ਮੁਹੰਮਦ ਸਰਵਰ ਦੀਆਂ ਸ੍ਰੀ ਕਰਤਾਰਪੁਰ ਸਾਹਿਬ ਲਾਂਘਾ ਖੁੱਲਣ 'ਚ ਕੀਤੀਆਂ ਕੋਸ਼ਿਸ਼ਾਂ ਤੇ ਨਿਭਾਇਆ ਹਾਂ-ਪੱਖੀ ਰੋਲ ਵੀ ਸਿੱਖ ਭਾਈਚਾਰੇ ਨੂੰ ਵਾਇਆ ਅਨਸ ਸਰਵਰ ਹੋ ਕੇ ਲੇਬਰ ਪਾਰਟੀ ਦਾ ਸਾਥ ਦੇਣ ਲਈ ਮਜਬੂਰ ਕਰੇਗਾ। ਕਿਉਂਕਿ ਅਨਸ ਸਰਵਰ ਵੱਲੋਂ ਆਪਣੇ ਭਾਸ਼ਣ ਦੌਰਾਨ ਆਪਣੇ ਪਿਤਾ ਤੇ ਕਰਤਾਰਪੁਰ ਸਾਹਿਬ ਲਾਂਘੇ ਦਾ ਜ਼ਿਕਰ ਕਰਨਾ ਇਹੀ ਯਾਦ ਦਿਵਾਉਣਾ ਹੈ। ਇਸ ਤਰਾਂ ਦਾ ਜ਼ਿਕਰ ਉਹ ਗਲਾਸਗੋ ਦੇ ਇੱਕ ਗੁਰਦੁਆਰਾ ਸਾਹਿਬ ਵਿਖੇ ਵੀ ਕਰ ਚੁੱਕੇ ਹਨ। 129 ਸੀਟਾਂ 'ਤੇ ਹੋਣ ਜਾ ਰਹੇ ਸਿਆਸੀ ਦੰਗਲ 'ਚ ਸਪੱਸ਼ਟ ਬਹੁਮਤ ਲਈ 65 ਸੀਟਾਂ ਦੀ ਲੋੜ ਰਹੇਗੀ। ਇਸ ਸਮੇਂ ਨਿਕੋਲਾ ਸਟਰਜਨ ਦੀ ਅਗਵਾਈ 'ਚ ਸਕਾਟਿਸ਼ ਨੈਸ਼ਨਲ ਪਾਰਟੀ, ਸਕਾਟਿਸ਼ ਕੰਜ਼ਰਵੇਟਿਵ (ਡਗਲਸ ਰੌਸ), ਸਕਾਟਿਸ਼ ਲੇਬਰ (ਅਨਸ ਸਰਵਰ), ਸਕਾਟਿਸ਼ ਲਿਬਰਲ ਡੈਮੋਕ੍ਰੇਟਸ (ਵਿਲੀ ਰੈਨੀ), ਸਕਾਟਿਸ਼ ਗ੍ਰੀਨ (ਪੈਟ੍ਰਿਕ ਹਾਰਵੀ, ਲੌਰਨਾ ਸਲੇਟਰ) ਅਤੇ 3 ਨਵੀਆਂ ਪਾਰਟੀਆਂ ਵੀ ਜ਼ੋਰ ਅਜਮਾਈ ਕਰਨਗੀਆਂ, ਜਿਨਾਂ ਵਿੱਚ ਮਾਈਕਲ ਬੈਲਨਟਾਈਨ ਦੀ 'ਰਿਫਾਰਮ ਯੂ.ਕੇ.', ਸਾਬਕਾ ਫਸਟ ਮਨਿਸਟਰ ਤੇ ਸਕਾਟਿਸ਼ ਨੈਸ਼ਨਲ ਪਾਰਟੀ ਲੀਡਰ ਅਲੈਕਸ ਸਲਮੰਡ ਦੀ 'ਅਲਬਾ ਪਾਰਟੀ' ਤੇ ਜਾਰਜ ਗੈਲੋਵੇਅ ਦੀ 'ਆਲ ਫੌਰ ਯੂਨਿਟੀ' ਪ੍ਰਮੁੱਖ ਹਨ।

ਇਸ ਚੋਣ ਵਿੱਚ ਹਿੱਸਾ ਲੈਣ ਲਈ ਵੋਟਰਾਂ ਨੂੰ ਆਪਣੇ ਹੱਥੀਂ ਵੋਟ ਬਕਸੇ ਵਿਚ ਵੋਟ ਪਾਉਣ, ਚਿੱਠੀ ਰਾਹੀਂ ਵੋਟ ਪਾਉਣ ਦੇ ਸੁਨੇਹੇ ਲੱਗ ਰਹੇ ਹਨ। ਸਭ ਤੋਂ ਵੱਡੀ ਗੱਲ ਕਿ ਇਹਨਾਂ ਚੋਣਾਂ ਵਿੱਚ ਕਿਸੇ 'ਮਸ਼ੀਨ' ਦੀ ਵਰਤੋਂ ਦੀ ਬਜਾਏ ਬੈਲਟ ਪੇਪਰ ਦੀ ਵਰਤੋਂ ਹੀ ਹੋਵੇਗੀ।

ਅਪ੍ਰੈਲ ਮਹੀਨਾ ਚੋਣ ਮੁਹਿੰਮ ਨੂੰ ਸਿਖਰਾਂ 'ਤੇ ਪਹੁੰਚਾਉਣ ਦਾ ਕੰਮ ਕਰੇਗਾ। ਟੀ.ਵੀ. ਚੈਨਲਾਂ ਦੇ ਸਟੂਡੀਓਜ਼ ਰਾਹੀਂ ਪਾਰਟੀਆਂ ਦੇ ਆਗੂ ਬਹਿਸਾਂ ਦਾ ਹਿੱਸਾ ਬਣਨਗੇ। ਜਿਸਦੀ ਗੱਲ ਵਜ਼ਨਦਾਰ ਹੋਵੇਗੀ, ਜੋ ਲੋਕਾਂ ਦੇ ਦਿਲਾਂ ਦੀ ਤਾਰ ਛੂਹ ਜਾਵੇਗਾ, ਉਹੀ ਉਹਨਾਂ ਦੇ 'ਮਤ ਦਾ ਦਾਨ' ਹਾਸਲ ਕਰ ਜਾਵੇਗਾ। ਹੁਣ ਦੇਖਣਾ ਇਹ ਹੋਵੇਗਾ ਕਿ 6 ਮਈ ਨੂੰ 'ਇੱਕ ਦਿਨ ਦਾ ਰਾਜਾ- ਵੋਟਰ' ਕਿਸ ਕਿਸ ਦੀ ਕਿਸਮਤ ਬਦਲੇਗਾ।

# ਬੰਗਾਲ ਵਿਚ ਭਾਜਪਾ ਦੇ ਫਿਰਕੂਵਾਦ ਵਿਰੁੱਧ ਮਮਤਾ ਬੈਨਰਜੀ ਭਾਰੂ

## ✪ ਮਮਤਾ ਨੂੰ ਕੋਰੋਨਾ ਵਿਸਫੋਟ ਖਿਲਾਫ ਨਵਾਂ ਮੁੱਦਾ ਮਿਲਿਆ ✪ ਕੂਚ ਬਿਹਾਰ ਵਿਚ ਸੀ.ਆਈ.ਐਸ.ਐਫ. ਵਲੋਂ ਗੋਲੀ ਚਲਾਉਣ ਵਿਰੁਧ ਮਮਤਾ ਡਟੀ ✪ ਕੌਮੀ ਰਾਜਨੀਤੀ 'ਤੇ ਵੱਡਾ ਪ੍ਰਭਾਵ ਪਾਉਣਗੀਆਂ ਬੰਗਾਲ ਦੀਆਂ ਚੋਣਾਂ

**ਅੰਮ੍ਰਿਤਸਰ ਟਾਈਮਜ਼ ਬਿਊਰੋ**

ਪੱਛਮੀ ਬੰਗਾਲ ਦੀਆਂ ਚੋਣਾਂ ਨੂੰ ਅੱਠ ਪੜਾਵਾਂ ਵਿਚ ਕਰਾਉਣ ਦਾ ਭਾਰਤੀ ਜਨਤਾ ਪਾਰਟੀ ਦਾ ਫ਼ੈਸਲਾ ਉਸ ਦੇ ਖਿਲਾਫ਼ ਹੀ ਜਾ ਰਿਹਾ ਜਾਪਦਾ ਹੈ। ਇਹ ਸੱਚ ਹੈ ਕਿ ਵੋਟਿੰਗ ਅੱਠ ਗੇੜਾਂ ਵਿਚ ਕਰਵਾਉਣ ਦਾ ਫ਼ੈਸਲਾ ਰਸਮੀ ਤੌਰ 'ਤੇ ਭਾਰਤ ਦੇ ਚੋਣ ਕਮਿਸ਼ਨ ਦਾ ਹੈ, ਪਰ ਕਿਸੇ ਨੂੰ ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਇਹ ਫ਼ੈਸਲਾ ਕਮਿਸ਼ਨ ਨੇ ਭਾਜਪਾ ਦੀ ਇੱਛਾ ਅਨੁਸਾਰ ਹੀ ਲਿਆ ਸੀ। ਇਸ ਪਿੱਛੇ ਭਾਜਪਾ ਦਾ ਮੁਲਾਂਕਣ ਇਹ ਸੀ ਕਿ ਲੰਬੇ ਸਮੇਂ ਤੱਕ ਚੋਣ ਪ੍ਰਚਾਰ ਜਾਰੀ ਰਹਿਣ ਕਾਰਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਵੱਧ ਤੋਂ ਵੱਧ ਰੈਲੀਆਂ ਵਿਚ ਭਾਸ਼ਣ ਦੇਣ ਦਾ ਮੌਕਾ ਮਿਲੇਗਾ ਅਤੇ ਆਪਣੇ ਭਾਸ਼ਣਾਂ ਨਾਲ ਉਹ ਲੋਕਾਂ ਨੂੰ ਪ੍ਰਭਾਵਿਤ ਕਰਕੇ ਭਾਜਪਾ ਦੀ ਜਿੱਤ ਦਾ ਰਾਹ ਪੱਧਰਾ ਕਰਨਗੇ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਭਾਸ਼ਣ ਦਿੰਦੇ ਸਮੇਂ ਉਹ ਲੋਕਾਂ ਦੀ ਨਬਜ਼ ਨੂੰ ਟੋਂਹਦੇ ਹਨ ਅਤੇ ਉਨਾਂ ਦੇ ਭਾਸ਼ਣਾਂ ਨੂੰ ਵਾਰ-ਵਾਰ ਖ਼ਬਰ ਚੈਨਲ ਦਿਖਾਉਂਦੇ ਹਨ, ਜਿਸ ਨਾਲ ਉਨਾਂ ਦਾ ਪ੍ਰਭਾਵ ਕਈ ਗੁਣਾ ਵਧ ਜਾਂਦਾ ਹੈ। ਉਸ ਦਾ ਅਸਰ ਇਹ ਹੁੰਦਾ ਹੈ ਕਿ ਉਨਾਂ ਦੇ ਵਿਰੋਧੀ ਵੀ ਉਨਾਂ ਦੇ ਮੁਰੀਦ ਹੋਣ ਲਗਦੇ ਹਨ। ਸਭ ਤੋਂ ਵੱਡੀ ਗੱਲ ਇਹ ਹੁੰਦੀ ਹੈ ਕਿ ਸੁਤੰਤਰ ਸੋਚ ਵਾਲੇ ਵੋਟਰ, ਜਿਨਾਂ ਦਾ ਕਿਸੇ ਖ਼ਾਸ ਪਾਰਟੀ ਜਾਂ ਵਿਚਾਰਧਾਰਾ ਨਾਲ ਲਗਾਅ ਨਹੀਂ ਹੁੰਦਾ, ਉਹ ਵੋਟਿੰਗ ਤੋਂ ਠੀਕ ਪਹਿਲਾਂ ਮੋਦੀ ਦੇ ਭਾਸ਼ਣਾਂ ਦੇ ਪ੍ਰਭਾਵ ਨਾਲ ਭਾਜਪਾ ਨੂੰ ਵੋਟਾਂ ਪਾਉਣ ਲਈ ਤਿਆਰ ਹੋ ਜਾਂਦੇ ਹਨ। ਆਪਣੇ ਇਸ ਕਰਿਸ਼ਮੇ (ਜੋ ਮੀਡੀਆ ਵਲੋਂ ਹੋਰ ਵੀ ਵਧਾ ਚੜਾ ਕੇ ਪੇਸ਼ ਕੀਤਾ ਜਾਂਦਾ ਹੈ) ਦਾ ਲਾਭ ਪਹੁੰਚਾਉਣ ਲਈ ਪੱਛਮੀ ਬੰਗਾਲ ਦੀਆਂ ਚੋਣਾਂ ਨੂੰ 8 ਗੇੜਾਂ ਵਿਚ ਕਰਵਾਉਣ ਦਾ ਐਲਾਨ ਕੀਤਾ ਗਿਆ। ਮਮਤਾ ਬੈਨਰਜੀ ਨੇ ਇਸ ਦਾ ਵਿਰੋਧ ਕੀਤਾ ਅਤੇ ਕਿਹਾ ਕਿ ਵੋਟਿੰਗ ਛੇਤੀ ਤੋਂ ਛੇਤੀ ਕਰਵਾਈ ਜਾਵੇ, ਪਰ ਉਨਾਂ ਦੀ ਗੱਲ ਦੀ ਸੁਣਵਾਈ ਨਹੀਂ ਹੋਈ। ਪਰ ਪੱਛਮੀ ਬੰਗਾਲ ਵਿਚ ਕੋਰੋਨਾ ਵਿਸਫੋਟ ਨੇ ਮਮਤਾ ਬੈਨਰਜੀ ਨੂੰ ਸਹੀ ਸਾਬਤ ਕੀਤਾ ਤੇ ਬਾਕੀ 3 ਗੇੜਾਂ ਨੂੰ ਇਕੱਠਿਆਂ ਕਰਵਾਉਣ ਦੀ ਮੰਗ ਮਮਤਾ ਨੇ ਫਿਰ ਕੀਤੀ ਹੈ ਅਤੇ ਉਨਾਂ ਨੂੰ ਇਹ ਮੁੱਦਾ ਵੀ ਲੱਭ ਗਿਆ ਹੈ, ਜਿਸ ਦੀ ਕਾਟ ਨਾ ਤਾਂ ਮੋਦੀ ਕੋਲ ਹੈ ਤੇ ਨਾ ਹੀ ਉਨਾਂ ਦੇ ਬੁਲਾਰੇ ਵਜੋਂ ਵਿਵਹਾਰ ਕਰ ਰਹੇ ਮੀਡੀਆ ਕੋਲ।

ਹਰੇਕ ਬੀਤਦੇ ਦਿਨ ਦੇ ਨਾਲ ਪੱਛਮੀ ਬੰਗਾਲ ਵਿਚ ਦੇਸ਼ ਦੇ ਹੋਰਾਂ ਹਿੱਸਿਆਂ ਦੀ ਤਰਾਂ ਕੋਰੋਨਾ ਬਦ ਤੋਂ ਬਦਤਰ ਸਥਿਤੀ ਵਿਚ ਪੁੱਜਦਾ ਜਾ ਰਿਹਾ ਹੈ। ਇਸ ਨੇ ਮਮਤਾ ਬੈਨਰਜੀ ਨੂੰ ਕਈ ਮਾਅਨਿਆਂ ਵਿਚ ਵੱਡੇ ਹਥਿਆਰ ਮੁਹੱਈਆ ਕਰਵਾ ਦਿੱਤੇ ਹਨ। ਸਭ ਤੋਂ ਪਹਿਲਾਂ ਤਾਂ ਉਹ ਭਾਜਪਾ ਨੂੰ ਲੰਬੀ ਮਿਆਦ ਵਾਲੇ ਚੋਣ ਪ੍ਰਚਾਰ ਲਈ ਜ਼ਿੰਮੇਵਾਰ ਦੱਸ ਰਹੇ ਹਨ, ਜਿਸ ਕਾਰਨ ਕੋਰੋਨਾ ਫੈਲ ਰਿਹਾ ਹੈ, ਕਿਉਂਕਿ ਰੋਡ ਸ਼ੋਅ ਅਤੇ ਚੋਣ ਰੈਲੀਆਂ ਦੌਰਾਨ ਸਰੀਰਕ ਦੂਰੀ ਸੰਭਵ ਨਹੀਂ ਹੁੰਦੀ। ਇਸ ਤੋਂ ਇਲਾਵਾ ਕੋਰੋਨਾ ਦੇ ਵਧਦੇ ਮਾਮਲਿਆਂ ਲਈ ਵੀ ਭਾਜਪਾ ਸਿਰ ਦੋਸ਼ ਮੜਨ ਵਿਚ ਉਹ ਪਿੱਛੇ ਨਹੀਂ ਹੈ। ਉਹ ਕਹਿ ਰਹੀ ਹੈ ਅਤੇ ਸਹੀ ਹੀ ਕਹਿ ਰਹੀ ਹੈ ਕਿ ਭਾਜਪਾ ਹੋਰਾਂ ਰਾਜਾਂ ਤੋਂ ਆਪਣੇ ਆਗੂਆਂ ਤੇ ਵਰਕਰਾਂ ਨੂੰ ਪੱਛਮੀ ਬੰਗਾਲ ਚੋਣ ਪ੍ਰਚਾਰ ਕਰਨ ਲਈ ਲਿਆ ਰਹੀ ਹੈ ਅਤੇ ਬਾਹਰ ਤੋਂ ਆਏ ਉਹ ਲੋਕ ਹੀ ਬੰਗਾਲ ਦੇ ਲੋਕਾਂ ਵਿਚ ਲਾਗ ਫੈਲਾ ਰਹੇ ਹਨ।

ਵੋਟਿੰਗ ਦੇ 8 ਗੇੜਾਂ ਦਾ ਠੀਕਰਾ ਤਾਂ ਭਾਜਪਾ ਭਾਰਤ ਦੇ ਚੋਣ ਕਮਿਸ਼ਨ ਸਿਰ ਭੰਨ ਸਕਦੀ ਹੈ ਪਰ ਉਹ ਇਸ ਗੱਲ ਤੋਂ ਇਨਕਾਰ ਨਹੀਂ ਕਰ ਸਕਦੀ ਕਿ ਹੋਰਾਂ ਰਾਜਾਂ ਤੋਂ ਲੱਖਾਂ ਵਰਕਰਾਂ ਅਤੇ ਹਜ਼ਾਰਾਂ ਛੋਟੇ ਵੱਡੇ ਵਰਕਰਾਂ ਨੂੰ ਉਸ ਨੇ ਬੰਗਾਲ ਦੀਆਂ ਚੋਣਾਂ ਵਿਚ ਝੋਕਿਆ ਹੋਇਆ ਹੈ। ਮੋਦੀ ਅਤੇ ਅਮਿਤ ਸ਼ਾਹ ਦੀਆਂ ਰੈਲੀਆਂ ਵਿਚ ਵੱਡੀਆਂ ਭੀੜਾਂ ਦਿਖਾਉਣ ਲਈ ਉੱਥੇ ਨਾ ਸਿਰਫ ਗੁਆਂਢੀ ਉੜੀਸਾ, ਝਾਰਖੰਡ, ਬਿਹਾਰ ਅਤੇ ਆਸਾਮ ਤੋਂ ਲੋਕਾਂ ਨੂੰ ਢੋਅ ਕੇ ਲਿਆਂਦਾ ਜਾ ਰਿਹਾ ਹੈ ਸਗੋਂ ਉੱਤਰ ਪ੍ਰਦੇਸ਼ ਅਤੇ ਦਿੱਲੀ ਤੋਂ ਵੀ ਭਾਜਪਾ ਦੇ ਲੋਕ ਉੱਥੇ ਪਹੁੰਚੇ ਹੋਏ ਹਨ। ਭਾਜਪਾ ਦੇ ਇਸ ਜਮਾਵੜੇ 'ਤੇ ਵਧਦੇ ਕੋਰੋਨਾ ਮਾਮਲਿਆਂ ਦਾ ਦੋਸ਼ ਮਮਤਾ ਬੈਨਰਜੀ ਦੇਸ਼ ਦੀ ਸੱਤਾਧਾਰੀ ਪਾਰਟੀ ਸਿਰ ਸੁੱਟ ਰਹੀ ਹੈ ਅਤੇ ਲੋਕ ਇਸ ਵਿਚ ਸਚਾਈ ਦਾ ਅੰਸ਼ ਵੇਖ ਰਹੇ ਹਨ। ਇਸ ਦਾ ਅਸਰ ਉਨਾਂ ਸੁਤੰਤਰ ਸੋਚ ਵਾਲੇ ਵੋਟਰਾਂ 'ਤੇ ਪੈਣਾ ਸੁਭਾਵਿਕ ਹੈ, ਜਿਨਾਂ ਨੂੰ ਪ੍ਰਭਾਵਿਤ ਕਰਨ ਲਈ ਵੋਟਿੰਗ 8 ਗੇੜਾਂ ਵਿਚ ਕਰਵਾਈ ਜਾ ਰਹੀ ਸੀ।

ਦੂਜੇ ਪਾਸੇ ਭਾਜਪਾ ਦੇ ਕੋਲ ਹੁਣ ਮੁੱਦਿਆਂ ਦੀ ਘਾਟ




ਹੋ ਗਈ ਹੈ। ਮਮਤਾ 'ਤੇ ਭਤੀਜਾਵਾਦ ਦਾ ਦੋਸ਼ ਘਸ ਚੁੱਕਾ ਹੈ। ਕਟ ਮਨੀ ਅਤੇ ਤੋਲਾਬਾਜ਼ੀ ਸੁਣ-ਸੁਣ ਵੀ ਲੋਕ ਥੱਕ ਚੁੱਕੇ ਹਨ। ਜਿੰਨਾ ਫ਼ਿਰਕੂ ਧਰੁਵੀਕਰਨ ਦੀ ਕੋਸ਼ਿਸ਼ ਭਾਜਪਾ ਕਰ ਸਕਦੀ ਸੀ, ਉਸ ਤੋਂ ਜ਼ਿਆਦਾ ਪਹਿਲਾਂ ਹੀ ਕਰ ਚੁੱਕੀ ਹੈ। ਮਮਤਾ ਬੈਨਰਜੀ 'ਤੇ ਨਿੱਜੀ ਹਮਲੇ ਵੀ ਬਹੁਤ ਹੋਏ ਹਨ ਪਰ ਜੇਕਰ ਪੱਛਮੀ ਬੰਗਾਲ ਤੋਂ ਬਾਹਰ ਦੇ ਲੋਕ ਉੱਥੋਂ ਦੀ ਇਕ ਔਰਤ 'ਤੇ ਜ਼ਿਆਦਾ ਹਮਲੇ ਕਰਨਗੇ ਤਾਂ ਖੇਡ ਪੁੱਠੀ ਵੀ ਪੈ ਸਕਦੀ ਹੈ ਅਤੇ ਜਵਾਬੀ ਪ੍ਰਤੀਕਰਮ ਵੀ ਮਿਲ ਸਕਦਾ ਹੈ। ਜਾਤ ਦਾ ਪੱਤਾ ਭਾਜਪਾ ਜਿੰਨਾ ਖੇਡ ਸਕਦੀ ਸੀ, ਖੇਡ ਚੁੱਕੀ ਹੈ। ਇਸ ਲਈ ਮੋਦੀ ਸਣੇ ਹੋਰਾਂ ਨੇਤਾਵਾਂ ਕੋਲ ਹੁਣ ਕੁਝ ਹੋਰ ਕਹਿਣ ਲਈ ਬਚਿਆ ਹੀ ਨਹੀਂ। ਉਨਾਂ ਨੇ ਜੋ ਕੁਝ ਕਿਹਾ ਹੈ, ਉਸ ਨੂੰ ਕਿੱਲ ਕਿੱਲ ਕੇ ਗੋਦੀ ਮੀਡੀਆ ਪਹਿਲਾਂ ਹੀ ਲੋਕਾਂ ਕੋਲ ਪਹੁੰਚਾ ਚੁੱਕਾ ਹੈ। ਇਸ ਲਈ ਲੋਕਾਂ ਵਿਚ ਇਹ ਉਤਸੁਕਤਾ ਨਹੀਂ ਰਹਿ ਗਈ ਕਿ ਮੋਦੀ ਜੀ ਹੁਣ ਕੀ ਕਹਿਣਗੇ। ਦੂਜੇ ਪਾਸੇ ਮਮਤਾ ਬੈਨਰਜੀ ਨੂੰ ਕੋਰੋਨਾ ਵਿਸਫੋਟ ਦਾ ਨਵਾਂ ਮੁੱਦਾ ਮਿਲ ਗਿਆ ਹੈ। ਉਹ ਕਹਿ ਰਹੀ ਹੈ ਕਿ ਉਨਾਂ ਨੇ ਤਾਂ ਇਸ ਬਿਮਾਰੀ 'ਤੇ ਕੰਟਰੋਲ ਰੱਖਿਆ ਸੀ ਅਤੇ ਬੰਗਾਲ ਵਿਚ 100 ਤੋਂ ਵੀ ਘੱਟ ਲੋਕ ਪ੍ਰਤੀ ਦਿਨ ਪੀੜਤ ਹੋ ਰਹੇ ਸਨ ਪਰ ਲੋਕਾਂ ਨੂੰ ਟੀਕਾ ਦੇ ਕੇ ਹਮੇਸ਼ਾ ਲਈ ਸੁਰੱਖਿਅਤ ਕਰਨ ਦੀ ਜ਼ਿੰਮੇਵਾਰੀ ਕੇਂਦਰ ਸਰਕਾਰ ਦੀ ਸੀ, ਪਰ ਉਸ ਨੇ ਇਹ ਕੰਮ ਪੂਰਾ ਨਹੀਂ ਕੀਤਾ। ਰਾਜ ਸਰਕਾਰ ਪੈਸੇ ਦੇ ਕੇ ਟੀਕਾ ਖਰੀਦਣਾ ਚਾਹੁੰਦੀ ਸੀ ਤਾਂ ਕਿ ਲੋਕਾਂ ਨੂੰ ਟੀਕਾ ਲਗਾਇਆ ਜਾ ਸਕੇ ਪਰ ਕੇਂਦਰ ਨੇ ਪੈਸੇ ਲੈ ਕੇ ਵੀ ਟੀਕਾ ਬੰਗਾਲ ਨੂੰ ਨਹੀਂ ਦਿੱਤਾ। ਕੂਚ ਬਿਹਾਰ ਵਿਚ ਸੀ.ਆਈ.ਐਸ.ਐਫ. ਵਲੋਂ ਗੋਲੀ ਚਲਾਉਣ ਦਾ ਇਕ ਨਵਾਂ ਮੁੱਦਾ ਵੀ ਮਮਤਾ ਨੂੰ ਮਿਲ ਗਿਆ ਹੈ। ਉਸ ਗੋਲੀ ਕਾਂਡ ਦਾ ਸਮਰਥਨ ਕਰ ਕੇ ਭਾਜਪਾ ਫਸ ਗਈ ਹੈ। ਚੋਣ ਕਮਿਸ਼ਨ ਨੇ ਮਮਤਾ ਦੇ ਪ੍ਰਚਾਰ 'ਤੇ 24 ਘੰਟੇ ਦੀ ਰੋਕ ਲਗਾ ਦਿੱਤੀ ਤਾਂ ਉਨਾਂ ਨੂੰ ਇਕ ਹੋਰ ਮੁੱਦਾ ਮਿਲ ਗਿਆ, ਜਿਸ ਦਾ ਫਾਇਦਾ ਉਨਾਂ ਨੂੰ ਉਸੇ ਤਰਾਂ ਮਿਲੇਗਾ, ਜਿਵੇਂ ਕਿ 1995 ਦੀਆਂ ਚੋਣਾਂ ਵਿਚ ਬਿਹਾਰ ਵਿਚ ਲਾਲੂ ਯਾਦਵ ਨੂੰ ਮਿਲਿਆ ਸੀ। ਉਸ ਸਮੇਂ ਲਾਲੂ ਨੂੰ ਨੋਟਿਸ ਮਿਲਦੇ ਸਨ ਅਤੇ ਲਾਲੂ ਉਸ ਨੋਟਿਸ ਨੂੰ ਹੀ ਮੁੱਦਾ ਬਣਾ ਕੇ ਹਮਦਰਦੀ ਪ੍ਰਾਪਤ ਕਰਦੇ ਸਨ। ਜ਼ਾਹਰ ਹੈ ਕਿ ਵੋਟਿੰਗ ਵਿਚ ਦੇਰੀ ਹੁਣ ਮਮਤਾ ਦੇ ਪੱਖ ਵਿਚ ਜਾ ਰਹੀ ਹੈ ਅਤੇ ਭਾਜਪਾ ਦੇ ਮੁਲਾਂਕਣ ਗੜਬੜਾਉਂਦੇ ਜਾ ਰਹੇ ਹਨ।ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਬੰਗਾਲ ਦੀ ਰਾਜਨੀਤੀ ਵਿਚ ਜਿਸ ਦੀ ਜਿੱਤ ਹੋਵੇਗੀ, ਉਹ ਬੰਗਾਲ ਹੀ ਨਹੀਂ ਸਗੋਂ ਅਗਲੇ ਦੋ ਢਾਈ ਸਾਲ ਤੱਕ ਰਾਸ਼ਟਰੀ ਰਾਜਨੀਤੀ 'ਤੇ ਆਪਣਾ ਸਿੱਕਾ ਜਮਾਏਗਾ। ਜੇਕਰ ਭਾਜਪਾ ਜਿੱਤੇਗੀ ਤਾਂ ਕੇਂਦਰ ਸਰਕਾਰ ਦੇ ਤਿੰਨ ਸੰਕਟਾਂ (ਕਿਸਾਨ ਅੰਦੋਲਨ ਕਾਰਨ ਪੈਦਾ ਹੋਇਆ ਰਾਜਸੀ ਸੰਕਟ, ਚੀਨ ਨਾਲ ਸਰਹੱਦੀ ਵਿਵਾਦ ਕਾਰਨ ਤਿੱਖਾ ਹੋਇਆ ਵਿਦੇਸ਼ ਨੀਤੀ ਦਾ ਸੰਕਟ ਅਤੇ ਕੋਵਿਡ ਕਾਰਨ ਲਾਇਲਾਜ ਹੋਇਆ ਆਰਥਿਕ ਸੰਕਟ) ਦਾ ਪ੍ਰਬੰਧ ਕਰਨ ਉਸ ਦੀ ਸਮਰੱਥਾ ਵਿਚ ਜ਼ਬਰਦਸਤ ਵਾਧਾ ਹੋ ਜਾਵੇਗਾ। ਹੋ ਸਕਦਾ ਹੈ ਕਿ ਬੰਗਾਲ ਦੀਆਂ ਚੋਣਾਂ ਜਿੱਤਦਿਆਂ ਹੀ ਸਰਕਾਰ ਦਿੱਲੀ ਦੀਆਂ ਸਰਹੱਦਾਂ 'ਤੇ ਚੱਲ ਰਹੇ ਧਰਨੇ ਖਿਲਾਫ਼ ਬੇਹੱਦ ਹਮਲਾਵਰ ਰਣਨੀਤੀ ਅਖ਼ਤਿਆਰ ਕਰਕੇ ਮੋਰਚਾ ਚੁਕਵਾ ਦੇਵੇ। ਜਿੱਤ ਦੀ ਸੂਰਤ ਵਿਚ ਉਸ ਦੇ ਬੁਲਾਰੇ ਅਰਥਨੀਤੀ ਅਤੇ ਵਿਦੇਸ਼ ਨੀਤੀ ਦੇ ਮੋਰਚੇ 'ਤੇ ਆਪਣੇ ਆਲੋਚਕਾਂ ਸਾਹਮਣੇ ਡਟ ਜਾਣਗੇ। ਭਾਜਪਾ ਨੂੰ ਇਸ ਜਿੱਤ ਦਾ ਇਕ ਹੋਰ ਲਾਭ ਹੋਵੇਗਾ। ਕੌਮੀ ਜਮਹੂਰੀ ਗੱਠਜੋੜ (ਐਨ.ਡੀ.ਏ.) ਦੀ ਘਟਦੀ ਮੈਂਬਰਸ਼ਿਪ ਗਿਣਤੀ ਦੀ ਪੁੱਠੀ ਪ੍ਰਕਿਰਿਆ ਸ਼ੁਰੂ ਹੋ ਸਕਦੀ ਹੈ। ਭਾਵ ਭਾਜਪਾ ਨੂੰ ਸਹਿਯੋਗੀ ਧਿਰਾਂ ਮਿਲਣੀਆਂ ਸ਼ੁਰੂ ਹੋ ਸਕਦੀਆਂ ਹਨ। ਧਿਆਨ ਰਹੇ ਕਿ 2017 ਵਿਚ ਉੱਤਰ ਪ੍ਰਦੇਸ਼ ਵਿਚ ਚੋਣਾਂ ਵਿਚ ਜ਼ਬਰਦਸਤ ਜਿੱਤ ਕਾਰਨ ਨਿਤਿਸ਼ ਕੁਮਾਰ ਨੇ ਐਨ.ਡੀ.ਏ. ਵਿਚ ਵਾਪਸੀ ਦਾ ਮਨ ਬਣਾਉਣਾ ਸ਼ੁਰੂ ਕੀਤਾ ਸੀ।

ਪਰ ਜੇਕਰ ਭਾਜਪਾ ਨਾ ਜਿੱਤ ਸਕੀ ਅਤੇ ਮਮਤਾ ਬੈਨਰਜੀ ਨੇ ਮੁੜ ਸਰਕਾਰ ਬਣਾ ਲਈ ਤਾਂ ਸਾਰੇ ਦੇਸ਼ ਵਿਚ ਉਨਾਂ ਦਾ ਇਹ ਕਥਨ ਗੂੰਜਣ ਲੱਗੇਗਾ ਕਿ, 'ਇਕ ਕਦਮ ਨਾਲ ਬੰਗਾਲ ਜਿੱਤ ਲਵਾਂਗੀ ਅਤੇ ਦੋ ਕਦਮਾਂ ਨਾਲ ਦਿੱਲੀ।' ਭਾਵ ਕਿ ਮਮਤਾ ਕੋਲ ਭਾਜਪਾ ਵਿਰੋਧੀ ਰਾਸ਼ਟਰੀ ਮੋਰਚੇ ਦਾ ਕੇਂਦਰ ਬਣ ਜਾਣ ਦੀ ਨੈਤਿਕ ਅਤੇ ਵਿਵਹਾਰਕ ਹੈਸੀਅਤ ਆ ਜਾਵੇਗੀ। ਵਿਧਾਨ ਸਭਾ ਦਾ ਸੰਘਰਸ਼ ਖ਼ਤਮ ਹੋ ਚੁੱਕਾ ਹੋਵੇਗਾ, ਜਿਸ ਕਾਰਨ ਕਾਂਗਰਸ ਅਤੇ ਮਾਰਕਸਵਾਦੀਆਂ ਨੂੰ ਵੀ ਮਮਤਾ ਨਾਲ ਇਕ ਮੰਚ 'ਤੇ ਖੜੇ ਹੋਣ ਵਿਚ ਕੋਈ ਦਿੱਕਤ ਨਹੀਂ ਹੋਵੇਗੀ। ਬੰਗਾਲ ਵਿਚ ਜਿੱਤ-ਹਾਰ ਦਾ ਇਕ ਹੋਰ ਜ਼ਿਕਰਯੋਗ ਪੱਖ ਹੋਵੇਗਾ, ਉਹ ਹੈ ਮੁਸਲਮਾਨਾਂ ਦੀ ਚੋਣ ਰਣਨੀਤੀ ਦਾ ਭਵਿੱਖ। ਬੰਗਾਲ ਵਿਚ 30 ਫ਼ੀਸਦੀ ਮੁਸਲਮਾਨ ਹਨ। ਅਜਿਹਾ ਲਗਦਾ ਹੈ ਕਿ ਉਹ ਮਮਤਾ ਨੂੰ ਵੋਟਾਂ ਪਾਉਣ ਲਈ ਵਚਨਬੱਧ ਹਨ। ਜੇਕਰ ਏਨੇ ਵੱਡੇ ਵਰਗ ਦਾ ਸਮਰਥਨ ਵੀ ਭਾਜਪਾ ਨੂੰ ਹਰਾਉਣ ਲਈ ਕਾਫੀ ਨਾ ਹੋਇਆ ਤਾਂ ਮੁਸਲਮਾਨ ਰਾਜਨੀਤੀ ਦਾ ਜਲੂਸ ਨਿਕਲ ਜਾਵੇਗਾ। ਜਿੱਥੋਂ ਤੱਕ ਚੋਣਾਂ ਤੋਂ ਪਹਿਲਾਂ ਦੇ ਚੋਣ ਸਰਵੇਖਣਾਂ ਦੀ ਗੱਲ ਹੈ। ਅੰਕਾਂ ਦਾ ਗਣਿਤ ਫਿਲਹਾਲ ਮਮਤਾ ਦੇ ਪੱਖ ਵਿਚ ਨਜ਼ਰ ਆ ਰਿਹਾ ਹੈ। ਮਮਤਾ ਬੈਨਰਜੀ ਦੀ ਪਾਰਟੀ ਦਾ ਵੋਟਿੰਗ ਆਧਾਰ ਪਿਛਲੀਆਂ ਦੋ ਚੋਣਾਂ ਵਿਚ 40 ਫ਼ੀਸਦੀ ਤੋਂ 45 ਫ਼ੀਸਦੀ ਦਰਮਿਆਨ (ਵਿਧਾਨ ਸਭਾ ਵਿਚ 44.91 ਅਤੇ ਲੋਕ ਸਭਾ ਵਿਚ 43.3 ਫ਼ੀਸਦੀ) ਹੀ ਰਿਹਾ ਹੈ। ਉਨਾਂ ਦੇ ਵਿਰੋਧੀਆਂ ਨੂੰ ਇਸ ਅੰਕੜੇ ਤੋਂ ਬਾਹਰ ਜਿੰਨੀਆਂ ਵੋਟਾਂ ਹਨ, ਉਨਾਂ ਨੂੰ ਹਾਸਲ ਕਰਨ ਲਈ ਮਿਹਨਤ ਕਰਨੀ ਪੈਣੀ ਹੈ। ਇਸ ਲਿਹਾਜ਼ ਨਾਲ ਭਾਰਤੀ ਜਨਤਾ ਪਾਰਟੀ ਨੂੰ ਅੰਕ ਗਣਿਤ ਦੇ ਆਧਾਰ 'ਤੇ ਜਿੱਤ ਹਾਸਲ ਕਰਨ ਲਈ ਘੱਟੋ ਘੱਟ ਤਿੰਨ ਸ਼ਰਤਾਂ ਪੂਰੀਆਂ ਕਰਨੀਆਂ ਪੈਣਗੀਆਂ। ਪਹਿਲੀ, ਉਸ ਨੂੰ ਘੱਟੋ-ਘੱਟ ਇਹ ਯਕੀਨੀ ਬਣਾਉਣਾ ਪਵੇਗਾ ਕਿ ਲੋਕ ਸਭਾ ਵਿਚ ਜਿੰਨੀਆਂ ਫ਼ੀਸਦੀ ਵੋਟਾਂ ਉਸ ਨੂੰ ਮਿਲੀਆਂ ਸਨ, ਉਹ ਉਸ ਨੂੰ ਇਕ ਵਾਰ ਫਿਰ ਮਿਲਣ। ਦੂਜੀ, ਇਸ ਲਈ ਜ਼ਰੂਰੀ ਹੋਵੇਗਾ ਕਿ ਉਹ ਕਾਂਗਰਸ ਅਤੇ ਮਾਰਕਸਵਾਦੀ ਕਮਿਊਨਿਸਟ ਪਾਰਟੀ ਦੇ ਗੱਠਜੋੜ ਦਾ ਪ੍ਰਦਰਸ਼ਨ ਘਟਾ ਕੇ 10 ਫ਼ੀਸਦੀ ਤੋਂ ਕਾਫੀ ਘੱਟ ਪੰਜ ਜਾਂ ਸੱਤ ਫ਼ੀਸਦੀ ਵੋਟਾਂ 'ਤੇ ਲੈ ਆਵੇ। ਤੀਜੀ, ਇਸ ਗੱਠਜੋੜ ਦੇ ਨਾਲ ਕੁਝ ਦੇਰ ਤੋਂ ਜੁੜੇ ਅੱਬਾਸ ਸਿਦੀਕੀ ਦੇ ਇੰਡੀਆ ਸੈਕੂਲਰ ਫਰੰਟ ਦੇ ਕਾਰਨ ਮੁਸਲਮਾਨ ਵੋਟ ਏਨੀ ਮਾਤਰਾ ਵਿਚ ਤ੍ਰਿਣਮੂਲ ਕਾਂਗਰਸ ਅਤੇ ਗੱਠਜੋੜ ਦਰਮਿਆਨ ਵੰਡੀ ਜਾਵੇ ਕਿ ਮਮਤਾ ਦੇ ਵੋਟ ਫ਼ੀਸਦੀ ਵਿਚ ਗਿਰਾਵਟ ਭਾਵੇਂ ਥੋੜੀ ਹੀ ਸਹੀ, ਆ ਜਾਵੇ। ਇਨਾਂ ਤਿੰਨਾਂ ਸ਼ਰਤਾਂ ਨੂੰ ਪੂਰਾ ਕਰਨਾ ਭਾਜਪਾ ਲਈ ਕਾਫੀ ਮੁਸ਼ਕਲ ਲੱਗ ਰਿਹਾ ਹੈ। ਆਮ ਤੌਰ 'ਤੇ (ਉੱਤਰ ਪ੍ਰਦੇਸ਼ ਨੂੰ ਛੱਡ ਕੇ) ਭਾਜਪਾ ਦਾ ਲੋਕ ਸਭਾ ਫ਼ੀਸਦੀ ਵਿਧਾਨ ਸਭਾ ਚੋਣਾਂ ਵਿਚ 6 ਤੋਂ 15 ਫੀਸਦੀ ਤੱਕ ਡਿਗਦਾ ਰਿਹਾ ਹੈ। ਅਜੇ ਤੱਕ ਹੋਏ ਸਰਵੇਖਣਾਂ ਅਨੁਸਾਰ ਤਾਂ ਕਾਂਗਰਸ ਖੱਬੇਪੱਖੀ ਗੱਠਜੋੜ ਆਪਣੇ ਲੋਕ ਸਭਾ ਦੇ ਪ੍ਰਦਰਸ਼ਨ ਨੂੰ 6 ਤੋਂ7 ਫ਼ੀਸਦੀ ਦਰਮਿਆਨ ਸੁਧਾਰਨ ਵੱਲ ਜਾ ਰਿਹਾ ਹੈ। ਮੁਸਲਮਾਨ ਪ੍ਰਧਾਨ ਚੋਣ ਖੇਤਰਾਂ ਵਿਚ ਸਰਵੇਖਣ ਦੱਸ ਰਹੇ ਹਨ ਕਿ ਇਨਾਂ ਖੇਤਰਾਂ ਦੇ ਮੁਸਲਮਾਨ ਰਣਨੀਤਕ ਵੋਟਿੰਗ ਲਈ ਤਿਆਰੀ ਕਰਕੇ ਬੈਠੇ ਹਨ। ਭਾਵ ਉਹ ਗੱਠਜੋੜ ਨੂੰ ਉੱਥੋਂ ਹੀ ਵੋਟਾਂ ਦੇਣਗੇ ਜਿੱਥੋਂ ਉਸ ਦਾ ਉਮੀਦਵਾਰ ਜਿੱਤਣ ਦੀ ਸਥਿਤੀ ਵਿਚ ਦਿਖਾਈ ਦੇਵੇਗਾ। ਨਹੀਂ ਤਾਂ ਘੱਟ ਗਿਣਤੀਆਂ ਦੀਆਂ ਜ਼ਿਆਦਾਤਰ ਵੋਟਾਂ ਮਮਤਾ ਦੀ ਝੋਲੀ ਵਿਚ ਡਿਗਦੀਆਂ ਨਜ਼ਰ ਆ ਰਹੀਆਂ ਹਨ।

ਬੰਗਾਲ ਦਾ ਇਤਿਹਾਸ ਦੱਸਦਾ ਹੈ ਕਿ 1977 ਵਿਚ ਜਦੋਂ ਮਾਕਪਾ ਨੇ ਕਾਂਗਰਸ ਦਾ ਤਖ਼ਤਾ ਪਲਟਿਆ ਸੀ ਤਾਂ ਕਾਂਗਰਸ ਜ਼ਿਆਦਾ ਸ਼ਕਤੀਸ਼ਾਲੀ ਪਾਰਟੀ ਸੀ ਅਤੇ 2011 ਵਿਚ ਜਦੋਂ ਮਮਤਾ ਨੇ ਮਾਰਕਸਵਾਦੀਆਂ ਦਾ ਬਿਸਤਰਾ ਗੋਲ ਕੀਤਾ ਸੀ ਤਾਂ ਉਸ ਸਮੇਂ ਮਾਕਪਾ ਤ੍ਰਿਣਮੂਲ ਕਾਂਗਰਸ ਦੇ ਮੁਕਾਬਲੇ ਵੱਧ ਤਾਕਤਵਰ ਸੀ। ਪਰ ਜਨਤਾ ਨੇ ਨਾ ਕਾਰਜਕਰਤਾਵਾਂ ਦੀ ਫ਼ਿਕਰ ਕੀਤੀ, ਨਾ ਹੀ ਬੂਥ ਏਜੰਟਾਂ ਦੀ। ਉਸ ਨੇ ਬਦਲਾਅ ਲਈ ਵੋਟਾਂ ਪਾਈਆਂ।

ਪਰ ਅਜਿਹੀ ਸਥਿਤੀ ਭਾਜਪਾ ਨੂੰ ਉਦੋਂ ਹੀ ਮਿਲ ਸਕਦੀ ਹੈ ਜਦੋਂ ਮਮਤਾ ਖਿਲਾਫ਼ ਜ਼ਬਰਦਸਤ ਲੋਕ ਲਹਿਰ ਚੱਲ ਰਹੀ ਹੋਵੇ। ਕਹਿਣ ਦੀ ਲੋੜ ਨਹੀਂ ਹੈ ਕਿ 10 ਸਾਲ ਦੇ ਸ਼ਾਸਨ ਤੋਂ ਬਾਅਦ ਹਰ ਪਾਰਟੀ ਨੂੰ ਕਿਸੇ ਨਾ ਕਿਸੇ ਰੂਪ ਵਿਚ ਸਰਕਾਰ ਵਿਰੋਧੀ ਭਾਵਨਾਵਾਂ ਦਾ ਸਾਹਮਣਾ ਕਰਨਾ ਪੈਂਦਾ ਹੀ ਹੈ। ਮਮਤਾ ਨੂੰ ਇਸ ਗੱਲ ਦਾ ਅਹਿਸਾਸ ਹੈ ਇਸ ਲਈ ਉਹ ਇਸ ਸਥਿਤੀ ਦੇ ਭਾਜਪਾ ਦੇ ਪੱਖ ਵਿਚ ਨਾ ਜਾਣ ਦੇਣ ਲਈ ਹਰ ਤਰਾਂ ਦੀ ਯੁਕਤੀ ਅਪਣਾ ਰਹੀ ਹੈ। ਪਲੱਸਤਰ ਬੰਨੇ ਪੈਰ ਦੇ ਨਾਲ ਹੀ ਵੀਲ ਚੇਅਰ 'ਤੇ ਚੋਣ ਮੁਹਿੰਮ ਚਲਾਉਣ ਪਿੱਛੇ ਇਹੀ ਕਾਰਨ ਹੈ। ਉਹ ਸਥਿਤੀ ਨੂੰ ਆਪਣੇ ਪੱਖ ਵਿਚ ਕਰਨਾ ਚਾਹੁੰਦੀ ਹੈ। ਉਹ ਪਹਿਲਾਂ ਤੋਂ ਹੀ ਔਰਤ ਵੋਟਰਾਂ ਦੀ ਮਹਿਬੂਬ ਰਹਿਨੁਮਾ ਹੈ। ਬੰਗਾਲ ਦੇ ਭੱਦਰ ਲੋਕਾਂ ਨੇ ਅਜੇ ਤੱਕ ਉਸ ਦਾ ਸਾਥ ਨਹੀਂ ਛੱਡਿਆ। ਭਾਜਪਾ ਦੇ ਅਸਾਧਾਰਨ ਉਭਾਰ ਨੇ ਪ੍ਰਤੀਕਰਮ ਵਜੋਂ ਉਨਾਂ ਦੀਆਂ ਘੱਟ ਗਿਣਤੀ ਵੋਟਾਂ ਨੂੰ ਹੋਰ ਪੱਕਾ ਕਰ ਦਿੱਤਾ ਹੈ ਅਤੇ 'ਬਾਹਰੀ-ਅੰਦਰੂਨੀ' ਦੀ ਮੁਹਿੰਮ ਰਾਹੀਂ ਉਹ ਚੋਣਾਂ ਨੂੰ ਇਹ ਤਰਾਂ ਦੇ ਬੰਗਾਲੀਵਾਦ ਦਾ ਤੜਕਾ ਵੀ ਲਗਾ ਰਹੀ ਹੈ। ਮੁੱਖ ਮੰਤਰੀ ਦੇ ਤੌਰ 'ਤੇ ਮਮਤਾ ਦੀਆਂ ਕਈ ਆਲੋਚਨਾਵਾਂ ਹੋ ਸਕਦੀਆਂ ਹਨ ਪਰ ਇਕ ਹਰਮਨ ਪਿਆਰੀ ਅਤੇ ਜੁਝਾਰੂ ਆਗੂ ਦੇ ਰੂਪ ਵਿਚ ਉਨਾਂ ਦਾ ਕੋਈ ਸਾਨੀ ਨਹੀਂ ਹੈ।

## 'ਸਵਸਤਿਕ' ਅਮਰੀਕਾ ਦੇ ਨਿਸ਼ਾਨੇ ਉਪਰ

# ਨਾਜ਼ੀਆਂ ਵੱਲੋਂ ਸਵਸਤਿਕ ਚਿੰਨ ਨੂੰ ਅਪਣਾਉਣ ਤੋਂ ਪਹਿਲਾਂ ਇਹ ਨਾਂ ਚੁਣਿਆ ਸੀ

**ਰਜਿੰਦਰ ਸਿੰਘ ਪੁਰੇਵਾਲ**







ਸਵਸਤਿਕ ਕਿਸ ਦਾ ਹੈ। ਭਾਰਤੀਆਂ ਦਾ ਜਾਂ ਹਿਟਲਰ ਦਾ? ਅਮਰੀਕਾ ਦੀ ਮੈਰੀਲੈਂਡ ਅਸੈਂਬਲੀ 'ਸਵਸਤਿਕ' ਸਬੰਧੀ ਬਿੱਲ ਬਾਰੇ ਕਾਨ ਬਣਾਉਣ ਦੀ ਤਿਆਰੀ ਕਰ ਰਹੀ ਹੈ। ਅਮਰੀਕਾ ਦੇ ਮੈਰੀਲੈਂਡ ਪ੍ਰਾਂਤ ਦੀ ਅਸੈਂਬਲੀ ਵਿੱਚ ਇੱਕ ਬਿੱਲ ਪੇਸ਼ ਕੀਤਾ ਗਿਆ ਹੈ, ਜੋ ਕਿ ਭਾਰਤੀ ਹਿੰਦੂ ਭਾਈਚਾਰੇ ਲਈ ਵੱਡੀ ਮੁਸੀਬਤ ਦਾ ਕਾਰਨ ਬਣ ਸਕਦਾ ਹੈ। ਜੇ ਇਹ ਬਿੱਲ ਕਾਨ ਬਣ ਜਾਂਦਾ ਹੈ ਤਾਂ ਬਾਈਡਨ ਅਤੇ ਮੋਦੀ ਪ੍ਰਸ਼ਾਸਨ ਦਰਮਿਆਨ ਤਣਾਅ ਵੀ ਵਧ ਸਕਦਾ ਹੈ। ਬਿੱਲ ਵਿਚ 'ਸਵਸਤਿਕ' ਘ੍ਰਿਣਾਯੋਗ ਚਿੰਨ ਦੱਸਿਆ ਗਿਆ ਹੈ ਅਤੇ ਇਸ ਦੇ ਕੱਪੜੇ, ਘਰਾਂ, ਬਰਤਨ, ਬਾਜ਼ਾਰਾਂ ਜਾਂ ਕਿਤੇ ਵੀ ਵਰਤਣ ਵਿਚ ਪਾਬੰਦੀ ਲਗਾਉਣ ਦੀ ਵਿਵਸਥਾ ਕੀਤੀ ਗਈ ਹੈ। ਅੱਜ ਕੱਲ ਅਮਰੀਕਾ ਦੇ ਨਵੇਂ ਨਾਜ਼ੀ ਜਾਂ ਨਸਲਵਾਦੀ ਗੋਰੇ ਇਸ ਸਵਾਸਤਿਕ ਕਾਰਨ ਆਪਣੇ ਰੋਸ ਧਰਨਿਆਂ ਵਿਚ ਜ਼ੋਰਾਂ-ਸ਼ੋਰਾਂ ਨਾਲ ਪ੍ਰਦਰਸ਼ਿਤ ਕਰਦੇ ਹਿੰਸਕ ਹੁੰਦੇ ਹਨ। ਇਥੇ ਜ਼ਿਕਰਯੋਗ ਹੈ ਕਿ ਅਮਰੀਕਾ ਵਿਚ ਨਿਊਯਾਰਕ ਦੇ ਇਕ ਟਾਊਨ ਦਾ ਨਾਂ 'ਸਵਸਤਿਕ' ਰੱਖਿਆ ਗਿਆ ਹੈ। ਹਾਲਾਂਕਿ, ਇਹ ਨਾਂ ਸ਼ਹਿਰ ਦੇ ਸੰਸਥਾਪਕਾਂ, ਪੁਰਖਿਆਂ ਨੇ ਸੰਸਕ੍ਰਿਤ ਦੇ ਅੱਖਰ ਦੇ ਨਾਂ 'ਤੇ ਸਵਸਤਿਕ ਰੱਖਿਆ ਸੀ, ਪਰ ਬਾਅਦ ਵਿਚ ਇਸ ਦਾ ਵਿਰੋਧ ਹੋਣ ਲੱਗਾ। ਇਸ ਨਾਂ ਵਿਰੋਧੀ ਧਿਰ ਦੇ ਲੋਕਾਂ ਨੇ ਨਾਜ਼ੀਆਂ ਦੇ ਚਿੰਨ ਨਾਲ ਜੋੜਿਆ। ਇਸ ਤੋਂ ਬਾਅਦ ਇਸ ਸ਼ਹਿਰ ਦਾ ਨਾਂ ਸਵਸਤਿਕ ਹੀ ਰੱਖੇ ਜਾਣ ਨੂੰ ਲੈ ਕੇ ਵੋਟਿੰਗ ਹੋਈ, ਜਿਸ ਵਿਚ ਇਸ ਨਾਂ ਖਿਲਾਫ ਇਕ ਵੀ ਵੋਟ ਨਹੀਂ ਪਈ ਅਤੇ ਇਸ ਤਰਾਂ ਨਾਲ ਸ਼ਹਿਰ ਦਾ ਨਾਂ ਫਿਰ ਸਵਸਤਿਕ ਹੀ ਰਿਹਾ। ਸ਼ਹਿਰ ਦੇ ਲੋਕਾਂ ਦਾ ਆਖਣਾ ਹੈ ਕਿ ਇਸ ਦੇ ਨਾਂ ਦਾ ਨਾਜ਼ੀ ਦੇ ਪ੍ਰਤੀਕ ਚਿੰਨ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਸੀ. ਐੱਨ. ਐੱਨ. ਮੁਤਾਬਕ, ਸ਼ਹਿਰ ਦੇ ਬਲੈਕ ਬਰੁਕ ਟਾਓ ਬੋਰਡ ਨੇ ਸਰਬ-ਸੰਮਤੀ ਨਾਂ ਨਾ ਬਦਲਣ ਲਈ ਵੋਟ ਦਿੱਤੀ। ਸ਼ਹਿਰ ਦੇ ਸੰਚਾਲਨ ਦਾ ਜ਼ਿੰਮਾ ਇਸ ਬੋਰਡ 'ਤੇ ਹੈ।

**ਜਾਨ ਡਗਲਸ**

ਬਲੈਕ ਬਰੁਕ ਦੇ ਸੁਪਰਵਾਈਜ਼ਰ ਜਾਨ ਡਗਲਸ ਮੁਤਾਬਕ, ਇਸ ਸ਼ਹਿਰ ਦਾ ਨਾਂ ਸਵਸਤਿਕ ਸ਼ਹਿਰ ਦੇ ਮੂਲ ਨਿਵਾਸੀਆਂ ਵੱਲੋਂ 1800 ਦੇ ਦਹਾਕੇ ਵਿਚ ਰੱਖਿਆ ਗਿਆ ਸੀ ਅਤੇ ਇਹ ਸੰਸਕ੍ਰਿਤ ਦੇ ਸ਼ਬਦ ਤੋਂ ਲਿਆ ਗਿਆ ਹੈ, ਜਿਸ ਦਾ ਅਰਥ ਕਲਿਆਣ ਹੁੰਦਾ ਹੈ। ਉਨਾਂ ਕਿਹਾ ਕਿ ਇਸ ਖੇਤਰ ਦੇ ਬਾਹਰ ਦੇ ਉਨਾਂ ਲੋਕਾਂ 'ਤੇ ਤਰਸ ਆਉਂਦਾ ਹੈ, ਜੋ ਸਾਡੇ ਭਾਈਚਾਰੇ ਦੇ ਇਤਿਹਾਸ ਦੇ ਬਾਰੇ ਨਹੀਂ ਜਾਣਦੇ ਤੇ ਇਸ ਦਾ ਵਿਰੋਧ ਕਰਦੇ ਹਨ। ਪਰ ਸਾਡੇ ਭਾਈਚਾਰੇ ਦੇ ਮੈਂਬਰਾਂ ਲਈ ਇਹ ਉਹ ਨਾਂ ਹੈ ਜਿਸ ਨੂੰ ਸਾਡੇ ਬਜ਼ੁਰਗਾਂ ਨੇ ਚੁਣਿਆ ਸੀ। ਦਰਅਸਲ, ਅਪ੍ਰੈਲ 2019 ਵਿਚ ਡੇਨਵਰ ਸ਼ਹਿਰ ਦੇ ਬਾਹਰ ਕੋਲੋਰਾਡੋ ਸ਼ਹਿਰ ਦੇ ਲੋਕਾਂ ਨੇ ਇਸ ਦਾ ਨਾਂ ਸਵਾਸਤਿਕ ਤੋਂ ਓਲਚ ਚੇਰੀ ਹਿਲਸ ਵਿਚ ਬਦਲਣ ਲਈ ਵੋਟਿੰਗ ਕੀਤੀ ਸੀ। ਇਹ ਖੇਤਰ ਕਦੇ ਡੇਨਵਰ ਲੈਂਡ ਸਵਸਤਿਕ ਕੰਪਨੀ ਦਾ ਘਰ ਸੀ, ਇਹ ਇਕ ਕੰਪਨੀ ਸੀ ਜਿਸ ਨੇ ਨਾਜ਼ੀਆਂ ਵੱਲੋਂ ਸਵਸਤਿਕ ਚਿੰਨ ਅਪਣਾਉਣ ਤੋਂ ਪਹਿਲਾਂ ਇਹ ਨਾਂ ਚੁਣਿਆ ਸੀ। ਸੰਯੁਕਤ ਰਾਜ ਸਮਾਰਕ ਮੈਮੋਕਾਸਟ ਮਿਊਜ਼ੀਅਮ ਮੁਤਾਬਕ, ਸਵਾਸਤਿਕ ਸ਼ਬਦ ਸੰਸਕ੍ਰਿਤ ਦੇ ਸ਼ਬਦ ਸਵਸਤਿਕ ਤੋਂ ਲਿਆ ਗਿਆ ਹੈ, ਜਿਸ ਦਾ ਇਸਤੇਮਾਲ ਚੰਗੀ ਕਿਸਮਤ ਜਾਂ ਮੰਗਲ ਦੇ ਪ੍ਰਤੀਕ ਦੇ ਸਬੰਧ ਵਿਚ ਕੀਤਾ ਜਾਂਦਾ ਹੈ। ਇਹ ਪ੍ਰਤੀਕ ਕਰੀਬ 7,000 ਸਾਲ ਪਹਿਲਾਂ ਦਿਖਾਈ ਦਿੱਤਾ ਸੀ ਅਤੇ ਇਸ ਬਿੰਦੂ, ਬੋਧ, ਜੈਨ ਅਤੇ ਹੋਰ ਧਰਮਾਂ ਵਿਚ ਇਕ ਪਵਿੱਤਰ ਪ੍ਰਤੀਕ ਮੰਨਿਆ ਜਾਂਦਾ ਹੈ। ਇਹ ਘਰਾਂ ਜਾਂ ਮੰਦਰਾਂ ਦੀਆਂ ਕੰਧਾਂ 'ਤੇ ਲੱਗਾ ਹੁੰਦਾ ਹੈ, ਕਿਉਂਕਿ ਇਸ ਸ਼ੁਭ ਮੰਨਿਆ ਜਾਂਦਾ ਹੈ। ਯੂਰਪੀ ਲੋਕਾਂ ਨੇ ਖੁਦਾਈ ਦੇ ਕੰਮ ਦੇ ਮਾਧਿਅਮ ਨਾਲ ਪ੍ਰਾਚੀਨ ਸਭਿਅਤਾਵਾਂ ਦੇ ਬਾਰੇ ਵਿਚ ਜਦ ਸਿੱਖਣਾ ਸ਼ੁਰੂ ਕੀਤਾ ਉਦੋਂ 19ਵੀਂ ਸ਼ਤਾਬਦੀ ਦੇ ਆਖਰ ਅਤੇ 20ਵੀਂ ਸ਼ਤਾਬਦੀ ਦੀ ਸ਼ੁਰੂਆਤ ਵਿਚ ਯੂਰਪ ਵਿਚ ਇਹ ਪ੍ਰਤੀਕ ਮਸ਼ਹੂਰ ਹੋ ਗਿਆ। ਨਾਜ਼ੀ ਪਾਰਟੀ ਨੇ 1920 ਵਿਚ ਇਸ ਆਪਣੇ ਪ੍ਰਤੀਕ ਦੇ ਤੌਰ 'ਤੇ ਅਪਣਾਇਆ ਸੀ, ਹਾਲਾਂਕਿ, ਇਹ ਸਵਸਤਿਕ ਦੇ ਮੂਲ ਚਿੰਨ ਤੋਂ ਅਲੱਗ ਹੈ।

ਮੰਨਿਆ ਜਾਂਦਾ ਹੈ ਕਿ ਹਿਟਲਰ ਨੇ ਆਪਣੀ ਨਾਜ਼ੀ ਪਾਰਟੀ ਦੀ ਨਿਸ਼ਾਨੀ ਇਸ 'ਸਵਸਤਿਕ' ਦੀ ਸਿਰਜਣਾ ਕੀਤੀ ਸੀ ਅਤੇ ਲੱਖਾਂ ਯਹੂਦੀਆਂ ਦੀ ਨਸਲਕੁਸ਼ੀ ਕਰ ਦਿੱਤੀ ਅਤੇ ਇਸ ਨੂੰ ਦਿਖਾ ਕੇ ਜਰਮਨੀ ਤੋਂ ਭਜਾਇਆ, ਪਰ ਸੱਚਾਈ ਵੱਖਰੀ ਹੈ। ਹਿਟਲਰ ਨੇ ਆਪਣੀ ਬਦਨਾਮ ਕਿਤਾਬ 'ਮੀਨ ਕੈਂਪਫ' ਵਿਚ 'ਸਵਸਤਿਕ' ਸ਼ਬਦ ਦੀ ਵਰਤੋਂ ਨਹੀਂ ਕੀਤੀ ਹੈ। ਉਸਨੇ ਇਸ ਨਾਜ਼ੀ ਪ੍ਰਤੀਕ ਚਿੰਨ ਲਈ ਜਰਮਨ ਸ਼ਬਦ 'ਹੈਕਨ ਕਰੂਜ਼' ਦੀ ਵਰਤੋਂ ਕੀਤੀ ਹੈ। ਹਿਟਲਰ ਨਾ ਤਾਂ ਸੰਸਕ੍ਰਿਤ ਜਾਣਦਾ ਸੀ ਅਤੇ ਨਾ ਹਿੰਦੀ! ਉਸ ਕੀ ਪਤਾ ਸੀ ਕਿ 'ਸਵਸਤਿਕ' ਦਾ ਕੀ ਅਰਥ ਹੈ? ਹੈਕਨ ਕਰੂਜ ਦਾ ਅਰਥ ਹੈ ਫੋਲਡ ਕਰਾਸ। ਪਰ ਜਦੋਂ ਇੰਗਲਿਸ਼ ਪਾਦਰੀ ਜੇਮਜ਼ ਮਰਫੀ ਨੇ 'ਮੀਨ ਕੈਂਪਫ' ਦਾ ਅੰਗਰੇਜ਼ੀ ਵਿੱਚ ਅਨੁਵਾਦ ਕੀਤਾ, ਤਾਂ ਉਸਨੇ 'ਹੈਕਨ ਕਰੂਜ਼' 'ਸਵਸਤਿਕ' ਕਿਹਾ ਤਾਂ ਕਿ ਯੂਰਪ ਦੇ ਈਸਾਈ ਹਿਟਲਰ ਦੇ ਵਿਰੁੱਧ ਹੋ ਜਾਣ ਕਿਉਂਕਿ ਕ੍ਰਾਸ ਈਸਾਈ ਧਰਮ ਦਾ ਪ੍ਰਤੀਕ ਹੈ, ਪਰ ਲੋਕਾਂ ਨੂੰ ਇਹ ਨਹੀਂ ਪਤਾ ਕਿ ਈਸਾਈ ਹਾਕਮ ਅਤੇ ਪੋਪ ਕਈ ਸਦੀਆਂ ਤੋਂ ਯਹੂਦੀਆਂ ਨੂੰ ਯਿਸੂ ਦਾ ਕਾਤਲ ਐਲਾਨ ਕੇ ਉਨਾਂ ਸਤਾ ਰਹੇ ਹਨ। ਹਿਟਲਰ ਨੇ ਇਸੇ ਅੱਤਿਆਚਾਰ ਨੂੰ ਭਿਆਨਕ ਰੂਪ ਦਿੱਤਾ। ਪਰ ਉਸਦਾ 'ਸਵਸਤਿਕ' ਸ਼ਬਦ ਨਾਲ ਕੋਈ ਲੈਣਾ ਦੇਣਾ ਨਹੀਂ ਹੈ। ਸੰਘ ਨੇ ਹਿਟਲਰ ਨਾਇਕ ਸਿਰਜ ਕੇ ਆਪਣੇ ਗਲ ਮਰਿਆ ਸੱਪ ਪਾ ਲਿਆ ਹੈ।

ਹਿਟਲਰ ਦਾ ਸਵਸਤਿਕ ਟੇਡਾ ਹੈ, ਭਾਰਤ ਦਾ ਸਵਸਤਿਕ ਸਿੱਧਾ ਹੈ। ਯੂਨਾਨ, ਯੂਰਪ ਅਤੇ ਅਰਬ ਦੇਸ਼ਾਂ ਵਿੱਚ ਵਰਤੇ ਜਾਣ ਵਾਲੇ 'ਕਰਾਸ' ਅਕਸਰ ਟੇਡੇ ਅਤੇ ਕਈ ਵਾਰੀ ਉਲਟ ਹੁੰਦੇ ਹਨ।

ਭਾਰਤ ਦੀ ਹਿੰਦੂ ਸੰਸਕਿਰਤੀ ਅਨੁਸਾਰ ਸਵਾਸਤਿਕ ਤੰਦਰੁਸਤੀ ਦਾ ਪ੍ਰਤੀਕ ਹੈ ਜਦਕਿ ਹਿਟਲਰ ਦਾ 'ਸਵਸਤਿਕ' ਨਫ਼ਰਤ ਦਾ ਪ੍ਰਤੀਕ ਹੈ। ਵੱਡੀ ਗੱਲ ਇਹ ਹੈ ਕਿ ਸੰਘ ਪਰਿਵਾਰ ਦਾ ਈਸਾਈਆਂ, ਸਿਖਾਂ ਤੇ ਮੁਸਲਮਾਨਾਂ ਵਿਰੁਧ ਵਰਤਾਰਾ ਰੱਖਣਾ ਤੇ ਹਿਟਲਰ ਨਾਇਕ ਮੰਨਕੇ ਪੂਜਣਾ, ਮੁਸਲਮਾਨਾਂ ਉਪਰ ਹਮਲੇ ਵਿਦੇਸ਼ਾਂ ਵਿਚ ਉਲਟੇ ਪੈ ਰਹੇ ਹਨ। ਇਸ ਕਾਰਨ ਭਾਰਤ ਦੀ ਵੱਡੀ ਬਦਨਾਮੀ ਹੋਈ ਹੈ। ਸੰਘ ਪਰਿਵਾਰ ਦਾ ਸੁਰਗਵਾਸੀ ਸਰਸੰਘਚਾਲਕ ਗੁਰੂ ਗੋਲਵਰਕਰ ਬੰਚ ਆਫ ਥਾਟ ਵਿਚ ਹਿੰਦੂ ਰਾਸ਼ਟਰਵਾਦ ਤੇ ਹਿਟਲਰ ਦਾ ਸਮਰਥਕ ਤੇ ਨਾਜ਼ੀਵਾਦੀ ਵਿਚਾਰਧਾਰਾ ਦਾ ਪੂਜਕ ਹੈ। ਰਾਸ਼ਟਰੀ ਸਵੈਮ ਸੇਵਕ ਸੰਘ ਦੇ ਸੰਸਥਾਪਕ ਗੁਰੂ ਗੋਲਵਰਕਰ ਨੇ ਆਪਣੀ ਪੁਸਤਕ 'ਬੰਚ ਆਫ਼ ਥਾਟਸ' ਵਿਚ ਇਹ ਲਿਖਿਆ ਹੈ ਕਿ ਭਾਰਤ ਦੇ ਤਿੰਨ ਮੁੱਖ ਦੁਸ਼ਮਣ ਹਨ; ਮੁਸਲਮਾਨ, ਇਸਾਈ ਅਤੇ ਕਮਿਊਨਿਸਟ। ਜੇਕਰ ਭਾਰਤ ਵਿਚ ਹਿੰਦੂ ਰਾਸ਼ਟਰ ਸਿਰਜਣਾ ਹੈ ਤਾਂ ਸਾ ਹਿਟਲਰ ਦੇ ਸਿਧਾਂਤਾਂ 'ਤੇ ਪਹਿਰਾ ਦੇਣਾ ਪਵੇਗਾ ਤੇ ਉਸੇ ਦੀ ਨੀਤੀ ਨੂੰ ਭਾਰਤ ਵਿਚ ਲਾਗੂ ਕਰਨਾ ਪਵੇਗਾ। ਇਸੇ ਕਰਕੇ ਅਮਰੀਕਾ ਸਰਕਾਰ ਭਗਵੇਂਵਾਦੀਆਂ ਉਪਰ ਤਿੱਖੀ ਨਜ਼ਰ ਰੱਖ ਰਹੀ ਹੈ। ਇਸ ਸਥਿਤੀ ਵਿੱਚ ਭਾਰਤੀ ਦੂਤਾਵਾਸ ਨੂੰ ਆਪਣੀ ਸਥਿਤੀ ਸਪੱਸ਼ਟ ਕਰਨੀ ਚਾਹੀਦੀ ਹੈ। ਨਹੀਂ ਤਾਂ ਪ੍ਰਵਾਸੀ ਹਿੰਦੂ ਭਾਰਤੀਆਂ ਲਈ ਅਮਰੀਕਾ ਵਿੱਚ ਮੁਸ਼ਕਲਾਂ ਵਧ ਸਕਦੀਆਂ ਹਨ। ਇਹ ਸਮਸਿਆਵਾਂ ਭਗਵੇਂਵਾਦੀਆਂ ਦੀਆਂ ਹਿੰਸਕ ਕਾਰਵਾਈਆਂ ਕਾਰਨ ਪੈਦਾ ਹੋ ਰਹੀਆਂ ਹਨ।

---

# ਆਓ ਸਮਝਦਾਰੀ ਦਾ ਮਾਹੌਲ ਸਿਰਜਣ ਦੀ ਚੁਣੌਤੀ ਸਵੀਕਾਰੀਏ



**ਹਰਕੀਰਤ ਕੌਰ**
੯੭੭੯੧੧੮੦੬੬

ਮਨੁੱਖੀ ਉਮਰ ਨੂੰ ਸਿਰਫ ਜਨਮ ਦਿਨ ਬੰਧੇਜ ਵਿੱਚ ਰੱਖ ਕੇ ਨਹੀਂ ਵੇਖਿਆ ਜਾ ਸਕਦਾ। ਮੇਰੇ ਸਮੇਤ ਕੁੱਲ ਜਨ ਜੀਵਨ ਦੀ ਬੁਨਿਆਦ ਤਾਂ ਕਰੋੜਾਂ ਵਰੇ ਪਹਿਲਾਂ ਹੋਏ ਬ੍ਰਹਿਮੰਡੀ ਵਿਸਫੋਟ ਨਾਲ ਜੁੜੀ ਹੋਈ ਹੈ। ਜਦੋਂ ਪਦਾਰਥ ਗਲੈਕਸੀਆਂ, ਗ੍ਰਹਿਆਂ, ਉਪ ਗ੍ਰਹਿਆਂ ਵਿੱਚ ਟੁਕੜੇ ਟੁਕੜੇ ਹੋਇਆ ਜਦੋਂ ਸਦੀਆਂ ਦਾ ਸਫ਼ਰ ਤੈਅ ਕਰਦਿਆਂ ਠੰਢੀ ਹੋਈ ਧਰਤੀ ਤੇ ਜਨ ਜੀਵਨ ਨੇ ਅੰਗੜਾਈ ਲਈ ਫਿਰ ਸ਼ੁਰੂ ਹੋਇਆ ਜਨ ਜੀਵਨ ਦੇ ਸਹਿਜ ਦਾ ਸਿਲਸਿਲਾ – ਜਿਸ ਵਿੱਚ ਮੌਜੂਦਾ ਮਨੁੱਖ ਕੁਦਰਤ ਦੀ ਉੱਤਮ ਨਸਲ ਵਜੋਂ ਜਾਣਿਆ ਜਾਣ ਲੱਗਾ। ਮਨੁੱਖੀ ਵਿਕਾਸ ਦਾ ਰਾਹ ਖੁੱਲਦਾ ਗਿਆ ਅਤੇ ਇਹ ਆਦਿ ਮਾਨਵ ਤੋਂ ਅੱਜ ਡਾਕਟਰ, ਇੰਜੀਨੀਅਰ, ਵਿਗਿਆਨੀਆਂ ਆਦਿ ਵਿੱਚ ਰੂਪਮਾਨ ਹੁੰਦਾ ਗਿਆ।

ਜਦੋਂ ਇੱਕ ਵਿਅਕਤੀਗਤ ਅਤੇ ਸਮੂਹਕ ਤੌਰ 'ਤੇ ਮਨੁੱਖ ਸਿਆਣੀ ਸ਼ਕਤੀ ਬਣਦਾ ਹੈ ਤਾਂ ਕਰਿਸ਼ਮੇ ਕਰਦਾ ਹੈ। ਇਹ ਮਨੁੱਖ ਦੀ ਅਕੱਥ ਵਡਿਆਈ ਹੈ। ਪਰ ਹੁਣ ਇੱਥੇ ਨੋਟ ਕਰਨ ਵਾਲੀ ਗੱਲ ਇਹ ਹੈ ਕਿ ਜਦੋਂ ਮਨੁੱਖ ਏਨੀ ਵੱਡੀ ਤੇ ਅਸੀਮ ਸ਼ਕਤੀ ਦਾ ਮਾਲਿਕ ਹੈ ਤਾਂ ਫਿਰ ਇਸ ਧਰਤੀ ਦੇ ਵੱਡੇ ਹਿੱਸੇ ਤੇ ਜੀਵਨ ਜਿਊਣ ਯੋਗ ਕਿਉਂ ਨਹੀਂ ਹੈ? ਮਨੁੱਖ ਵਿੱਚੋਂ ਮਨੁੱਖੀ ਗੁਣ ਕਿਉਂ ਮਨਫ਼ੀ ਹੋ ਗਏ ਹਨ? ਸੁਆਰਥ ਤੇ ਟਿਕੇ ਰਾਜ ਪ੍ਰਬੰਧਾਂ ਨੇ ਮਨੁੱਖੀ ਸਮਾਜ ਨੂੰ ਜਾਤਾਂ, ਧਰਮਾਂ, ਫਿਰਕਿਆਂ ਤੋਂ ਇਲਾਵਾ ਸਮਾਜਿਕ ਅਤੇ ਆਰਥਿਕ ਪਾੜੇ ਦਾ ਸਰਾਪ ਦੇ ਰੱਖਿਆ ਹੈ। ਇਹੀ ਕਾਰਣ ਹੈ ਕਿ ਮਨੁੱਖੀ ਸਮਾਜ ਸੰਤਾਪ ਭੋਗ ਰਿਹਾ ਹੈ। ਇਸ ਸੰਤਾਪ ਨੂੰ ਸਮਾਜ ਵਿੱਚ ਪਸਰੀ ਅਗਿਆਨਤਾ ਵਿਚੋਂ, ਗੰਦੀਆਂ ਬਸਤੀਆਂ ਵਿੱਚ ਕੀੜਿਆਂ ਵਾਂਗ ਰੀਂਗਦੀ ਜ਼ਿੰਦਗੀ ਵਿੱਚੋਂ, ਸੜਕਾਂ ਤੇ ਹੋ ਰਹੇ ਹਾਦਸਿਆਂ ਦਰ ਹਾਦਸਿਆਂ ਵਿੱਚ ਖਤਮ ਹੋ ਰਹੀ ਜ਼ਿੰਦਗੀ ਉਪਰੰਤ ਗਲੀ ਗਵਾਂਢ ਦੇ ਵਿਰਲਾਪਾਂ, ਸ਼ੋਕ ਸੱਥਾਂ 'ਚੋਂ, ਅਸ਼ਲੀਲ ਗੀਤ ਸੰਗੀਤ ਕਾਰਨ ਕਿਤਾਬਾਂ ਛੱਡ ਕੇ ਦੀਵਾਨੀ ਹੋਈ ਸੰਭਾਵਨਾ ਭਰੀ ਜਵਾਨੀ ਚੋਂ, ਮੋਬਾਇਲ ਦੀ ਦੁਰਵਰਤੋਂ ਚੋਂ, ਫਿਰੌਤੀਆਂ, ਕਤਲਾਂ, ਡਾਕਿਆਂ, ਉਧਾਲਿਆਂ, ਤੰਗੀਆਂ ਤੁਰਸ਼ੀਆਂ ਵਸ ਘਰਾਂ ਦੀ ਦੁਰਵਰਤੋਂ 'ਚੋਂ, ਬਾਲੜੀਆਂ ਤੋਂ ਲੈ ਕੇ ਬਿਰਧ ਮਾਵਾਂ ਨਾਲ ਹੁੰਦੇ ਦੁਸ਼ਕਰਮ, ਸਮਾਜਿਕ ਸੁਰੱਖਿਆ ਤੋਂ ਵਿਰਵੀ ਹੋ ਰਹੀ ਭਾਰਤੀ ਨਾਰੀ, ਥੁੜਾਂ ਦਾ ਸ਼ਿਕਾਰ ਹੋਏ ਸਾਧਨ ਵਿਹੂਣੇ ਲੋਕ, ਲੋੜੀਂਦੀ/ਬੇਲੋੜੀ ਮੁਕੱਦਮੇਬਾਜ਼ੀ ਵਿੱਚ ਖੁਆਰ ਹੋ ਰਹੇ ਲੋਕਾਂ ਦੀਆਂ ਭੀੜਾਂ, ਰਿਸ਼ਵਤਖ਼ੋਰੀ, ਭ੍ਰਿਸ਼ਟਾਚਾਰ, ਮਿਲਾਵਟੀ ਵਸਤਾਂ ਦੀ ਵਿਕਰੀ, ਹਉਮੈ 'ਚ ਗਲਤਾਨ ਅਫਸਰਸ਼ਾਹੀ, ਬੇਈਮਾਨ ਰਾਜਨੇਤਾਵਾਂ ਆਦਿ ਦੇ ਰੂਪ ਵਿੱਚ ਨੋਟ ਕੀਤਾ ਜਾ ਸਕਦਾ ਹੈ। ਜਿੰਨੇ ਵੀ ਸੰਤਾਪਾਂ ਨੂੰ ਮੈਂ ਲੜੀਬੱਧ ਕੀਤਾ ਹੈ, ਇਹ ਸਾਰੇ ਸਾਡੇ ਦੇਸ਼ ਦੀ ਗਲਤ ਵਿਵਸਥਾ ਦਾ ਨਤੀਜਾ ਹਨ। ਮੈਂ ਕਈ ਵਾਰ ਭਾਰਤੀ ਵਿਵਸਥਾ ਨੂੰ ਗਾਂਧੀ ਜੀ ਦੇ ਤਿੰਨ ਬਾਂਦਰਾਂ ਵਿੱਚ ਦੇਖਦੀ ਹਾਂ ਜਿੰਨਾ ਵਿੱਚ ਦੋ ਤਾਂ ਮੁੱਖ ਰਾਜਨੀਤਕ ਪਾਰਟੀਆਂ ਹਨ ਅਤੇ ਇੱਕ ਜਨਤਾ ਹੈ, ਜਿਸ ਵਿੱਚ ਕੰਨਾਂ ਤੇ ਅੱਖਾਂ ਉੱਪਰ ਹੱਥ ਰੱਖੀਆਂ ਪਾਰਟੀਆਂ ਨੂੰ ਨਾ ਤਾਂ ਦੇਸ਼ ਦੇ ਦੁੱਖ ਦਿਖਾਈ ਦਿੰਦੇ ਹਨ ਅਤੇ ਨਾ ਸੁਣਾਈ, ਅਤੇ ਮੂੰਹ ਤੇ ਹੱਥ ਰੱਖੀ ਸਾਡੀ ਜਨਤਾ ਚੁੱਪ-ਚਾਪ ਸਭ ਸਹਿਣ ਲਈ ਤਿਆਰ ਹੈ ਪਰ ਜੁਲਮ ਵਿਰੁੱਧ ਅਵਾਜ਼ ਉਠਾਉਣ ਲਈ ਤਿਆਰ ਨਹੀਂ ਹੈ। ਅਸੀਂ ਪਿਛਲੇ ਕੁਝ ਸਮੇਂ ਤੋਂ ਲੋਕਤੰਤਰ ਦਾ ਸ਼ਰੇਆਮ ਅਪਮਾਨ ਹੁੰਦਾ ਵੇਖ ਰਹੇ ਹਾਂ ਪਰ ਸਭ ਜਾਣਦੇ ਹੋਏ ਵੀ ਉਨਾਂ ਰਾਜਨੇਤਾਵਾਂ ਨੂੰ ਵੋਟਾਂ ਦੇ ਦੇਸ਼ ਨੂੰ ਜਲਾਲਤ ਦੇ ਖੂਹ ਵਿੱਚ ਧੱਕਾ ਦੇ ਦਿੰਦੇ ਹਾਂ। ਜਿਵੇਂ ਮੈਂ ਸ਼ੁਰੂਆਤ ਵਿੱਚ ਦੱਸਿਆ ਕਿ ਮਨੁੱਖ ਧਰਤੀ ਦੀ ਸਰਵਉੱਚ ਨਸਲ ਹੈ, ਇਸ ਕੋਲ ਹਰ ਸਾਧਨ ਅਤੇ ਸੋਚ ਸਮਝ ਸਭ ਹੈ, ਪਰ ਅਸੀਂ ਆਪਣੇ ਦੇਸ਼ ਨੂੰ ਸਮਾਜ ਨੂੰ ਗਲਤ ਰਾਜਨੀਤੀ ਦੇ ਵੱਸ ਪਾ ਲੋਕਤੰਤਰ ਦੀਆਂ ਧੱਜੀਆਂ ਉੱਡਵਾ ਰਹੇ ਹਾਂ। ਅੱਜ ਦੇ ਸਮੇਂ ਵਿੱਚ ਬਹੁਤਾਂਤ ਲੋਕ ਪੜੇ ਲਿਖੇ ਹਨ, ਸਾਡੇ ਕੋਲ ਗਿਆਨ ਹੈ, ਆਪਣੇ ਹੱਕਾਂ ਦੀ ਪੂਰੀ ਜਾਣਕਾਰੀ ਹੈ, ਕਾਨੂੰਨਾਂ ਦੀ ਜਾਣਕਾਰੀ ਹੈ ਅਤੇ ਸਭ ਤੋਂ ਵੱਡੀ ਗੱਲ ਅੱਜ ਆਪਣੀ ਅਵਾਜ਼ ਨੂੰ ਦੇਸ਼ ਦੇ ਕੋਨੇ ਕੋਨੇ ਵਿੱਚ ਪੁਹਚਾਉਣ ਲਈ ਸਾਡੇ ਕੋਲ ਸ਼ੋਸ਼ਲ ਮੀਡੀਆ ਅਤੇ ਇੰਟਰਨੈੱਟ ਦੀ ਤਾਕਤ ਹੈ, ਪਰ ਕਮੀ ਤਾਂ ਕੇਵਲ ਸਮਝਦਾਰੀ ਵਾਲਾ ਸਮਾਜ ਸਿਰਜਣ ਦੀ ਚਣੌਤੀ ਨੂੰ ਸਵੀਕਾਰ ਕਰਨ ਵਿੱਚ ਹੈ। ਹੁਣ ਅਸੀਂ ਇੱਥੇ ਇਸ ਗੱਲ ਨੂੰ ਦੁਰਕਾਰ ਨਹੀਂ ਸਕਦੇ ਕਿ ਸਰਕਾਰਾਂ ਦੇ ਕਾਲੇ ਚਿੱਠੇ ਜਾਣਦੇ ਹੋਏ ਵੀ ਅਸੀਂ ਉਨਾਂ ਨੂੰ ਹੀ ਵੋਟਾਂ ਦਿੰਦੇ ਹਾਂ। ਕਿਉਂਕਿ ਅਸੀਂ ਮੰਨਦੇ ਹਾਂ ਕਿ ਸਾਡੇ ਕੋਲ ਦੋ ਜਾਂ ਤਿੰਨ ਹੀ ਵਿਕਲਪ ਹਨ, ਉਨਾਂ ਵਿਚੋਂ ਹੀ ਸਰਕਾਰ ਬਣਾਉਣੀ ਹੈ, ਜਦੋਂ ਅਸੀਂ ਜਾਣਦੇ ਹਾਂ ਕਿ ਕੋਈ ਵੀ ਪਾਰਟੀ ਆਪਣੇ ਵਾਦਿਆਂ ਜਾਂ ਬੋਲਾਂ ਉੱਪਰ ਖਰੀ ਨਹੀਂ ਉੱਤਰਦੀ ਤਾਂ ਕਿਉਂ ਅਸੀਂ ਅੱਖਾਂ ਅਤੇ ਅਕਲ ਤੇ ਪੱਟੀ ਬੰਨ ਕੋਈ ਵੀ ਬਟਨ ਦਬਾ ਦਿੰਦੇ ਹਾਂ। ਇਸਤੋਂ ਵੱਡੀ ਉਦਹਾਰਣ ਹੋਰ ਕੋਈ ਨਹੀਂ ਹੋ ਸਕਦੀ ਕਿ ਅਸੀਂ ਇੱਕ ਸਮਝਦਾਰ ਸਮਾਜ ਸਿਰਜਣ ਵਿੱਚ ਨਾ ਕਾਮਯਾਬ ਹੋਏ ਹਾਂ। ਅਸਲ ਵਿੱਚ ਸੁਧਾਰ ਸਾਰੇ ਚਾਹੁੰਦੇ ਹਨ ਪਰ ਸੁਧਰਨਾ ਕੋਈ ਨਹੀਂ ਚਾਹੁੰਦਾ। ਸਮਝਦਾਰੀ ਦੀਆਂ ਗੱਲਾਂ ਸਾਰੇ ਕਰਦੇ ਹਨ, ਪਰ ਉਨਾਂ ਉੱਪਰ ਅਮਲ ਕੋਈ ਨਹੀਂ ਕਰਨਾ ਚਾਹੁੰਦਾ। ਹਾਲੇ ਵੀ ਸਮਾਂ ਹੈ ਸਮਝਦਾਰੀ ਤੋਂ ਕੰਮ ਲੈਣ ਦਾ, ਆਪਣੇ ਹੱਕਾਂ ਲਈ ਅਵਾਜ਼ ਉਠਾਉਣ ਦਾ। ਜੇਕਰ ਅਸੀਂ ਸਮਝਦਾਰੀ ਵਾਲਾ ਸਮਾਜ ਸਿਰਜਣ ਦੀ ਚੁਣੌਤੀ ਨੂੰ ਸਵੀਕਾਰ ਨਹੀਂ ਕਰਦੇ ਤਾਂ ਸਾਨੂੰ ਆਪਣੇ ਦੇਸ਼ ਦੇ ਲੋਟੂ, ਭ੍ਰਿਸ਼ਟ ਅਤੇ ਅਨਪੜ ਜ਼ਰਵਾਣਿਆਂ ਦੀ ਗੁਲਾਮੀ ਕਰਨ ਲਈ ਤਿਆਰ ਹੋ ਜਾਣਾ ਚਾਹੀਦਾ ਹੈ।

ਸਾਨੂੰ ਸਮਝਦਾਰੀ ਤੋਂ ਕੰਮ ਲੈਂਦਿਆਂ ਆਪਣੀ ਸਮਾਜ ਪ੍ਰਤੀ ਜਿੰਮੇਵਾਰੀ ਸਮਝਦਿਆਂ ਹੋਇਆਂ ਵੋਟ ਦੇ ਅਧਿਕਾਰ ਦਾ ਸਹੀ ਇਸਤੇਮਾਲ ਕਰਨਾ ਹੋਵੇਗਾ ਤਾਂ ਹੀ ਅਸੀਂ ਇੱਕ ਸਮਝਦਾਰ ਸਮਾਜ ਸਿਰਜ ਸਕਾਂਗੇ।




# ਨਾਨਕਾ ਪਿੰਡ



**ਡਾਕਟਰ ਸੁਰਜੀਤ ਪਾਤਰ**

ਸਭ ਨੂੰ ਨਾਨਕੇ ਪਿੰਡ ਜਾਣ ਦਾ ਬੜਾ ਚਾਅ ਹੁੰਦਾ ਹੈ। ਮੈਂ ਵੀ ਜਦੋਂ ਨਿੱਕੀ ਹੁੰਦੀ ਸੀ ਤਾਂ ਮੈਨੂੰ ਨਾਨਕੇ ਪਿੰਡ ਜਾਣਾ ਬੜਾ ਚੰਗਾ ਲੱਗਦਾ ਸੀ। ਜਦੋਂ ਕਦੇ ਬੇਬੇ-ਬਾਪੂ ਨੂੰ ਗੱਲਾਂ ਕਰਦੇ ਸੁਣ ਲੈਂਦੀ ਕਿ ਅਸੀਂ ਨਾਨਕੇ ਪਿੰਡ ਜਾਵਾਂਗੇ ਤਾਂ ਮੈਨੂੰ ਵਿਆਹ ਜਿੰਨਾ ਚਾਅ ਚੜ ਜਾਂਦਾ ਸੀ। ਖ਼ੁਸ਼ੀ ਵਿਚ ਨੱਚਦੀ ਹੋਈ ਸਾਰਿਆਂ ਨੂੰ ਦੱਸਦੀ ਫਿਰਦੀ ਕਿ ਅਸੀਂ ਮਾਮਿਆਂ ਦੇ ਪਿੰਡ ਜਾਵਾਂਗੇ ਬਹੁਤ ਮਜ਼ਾ ਆਊਗਾ।

ਸਾਨੂੰ ਦੇਖ ਕੇ ਨਾਨਕਿਆਂ ਨੂੰ ਵੀ ਚਾਅ ਚੜ ਜਾਂਦਾ ਸੀ। ਮੇਰੇ ਮਾਮੇ ਮੈਨੂੰ ਮੋਢਿਆਂ ਤੇ ਬਿਠਾ ਕੇ ਸਾਰਾ ਨਾਨਕਾ ਪਿੰਡ ਘੁਮਾਉਂਦੇ। ਮਾਮੇ ਦੇ ਮੋਢਿਆਂ ਤੇ ਬੈਠਕੇ ਦੇਖਿਆ ਨਾਨਕਾ ਪਿੰਡ ਬਹੁਤ ਸੋਹਣਾ ਲੱਗਦਾ ਸੀ। ਰਾਹ ਵਿੱਚ ਜੋ ਵੀ ਨਾਨਕੇ ਪਿੰਡ ਦਾ ਮਿਲਦਾ ਹਮੇਸ਼ਾ ਮੇਰੇ ਮਾਮੇ-ਮਾਸੀਆਂ ਨੂੰ ਮੇਰੀ ਬੇਬੇ ਦਾ ਨਾਂ ਲੈ ਕੇ ਪੁਛਣ ਲੱਗ ਪੈਂਦਾ ਕਿ ਮੈਂ ਉਹਦੀ ਕੁੜੀ ਆ। ਉਸ ਵੇਲੇ ਮੈਨੂੰ ਲਗਦਾ ਕਿ ਜਿੱਦਾਂ ਮੇਰੀ ਬੇਬੇ ਮੇਰੇ ਨਾਨਕੇ



ਪਿੰਡ ਦੀ ਰਾਜਕੁਮਾਰੀ ਹੋਵੇ ਤੇ ਨਾਨਕੇ ਪਿੰਡ ਵਾਲੇ ਉਸ ਦੀ ਪ੍ਰਜਾ। ਅੰਦਰੋਂ ਬੜਾ ਮਾਣ ਮਹਿਸੂਸ ਹੁੰਦਾ ਸੀ ਤੇ ਹਮੇਸ਼ਾ ਲਈ ਨਾਨਕੇ ਪਿੰਡ ਰਹਿ ਜਾਣ ਤਾਂ ਮਨ ਕਰਦਾ। ਮੈਨੂੰ ਹੁਣ ਵੀ ਯਾਦ ਹੈ ਕਿ ਜਦੋਂ ਮੈਂ ਛੋਟੀ ਹੁੰਦੀ ਨਾਨਕੇ ਜਾਂਦੀ ਸੀ ਤਾਂ ਮੇਰੀ ਨਾਨੀ ਹਮੇਸ਼ਾ ਕਾਮਿਆਂ ਦੀ ਰੋਟੀ ਲੈ ਕੇ ਜਾਣ ਵੇਲੇ ਮੈਨੂੰ ਨਾਲ ਖੇਤ ਲੈ ਜਾਂਦੀ ਤੇ ਓਥੇ ਕੰਮ ਕਰਨ ਵਾਲੇ ਸਾਰੇ ਕਾਮੇ ਮੈਨੂੰ ਗੋਦੀ ਚੁੱਕ ਬੜਾ ਲਾਡ-ਪਿਆਰ ਕਰਦੇ ਸਨ। ਕੋਈ ਮੈਨੂੰ ਖੇਤ ਵਿਚੋਂ ਅਮਰੂਦ ਤੋੜ ਕੇ ਦਿੰਦਾ ਤੇ ਕੋਈ ਗੰਨਾ ਤੋੜ ਕੇ ਫੜਾ ਦਿੰਦਾ। ਕਿੰਨਾ ਚੰਗਾ ਲੱਗਦਾ ਸੀ ਜਦੋਂ ਰਾਤ ਨੂੰ ਨਾਨੇ ਦੇ ਘਰ ਦੀ ਛੱਤ ਤੇ ਬੈਠ ਬੇਬੇ ਉਸ ਦੀਆਂ ਸਾਰੀਆਂ ਸਾਥਨਾਂ ਨਾਲ ਉਨਾਂ ਦੇ ਬਚਪਨ ਦੀਆਂ ਗੱਲਾਂ ਕਰਦੀਆਂ ਤੇ ਸਾਰੀ-ਸਾਰੀ ਰਾਤ ਬੈਠੀਆਂ ਰਹਿੰਦੀਆਂ ਸਨ। ਨਾਨਕੇ ਪਿੰਡ ਜਾ ਕੇ ਮਾਮੇ ਦੇ ਰੱਖੇ ਖਰਗੋਸ਼ਾਂ ਨਾਲ ਖੇਡਣਾ ਤੇ ਕੁਕੜੀਆਂ ਪਿੱਛੇ ਭੱਜਣਾ ਤੇ ਕਦੇ ਛੱਤ ਉੱਤੇ ਖੜੇ ਹੋ ਕੇ ਕਬੂਤਰਾਂ ਨੂੰ ਉਡਾਉਣਾ ਬੜਾ ਚੰਗਾ ਲੱਗਦਾ ਸੀ। ਜਿੱਦਾਂ ਚਾਹੁੰਦੀ ਖੇਡ ਸਕਦੀ ਸੀ ਜੋ ਚਾਹੁੰਦੀ ਖਾ ਸਕਦੀ ਸੀ, ਕੋਈ ਮਨਾਹੀ ਨਹੀਂ ਹੁੰਦੀ ਸੀ ਏਦਾ ਲੱਗਦਾ ਸੀ ਕਿ ਜਿਵੇਂ ਸਵਰਗ ਵਿੱਚ ਪਹੁੰਚ ਗਈ ਹੋਵਾਂ। ਜਿਵੇਂ-ਜਿਵੇਂ ਵੱਡੀ ਹੁੰਦੀ ਗਈ ਨਾਨਕੇ ਪਿੰਡ ਨਾਲ ਸਾਂਝ ਵੀ ਦੂਰ ਹੁੰਦੀ ਗਈ। ਹੁਣ ਨਾਨਕੇ ਪਿੰਡ ਜਾਣ ਦੀ ਖਿੱਚ ਨਹੀਂ ਰਹੀ। ਕਿਉਂਕਿ ਨਾਨਾ-ਨਾਨੀ ਇਸ ਦੁਨੀਆਂ ਨੂੰ ਛੱਡ ਕੇ ਚਲੇ ਗਏ ਤੇ ਬੇਬੇ ਦੇ ਬਾਕੀ ਭੈਣ-ਭਰਾਵਾਂ ਦੇ ਵਿਆਹ ਹੋ ਗਏ ਸਭ ਆਪਣੇ-ਆਪਣੇ ਘਰੋ-ਘਰੀ ਰਹਿਣ ਲੱਗ ਪਏ। ਜੋ ਮਾਮਿਆਂ ਦਾ ਸਾਂਝਾ ਵਿਹੜਾ ਕਦੇ ਸਵਰਗ ਲਗਦਾ ਸੀ ਉਹ ਕੰਧਾਂ ਨੇ ਢੱਕ ਲਿਆ ਤੇ ਮੈਨੂੰ ਵੀ ਬੇਬੇ ਦੀ ਗੱਲ ਚੰਗੀ ਤਰਾਂ ਸਮਝ ਵਿੱਚ ਆ ਗਈ ਕਿ ਧੀਆਂ ਲਈ ਪੇਕੇ ਤਾਂ ਮਾਪਿਆਂ ਦੇ ਜਿਉਂਦਿਆਂ ਤੱਕ ਹੀ ਹੁੰਦੇ ਨੇ ਤੇ ਮਾਪਿਆਂ ਦੇ ਦੁਨੀਆਂ ਤੋਂ ਚਲੇ ਜਾਣ ਤੋਂ ਬਾਅਦ ਪੇਕਿਆਂ ਦੀ ਅਹਿਮੀਅਤ ਵੀ ਬਦਲ ਜਾਂਦੀ ਹੈ।

ਕਿੱਥੇ ਗਿਆ ਬਚਪਨ ਮਾਰਕੇ ਉਡਾਰੀਆਂ,
ਖੇਡਦੇ ਹੁੰਦੇ ਸੀ ਜਦੋਂ ਭੰਡਾ ਤੇ ਭੰਡਾਰੀਆ।

ਚੁੱਕ ਚੁੱਕ ਮੁੱਠੀਆਂ ਸੀ, ਹੇਠਾਂ ਉੱਤੇ ਰੱਖੀ ਜਾਂਦੇ,
ਲੰਘ ਜਾਂਦੀਆਂ ਸੀ ਸ਼ਾਮਾਂ, ਇੰਝ ਖੇਡਦੇ ਖਿਡਾਂਦੇ,
ਹੁੰਦੀਆਂ ਸਹੇਲੀਆਂ ਵੀ ਜਾਣ ਤੋਂ ਪਿਆਰੀਆਂ,
ਕਿੱਥੇ ਗਿਆ ਬਚਪਨ....

ਖੇਡ ਖੇਡ ਵਿੱਚ ਸਾਰੇ ਗਮ ਜਾਂਦੇ ਭੁੱਲ ਸਾਂ,
ਇੱਕ ਦੂਜੇ ਵਾਸਤੇ ਜਿਉਂ, ਹੀਰਿਆਂ ਦੇ ਤੁੱਲ ਸਾਂ,
ਖ਼ੁਸ਼ੀਆਂ ਦੀ ਲਹਿਰ ਵਿੱਚ, ਲਾਉਂਦੇ ਨਿੱਤ ਤਾਰੀਆਂ।
ਕਿੱਥੇ ਗਿਆ ਬਚਪਨ....

ਉਦੋਂ ਨਾ ਮੋਬਾਈਲ ਗੇਮਾਂ, ਟੀਵੀ ਨਾ ਸੀ ਫਿਲਮਾਂ,
ਜਾਣਦਾ ਨਾ ਕੋਈ ਨਸ਼ਾ, ਕੌਣ ਜਾਣੇ ਚਿਲਮਾਂ,
ਲੁੱਟ ਲਈਆਂ ਖ਼ੁਸ਼ੀਆਂ ਤਾਂ, ਨਸ਼ੇ ਦੇ ਵਪਾਰੀਆਂ,
ਕਿੱਥੇ ਗਿਆ ਬਚਪਨ.....

ਵਿਰਸਾ ਜੋ ਖੇਡਾਂ ਵਾਲਾ, ਫੇਰ ਮੋੜ ਕੇ ਲਿਆਓ,
ਬੱਚਿਆਂ ਜਵਾਨਾਂ ਤਾਈਂ, ਫੇਰ ਖੇਡਾਂ ਵਿੱਚ ਲਾਓ,
ਖੇਡਾਂ ਖੇਡ ਕੇ ਤਾਂ ਸਭ ਟੁੱਟਣ ਬਿਮਾਰੀਆਂ,
ਕਿੱਥੇ ਗਿਆ ਬਚਪਨ ਮਾਰਕੇ ਉਡਾਰੀਆਂ,
ਖੇਡਦੇ ਹੁੰਦੇ ਸੀ ਜਦੋਂ ਭੰਡਾ ਤੇ ਭੰਡਾਰੀਆ।

**ਰਾਜਨਦੀਪ ਕੌਰ ਮਾਨ**
੬੨੩੯੩੨੬੧੬੬

# ਅਕੀਦਤ ਏ ਸਿੱਖੀ

**ਸਰਬਜੀਤ ਕੌਰ ਸਰਬ**

ਬਚਪਨ ਵਿੱਚ ਹੀ ਆਪਣੇ ਮੂਲ ਨਾਲ ਜੁੜ ਜਾਣਾ ਕੌਮ ਦੀ ਚੜਦੀ ਕਲਾ ਦੀ ਨਿਸ਼ਾਨੀ ਹੈ। ਸ਼ਬਦ ਵਿਚ ਅਭੇਦ ਹੋ ਜਾਣਾ ਇਕ ਸੱਚੇ ਗੁਰਸਿੱਖ ਦੀ ਨਿਸ਼ਾਨੀ ਹੈ। ਸੱਚ ਲਈ ਕੁਰਬਾਨ ਹੋ ਜਾਣਾ ਇਕ ਸੱਚੇ ਸੂਰਬੀਰ ਦੀ ਨਿਸ਼ਾਨੀ ਹੈ। ਇੱਕ ਸੱਚਾ ਧਰਮ ਹਮੇਸ਼ਾ ਹੀ ਦੂਜਿਆਂ ਨਾਲ ਪਿਆਰ ਕਰਨਾ ਸਿਖਾਉਂਦਾ ਹੈ। ਉਸ ਵਿੱਚ ਕਿਸੇ ਵੀ ਤਰਾਂ ਦੂਜਿਆਂ ਧਰਮਾਂ ਪ੍ਰਤੀ ਵੈਰ ਦੀ ਭਾਵਨਾ ਬਿਲਕੁਲ ਨਹੀਂ ਹੁੰਦੀ । ਸੱਚਾ ਧਰਮ ਉਹ ਹੀ ਹੈ ਜੋ ਸਾਨੂੰ ਉਸ ਅਕਾਲ ਪੁਰਖ ਨਾਲ ਜੋੜਦਾ ਹੈ, ਜਿਸ ਨੂੰ ਅਸੀਂ ਬ੍ਰਹਿਮੰਡ ਦਾ ਵਾਸੀ ਆਖਦੇ ਹਾਂ। ਜਦੋਂ ਵੀ ਇਨਸਾਨ ਇਸ ਧਰਤੀ ਉੱਤੇ ਜਨਮ ਲੈਂਦਾ ਹੈ ਤਾਂ ਉਸ ਨੂੰ ਨਹੀਂ ਪਤਾ ਕਿ ਮੈਂ ਕਿਸ ਧਰਮ ਵਿਚ ਜਨਮ ਲਿਆ ਹੈ, ਧਰਮ ਦਾ ਗਿਆਨ ਇਨਸਾਨ ਨੂੰ ਸਮਾਜ ਵਿਚ ਰਹਿੰਦੇ ਹੋਏ ਪਤਾ ਚੱਲਦਾ ਹੈ, ਪਰ ਜਦੋਂ ਅਸੀਂ ਸਮਾਜ ਵਿੱਚ ਵਿਚਰਨਾ ਸ਼ੁਰੂ ਕਰਦੇ ਹਾਂ ਤਾਂ ਸਾਨੂੰ ਇਨਾਂ ਗੱਲਾਂ ਦਾ ਗਿਆਨ ਹੁੰਦਾ ਹੈ ਕਿ ਧਰਮ ਹੈ ਕਿ, ਅਤੇ ਕਿਸ ਨਾਲ ਜੋੜਦਾ ਹੈ। ਅਸੀਂ ਬਚਪਨ ਵਿਚ ਕੁਦਰਤ ਦੇ ਰੰਗਾਂ ਨੂੰ ਮਾਣਦੇ ਹਾਂ, ਜਦੋਂ ਸਮਾਜ ਵਿਚ ਵਿਚਰਦੇ ਹਾਂ ਤਾਂ ਚੰਗੇ ਮਾੜੇ ਦਾ ਪਤਾ ਚਲਦਾ ਹੈ, ਸਮਾਜ ਤੋਂ ਅਗਾਂਹ ਅਸੀਂ ਦੂਜੇ ਧਰਮ ਦੇ ਲੋਕਾਂ ਨਾਲ ਰਾਬਤਾ ਕਾਇਮ ਕਰਦੇ ਹਾਂ ਤਾਂ ਸਾਨੂੰ ਆਪਣੇ ਧਰਮ ਦਾ ਗਿਆਨ ਹੁੰਦਾ ਹੈ। ਧਰਮ ਕੋਈ ਜ਼ੰਜ਼ੀਰ ਨਹੀਂ ਸਗੋਂ ਗਿਆਨ ਦਾ ਸੋਮਾ ਹੈ।

ਜਦੋਂ ਮਨੁੱਖ ਨੂੰ ਸਹੀ ਗਲਤ ਦੀ ਪਛਾਣ ਹੋ ਜਾਂਦੀ ਹੈ ਤਾਂ ਉਹ ਸੱਚ ਨਾਲ ਜੁੜਨਾ



ਸ਼ੁਰੂ ਕਰ ਦਿੰਦਾ ਹੈ ਬੇਸ਼ਕ ਇਨਸਾਨ ਆਪਣੀ ਸੋਚ ਦੇ ਮੁਤਾਬਿਕ ਜ਼ਿੰਦਗੀ ਨੂੰ ਜਿਊਂਦਾ ਹੈ ਚੰਗਾ ਮਾੜਾ ਉਸ ਦੀ ਸੋਚ ਦੇ ਮੁਤਾਬਕ ਹੁੰਦਾ ਹੈ। ਸੋਚ ਦੇ ਵਿਚੋਂ ਹੀ ਕਰਮਾਂ ਦਾ ਰਾਹ ਬਣ ਜਾਂਦਾ ਹੈ ਜਿਸ ਤੇ ਚੱਲ ਕੇ ਉਹ ਦੁੱਖ ਜਾਂ ਸੁੱਖ ਭੋਗਦਾ ਹੈ। ਇਸ ਸਾਰੀ ਕਿਰਿਆ ਵਿੱਚ ਉਸ ਦੀ ਸੋਚ ਹੀ ਹੁੰਦੀ ਹੈ। ਸਿੱਖ ਧਰਮ ਇਕ ਅਜਿਹਾ ਧਰਮ ਹੈ ਜਿਸ ਦਾ ਗੁਰੂ ਸ਼ਬਦ ਹੈ, ਜਿਸ ਨੂੰ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਆਖਦੇ ਹਾਂ ਜੋ ਇਕਲੇ ਸਿੱਖਾਂ ਦੇ ਨਹੀਂ ਸਗੋਂ ਸਮੁੱਚੀ ਮਾਨਵਤਾ ਦੇ ਗੁਰੂ ਹਨ। ਇਲਾਹੀ ਬਾਣੀ ਦਾ ਭੰਡਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੋ ਮਨੁੱਖ ਨੂੰ ਉਸ ਅਕਾਲ ਪੁਰਖ ਨਾਲ ਜੋੜਦੇ ਹਨ ਜਿਸ ਨੇ ਇਸ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ ਅਤੇ ਮਨੁੱਖ ਨੂੰ ਬਣਾਇਆ ਹੈ ਉਸ ਨੂੰ ਸੋਚਣ ਸ਼ਕਤੀ ਬਖਸ਼ੀ ਹੈ, ਧਰਤੀ ਉੱਤੇ ਆਉਣ ਤੋਂ ਪਹਿਲਾਂ ਉਸ ਦਾ ਰਿਜਕ ਉਸ ਨੂੰ ਦਿੱਤਾ ਹੈ। ਉਸ ਬ੍ਰਹਿਮੰਡੀ ਸ਼ਕਤੀ ਨਾਲ ਮਿਲਾਉਣਾ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਮੁੱਖ ਉਦੇਸ਼ ਹੈ। ਸਿੱਖ ਕੌਮ ਬਹੁਤ ਹੀ ਭਾਗਸ਼ਾਲੀ ਕੌਮ ਹੈ ਜਿਸ ਕੋਲ ਸ਼ਬਦ ਗੁਰੂ ਹੈ ਨਾ ਕਿ ਕੋਈ ਇਨਸਾਨ। ਇਸੇ ਸ਼ਬਦ ਵਿਚੋਂ ਹੀ ਸੱਚ ਦਾ ਪ੍ਰਕਾਸ਼ ਹੁੰਦਾ ਹੈ ਜੇਕਰ ਬੱਚਿਆਂ ਨੂੰ ਸੱਚ ਨਾਲ ਮੁੱਢ ਤੋਂ ਜੋੜ ਦੇਈਏ ਤਾਂ ਉਹ ਸਾਦੀਕ ਇਨਸਾਨ ਬਣਨਗੇ।

# ਭੈਣ ਦੇ ਸਵਾਟਰ

**ਕਹਾਣੀ**

**ਕਰਨ ਬਰਾੜ ਹਰੀਕੇ ਕਲਾਂ**

ਇਹ ਗੱਲ ਸੱਚੀ ਆ ਕਿ ਛੋਟੇ ਹੁੰਦਿਆਂ ਸਾਨੂੰ ਨਿੱਕੀਆਂ ਭੈਣਾਂ ਨਾਲੋਂ ਜ਼ਿਆਦਾ ਮਿਲਦਾ ਰਿਹਾ ਸਾਡੀਆਂ ਜਿੱਦਾਂ ਜ਼ਿਆਦਾ ਪੁੱਗਦੀਆਂ ਰਹੀਆਂ ਸਾਡੀਆਂ ਜ਼ਰੂਰਤਾਂ ਜ਼ਿਆਦਾ ਪੂਰੀਆਂ ਹੁੰਦੀਆਂ ਰਹੀਆਂ। ਇਹ ਪੜਾਈ 'ਚ ਵੀ ਸਾਡੇ ਤੋਂ ਜ਼ਿਆਦਾ ਹੁਸ਼ਿਆਰ ਹੁੰਦੀਆਂ ਸੀ ਘਰ ਦੇ ਕੰਮਾਂ ਧੰਦਿਆਂ 'ਚ ਵੀ ਹੱਥ ਵਟਾਉਂਦੀਆਂ, ਸਾਡੇ ਸਕੂਲ ਦਾ ਕੰਮ ਵੀ ਕਰ ਦਿੰਦੀਆਂ ਸੀ, ਬਈ ਸਾਡੇ ਆਲੇ ਨੂੰ ਸਕੂਲੋਂ ਕੁੱਟ ਨਾ ਪਵੇ। ਅਸੀਂ ਫੇਰ ਵੀ ਅਕਸਰ ਛੋਟੀਆਂ ਹੋਣ ਕਰਕੇ ਇਨਾਂ ਨਾਲ ਜ਼ਿਆਦਤੀ ਕਰ ਜਾਂਦੇ ਸੀ, ਆਪਣੀ ਮਨਮਰਜ਼ੀ ਪੁਗਾ ਜਾਂਦੇ ਸੀ, ਪਰ ਇਹ ਫੇਰ ਵੀ ਸਾਡੇ ਪਿੱਛੇ ਪਿੱਛੇ ਤੁਰਦੀਆਂ ਸਾਡੀ ਸੁੱਖ ਲੋੜਦੀਆਂ ਅਰਦਾਸਾਂ ਕਰਦੀਆਂ ਸੀ। ਮੈਨੂੰ ਅੱਜ ਵੀ ਯਾਦ ਆ ਇੱਕ ਵਾਰੀ ਪੇਪਰਾਂ ਦੇ ਨਤੀਜਿਆਂ ਤੋਂ ਬਾਅਦ ਭੈਣ ਕਹਿੰਦੀ ਜਾ ਗੁਰੂ ਘਰ ਐਨੇ ਦੀ ਦੇਗ ਚੜਾ ਆ ਮੈਂ ਪੁੱਛਿਆ ਤੂੰ ਤਾਂ ਐਨੀ ਹੁਸ਼ਿਆਰ ਆ ਤੈਨੂੰ ਕੀ ਲੋੜ ਪੈ ਗਈ ਦੇਗ ਸੁੱਖਣ ਦੀ, ਜਾਹ ਮੈਂ ਨੀ ਜਾਂਦਾ। ਆਪਣਾ ਹਮੇਸ਼ਾ ਦੀ ਤਰਾਂ ਕੰਮ ਤੋਂ ਕੋਰਾ ਜਵਾਬ ਸੀ ਤਾਂ ਅੱਗੋਂ ਕਹਿੰਦੀ ਬੇਸ਼ਰਮਾ ਤੇਰੇ ਪਾਸ ਹੋਣ ਦੀ ਸੁੱਖ ਸੁੱਖੀ ਸੀ, ਬਈ ਨਾਲਾਇਕ ਕਿਤੇ ਫ਼ੇਲ ਨਾ ਹੋਜੇ, ਨਾਲ਼ੇ ਇੱਕ ਸਾਲ ਪਿੱਛੇ ਹੋਜੇਗਾ, ਨਾਲ਼ੇ ਜਿਹੜੇ ਉੱਤੋਂ ਛਿੱਤਰ ਪੈਣੇ ਸੀ ਉਹ ਵੱਖਰੇ। ਇਹ ਸੀ ਸਾਡੀਆਂ ਨਿੱਕੀਆਂ ਭੈਣਾਂ ਦਾ ਪਿਆਰ, ਅੱਜ ਵੀ ਬਾਹਰ ਬੈਠਿਆਂ ਇਹ ਗੱਲਾਂ ਯਾਦ ਕਰਦਿਆਂ ਅੱਖਾਂ 'ਚ ਪਾਣੀ ਆ ਜਾਂਦਾ। ਹੁਣ ਤਾਂ ਖ਼ੈਰ ਜ਼ਮਾਨਾ ਵਾਹਵਾ ਬਦਲ ਗਿਆ ਪਰ ਸਾਡੇ ਵਾਲੀ ਪੀੜੀ ਦੀਆਂ ਕੁੜੀਆਂ ਚਿੜੀਆਂ ਧੀਆਂ ਭੈਣਾਂ ਨੂੰ ਜਿੱਥੇ ਕਿਹਾ ਬੈਠ ਗਈਆਂ ਜੋ ਲਿਆ ਦਿੱਤਾ ਉਹ ਪਾ ਲਿਆ, ਜੋ ਕਿਹਾ ਮੰਨ ਲਿਆ, ਜਿੰਨਾ ਕਿਹਾ ਪੜ ਲਈਆਂ ਜਿਹਦੇ ਲੜ ਲਾਈਆਂ, ਉਸਦੇ ਲੜ ਲੱਗ ਗਈਆਂ, ਜਿੰਨਾ ਦਿੱਤਾ ਸਬਰ ਕਰ ਲਿਆ। ਹੁਣ ਭਾਵੇਂ ਉਨਾਂ ਦੇ ਆਪਣੇ ਪਰਿਵਾਰ ਆ ਪਰ ਧੀਆਂ ਭੈਣਾਂ ਕਦੇ ਪਿੱਛਾ ਨਹੀਂ ਭੁੱਲਦੀਆਂ ਆਪਣੇ ਪੇਕੇ ਆਪਣੇ ਮਾਪੇ ਭਰਾ ਭਤੀਜਿਆਂ ਨੂੰ ਅੰਤਾਂ ਦਾ ਮੋਹ ਕਰਦੀਆਂ ਉਨਾਂ ਦੀ ਸੁੱਖ ਲੋੜਦੀਆਂ। ਕਹਿਣ ਨੂੰ ਤਾਂ ਭਾਵੇਂ ਸਾਡੇ ਮੁਲਕ 'ਚ ਕੁੜੀਆਂ ਵੀ ਬਰਾਬਰ ਦੀਆਂ ਮਾਲਕ ਹਨ, ਪਰ ਅਸਲ ਵਿਚ ਵਿਆਹ ਵੇਲੇ ਜੋ ਦੇ ਦਿੱਤਾ ਦੇ ਦਿੱਤਾ, ਫਿਰ ਅਗਲਾ ਹਾੜੀ-ਸਾਉਣੀ ਦਿਨ ਤਿਉਹਾਰ ਨੂੰ ਦੋ ਸੂਟ ਬਣਾ ਛੱਡਦਾ, ਪਰ ਇਹ ਫੇਰ ਵੀ ਸਬਰ ਕਰ ਲੈਂਦੀਆਂ, ਮਾਪਿਆਂ ਦੇ ਦਿੱਤੇ ਇੱਕ ਨੂੰ ਲੱਖ ਕਰਕੇ ਜਾਣਦੀਆਂ, ਅਗਲੇ ਘਰੇ ਇਨਾਂ ਦੀ ਚੱਲੇ ਨਾ ਚੱਲੇ, ਘਰ ਵਾਲਾ ਚੰਗਾ ਸਮਝੇ ਨਾ ਸਮਝੇ, ਧੀਆਂ ਪੁੱਤ ਸਤਿਕਾਰ ਦੇਣ ਨਾ ਦੇਣ, ਇਨਾਂ ਦੀ ਕਿਸਮਤ। ਪਰ ਫਿਰ ਵੀ ਇਨਾਂ ਦੀ ਅਰਦਾਸ ਵੇਲੇ ਮਾਪਿਆਂ ਦੀ ਸੁੱਖ ਵੀ ਬਰਾਬਰ ਹੀ ਸ਼ਾਮਲ ਹੁੰਦੀ ਆ।

ਆਪ ਭਾਵੇਂ ਭੁੱਲ ਜਾਈਏ ਪਰ ਭੈਣ ਦਾ ਹਰ ਦੂਜੇ ਤੀਜੇ ਦਿਨ ਸੁਨੇਹਾ ਹੁੰਦਾ ਕਿ ਕੀ ਕਰਦੇ ਸੀ ਭਾਬੀ, ਕਿਵੇਂ ਆ ਗੁਰਅੰਸ਼ ਸਕੂਲ ਜਾਂਦਾ ਕਿ ਨਹੀਂ, ਓਥੇ ਬੈਠੀ ਵੀ ਸਾਡਾ ਫ਼ਿਕਰ ਕਰਦੀ ਆ, ਓਥੇ ਹਰ ਜਗਾ ਮੇਰੀ ਥਾਂ ਖੜਦੀ ਆ, ਘਰਦਿਆਂ ਨੂੰ ਵਾਹ ਲਗਦੀ, ਮੇਰੀ ਕਮੀ ਮਹਿਸੂਸ ਨੀ ਹੋਣ ਦਿੰਦੀ। ਹੁਣ ਬੀਬੀ ਆਈ ਤਾਂ ਭੈਣ ਨੇ ਸਾਡੇ ਦੋਵਾਂ ਪਿਓ ਪੁੱਤਾਂ ਲਈ ਇਕੋ ਜਿਹੇ ਬੁਣ ਕੇ ਸਵਾਟਰ ਭੇਜੇ ਆ। ਪੁੱਛਿਆ ਤਾਂ ਕਹਿੰਦੀ ਜਦੋਂ ਠੰਢ ਹੋਵੇ ਦੋਵੇਂ ਪਾ ਲਿਆ ਕਰੋ, ਮੈਨੂੰ ਇਉਂ ਲੱਗੂ ਜਿਵੇਂ ਮੈਂ ਆਪਣੇ ਭਰਾ ਭਤੀਜੇ ਦੇ ਕੋਲ ਹੀ ਹੋਵਾਂ ਤੁਹਾਡੇ ਦਿਲ ਦੇ ਨੇੜੇ, ਨਾਲ਼ੇ ਜਦੋਂ ਪਾਇਆ ਕਰੋਗੇ ਵੇਖਿਆ ਕਰੋਗੇ ਯਾਦ ਤਾਂ ਕਰਿਆ ਹੀ ਕਰੋਗੇ ਭੁੱਲਦੇ ਤਾਂ ਨਹੀਂ। ਹੈ ਕਮਲੀ ਭਲਾਂ ਕੋਈ ਭੈਣਾਂ ਨੂੰ ਵੀ ਭੁੱਲ ਸਕਦਾ ਤੇ ਸੱਚ ਜਾਣਿਓ ਸਵਾਟਰ ਪਾ ਕੇ ਇਉਂ ਹੀ ਲਗਦਾ ਜਿਵੇਂ ਭੈਣ ਸੱਚੀ ਕੋਲ ਹੀ ਹੋਵੇ ਉਹੀ ਖ਼ੁਸ਼ਬੂ ਉਹੀ ਪਿਆਰ। ਪਿਓ ਪੁੱਤ ਸਵੈਰ ਦੇ ਪਾਈ ਫਿਰਦੇ ਨੇ, ਲਾਹੁਣ ਨੂੰ ਜੀ ਨੀ ਕਰਦਾ, ਮਤਾ ਕਿਤੇ ਭੈਣ ਪਾਸੇ ਨਾ ਹੋ ਜੇ। ਪਤਾ ਨੀ ਕਿਉਂ ਗੱਚ ਜਾ ਭਰਿਆ ਪਿਆ। ਆਪਣਿਆਂ ਦੀ ਯਾਦ ਵਿਚ ਤਪਦੇ ਸੀਨੇ ਨੂੰ ਭੈਣ ਦੇ ਭੇਜੇ ਸਵੈਟਰ ਠੰਢੇ ਸ਼ਰਾਟਿਆਂ ਵਾਂਗ ਠਾਰੀ ਜਾਂਦੇ ਆ। ਪਿਆਰ ਦੇ ਨਿੱਘੇ ਸਵਾਟਰ ਠੰਢ ਨੇੜੇ ਨੀਂ ਲੱਗਣ ਦਿੰਦੇ। ਕੋਲ ਹੀ ਆ ਤੂੰ ਭੈਣ ਮੇਰੀਏ ਹਮੇਸ਼ਾ ਦੀ ਤਰਾਂ ਤੇਰੀ ਸੌਗਾਤ ਹਮੇਸ਼ਾ ਸੰਭਾਲ ਕੇ ਰੱਖਾਂਗੇ ਧੰਨਵਾਦ ਤੇਰਾ। ਛੇਤੀ ਮਿਲਣ ਆਵਾਂਗੇ ਭੈਣ ਮੇਰੀਏ ਹੁਣ ਕੋਟੀਆਂ ਬਣਾ ਕੇ ਰੱਖੀਂ।

# ਬੱਚਿਆਂ ਨਾਲ ਜੀਵਨ ਦੇ ਅਨਮੋਲ ਹਰਫ਼ਾਂ ਦੀ ਸਾਂਝ



**ਹਰਫੂਲ ਭੁੱਲਰ ਮੰਡੀ ਕਲਾਂ**

9876870157

ਜ਼ਿੰਦਗੀ ਕੁਦਰਤ ਦੀ ਦੇਣ ਹੈ, ਇਸ ਵਿਚਲਾ ਸੁੱਖ ਦੁੱਖ ਇਨਸਾਨ ਦੀ ਸੋਚ ਤੇ ਕਰਮਾਂ ਨਾਲ ਹੈ ਜਿਵੇ ਦੇ ਕਰਮ ਮਨੁੱਖ ਕਰਦਾ ਹੈ ਉਵੇ ਦੀ ਜ਼ਿੰਦਗੀ ਜਿਉਂਦਾ ਹੈ। ਬੱਚਿਆਂ ਨਾਲ ਅਜਿਹੀਆਂ ਗੱਲਾਂ ਦੀ ਸਾਂਝ ਪਾਉਣੀ ਚਾਹੀਦੀ ਹੈ ਜੋ ਉਸ ਦੇ ਜੀਵਨ ਨੂੰ ਸਹੀ ਮਾਰਗ ਦੇਣ ਨਾ ਕਿ ਅਜਿਹੀਆਂ ਜੋ ਉਸ ਨੂੰ ਗ਼ਲਤ ਰਸਤੇ ’ਤੇ ਪਾ ਦੇਣ। ਇਨਸਾਨ ਦੇ ਜੀਵਨ ਵਿਚ ਆਪਣੇਪਣ ਦਾ ਪੌਦਾ ਲਗਾਉਣ ਤੋਂ ਪਹਿਲਾਂ ਸਾਹਮਣੇ ਵਾਲੇ ਦੀ ਜ਼ਮੀਰ ਨੂੰ ਜ਼ਰੂਰ ਪਰਖ ਲੈਣਾ ਚਾਹੀਦਾ ਹੈ ਕਿਉਂਕਿ ਹਰ ਇਨਸਾਨੀ ਮਿੱਟੀ ਦੀ ਫ਼ਿਤਰਤ ਵਿੱਚ ਵਫ਼ਾ ਨਹੀਂ ਹੁੰਦੀ।

ਇਹੀ ਛੋਟੀ ਜਿਹੀ ਵਜਾ ਰਹੀ ਹੈ ਮੇਰੇ ਦਰਦ ਹੰਢਾਇਆਂ ਦੀ,

ਪਰਖ਼ ਨਾ ਕਰਨੀ ਆਈ ਮੈਨੂੰ ਆਪਣੇ ਅਤੇ ਪਰਾਇਆਂ ਦੀ!

ਹੀਰੇ ਵਰਗੇ ਦੋਸਤਾਂ, ਮਿੱਤਰਾਂ, ਆਪਣਿਆਂ ਅਤੇ ਰਿਸ਼ਤੇਦਾਰਾਂ ਦੀ ਪਰਖ਼ ਤਾਂ ਕਾਲ਼ੀਆਂ ਰਾਤਾਂ ਵਿੱਚ ਹੁੰਦੀ ਹੈ, ਸਿਖਰ ਦੁਪਹਿਰੇ ਤਾਂ ਕੱਚ ਦੀ ਚਮਕ ਵੀ ਬਹੁਤ ਤੇਜ਼ ਹੁੰਦੀ। ਸਾਡਾ ਮਨੁੱਖੀ ਜੀਵਨ ਕੁਦਰਤ ਦਾ ਬਖਸ਼ਿਆ ਬੇਸ਼ਕੀਮਤੀ ਤੋਹਫ਼ਾ ਹੈ ਤੇ ਇਸਨੂੰ ਸਹੀ ਅਰਥਾਂ ’ਚ ਜਿਉਣ ਲਈ ਸਾਡੇ ਦਿਮਾਗ਼ ਦਾ ਰੌਸ਼ਨ ਤੇ ਮਾਨਸਿਕਤਾ ਦਾ ਤੰਦਰੁਸਤ ਹੋਣਾ ਬਹੁਤ ਜ਼ਰੂਰੀ ਹੁੰਦਾ ਹੈ। ਮੈਂ ਆਪਣੇ ਸਮਾਜਿਕ ਦਾਇਰੇ ਵਿੱਚ ਅਨੇਕਾਂ ਐਸੇ ਲੋਕ ਵੇਖੇ ਨੇ ਜੋ ਆਰਥਿਕਤਾ ਪੱਖੋਂ ਅਮੀਰ ਹੋਣ ਦੇ ਬਾਵਜੂਦ ਵੀ, ਸਿਰਫ਼ ਬਿਮਾਰ ਮਾਨਸਿਕਤਾ ਕਰਕੇ ਨਰਕ ਭੋਗਦੇ ਨੇ ਤੇ ਦੂਜਿਆਂ ਨੂੰ ਪ੍ਰੇਸ਼ਾਨ ਕਰਦੇ ਹਨ। ਘਰ ਦੇ ਅਜਿਹੇ ਮਹੌਲ ਵਿਚ ਬੱਚੇ ਮਾਨਸਿਕ ਤੌਰ ਤੇ ਸਹੀ ਨਹੀਂ ਹੁੰਦੇ। ਸਗੋਂ ਜਦੋਂ ਬੱਚਿਆਂ ਨੂੰ ਅਸੀਂ ਮਜਬੂਤ ਇਰਾਦੇ, ਹੌਂਸਲੇ ਅਤੇ ਵੱਡੇ ਜਿਗਰੇ ਨਾਲ ਜ਼ਿੰਦਗੀ ਕੱਟਣੀ ਸਿਖਾਉਂਦੇ ਹਨ ਤਾਂ ਉਨਾਂ ਦਾ ਆਤਮ ਬਲ ਵੀ ਮਜ਼ਬੂਤ ਹੋਵੇਗਾ।

ਜਦੋਂ ਉਨਾਂ ਨੂੰ ਅਸੀਂ ਦੱਸਦੇ ਹਾਂ ਕਿ ਸਮਾਜ ਵਿਚ ਰਹਿੰਦੇ ਹੋਏ ਬਹੁਤ ਆਉਣਗੇ ਰਵਾਉਣ ਵਾਲੇ ਪਰ ਇਹ ਹਾਲਾਤ ਸਾਨੂੰ ਏਨੀ ਕੁ ਸਮਝ ਤਾਂ ਦੇ ਹੀ ਜਾਂਦੇ ਆ ਕਿ ਆਪਣੇ-ਬੇਗਾਨੇ ‘ਚ ਕੀ ਫਰਕ ਹੁੰਦਾ ਹੈ। ਗਲਤ ਤੇ ਸਹੀ ਦੀ ਪਰਿਭਾਸ਼ਾ ਨੂੰ ਸਮਝ ਪਾਉਣਾ ਸਭ ਤੋਂ ਔਖਾ ਹੁੰਦਾ ਹੈ...ਬਾਕੀ ਜਦੋਂ ਕੋਈ ਰਿਸ਼ਤਾ ਮਾਇਆ ਜਾਲ ਵਿਚ ਧਾਗਿਆਂ ਵਾਂਗ ਜ਼ਿਆਦਾ ਹੀ ਉਲਝ ਜਾਵੇ ਤਾਂ ਉਸ ਨੂੰ ਸੁਲਝਾਉਣ ਦੀ ਜਗਾ ਕੱਟ ਦੇਣਾ ਹੀ ਬੇਹਤਰ ਹੁੰਦਾ ਹੈ!

ਦੁੱਖ ’ਚ ਬਾਹਲੇ ਲੋਕ ਨਾਲ ਨਹੀਂ ਖੜਦੇ, ਗ਼ਰੀਬੀ ਤੇ ਬੀਮਾਰੀ ‘ਚ ਸਾਰੇ ਹੀ ਪਰਖੇ ਜਾਂਦੇ ਆ। ਔਖੇ ਵੇਲੇ ਜੋ ਸਾਡੇ ਨਾਲ ਖੜਦੇ ਆ ਅਸਲ ਵਿੱਚ ਸਾਡੀ ਜ਼ਿੰਦਗੀ ਦੇ ਅਸਲ ਹੀਰੇ ਉਹੀ ਹੁੰਦੇ ਆ, ਨਹੀਂ ਕੱਛਾਂ ਵਿਚ ਹੱਥ ਦੇ ਕੇ ਹਾਲ ਚਾਲ ਪੁੱਛਣ ਵਾਲੇ ਤਾਂ ਹਰ ਗਲੀ ਮੋੜ ਤੇ ਟੱਕਰਣਗੇ ਸਾਨੂੰ। ਸੋ ਸਮਾਜ ਵਿਚ ਰਹਿੰਦੇ



ਹੋਏ ਤੰਦਰੁਸਤ ਸਮਾਜ ਦੀ ਸਿਰਜਣਾ ਲਈ ਆਹ ਉਪਰਾਲੇ ਕਰਨੇ ਚਾਹੀਦੇ ਹਨ.

ਸੁਤਿਆਂ ਨੂੰ ਜਾਗਣਾ ਚਾਹੀਦਾ, ਜਾਗਦਿਆਂ ਨੂੰ ਸੋਚਣਾ ਚਾਹੀਦਾ, ਸੋਚਦਿਆਂ ਨੂੰ ਲੱਭਣਾ ਚਾਹੀਦਾ, ਲੱਭਿਆ ਨੂੰ ਪਰਖਣਾ ਚਾਹੀਦਾ, ਪਰਖਿਆਂ ਨੂੰ ਅਪਣਾਉਣਾ ਚਾਹੀਦਾ, ਅਪਣਾਇਆ ਨਾਲ ਨਿਭਾਉਣਾ ਚਾਹੀਦਾ।

ਕੋਈ ਸਮਾਂ ਸੀ ਜਦੋਂ ਲੋਕ ਆਪਣਿਆਂ ਲਈ ਜਾਨ ਤੱਕ ਵਾਰ ਦਿੰਦੇ ਸੀ, ਪਰ ਹੁਣ ਤਾਂ ਅਸੀਂ ਆਪਣੇ ਆਪ ਨੂੰ ਸਮਾਂ ਨਹੀਂ ਦਿੰਦੇ ਕਿਸੇ ਲਈ ਜਾਨ ਤੱਕ ਦੇ ਦੇਣਾ ਬੀਤੇ ਯੁੱਗ ਦੀ ਗੱਲਾਂ ਹੋ ਸਕਦੀਆਂ ਨੇ, ਪਰ ਸਮਾਂ ਬਲਵਾਨ ਹੈ, ਬੀਤੇ ਨੂੰ ਹੁਣ ਮੈਂ ਤਜ਼ਰਬੇ ਦਾ ਨਾਮ ਦੇ ਚੁੱਕਿਆ ਹਾਂ ਇਨਾਂ ਤਜ਼ਰਬਿਆਂ ਨੇ ਹੀ ਜ਼ਿੰਦਗੀ ਦਾ ਮਾਰਗ ਦਰਸ਼ਕ ਕੀਤਾ ਹੈ। ਬੱਚਿਆਂ ਨੂੰ ਵੀ ਇਸ ਜ਼ਿੰਦਗੀ ਨਾਲ ਰੁਬਰੂ ਕਰਵਾ ਕੇ ਇਕ ਸਕੂਨ ਮਿਲਦਾ ਹੈ ਕਿ ਉਹ ਵੀ ਆਪਣੀ ਜ਼ਿੰਦਗੀ ਦੇ ਤਜਰਬਿਆਂ ਤੋਂ ਸਿੱਖਣ।

ਮੈਂ ਤਾਂ ਬਰੀਕ ਰੇਤਾ ਸੀ ਰਾਹਾਂ ਦਾ,

ਬਹੁਤ ਮਿੱਧਿਆ ਗਿਆ, ਬਹੁਤ ਪੀਸਿਆ ਗਿਆ ਹਾਂ,

ਜਦੋਂ ਮੇਰੀ ਮਿਹਨਤ ਨੇ ਸਿੱਲ ਫੜੀ,

ਤਾਂ ਮੈਂ ਕਿਣਕਾ ਬਣਨ ਦੀ ਕੋਸ਼ਿਸ ਕੀਤੀ,

ਤਾਂ ਮੈਂ ਕਿਸੇ ਲਈ ਹੀਰਾ ਬਣ ਗਿਆ, ਪਿਆਰਾ ਵੀਰਾ ਬਣ ਗਿਆ ਤੇ ਕਿਸੇ ਲਈ ਅੱਜ ਵੀ ਰੋੜ ਹਾਂ!

ਹਮੇਸ਼ਾ ਰੂਹ ਦੀ ਆਵਾਜ਼ ਸੁਣੀ ਹੈ, ਜੋ ਇਹ ਸੀ ਕਿ ‘ਲਾਲਚ ’ਚੋਂ ਜ਼ਮੀਰ ਨਾ ਗੁਆ ਲਈ ਕਦੇ, ਜ਼ਮੀਰ ਗੁਆ ਕੇ ਜਿੱਤਣ ਵਾਲਾ ਬੰਦਾ ਮਾਨਸਿਕ ਤੌਰ ’ਤੇ ਹਾਰਿਆ ਹੁੰਦਾ ਹੈ।’ ਲੋੜ ਜ਼ਿਆਦਾ ਜੀਵਨ ਵਿਚ ਦੁੱਖ ਮੇਰੇ ਹਿੱਸੇ ਆਏ, ਅਨੇਕਾਂ ਵਾਰੀ ਕੁਦਰਤ ਨਾਲ ਸ਼ਿਕਵੇ ਕਰਦਿਆਂ ਮਨ ਕਹਿ ਉਠਦਾ ਸੀ... ਕਿਉਂ ਦਿੱਤੇ ਐਨੇ ਦੁੱਖ ਰੱਬਾ, ਅਸੀਂ ਕਿਹੜਾ ਦੁੱਖਾਂ ਦੀ ਦੁਕਾਨ ਪਾਉਣੀ ਐ? ਕੁਦਰਤ ਵਿਚ ਪੂਰਨ ਵਿਸਵਾਸ਼ ਹੋਣ ਕਰਕੇ ਆਪਾਂ ਤਾਂ ਦੁੱਖਾਂ ਤੋਂ ਵੀ ਆਸਾਂ ਰੱਖੀਆਂ ਕਿ...ਦੁੱਖ ਜ਼ਮੀਰ ਵਿਚ ਜਿਨਾਂ ਡੂੰਘਾ ਟੋਆ ਪੁੱਟਣਗੇ, ਉਸ ਵਿਚ ਸੁੱਖ ਵੀ ਕਦੇ ਉਨੇ ਹੀ ਪੈਣਗੇ, ਜਿਵੇਂ...‘ਪੀ ਕੇ ਪਾਣੀ ਘੜੇ ਦਾ, ਰੂਹ ਡਰਦੀ ਹੈ ਸਾਡੀ ਸਭ ਦੀ, ਪਰ ਕੌਣ ਜਾਣਦੈ, ਕਿੰਨੇ ਅੱਗ ਦੇ ਅੰਗਿਆਰਾਂ ਵਿਚੋਂ ਦੀ ਲੰਘ ਕੇ ਆਇਆ ਹੈ ਓਹ ਘੜਾ’?

ਮਿਹਨਤ, ਸੱਚ, ਇਮਾਨਦਾਰੀ, ਸਿਦਕ, ਸੋਚ ਸਿਰ ਤੇ,

ਕੁਦਰਤ ਦੀ ਮਿਹਰ ਹੋਈ, ਤਾਂ ਐਨੇ ਜੋਗੇ ਹੋਏ ਹਾਂ, ਕਿ ਆਪਣਾ ਅਤੇ ਬੱਚਿਆਂ ਦਾ ਚੰਗਾ ਸਰਦਾ ਹੈ ਅੱਜ, ਬੜਾ ਦੁੱਖ ਹੁੰਦਾ ਹੈ ਜਦੋਂ ਪਰਿਵਾਰਕ ਅੰਬਾਨੀ-ਅਡਾਨੀ ਵੱਲੋਂ ਕਿਣਕਾ-ਕਿਣਕਾ ਕਰ ਇਕੱਠੇ ਕੀਤੇ ਤੇ ਡਾਕੇ ਪੈਣ ਦੀਆਂ ਖ਼ਬਰਾਂ ਸੁਣਦਾ ਹਾਂ! ਓਹ ਕੀ ਜਾਨਣ ਕਮਲੇ...ਜਿਸਦੀ ਯਾਰੀ ਕੁਦਰਤ ਨਾਲ ਹੋਵੇ, ਉਹਨੂੰ ਦੁਨੀਆਦਾਰਾਂ ਦਾ ਡਰ ਘੱਟ ਹੀ ਹੁੰਦਾ...

ਜੀਵਨ ਵਿੱਚ ਭਰੋਸਾ ਸਿਰਫ਼ ਤੇ ਸਿਰਫ਼ ਸਾਨੂੰ ਆਪਣੇ ਆਪ ‘ਤੇ ਹੋਣਾ ਚਾਹੀਦਾ। ਸਾਡੀ ਸੋਚ ਸਾਡੀ ਕਾਮਯਾਬੀ ਬਣੇਗੀ। ਜੇ ਗੁਆਂਢੀ ਤੇ ਨਿਰਭਰ ਰਹਾਂਗੇ ਤਾਂ ਸਾਡਾ ਨਾਮ ਦੁਨੀਆ ਦੇ ਕਮਜ਼ੋਰ ਤੇ ਬੇਵਸ ਲੋਕਾਂ ਵਿਚ ਆਵੇਗਾ।

ਬਾਕੀ ਸਫ਼ਾ 31 ’ਤੇ

---

# ਬੱਚਿਓ ਨਕਲ ਕਰਨਾ ਪਾਪ ਹੈ

**ਕੇਵਲ ਧਰਮਪੁਰਾ**

9878801561

ਅਸੀਂ ਜਦੋਂ ਪੜਦੇ ਸੀ ਤਾਂ ਸਾਡੇ ਅਧਿਆਪਕ ਕਿਹਾ ਕਰਦੇ ਸਨ, ਬੱਚਿਓ, ਨਕਲ ਕਰਨਾ ਪਾਪ ਹੈ। ਸਾਨੂੰ ਇਹ ਸ਼ਬਦ ਹਮੇਸ਼ਾ ਯਾਦ ਰਹਿੰਦੇ ਸਨ ਕਿ ਨਕਲ ਕਰਾਂਗੇ ਤਾਂ ਸਮਝੋ ਪਾਪ ਕਰਾਂਗੇ। ਕਦੇ ਕੋਈ ਨਕਲ ਨਹੀਂ ਕਰਦਾ ਸੀ। ਕੋਈ ਹੀ ਮਾਈ ਦਾ ਲਾਲ ਹੁੰਦਾ ਜੋ ਨਕਲ ਕਰਨ ਦੀ ਕੋਸ਼ਿਸ਼ ਕਰਦਾ। ਇਸੇ ਲਈ ਸਕੂਲਾਂ ਦਾ ਮਾਹੌਲ ਪੜਾਈ ਲਈ ਵਧੀਆ ਹੁੰਦਾ ਸੀ। ਪਰ ਜੇ ਅੱਜ ਦੇ ਸਮੇਂ ਦੀ ਗੱਲ ਕਰੀਏ ਤਾਂ ਮੈਨੂੰ ਲਗਦਾ ਹੈ ਕਿ ਵਿਦਿਆਰਥੀਆਂ ਦਾ ਨੈਤਿਕ ਪੱਧਰ ਬਹੁਤ ਨੀਵਾਂ ਹੁੰਦਾ ਜਾ ਰਿਹਾ ਹੈ। ਹੁਣ ਨਕਲ ਇੱਕ ਫੈਸ਼ਨ ਦੀ ਤਰਾਂ ਹੋਣ ਲੱਗੀ ਹੈ। ਅੱਜ ਕਿਸ ਕਿਸ ਤਰੀਕੇ ਨਾਲ ਨਕਲ ਹੁੰਦੀ ਹੈ ਉਹ ਤਾਂ ਦੱਸਣ ਦੀ ਲੋੜ ਨਹੀਂ, ਪਰ ਪ੍ਰੀਖਿਆਵਾਂ ਵਿੱਚ ਨਕਲ ਐਨੀ ਹਾਵੀ ਕਿਉਂ ਹੁੰਦੀ ਜਾ ਰਹੀ ਹੈ ਇਹ ਸੋਚਣ ਦਾ ਵਿਸ਼ਾ ਹੈ। ਜਦੋਂ ਅਸੀਂ ਪੜਦੇ ਸੀ ਤਾਂ ਪੂਰੇ ਸਾਲ ਵਿੱਚ ਸਿਰਫ ਤਿੰਨ ਵਾਰ ਹੀ ਪੇਪਰ ਹੁੰਦੇ ਸਨ। ਤਿੰਨੇ ਵਾਰੀ ਬੱਚੇ ਇਮਾਨਦਾਰੀ ਅਤੇ ਖੁਸ਼ੀ ਨਾਲ ਪੇਪਰ ਦਿੰਦੇ ਸਨ। ਤੇ ਪ੍ਰੀਖਿਆ ਨੂੰ ਮਹੱਤਵ ਦਿੰਦੇ ਸਨ। ਪੇਪਰਾਂ ਦੇ ਦਿਨਾਂ ਵਿੱਚ ਵਿਦਿਆਰਥੀ ਗੰਭੀਰ ਹੋ ਕੇ ਪੇਪਰਾਂ ਦੀ ਤਿਆਰੀ ਕਰਦੇ ਸਨ। ਪਰ ਹੁਣ ਪੇਪਰ ਤਿੰਨ ਜਾਂ ਚਾਰ ਵਾਰ ਨਹੀਂ ਹੁੰਦੇ ਸਗੋਂ ਪੇਪਰ ਤੇ ਪੇਪਰ ਹੁੰਦੇ ਹਨ। ਜਾਂ ਕਹਿ ਲਓ ਪੇਪਰ ਹੀ ਪੇਪਰ ਹੋ ਰਹੇ ਹਨ। ਇਸ ਤਰਾਂ ਹੋਣ ਨਾਲ ਵਿਦਿਆਰਥੀ ਦੇ ਅੰਦਰੋਂ ਪੇਪਰਾਂ ਦਾ ਮਹੱਤਵ ਘਟ ਗਿਆ ਹੈ। ਨਾਲ ਹੀ ਅਧਿਆਪਕ ਵੀ ਇਹ ਸਮਝ ਨਹੀਂ ਪਾਉਂਦਾ ਕਿ ਉਹ ਪੇਪਰ ਦਾ ਨਿਰੀਖਣ ਕਦੋਂ ਕਰੇ ਅਤੇ ਪੜਾਈ ਕਦੋਂ ਕਰਵਾਏ। ਇਸ ਤਰਾਂ ਪੇਪਰ ਇੱਕ ਰਸਮ ਜਿਹੀ ਬਣ ਕੇ ਰਹਿ ਗਏ ਹਨ। ਜਿਸ ਕਰਕੇ ਵਿਦਿਆਰਥੀ ਅਤੇ ਅਧਿਆਪਕ ਦਾ ਆਪਸੀ ਸੰਪਰਕ ਵੀ ਸਹੀ ਨਹੀਂ ਬਣ ਪਾਉਂਦਾ। ਐਵੇਂ ਨੀਰਸਤਾ ਪੈਦਾ ਹੁੰਦੀ ਹੈ।

ਰਹਿੰਦੀ ਕਸਰ ਕੋਵਿਡ-19 ਕਾਰਨ ਹੋਈਆਂ ਛੁੱਟੀਆਂ ਨੇ



ਕੱਢ ਦਿੱਤੀ। ਤਾਲਾਬੰਦੀ ਦੌਰਾਨ ਜੋ ਮੰਦੜਾ ਹਾਲ ਸਿੱਖਿਆ ਦਾ ਹੋਇਆ ਹੈ ਉਹ ਸ਼ਾਇਦ ਕਿਸੇ ਹੋਰ ਦਾ ਨਾ ਹੋਇਆ ਹੋਵੇ। ਆਨਲਾਇਨ ਪੇਪਰਾਂ ਨੇ ਬੱਚਿਆਂ ਨੂੰ ਇਹ ਲੱਗਣ ਲਾ ਦਿੱਤਾ ਹੈ ਕਿ ਪੜਨ ਦੀ ਕੋਈ ਜ਼ਰੂਰਤ ਹੀ ਨਹੀਂ ਹੈ। ਬਸ ਆਨਲਾਈਨ ਪੇਪਰ ਕਿਤੋਂ ਵੀ ਦੇਖ ਕੇ ਕਰ ਦਿਉ ਤੇ ਪਾਸ ਹੋ ਜਾਓ। ਫੇਰ ਪੜਨ ਦੀ ਕੀ ਲੋੜ ਹੈ ਜਦੋਂ ਪੇਪਰ ਤਾਂ ਦੇਖ ਕੇ ਹੀ ਕਰਨਾ ਹੈ। ਇਸ ਤਰਾਂ ਬੱਚੇ ਇਹ ਸੋਚਣ ਲੱਗੇ ਹਨ ਕਿ ਨਕਲ ਕਰਨਾ ਉਨਾਂ ਦਾ ਜਨਮ ਸਿੱਧ ਅਧਿਕਾਰ ਹੈ। ਉਹ ਸਾਟਕੱਟ ਸਫਲਤਾ ਅਤੇ ਮਿਹਨਤ ਨਾ ਕਰਨ ਦੇ ਆਦੀ ਹੋ ਗਏ ਹਨ।

ਉਪਰੋਂ ਸੌ ਪ੍ਰਤੀਸ਼ਤ ਰਿਜ਼ਲਟ ਨੇ ਵੀ ਸਿੱਖਿਆ ਦੀ ਅਹਿਮੀਅਤ ਨੂੰ ਦਫ਼ਨ ਕੀਤਾ ਹੈ। ਹੋਣਾ ਤਾਂ ਇਹ ਚਾਹੀਦਾ ਹੈ ਕਿ ਜੋ ਵਿਦਿਆਰਥੀ ਪਾਸ ਹੋਣ ਦੇ ਯੋਗ ਹੈ ਉਹ ਹੀ ਪਾਸ ਹੋਵੇ। ਜੋ ਪਾਸ ਨਹੀਂ ਹੋਇਆ ਤਾਂ ਇਸ ਨੂੰ ਘਟੀਆ ਨਹੀਂ ਸਮਝਣਾ ਚਾਹੀਦਾ। ਜੇ ਉਹ ਵਿਦਿਆਰਥੀ ਅੱਗੇ ਤੋਂ ਮਿਹਨਤ ਕਰ ਕੇ ਪਾਸ ਹੋਵੇ ਤਾਂ ਜ਼ਿੰਦਗੀ ’ਚ ਕਦੇ ਅਸਫਲ ਨਹੀਂ ਹੋਵੇਗਾ। ਪਰ ਸਾਰੇ ਪਾਸ ਵਾਲੀ ਰੀਤ ਵਿੱਚ ਅਸਫਲ ਹੋਣ ਦਾ ਤਜ਼ਰਬਾ ਨਹੀਂ ਹੁੰਦਾ। ਸਾਡੇ ਸਿੱਖਿਆ ਵਿਦਵਾਨਾਂ ਨੂੰ ਸ਼ਾਇਦ ਸਮਾਂ ਰਹਿੰਦੇ ਇਹ ਗੱਲ ਸਮਝ ਆ ਜਾਵੇ ਕਿ ਇਹ ਸਹੀ ਨਹੀਂ ਹੈ।

ਜੇ ਕਾਲਜ ਪੱਧਰ ਦੀ ਗੱਲ ਕਰੀਏ ਤਾਂ ਵਿਦਿਆਰਥੀ ਡਿਪਰੈਸ਼ਨ ਦਾ ਸ਼ਿਕਾਰ ਹੋ ਰਹੇ ਹਨ ਕਿਉਂਕਿ ਉਨਾਂ ਨੂੰ ਇਹ ਵੀ ਨਹੀਂ ਪਤਾ ਲੱਗ ਰਿਹਾ ਕਿ ਉਹ ਕਿਸ ਸਮੈਸਟਰ ਦੀ ਤਿਆਰੀ ਕਰਨ। ਪੇਪਰ ਆਨ-ਲਾਈਨ ਹੋਣਗੇ ਕਿ ਆਫ-ਲਾਈਨ। ਆਨਲਾਈਨ ਪੇਪਰਾਂ ਕਰਕੇ ਵਿਦਿਆਰਥੀ ਇਹ ਭੁੱਲ ਹੀ ਗਏ ਕਿ ਪੇਪਰਾਂ ਤੋਂ ਪਹਿਲਾਂ ਪੜਨਾ ਵੀ ਹੁੰਦਾ ਹੈ। ਇਹ ਸਾਰਾ ਢਾਂਚਾ ਵਿਦਿਆਰਥੀਆਂ ਦੇ ਭਵਿੱਖ ਨੂੰ ਧੁੰਦਲਾ ਕਰ ਦੇਵੇਗਾ।

ਇੱਕ ਹੋਰ ਨਵਾਂ ਹੀ ਮੁੱਦਾ ਸਾਹਮਣੇ ਆਇਆ ਹੈ ਕਿ ਪੇਪਰ ਸ਼ੁਰੂ ਹੋਣ ਤੋਂ ਪਹਿਲਾਂ ਹੀ ਪੇਪਰ ਯੂ-ਟਿਊਬ ’ਤੇ ਸਾਂਝਾ ਕਰ ਦਿੱਤਾ ਜਾਂਦਾ ਹੈ ਅਤੇ ਉਸ ਦਾ ਲਿੰਕ ਬੱਚਿਆਂ ਤੱਕ ਪਹੁੰਚ ਜਾਂਦਾ ਹੈ। ਯਾਨਿ ਕਿ ਪੇਪਰ ਲੀਕ ਹੋ ਜਾਂਦਾ ਹੈ। ਸੋਸ਼ਲ ਮੀਡੀਆ ਦੀ ਵਰਤੋਂ ਪੜਾਈ ਵਿੱਚ ਸਹਿਯੋਗ ਕਰਨ ਲਈ ਹੋਣੀ ਚਾਹੀਦੀ ਹੈ ਨਾ ਕਿ ਸਿੱਖਿਆ ਦਾ ਬੇੜਾ ਗਰਕ ਕਰਨ ਲਈ। ਹੁਸ਼ਿਆਰ ਤੋਂ ਹੁਸ਼ਿਆਰ ਵਿਦਿਆਰਥੀ ਵੀ ਜਦੋ ਇਹ ਸੋਚਦਾ ਹੈ ਕਿ ਪੇਪਰ ਮੇਰੇ ਕੋਲ ਪਹਿਲਾਂ ਹੀ ਆ ਜਾਵੇਗਾ ਤਾਂ ਉਹ ਵੀ ਪੜਨੋਂ ਹਟ ਜਾਂਦਾ ਹੈ। ਅਜਿਹੇ ਲੋਕਾਂ ਦੀ ਪਛਾਣ ਕਰਕੇ ਸਜ਼ਾ ਦੇਣੀ ਬਣਦੀ ਹੈ। ਅਤੇ ਸਿਸਟਮ ਵਿੱਚ ਸੁਧਾਰ ਕਰਨਾ ਅਤਿ ਜ਼ਰੂਰੀ ਹੈ।

ਮੰਨਦੇ ਹਾਂ ਕਿ ਅੱਜ ਤੋਂ ਦਸ-ਪੰਦਰਾਂ ਸਾਲ ਪਹਿਲਾਂ ਸਿੱਖਿਆ ਕਿਤਾਬੀ ਸੀ। ਕਿਰਿਆਵਾਂ ਦੀ ਬਹੁਤ ਘਾਟ ਸੀ। ਅੱਜ ਦੀ ਸਿੱਖਿਆ ਵਿੱਚ ਬਹੁਤ ਕਿਰਿਆਵਾਂ ਹਨ ਅਤੇ ਪ੍ਰਯੋਗਾਂ ਦੀ ਬਹੁਤਾਤ ਹੈ। ਇਹ ਚੰਗੀ ਗੱਲ ਹੈ ਪਰ ਅੱਜ ਦੇ ਹਾਲਾਤਾਂ ਨੂੰ ਵੇਖ ਕੇ ਪ੍ਰੀਖਿਆ ਦੀ ਪਹਿਲਾਂ ਵਾਲੀ ਪ੍ਰਣਾਲੀ ਬਿਹਤਰ ਪ੍ਰਤੀਤ ਹੋਣ ਲੱਗਦੀ ਹੈ। ਜੇਕਰ ਅਸੀਂ ਸਹੀ ਅਰਥਾਂ ਵਿੱਚ ਸਿੱਖਿਆ ਦੇਣੀ ਚਾਹੁੰਦੇ ਹਾਂ। ਸਮਾਜ ਵਿੱਚ ਸਿੱਖਿਆ ਦੀ ਅਹਿਮੀਅਤ ਨੂੰ ਬਰਕਰਾਰ ਰੱਖਣਾ ਚਾਹੁੰਦੇ ਹਾਂ ਤਾਂ ਸਾਨੂੰ ਹਰ ਉਸ ਕਮੀ ਨੂੰ ਸੁਧਾਰਨਾ ਪਵੇਗਾ ਜੋ ਸਾਨੂੰ ਨਜ਼ਰ ਆਉਂਦੀ ਹੈ। ਵਿਦਿਆਰਥੀ ਅਤੇ ਅਧਿਆਪਕਾਂ ਨੂੰ ਵੀ ਆਪਣੇ ਅੰਦਰ ਝਾਤੀ ਮਾਰਨ ਦੀ ਲੋੜ ਹੈ। ਨਕਲ ਵਰਗੇ ਕੋੜ ਤੋਂ ਦੂਰ ਰਹਿ ਕੇ ਸਮਾਜ ਨੂੰ ਪਲੀਤ ਹੋਣ ਤੋਂ ਬਚਾਉਣਾ ਚਾਹੀਦਾ ਹੈ। ਇਥੇ ਮੈਂ ਕਿਸੇ ਦੀ ਨਿੰਦਿਆ ਨਹੀਂ ਕਰ ਰਿਹਾ। ਬਸ ਇਹੀ ਕਹਿਣਾ ਚਾਹਵਾਂਗਾ ਕਿ ਉਹ ਸੁਧਾਰ ਕਰਨੇ ਬਣਦੇ ਹਨ ਜੋ ਸਿੱਖਿਆ ਦੇ ਹਿੱਤ ਵਿੱਚ ਹਨ। ਜੋ ਸਭ ਦੇ ਹਿੱਤ ਵਿੱਚ ਹਨ।

---

# ‘ਬੱਚੇ ਅੰਕਾਂ ਵਾਲ਼ੀ ਮਸ਼ੀਨ ਨਹੀਂ’

**ਮਾਸਟਰ ਸੰਜੀਵ ਧਰਮਾਣੀ**

9478561356

ਅਕਸਰ ਇਮਤਿਹਾਨਾਂ ਦੇ ਨਤੀਜੇ ਆਉਣ ਤੋਂ ਬਾਅਦ ਹਰੇਕ ਬੱਚੇ ਦੇ ਮਾਤਾ-ਪਿਤਾ ਨੂੰ ਉਮੀਦ ਹੁੰਦੀ ਹੈ ਕਿ ਉਨਾਂ ਦੇ ਬੱਚੇ ਸਕੂਲ ਜਮਾਤ ਵਿੱਚ ਪੇਪਰਾਂ ਵਿੱਚੋਂ ਵੱਧ ਤੋਂ ਵੱਧ ਅੰਕ ਪ੍ਰਾਪਤ ਕਰਕੇ ਪੜਾਈ ਪੂਰੀ ਕਰਨ, ਕਿਉਂਕਿ ਉਨਾਂ ਨੇ ਵੀ ਬਹੁਤ ਮਿਹਨਤ-ਮੁਸ਼ੱਕਤ ਕਰਕੇ ਅਤੇ ਘਾਲਣਾ ਘਾਲ਼ ਕੇ ਆਪਣੇ ਬੱਚਿਆਂ ਨੂੰ ਸਾਰਾ ਸਾਲ ਸਕੂਲ ਵਿੱਚ ਪੜਾਈ ਕਰਨ ਲਈ ਭੇਜਿਆ ਹੋਇਆ ਹੁੰਦਾ ਹੈ, ਪਰ ਅਕਸਰ ਕਈ ਵਾਰ ਦੇਖਣ ਵਿੱਚ ਆਉਂਦਾ ਹੈ ਕਿ ਕਈ ਵਿਦਿਆਰਥੀਆਂ ਦੇ ਮਾਤਾ-ਪਿਤਾ ਆਪਣੇ ਬੱਚਿਆਂ ’ਤੇ ਪੇਪਰਾਂ ਵਿੱਚ ਵੱਧ ਤੋਂ ਵੱਧ ਅੰਕ ਹਾਸਲ ਕਰਨ ਅਤੇ ਚੰਗੀ ਪੁਜੀਸ਼ਨ ਲੈਣ ਦਾ ਦਬਾਅ ਪਾਉਂਦੇ ਰਹਿੰਦੇ ਹਨ ਜਾਂ ਕਈ ਵਾਰ ਮਾਮੂਲੀ ਜਿਹੇ ਕੁਝ ਅੰਕ ਘੱਟ ਆਉਣ ’ਤੇ ਹੀ ਕਾਫੀ ਗੁੱਸਾ ਪ੍ਰਗਟ ਕਰਦੇ ਹਨ ਜਾਂ ਆਪਣੇ ਬੱਚੇ ’ਤੇ ਵੀ ਦਬਾਅ ਪਾਉਂਦੇ ਹਨ। ਜੋ ਕਿ ਠੀਕ ਨਹੀਂ ਹੈ। ਇਸ ਨਾਲ ਵਿਦਿਆਰਥੀ ’ਤੇ ਮਾਨਸਿਕ ਦਬਾਅ ਵੱਧ ਜਾਂਦਾ ਹੈ ਅਤੇ ਉਹ ਪੜਾਈ ਦੇ ਨਾਂ ਤੋਂ ਭਵਿੱਖ ਵਿੱਚ ਘਬਰਾਉਣ ਲੱਗਦਾ ਹੈ। ਚੰਗੇ ਅੰਕ ਪ੍ਰਾਪਤ ਕਰਨਾ ਚੰਗੀ ਗੱਲ ਹੈ, ਪਰ ਮਾਮੂਲੀ ਜਿਹੇ ਅੰਕ ਘੱਟ ਜਾਂ ਵੱਧ ਹੋ ਜਾਣ ’ਤੇ ਬੱਚੇ ’ਤੇ ਬੇਲੋੜਾ ਗੁੱਸਾ ਕਰਨਾ ਅਤੇ ਉਸ ’ਤੇ ਵਾਧੂ ਦਾ ਪ੍ਰਭਾਵ ਪਾਉਣਾ ਸ਼ਾਇਦ ਇਹ ਠੀਕ ਨਹੀਂ ਹੋਵੇਗਾ ਕਿਉਂਕਿ ਕਈ ਵਾਰ ਸਾਡੇ ਬੱਚਿਆਂ ਵਿੱਚ ਅਜਿਹੀ ਪ੍ਰਤਿਭਾ, ਅਜਿਹੇ ਅਵਿਕਸਿਤ ਗੁਣ ਤੇ ਅਜਿਹੀ ਕਲਾ ਮੌਜੂਦ ਹੁੰਦੀ ਹੈ, ਜੋ ਸਮਾਂ ਆਉਣ ’ਤੇ ਹੀ ਸਾਹਮਣੇ ਆਉਂਦੀ ਹੈ। ਸੋ ਸਾਨੂੰ ਆਪਣੇ ਬੱਚੇ ਦੇ ਉਨਾਂ ਛੁਪੇ ਹੋਏ ਗੁਣਾ, ਉਨਾਂ ਦੀਆਂ ਖ਼ਾਸ ਵਿਸ਼ੇਸ਼ਤਾਵਾਂ, ਉਨਾਂ ਦੀ ਖਾਸ ਪ੍ਰਤਿਭਾ, ਉਨਾਂ ਦੇ ਅੰਦਰ ਮੌਜੂਦ ਖ਼ਾਸ ਗੁਣਾਂ ਜਾਂ ਖ਼ਾਸ ਕਿਸਮ ਦੀ ਪ੍ਰਤਿਭਾ ਨੂੰ ਸਮਝਣ ਅਤੇ ਵਿਕਸਤ ਕਰਨ ਦੀ ਜ਼ਰੂਰਤ ਹੈ ਤਾਂ ਜੋ ਆਪਣੇ ਗੁਣ ਵਿਸ਼ੇਸ਼ ਵੱਲ ਭਵਿੱਖ ਵਿੱਚ ਬੱਚੇ ਦਾ ਰੁਝਾਨ ਹੋਰ ਵਧੇਰੇ ਵਧਾਇਆ ਜਾ ਸਕੇ ਅਤੇ ਗੁਣਾਂ ਦੀ ਪ੍ਰਵਾਹਿਤ ਧਾਰਾ ਅਤੇ ਵੇਗ ਨੂੰ ਹੋਰ ਤੇਜ਼ ਕੀਤਾ ਜਾ ਸਕੇ। ਬੱਚੇ ਨੂੰ ਜੇਕਰ ਕੋਈ ਗੱਲ ਸਮਝਾਉਣੀ ਹੋਵੇ ਜਾਂ ਸਿੱਖਿਆ ਦੇਣੀ ਹੋਵੇ ਤਾਂ ਉਹ ਪਿਆਰ ਭਰੇ ਲਹਿਜੇ ਨਾਲ਼ ਤੇ ਪ੍ਰੇਰਨਾਮਈ ਢੰਗ ਨਾਲ ਵੀ ਦਿੱਤੀ ਜਾ ਸਕਦੀ ਹੈ, ਜੋ ਕਿ ਵਧੇਰੇ ਪ੍ਰਭਾਵਸ਼ਾਲੀ ਤੇ ਚਿਰਸਥਾਈ ਹੁੰਦੀ ਹੈ। ਇਸ ਤੋਂ ਇਲਾਵਾ ਸਾਨੂੰ ਆਪਣੇ ਬੱਚਿਆਂ ਨੂੰ ਪੜਾਈ ਦੇ ਸਮੇਂ ਤੋਂ ਬਾਅਦ ਜਾਂ ਸਕੂਲ ਸਮੇਂ ਤੋਂ ਬਾਅਦ ਕੁਝ ਸਮਾਂ ਸਰੀਰਕ ਖੇਡਾਂ ਖੇਡਣ ਅਤੇ ਟੈਲੀਵਿਜ਼ਨ ਵਿੱਚ ਚੰਗੀਆਂ ਕਹਾਣੀਆਂ, ਵਿਗਿਆਨ ਨਾਲ਼ ਸਬੰਧਤ ਪ੍ਰੋਗਰਾਮ, ਭਾਸ਼ਾ ਨਾਲ ਸਬੰਧਤ ਪ੍ਰੋਗਰਾਮ, ਸਿੱਖਿਆਦਾਇਕ ਫ਼ਿਲਮਾਂ ਤੇ ਕਾਰਟੂਨ ਆਦਿ ਦੇਖਣ ਤੋਂ ਰੋਕਣਾ ਨਹੀਂ ਚਾਹੀਦਾ। ਬੱਚੇ ਨੂੰ ਆਪਣੇ ਸਾਥੀਆਂ ਨਾਲ਼ ਕੁਝ ਸਮਾਂ ਵਿਚਰਨ ਦੇਣਾ ਚਾਹੀਦਾ ਹੈ। ਸਾਨੂੰ ਆਪਣੇ ਬੱਚਿਆਂ ਦੀ ਹਰ ਗੱਲ ਨੂੰ ਧਿਆਨਪੂਰਵਕ ਸੁਣਨਾ, ਸਮਝਣਾ ਅਤੇ ਵਿਚਾਰਨਾ ਚਾਹੀਦਾ ਹੈ। ਜੇਕਰ ਬੱਚਿਆਂ ਦੇ ਮਾਤਾ- ਪਿਤਾ ਇਨਾਂ ਗੱਲਾਂ ਵੱਲ ਖਾਸ ਧਿਆਨ ਦੇਣਗੇ ਤਾਂ ਹੀ ਬੱਚਿਆਂ ਦਾ ਸਰਬਪੱਖੀ ਵਿਕਾਸ ਹੋਣਾ ਸੰਭਵ ਹੈ ਕਿਉਂਕਿ ਵਿਦਿਆਰਥੀ ਅਣਗਿਣਤ ਗੁਣਾਂ ਨਾਲ ਭਰੀ ਹੋਈ ਇੱਕ ਪੋਟਲੀ ਹੁੰਦਾ ਹੈ ਨਾ ਕਿ ਕੇਵਲ ਅੰਕਾਂ ਵਾਲੀ ਮਸ਼ੀਨ।


jus
HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE + 1-718-752-9293 | CALL TO SUBSCRIBE +1-800-246-6242
www.jusbroadcasting.com

# ਪੰਜਾਬ ਦਾ ਮਾਣ ਤੇ ਆਧਾਰ : ਬੋਲੀ ਤੇ ਸਭਿਆਚਾਰ

**ਕਰਨਲ ਦਵੇਸ਼ਰ ਪੁਨੇ**

ਕੁਦਰਤੀ ਗੱਲ ਹੈ ਕਿ ਮਾਦਰੀ ਜ਼ੁਬਾਨ ਸਭ ਨੂੰ ਪਿਆਰੀ ਹੁੰਦੀ ਹੈ ਤੇ ਹੋਰਨਾਂ ਵਾਂਗੂੰ ਮੈਨੂੰ ਵੀ ਆਪਣੀ ਮਾਂ ਬੋਲੀ ਪੰਜਾਬੀ 'ਤੇ ਬਹੁਤ ਨਾਜ਼ ਤੇ ਗੂੜ੍ਹਾ ਪਿਆਰ ਹੈ। ਇਤਿਹਾਸ ਵਿਚ ਝਾਤੀ ਮਾਰੀਏ ਤਾਂ ਪਤਾ ਲਗਦਾ ਹੈ ਕਿ 'ਇੰਡੋ-ਆਰੀਅਨ' ਦੌਰ ਵਿਚ ਈਸਾ ਤੋਂ 300 ਸਾਲ ਪਹਿਲਾਂ ਕਈ ਜ਼ੁਬਾਨਾਂ ਦੇ ਜਨਮ ਹੋਏ, ਇਨਾਂ ਵਿਚੋਂ ਇਕ ਜ਼ੁਬਾਨ ਜਿਸ ਦਾ ਨਾਂ 'ਪ੍ਰਾਕ੍ਰਿਤ' ਸੀ ਜੋ ਉਸ ਵਕਤ ਦੇ ਪੰਜਾਬ ਦੀ ਜ਼ੁਬਾਨ ਬਣ ਗਈ। ਵਕਤ ਗੁਜ਼ਰਨ 'ਤੇ ਇਸ ਵਿਚ ਬਦਲਾਅ ਆਉਂਦੇ ਗਏ ਤੇ ਆਖ਼ਰ 11ਵੀਂ ਸਦੀ ਵਿਚ ਅੱਜ ਦੀ ਬੋਲਣ ਵਾਲੀ ਪੰਜਾਬੀ ਇਜਾਦ ਹੋਈ। ਅੱਗੇ ਚੱਲਣ ਤੋਂ ਪਹਿਲਾਂ ਇਕ ਹੋਰ ਦਿਲਚਸਪ ਵਾਕਿਆ ਸਾਂਝਾ ਕਰਨਾ ਚਾਹੁੰਦਾ ਹਾਂ ਕਿ 'ਰਿਗਵੇਦ' ਮੁਤਾਬਿਕ ਪੰਜਾਬ ਨੂੰ 'ਸਪਤ ਸਿੰਧੂ' (ਸੱਤ ਦਰਿਆਵਾਂ ਦੀ ਧਰਤੀ) ਦੇ ਨਾਂਅ ਨਾਲ ਜਾਣਿਆ ਜਾਂਦਾ ਸੀ। ਇਹ ਨਦੀਆਂ ਸਨ : ਸਿੰਧੂ, ਵਿਤਸਤਾ (ਜੇਹਲਮ), ਅਸੀਕਨੀ (ਝਨਾਬ), ਇਰਾਵਤੀ (ਰਾਵੀ), ਵਿਪਾਸਾ (ਬਿਆਸ), ਸਤੂਦਰੀ (ਸਤਲੁਜ) ਤੇ ਸਰਸਵਤੀ। ਬਾਅਦ ਵਿਚ ਅੱਜ ਦਾ ਪੰਜਾਬ ਸਿੰਧ ਤੇ ਸਰਸਵਤੀ ਨੂੰ ਛੱਡ ਕੇ ਬਾਕੀ ਪੰਜ ਦਰਿਆਵਾਂ ਦੀ ਬਿਨਾਹ 'ਤੇ ਹੋਂਦ ਵਿਚ ਆਇਆ।

ਚੱਲੋ ਅੱਗੇ ਚੱਲੀਏ, ਬੜੇ ਫ਼ਖ਼ਰ ਦੀ ਗੱਲ ਹੈ ਕਿ ਜੇ ਅਸੀਂ ਹਿੰਦ-ਪਾਕ ਨੂੰ ਇਕੱਠਾ ਕਰਕੇ ਦੇਖੀਏ ਤਾਂ ਰਕਬੇ ਅਤੇ ਵਸੋਂ ਦੇ ਹਿਸਾਬ ਨਾਲ ਪੰਜਾਬੀ ਸਭ ਤੋਂ ਜ਼ਿਆਦਾ ਬੋਲਣ ਵਾਲੀ ਇਲਾਕਾਈ ਜ਼ੁਬਾਨ ਹੈ, ਜਿਸ ਦੀ ਤਾਦਾਦ 14 ਕਰੋੜ ਤੋਂ ਉੱਪਰ ਹੈ ਅਤੇ ਇਹ ਦੁਨੀਆ ਵਿਚ ਦਸਵੀਂ ਸਭ ਤੋਂ ਜ਼ਿਆਦਾ ਬੋਲਣ ਵਾਲੀ ਜ਼ੁਬਾਨ ਹੈ। ਵੱਖ-ਵੱਖ ਇਲਾਕੇ ਤੇ ਵਸੋਂ ਹਰ ਜ਼ੁਬਾਨ ਦੇ ਲਹਿਜੇ ਉੱਤੇ ਅਸਰ ਪਾਉਂਦੇ ਹਨ। ਪੰਜਾਬੀ ਦੀ ਇਕ ਮਸ਼ਹੂਰ ਕਹਾਵਤ ਹੈ ਕਿ 'ਪਾਣੀ ਤੇ ਬੋਲੀ 12 ਕੋਹ 'ਤੇ ਬਦਲ ਜਾਂਦੇ ਹਨ।' ਇਸ ਬਿਨਾਹ 'ਤੇ ਪੰਜਾਬੀ ਜ਼ੁਬਾਨ ਦੇ ਵੀ ਵੱਖ-ਵੱਖ ਲਹਿਜੇ ਹਨ। ਆਓ ਇਨਾਂ 'ਤੇ ਝਾਤੀ ਮਾਰੀਏ।

ਪੰਜਾਬੀ ਯੂਨੀਵਰਸਿਟੀ ਦੇ ਇਕ ਅਧਿਐਨ ਨੇ ਪੰਜਾਬੀ ਦੇ 28 ਲਹਿਜ਼ਿਆਂ ਦੀ ਪਛਾਣ ਕੀਤੀ ਹੈ, ਜਿਵੇਂ ਕਿ ਮਾਝੀ (ਮਰਕਜ਼ੀ), ਦੁਆਬੀ, ਮੁਲਵੀ, ਝਾਂਗੀ, ਡੋਗਰੀ, ਗੁਜਰੀ, ਭਟਿਆਣੀ, ਸ਼ਾਹਪੁਰੀ, ਮੁਲਤਾਨੀ, ਪੋਠੋਹਾਰੀ, ਖੈਰਪੁਰੀ, ਪੁਆਧੀ, ਬਹਾਵਲਪੁਰੀ ਅਤੇ ਹਿੰਦਕੋ ਵ.ਗੈਰਾ।

ਸਾਡੇ ਪੰਜਾਬ ਦੀ ਸਰਜ਼ਮੀਂ ਨੂੰ ਪੰਜ ਦਰਿਆਵਾਂ ਨੇ ਪੰਜ ਦੁਆਬਾਂ (ਦੋ ਦਰਿਆਵਾਂ ਦੇ ਵਿਚਕਾਰਲਾ ਇਲਾਕਾ) ਵਿਚ ਵੰਡਿਆ ਹੈ ਅਤੇ ਇਨਾਂ ਦੁਆਬਾਂ ਦੇ ਨਾਂਅ ਵੀ ਗੁਆਂਢੀ ਦਰਿਆਵਾਂ ਦੇ ਨਾਂਅ ਉੱਤੇ ਰੱਖੇ ਗਏ ਨੇ। ਚੜਦੇ ਪਾਸਿਓਂ ਸ਼ੁਰੂ ਕਰੀਏ ਤਾਂ ਸਤਲੁਜ ਤੇ ਘੱਗਰ ਦੇ ਦਰਮਿਆਨ ਮਾਲਵਾ



ਇਲਾਕਾ ਹੈ ਤੇ ਇਥੇ ਦੀ ਮੁੱਖ ਜ਼ੁਬਾਨ ਮਲਵਈ ਪੰਜਾਬੀ ਹੈ। ਇਸ ਤੋਂ ਇਲਾਵਾ ਕੁਝ ਇਲਾਕੇ ਜਿਵੇਂ ਕਿ ਰਾਜਪੁਰਾ, ਰੋਪੜ ਅਤੇ ਹਰਿਆਣਾ ਦੇ ਅੰਬਾਲਾ, ਕੈਥਲ, ਪਿਹੋਵਾ ਵਿਚ ਪੁਆਧੀ ਲਹਿਜਾ ਬੋਲਿਆ ਜਾਂਦਾ ਹੈ। ਮਾਲਵੇ ਦਾ ਜ਼ਿਆਦਾ ਇਲਾਕਾ ਅਤੇ ਵਸੋਂ ਵੀ ਕਈ ਹਿੱਸਿਆਂ ਵਿਚ ਵੰਡੀ ਹੋਣ ਕਰਕੇ ਇਥੇ ਪੰਜਾਬੀ ਦੇ ਹੋਰ ਲਹਿਜੇ ਵੀ ਬੋਲੇ ਜਾਂਦੇ ਹਨ : ਜਿਵੇਂ ਕਿ 'ਬਾਗੜੀ ਪੰਜਾਬੀ' ਹਰਿਆਣਾ ਤੇ ਰਾਜਸਥਾਨ ਨਾਲ ਲਗਦੇ ਇਲਾਕਿਆਂ ਵਿਚ, ਬਿਲਾਸਪੁਰੀ ਰੋਪੜ ਦੇ ਕੰਡੀ ਇਲਾਕਿਆਂ ਵਿਚ ਬੋਲੀਆਂ ਜਾਂਦੀਆਂ ਹਨ।

ਪੰਜ ਦੁਆਬਾਂ ਵਿਚੋਂ ਚੜਦੇ ਪਾਸਿਓਂ ਸਤਲੁਜ ਤੇ ਬਿਆਸ ਦੀ ਵਿਚਕਾਰੇ 'ਬਿਸਤ ਦੁਆਬ' (ਦੁਆਬਾ) ਹੈ। ਇਸ ਵਿਚ ਜਲੰਧਰ, ਕਪੂਰਥਲਾ ਤੇ ਹੁਸ਼ਿਆਰਪੁਰ ਆਉਂਦੇ ਹਨ। ਥੋੜਾ ਰਕਬਾ ਹੋਣ ਕਰਕੇ ਸਿਰਫ਼ ਦੁਆਬੀ ਲਹਿਜਾ ਹੀ ਚਲਦਾ ਹੈ। ਹਾਂ, ਹੁਸ਼ਿਆਰਪੁਰ ਦਾ ਕੁਝ ਹਿੱਸਾ ਜੋ ਹਿਮਾਚਲ ਪ੍ਰਦੇਸ਼ ਦੇ ਨਾਲ ਲਗਦਾ ਹੈ, ਉਥੇ ਡੋਗਰੀ ਲਹਿਜਾ ਬੋਲਿਆ ਜਾਂਦਾ ਹੈ। ਇਕ ਦਿਲਚਸਪ ਵਾਕਿਆ ਹੈ ਕਿ ਮੁਲਕ ਦੀ ਵੰਡ ਤੋਂ ਜ਼ਿਆਦਾਤਰ ਦੁਆਬੀਏ ਪਾਕਿਸਤਾਨ ਵਿਚ ਫ਼ੈਸਲਾਬਾਦ, ਟੋਭਾ ਟੇਕ ਸਿੰਘ ਤੇ ਮੰਡੀ ਬਹਾਉਦੀਨ ਵਿਚ ਜਾ ਵਸੇ ਤੇ ਆਪਣੇ ਨਾਲ ਆਪਣੀ ਜ਼ੁਬਾਨ ਵੀ ਲੈ ਗਏ, ਇਨਾਂ ਇਲਾਕਿਆਂ ਵਿਚ ਦੁਆਬੀ ਪੰਜਾਬੀ ਕਾਫ਼ੀ ਮਕਬੂਲ ਹੈ।

ਬਿਆਸ ਤੇ ਰਾਵੀ ਦਰਿਆਵਾਂ ਦੇ ਵਿਚਕਾਰਲਾ ਇਲਾਕਾ ਬਾਰੀ ਦੁਆਬ ਹੈ, ਪੰਜਾਬ ਦਾ ਮਰਕਜ਼ ਹੋਣ ਕਰਕੇ ਇਸ ਨੂੰ ਮੰਝਲੀ ਦੁਆਬ ਤੇ ਫਿਰ ਵਕਤ ਗੁਜ਼ਰਨ ਨਾਲ ਇਸ ਦਾ ਨਾਂਅ ਮਾਝਾ ਬਣ ਗਿਆ। ਲਾਹੌਰ, ਅੰਮ੍ਰਿਤਸਰ, ਕਸੂਰ, ਸਾਹੀਵਾਲ, ਤਰਨ ਤਾਰਨ, ਗੁਰਦਾਸਪੁਰ ਮਾਝੇ ਦੇ ਹਿੱਸਾ ਹਨ। ਇਹ ਪੂਰੇ ਪੰਜਾਬ ਦਾ ਰੂਹਾਨੀ, ਮਜ਼ਹਬੀ ਅਤੇ ਸਿਆਸੀ ਕੇਂਦਰ ਹੈ ਅਤੇ ਸਭ ਤੋਂ ਵੱਡਾ ਇਲਾਕਾ ਹੈ। ਮਾਝੀ ਅਤੇ ਮਝੈਲੀ ਪੰਜਾਬੀ ਨੂੰ ਪੂਰੇ ਪੰਜਾਬ ਦਾ ਮਨਜ਼ੂਰਸ਼ੁਦਾ ਰੁਤਬਾ ਦਿੱਤਾ ਗਿਆ ਹੈ। ਮਾਝੀ ਪੰਜਾਬੀ ਦਾ ਆਪਣਾ ਹੀ ਨੂਰ ਹੈ। ਇਸ ਨੂੰ ਨੂਰੀ ਰੂਪ ਦੇਣ ਵਿਚ ਸੂਫ਼ੀ ਸੰਤਾਂ ਤੇ ਅਦਬੀ ਹਸਤੀਆਂ ਜਿਵੇਂ ਕਿ: ਬਾਬਾ ਬੁੱਲੇ ਸ਼ਾਹ, ਵਾਰਿਸ ਸ਼ਾਹ, ਸ਼ਾਹ ਮੁਹੰਮਦ, ਗੁਰਬਖਸ਼ ਸਿੰਘ ਪ੍ਰੀਤਲੜੀ ਅਤੇ ਧਨੀ ਰਾਮ ਚਾਤ੍ਰਿਕ ਦਾ ਬਹੁਤ ਵੱਡਾ ਯੋਗਦਾਨ ਹੈ। ਵੈਸੇ ਤਾਂ ਪੂਰਾ ਖਿੱਤਾ ਹੀ ਮਾਝਾ ਹੈ ਪਰ ਗੁਰਦਾਸਪੁਰ ਜ਼ਿਲਾ ਤੇ ਅੰਮ੍ਰਿਤਸਰ ਦੇ ਨਾਲ ਲਗਦੇ ਇਲਾਕੇ ਆਪਣੇ-ਆਪ ਨੂੰ ਰਿਆੜਕੀ ਅਖਵਾਉਂਦੇ ਹਨ। ਬੜੀ ਨਮੋਸ਼ੀ ਦੀ ਗੱਲ ਹੈ ਕਿ ਮੁਲਕ ਦੀ ਵੰਡ ਤੋਂ ਬਾਅਦ, ਸਿਆਸੀ ਅਤੇ ਸਮਾਜਿਕ ਘਟਨਾਵਾਂ ਨੇ ਮਾਝੀ ਪੰਜਾਬੀ ਦਾ ਵਜੂਦ ਖ਼ਤਰੇ ਵਿਚ ਪਾ ਦਿੱਤਾ। ਨਤੀਜਾ ਇਹ ਹੋਇਆ ਕਿ ਮਲਵਈ ਤੇ ਦੁਆਬੀ ਲਹਿਜੇ ਆਪਣੇ ਵਾਲੇ ਪੰਜਾਬ ਵਿਚ ਹਾਵੀ ਹੋ ਗਏ। ਹੁਣ ਹਾਲਤ ਇਹ ਹੈ ਕਿ ਠੇਠ ਮਾਝੀ ਲਹਿਜਾ ਸੁਣਨ ਨੂੰ ਕੰਨ ਤਰਸਦੇ ਹਨ। ਕੁਝ ਚਿਰ ਲਈ ਸਿਆਸਤ ਨੂੰ ਪਰੇ ਰੱਖੀਏ, ਤੇ ਪਤਾ ਲਗਦਾ ਹੈ ਕਿ ਲਹਿੰਦੇ ਪੰਜਾਬ ਨੇ ਮਾਝੇ ਦਾ ਵਿਰਸਾ ਸਾਂਭ ਕੇ ਰੱਖਿਆ ਹੈ। ਜੇ ਠੇਠ ਮਝੈਲੀ ਪੰਜਾਬੀ ਦਾ ਸਵਾਦ ਲੈਣਾ ਹੈ ਤਾਂ ਯੂ-ਟਿਊਬ 'ਤੇ ਉਨਾਂ ਦੇ ਪੰਜਾਬੀ ਦੇ ਮਜ਼ਾਕੀਆ ਪ੍ਰੋਗਰਾਮ ਵੇਖ ਲਵੋ। ਅੱਗੇ ਚੱਲੀਏ ਤਾਂ ਝਨਾਬ ਤੇ ਜਿਹਲਮ ਦਰਿਆਵਾਂ ਦੇ ਵਿਚਕਾਰੇ 'ਝੱਜ ਦੁਆਬ' ਹੈ। ਸਰਗੋਧਾ ਤੇ ਗੁਜਰਾਤ ਇਥੋਂ ਦੇ ਮਸ਼ਹੂਰ ਇਲਾਕੇ ਹਨ। ਇਥੇ ਆਮ ਤੌਰ 'ਤੇ ਸ਼ਾਹਪੁਰੀ ਪੰਜਾਬੀ ਬੋਲੀ ਜਾਂਦੀ ਹੈ ਜਿਹੜੀ ਝਾਂਗੀ ਤੇ ਸਰਾਇਕੀ ਲਹਿਜਿਆਂ ਨੂੰ ਮਿਲਾ ਕੇ ਬਣੀ ਹੈ।

ਸਭ ਤੋਂ ਲਹਿੰਦੇ ਪਾਸੇ ਜੇਹਲਮ ਤੇ ਸਿੰਧ ਦਰਿਆਵਾਂ ਵਿਚਕਾਰੇ ਪੰਜਵੀਂ ਤੇ ਆਖਰੀ ਸਿੰਧ-ਸਾਗਰ ਦੁਆਬ ਹੈ। ਰਾਵਲਪਿੰਡੀ, ਮਿਆਂਵਾਲੀ, ਚਕਵਾਲ ਤੇ ਇਸਲਾਮਾਬਾਦ ਇਥੋਂ ਦੇ ਮਸ਼ਹੂਰ ਸ਼ਹਿਰ ਹਨ। ਇਥੋਂ ਦੀ ਜ਼ੁਬਾਨ ਪੋਠੋਹਾਰੀ ਪੰਜਾਬੀ ਤੋਂ ਕੌਣ ਵਾਕਿਫ਼ ਨਹੀਂ। ਸਾਡੀ ਜ਼ੁਬਾਨ ਦੀ ਇਹ ਖ਼ੂਬੀ ਹੈ ਕਿ ਇਸ ਨੇ ਪੰਜਾਬੀ ਤੋਂ ਬਾਹਰ ਦੀਆਂ ਜ਼ੁਬਾਨਾਂ 'ਤੇ ਆਪਣਾ ਅਸਰ ਹੀ ਨਹੀਂ ਪਾਇਆ ਬਲਕਿ ਕਈ ਹੋਰ ਜ਼ੁਬਾਨਾਂ ਨੂੰ ਜਨਮ ਵੀ ਦਿੱਤਾ ਹੈ। ਮਿਸਾਲ ਵਜੋਂ ਜੰਮੂ ਤੇ ਹਿਮਾਚਲ ਦੇ ਕੁਝ ਹਿੱਸਿਆਂ ਦੀ ਡੋਗਰੀ ਤੇ ਪਹਾੜੀ ਜ਼ੁਬਾਨਾਂ, ਚੰਬਾ ਦੇ ਇਲਾਕੇ ਦੀ ਭਟਿਆਣੀ, ਰਾਵਲਕੋਟ ਤੇ ਪੁੰਛ ਦੀ ਗੁੱਜਰੀ ਅਤੇ ਪੇਸ਼ਾਵਰ ਤੇ ਖੈਬਰ ਦੀ ਹਿੰਦਕੋ (ਜੋ ਹਿੰਦੂਕੁਸ਼ ਪਹਾੜੀ ਸਿਲਸਿਲੇ ਦੇ ਨਾਂਅ ਉੱਤੇ ਰੱਖੀ ਗਈ ਹੈ) ਅਹਿਮ ਜ਼ੁਬਾਨਾਂ ਹਨ।

ਸ਼ੁਰੂ-ਸ਼ੁਰੂ ਵਿਚ ਪੰਜਾਬੀ ਸ਼ਾਹਮੁਖੀ ਲਿਪੀ (ਜੋ ਕਿ ਅਰਬੀ ਤੇ ਫਾਰਸੀ ਦਾ ਜੋੜ ਹੈ) ਵਿਚ ਲਿਖੀ ਜਾਂਦੀ ਸੀ, ਅੱਜ ਵੀ ਲਹਿੰਦੇ ਪੰਜਾਬ ਵਿਚ ਇਸ ਲਿਪੀ ਦਾ ਇਸਤੇਮਾਲ ਹੁੰਦਾ ਹੈ। ਗੁਰਮੁਖੀ ਲਿਪੀ ਦੀ ਹੋਂਦ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਹੱਥੋਂ ਹੋਈ। ਇਸ ਲਿਪੀ ਦਾ ਆਧਾਰ ਲੰਡੇ ਲਿਪੀ ਹੈ, ਜਿਸ ਦਾ ਜਨਮ 10ਵੀਂ ਸਦੀ ਵਿਚ ਸ਼ਾਰਦਾ ਲਿਪੀ ਤੋਂ ਹੋਇਆ ਸੀ।

ਮੁੱਕਦੀ ਗੱਲ ਇਹ ਹੈ ਕਿ ਸਾਡੀ ਜ਼ੁਬਾਨ ਦਾ ਵਿਰਸਾ ਬਹੁਤ ਪੁਰਾਣਾ ਹੈ ਅਤੇ ਲੋੜ ਹੈ ਕਿ ਅਸੀਂ ਇਸ ਨੂੰ ਸਾਂਭ ਕੇ ਰੱਖੀਏ ਤਾਂ ਕਿ ਆਉਣ ਵਾਲੀਆਂ ਪੁਸ਼ਤਾਂ ਆਪਣੇ ਵਿਰਸੇ ਨੂੰ ਜਾਣ ਸਕਣ। ਇਹ ਉਦੋਂ ਹੀ ਮੁਮਕਿਨ ਹੈ ਕਿ ਜੇ ਅਸੀਂ ਆਪਣੇ ਬੱਚਿਆਂ ਨੂੰ ਪੰਜਾਬੀ ਬੋਲਣੀ ਤੇ ਗੁਰਮੁਖੀ ਲਿਖਣੀ ਸਿਖਾਈਏ।

# ਲੋੜਾਂ ਮੁਤਾਬਿਕ ਬਦਲਦੀ ਰਹਿੰਦੀ ਹੈ ਸਮਾਜ ਦੀ ਸੋਚ

**ਰਾਜਨਦੀਪ ਕੌਰ ਮਾਨ**

6239326166

ਮਨੁੱਖ ਸਮਾਜਿਕ ਪ੍ਰਾਣੀ ਹੈ। ਸਮਾਜ ਵਿੱਚ ਰਹਿਣਾ ਉਸ ਦੀ ਮਜਬੂਰੀ ਵੀ ਹੈ ਤੇ ਸੁਭਾਅ ਵੀ। ਸਮਾਜ ਵਿਚ ਵਿਚਰਦੇ ਮਨੁੱਖ ਆਪਣੀ ਆਪਣੀ ਸੋਚ ਦਾ ਪ੍ਰਭਾਵ ਆਪਣੇ ਬੱਚਿਆਂ ਨੂੰ ਦਿੱਤੇ ਸੰਸਕਾਰਾਂ ਦੇ ਰੂਪ ਵਿੱਚ ਸਮਾਜ ਵਿੱਚ ਛੱਡਦੇ ਰਹਿੰਦੇ ਹਨ। ਸਮਾਜ ਦਾ ਹਰ ਬੰਦਾ ਆਪਣੇ ਆਪਣੇ ਤਰੀਕੇ ਨਾਲ ਸਮਾਜ ਨੂੰ ਪ੍ਰਭਾਵਿਤ ਕਰਦਾ ਹੈ। ਧਰਤੀ ਉੱਤੇ ਰਹਿਣ ਵਾਲੇ ਕਰੋੜਾਂ ਜੀਵ ਜੰਤੂਆਂ ਵਿਚੋਂ ਮਨੁੱਖ ਸਭ ਤੋਂ ਚਲਾਕ ਤੇ ਸਵਾਰਥੀ ਪ੍ਰਾਣੀ ਹੈ। ਕਿਉਂਕਿ ਕੁਦਰਤ ਨੇ ਮਨੁੱਖ ਨੂੰ ਸਭ ਤੋਂ ਜਿਆਦਾ ਦਿਮਾਗੀ ਅਤੇ ਚੇਤੰਨ ਬਣਾਇਆ ਹੈ। ਸੋ ਇਹ ਚੇਤਨਤਾ ਅਤੇ ਦਿਮਾਗ ਦੀ ਵਰਤੋਂ ਲਗਾਤਾਰ ਵਧ ਜਾਣ ਕਰਕੇ ਲਾਲਚ ਅਤੇ ਸਵਾਰਥ ਮਨੁੱਖੀ ਫਿਤਰਤ ਦਾ ਅੰਗ ਬਣ ਗਿਆ ਹੈ ਜਿਸ ਦੇ ਵਧਣ ਦੀ ਹੱਦ ਦਾ ਪਤਾ ਹੀ ਨਹੀਂ ਹੈ।

ਪੰਜਾਬੀ ਸਮਾਜ ਦੀ ਹੁਣ ਗੱਲ ਕਰੀਏ ਤਾਂ ਸਿਦਕ, ਬਹਾਦਰੀ, ਅਣਖ, ਗ਼ੈਰਤ ਤੇ ਲੜਾਕੂਪਣ ਇੱਕ ਆਮ ਪੰਜਾਬੀ ਸੁਭਾਅ ਦਾ ਅੰਗ ਮੰਨੇ ਜਾਂਦੇ ਹਨ। ਪੁਰਾਣੇ ਜਮਾਨੇ ਵਿਚ ਪੰਜਾਬੀਆਂ ਨੇ ਔਰਤਾਂ ਦੀਆਂ ਇੱਜ਼ਤਾਂ ਬਚਾਉਣ ਲਈ ਆਪਣੇ ਸਿਰ ਤੱਕ ਕੁਰਬਾਨ ਕੀਤੇ। ਦੇਸ਼ ਕੌਮ ਤੇ ਧਰਮ ਲਈ ਇਕਜੁੱਟ ਹੋ ਕੇ ਬਹੁਤ ਮੈਦਾਨ ਫਤਹਿ ਕੀਤੇ। ਪੁਰਾਣੇ ਕਿੱਸੇ ਜਾਂ ਕਿਤਾਬਾਂ ਪੜੀਏ ਤਾਂ ਅੱਜ ਵੀ ਖ਼ੂਨ ਵਿਚ ਉਬਾਲ ਜਿਹਾ ਆ ਜਾਂਦਾ ਹੈ ਕਿ ਅਸੀਂ ਐਨੀ ਮਹਾਨ ਕੌਮ ਦੇ ਵਾਰਸ ਹਾਂ।

ਹੁਣ ਅੱਗੇ ਗੱਲ ਕਰਦੇ ਹਾਂ ਸਮਾਜ ਦੀ ਬਦਲਦੀ ਸੋਚ ਦੀ। ਮੈਂ ਆਪਣੇ ਬਚਪਨ ਦੀ ਗੱਲ ਲਿਖਣਾ ਚਾਹਾਂ, ਜਦੋਂ ਸਮਾਜ ਵਿੱਚ ਕੁੜੀ ਦਾ ਜਨਮ ਲੈਣਾ ਬਹੁਤ ਵੱਡਾ ਗੁਨਾਹ ਬਣ ਗਿਆ ਸੀ। ਸਾਨੂੰ ਤਾਂ ਪੱਥਰ ਸ਼ਬਦ ਪਤਾ ਨਹੀਂ ਦਿਨ ਵਿੱਚ ਕਿੰਨੀ ਵਾਰੀ ਸੁਣਨ ਨੂੰ ਮਿਲਦਾ ਸੀ। ਇਹ ਉਹ ਸਮਾਂ ਸੀ ਜਦੋਂ ਭਰੂਣ ਟੈਸਟ ਮਸ਼ੀਨਾਂ ਨਵੀਆਂ ਨਵੀਆਂ ਆਈਆਂ ਸਨ ਤੇ ਹਰ ਕਿਸੇ ਦੀ ਇੰਨੀ ਪਹੁੰਚ ਵਿੱਚ ਨਹੀਂ ਸਨ ਕਿ ਉਹ ਗਰਭ ਵਿੱਚ ਕੀ ਹੈ, ਇਹ ਟੈਸਟ ਕਰਵਾ ਸਕਣ। ਸਾਡਾ ਪਰਿਵਾਰ ਧਾਰਮਿਕ ਵਿਚਾਰਾਂ ਦਾ ਹੋਣ ਕਰਕੇ, ਸਾਡੇ ਨਾਲ ਇਹ ਭਾਣਾ ਤਾਂ ਨਹੀਂ ਵਰਤਿਆ, ਪਰ ਅਣਚਾਹੇ ਹੋਣ ਦਾ ਅਹਿਸਾਸ ਤਾਂ ਖ਼ੂਬ ਹੰਢਾਇਆ। ਉਦੋਂ ਲੋਕ ਦੋ ਬੇਟੇ ਹੋਣਾ ਬਹੁਤ ਜਰੂਰੀ ਜਿਹਾ ਸਮਝਦੇ ਸਨ ਕਿ ਇਕ ਪੁੱਤ ਦੀ ਮਾਂ ਤਾਂ ਅੱਖੋਂ ਅੰਨੀ ਹੁੰਦੀ ਹੈ। ਉਨਾਂ ਸਮਿਆਂ ਦੀਆਂ ਭਰਾਵਾਂ ਦੀਆਂ ਜੋੜੀਆਂ ਜਦ ਜਾਇਦਾਦ ਦੀ ਵੰਡ ਪਿੱਛੇ ਲੜ ਲੜ ਮਰੀਆਂ ਤਾਂ ਲੋਕਾਂ ਨੇ ਹੋਰ ਸਿਆਣੇ ਹੋਣ ਦਾ ਸਬੂਤ ਦੇਣ ਲਈ ਇੱਕੋ ਪੁੱਤਰ ਰੱਖਣਾ ਹੀ ਚੰਗਾ ਸਮਝਿਆ। ਧੀ ਵਾਲਾ ਤਾਂ ਪੱਤਾ ਹੀ ਕੱਟ ਦਿੱਤਾ। ਦੁਨੀਆਂ ਇੰਨੀ ਸਵਾਰਥੀ ਹੋ ਗਈ, ਬੇਟੀ ਕੋਈ ਵਿਰਲਾ ਹੀ ਪੈਦਾ ਕਰਦਾ ਤੇ ਲੋਕ ਪਹਿਲਾ ਬੱਚਾ ਵੀ ਟੈਸਟ ਕਰਾ ਕੇ ਲੈਣ ਲੱਗੇ। ਕੁੜੀਆਂ ਨੂੰ ਲੋਕਾਂ ਨੇ ਇਸ ਲਈ ਨਕਾਰ ਦਿੱਤਾ ਕਿਉਂਕਿ ਇਕ ਤਾਂ ਜਦੋਂ ਕੁੜੀ ਜੰਮਦੀ ਉਨਾਂ ਨੂੰ ਲੋਕਾਂ ਕੋਲੋਂ ਵਧਾਈਆਂ ਹੋਵਣ, ਮੁਬਾਰਕਾਂ ਵਰਗੇ ਸ਼ਬਦ ਸੁਣਨ ਨੂੰ ਨਾ ਮਿਲਦੇ, ਦੂਜਾ ਕੁੜੀ ਨੂੰ ਪੜਨ ਲਿਖਣ ਜੋਗੀ ਕਰਨ ਲਈ ਖਰਚਾ ਹੁੰਦਾ ਤੇ ਤੀਜਾ ਉਸ ਨੂੰ ਵਿਆਹੁਣ ਲਈ ਦਾਜ ਦਾ ਪ੍ਰਬੰਧ ਕਰਨਾ ਪੈਂਦਾ। ਲੋਕ ਖੁਦ ਰੱਬ ਬਣ ਗਏ ਤੇ ਆਪਣੇ ਹਿੱਸੇ ਵਿੱਚੋਂ ਬੇਟੀ ਸ਼ਬਦ ਮਨਫੀ ਕਰ ਦਿੱਤਾ। ਕੁਝ ਸਾਲ ਲੋਕਾਂ ਬੜੀਆਂ ਖੁਸ਼ੀਆਂ ਮਨਾਈਆਂ, ਇਕਲੌਤੇ ਮੁੰਡਿਆਂ ਦੀਆਂ ਲੋਹੜੀਆਂ। ਫਿਰ ਆਇਆ ਜ਼ਮਾਨਾ ਇਕਲੌਤੀ ਤੇ ਲਾਡਲੀ ਔਲਾਦ ਦੇ ਜਵਾਨ ਹੋਣ ਦਾ। ਨਾ ਮਾਪਿਆਂ ਨੇ ਝਿੜਕਿਆ, ਨਾ ਕਿਸੇ ਕੰਮ ਲਾਇਆ ਤੇ ਨਾ ਖਰਚੇ ਵਲੋਂ ਰੋਕ ਟੋਕ। ਜਿੰਨੇ ਮੂੰਹੋਂ ਮੰਗੇ ਓਨੇ ਮਿਲੇ। ਉੱਪਰੋਂ ਫੁਕਰੇ ਗਾਇਕਾਂ ਦਾ ਜ਼ਮਾਨਾ ਆ ਗਿਆ। ਸੋਨੇ ਤੇ ਸੁਹਾਗੇ ਵਾਲੀ ਗੱਲ ਹੋਈ। ਵਿਹਲੇ ਤੇ ਭੈਣਾਂ ਬਾਹਰਿਆਂ ਨੂੰ ਨਾ ਕਿਸੇ ਦੀ ਸ਼ਰਮ ਨਾ ਜਿੰਮੇਵਾਰੀ। ਜਿਆਦਾਤਰ ਨਸ਼ੇੜੀ ਬਣ ਗਏ। ਘਰੋਂ ਜਦੋਂ ਖਰਚੇ ਮਿਲਣੋਂ ਹਟ ਗਏ ਤਾਂ ਲੋਕਾਂ ਦੇ ਪਰਸ, ਚੈਨੀਆਂ, ਇਥੋਂ ਤੱਕ ਕਿ ਕਾਰਾਂ, ਮੋਟਰਸਾਈਕਲਾਂ ਚੋਰੀ ਕਰਨ ਲੱਗੇ। ਨਸ਼ੇ ਨਾਲ ਮਰਦੇ ਨੌਜਵਾਨਾਂ ਦੀਆਂ ਵੀਡਿਓ, ਖਬਰਾਂ ਰੋਜ ਲੱਗਣ ਲੱਗੀਆਂ। ਉਧਰੋਂ ਕੈਨੇਡਾ ਵਰਗੇ ਦੇਸ਼ਾਂ ਨੇ ਵਿਦਿਆਰਥੀ ਵੀਜ਼ਾ ਖੋਲ ਦਿੱਤਾ ਤੇ ਭਰੂਣ ਹੱਤਿਆ ਹੋਣੋਂ ਬਚੀਆਂ ਕੁੜੀਆਂ ਵੀਜ਼ੇ ਲਵਾ ਲਵਾ ਜਹਾਜ ਚੜਨ ਲੱਗੀਆਂ। ਸਮਾਜ ਨੂੰ ਹੁਣ ਇਧਰੋਂ ਆਪਣਾ ਫਾਇਦਾ ਦਿੱਸਿਆ। ਆਈਲੈਟਸ ਦਾ ਟੈਸਟ ਲੋਕਾਂ ਨੂੰ ਅੱਲਾਦੀਨ ਦਾ ਚਿਰਾਗ ਲੱਗਿਆ। ਇਸ ਟੈਸਟ ਨੂੰ ਵੀ ਮੁੰਡੇ ਘੱਟ ਤੇ ਕੁੜੀਆਂ ਜਿਆਦਾ ਪਾਸ ਕਰ ਰਹੀਆਂ ਸਨ। ਲੋਕ ਹੋਰ ਸਿਆਣੇ ਬਣ ਗਏ, ਹੁਣ ਉਨਾਂ ਦੀ ਸੋਚ ਬਦਲ ਗਈ, ਉਨਾਂ ਨੂੰ ਧੀਆਂ ਹੀ ਪੁੱਤਰ ਲੱਗਣ ਲੱਗੀਆਂ।ਜੋ ਲੋਕ ਕਦੇ ਲੋਕਾਂ ਦੀਆਂ ਨੂੰਹਾਂ ਧੀਆਂ ਨੂੰ ਪੜਨ ਜਾਂ ਨੌਕਰੀ ਕਰਨ ਜਾਂਦੀਆਂ ਦੇਖਕੇ ਮੂੰਹ ਜੋੜ ਜੋੜ ਗੱਲਾਂ ਕਰਦੇ ਸਨ, ਓਹੀ ਹੁਣ ਆਪਣੀਆਂ ਧੀਆਂ ਨੂੰ ਕੈਨੇਡਾ ਲਈ ਜਹਾਜ਼ ਚੜਾਉਂਦੇ ਬੜਾ ਮਾਣ ਮਹਿਸੂਸ ਕਰਨ ਲੱਗ ਪਏ। ਸਾਡੇ ਆਂਢ ਗੁਆਂਢ ਦੀ ਇੱਕ ਘਟਨਾ ਮੈਨੂੰ ਯਾਦ ਹੈ, ਉਨਾਂ ਨੇ ਬੜੀ ਆਕੜ ਜਿਹੀ ਨਾਲ ਕਹਿਣਾ ਨਾ ਭਾਈ ਸਾਥੋਂ ਨਾਂ ਇਕੱਲੀ ਕੁੜੀ ਕਾਲਜ ਭੇਜੀ ਜਾਂਦੀ ।ਜਦ ਕਿ ਹੁਣ ਉਹ ਕੁੜੀ ਕੈਨੇਡਾ ਇਕੱਲੀ ਹੀ ਰਹਿੰਦੀ ਹੈ। ਸਮਾਜ ਦੀ ਇਸ ਦੋਗਲੀ ਸੋਚ ਤੇ ਹਾਸਾ ਵੀ ਆਉਂਦਾ ਤੇ ਤਰਸ ਵੀ।

ਬਾਕੀ ਰਹੀ ਗੱਲ ਲਿੰਗ ਭੇਦਭਾਵ ਦੀ। ਹੁਣ ਸਮਾਜ ਦਾ ਬਦਲਿਆ ਹੋਇਆ ਰੂਪ ਹੈ ਕਿ ਕੁੜੀ ਹੋਵੇ ਮੁੰਡਾ ਹੋਵੇ ਨਾ ਹੋਵੇ, ਸਾਨੂੰ ਕੋਈ ਫਰਕ ਨਹੀਂ ਪੈਂਦਾ। ਕੁੜੀ ਤਾਂ ਆਈਲੈਟਸ ਕਰਕੇ ਕੈਨੇਡਾ ਜਾਊਗੀ ਤੇ ਸਾਰੇ ਟੱਬਰ ਨੂੰ ਲੈ ਕੇ ਜਾਊਗੀ। ਮੁੰਡਾ ਜੰਮਿਆ ਤਾਂ ਨਸ਼ੇੜੀ ਬਣੂਗਾ।ਇਹ ਹੈ ਮੇਰਾ ਸਮਾਜ, ਜਿਸ ਤੋਂ ਸਾਡੇ ਵਰਗੇ ਡਰਦੇ ਰਹਿੰਦੇ ਸਨ ਕਿ ਸਿਰ ਤੋਂ ਚੁੰਨੀ ਵੀ ਲੱਥ ਗਈ ਤਾਂ ਲੋਕ ਪਤਾ ਨਹੀਂ ਕੀ ਕਹਿਣ, ਜਾਂ ਹੱਸ ਕੇ ਗੱਲ ਕਰ ਲਈ ਤਾਂ ਪਤਾ ਨਹੀਂ ਕੀ ਗੁਨਾਹ ਹੋਜੂ। ਅੱਜ ਕੱਲ ਤਾਂ ਚੁੰਨੀਆਂ ਤਾਂ ਦੂਰ ਸਲਵਾਰਾਂ ਵੀ ਗਈਆਂ ਤੇ ਉਸਦੀ ਜਗਾ ਕੈਪਰੀ ਨੇ ਲੈ ਲਈ। ਕੈਪਰੀ ਨਾਲ ਚੁੰਨੀ ਦਾ ਕੀ ਮੇਲ। ਨਾ ਰਿਹਾ ਬਾਂਸ, ਨਾ ਵੱਜੇਗੀ ਬੰਸਰੀ। ਸੋ ਇਹ ਹੁੰਦੀ ਸਮਾਜ ਦੀ ਸੋਚ ਦੀ ਅਸਲੀਅਤ। ਆਓ ਸੋਚੀਏ ਕਿੰਨੇ ਸਵਾਰਥੀ ਹਾਂ ਅਸੀਂ।



# ਰੇਗਿਸਤਾਨ ਦਾ ਸ਼ੇਰ-ਓਮਰ ਅਲ-ਮੁਖ਼ਤਾਰ



**ਰਣਜੀਤ ਸਿੰਘ ਕੁਕੀ**

ਰਣਨੀਤਿਕ ਪੱਖੋਂ ਮਹੱਤਵਪੂਰਨ ਉੱਤਰੀ ਅਫਰੀਕਾ ਦਾ ਦੇਸ਼ ਲੀਬੀਆ ਤੇਲ ਨਾਲ ਭਰਪੂਰ ਹੋਣ ਦੇ ਨਾਲ ਨਾਲ ਇਕ ਕਬਾਇਲੀ ਖਿੱਤਾ ਵੀ ਹੈ ਜਿਸ ਵਿਚ ਵੱਖ-ਵੱਖ ਕਬੀਲਿਆਂ ਦੀ ਪ੍ਰਧਾਨਤਾ ਹੈ। 2011 ਵਿਚ ਤਾਨਾਸ਼ਾਹ ਗੱਦਾਫ਼ੀ ਦੇ ਪਤਨ ਤੋਂ ਬਾਅਦ ਲੀਬੀਆ ਦੋ ਸੱਤਾ ਧਿਰਾਂ ਵਿਚ ਸੰਘਰਸ਼ ਦੇ ਚੱਲਦੇ ਅਜੇ ਵੀ ਅੰਦਰੂਨੀ ਕਲੇਸ਼ ਵਿਚ ਫਸਿਆ ਹੋਇਆ ਹੈ।ਗੱਦਾਫ਼ੀ, ਜੋ ਕਿ ਮਜਬੂਤ ਸੱਤਾਧਾਰੀ ਸੀ, ਲੀਬੀਆ ਦੇ ਪ੍ਰਮੁੱਖ ਕਬਾਇਲੀ ਨੇਤਾ ਦਾ ਤਖਤਾ ਪਲਟ ਕੇ 1969 ਤੋਂ ਹੀ ਸ਼ਾਸਨ ਕਰ ਰਿਹਾ ਸੀ। 2010 ਵਿਚ ਟਿਊਨੀਸ਼ੀਆ ਦੀ ਰਾਜਧਾਨੀ ਤੋਂ ਸ਼ੁਰੂ ਹੋਏ ਅਰਬ ਵਿਦਰੋਹ ਵਿਚ ਲੀਬੀਆ ਦੇ ਲੋਕਾਂ ਨੇ ਵੀ ਹਿੱਸਾ ਪਾਇਆ ਅਤੇ ਗੱਦਾਫ਼ੀ ਦਾ ਤਖਤਾ ਪਲਟ ਕੇ 2011 ਵਿਚ ਉਸ ਨੂੰ ਬੇਰਹਿਮੀ ਨਾਲ ਮਾਰ ਦਿੱਤਾ। ਤੇਲ ਦੇ ਧਨੀ ਸੱਤਰ ਲੱਖ ਲੋਕਾਂ ਦੀ ਆਬਾਦੀ ਵਾਲੇ ਦੇਸ਼ ਲੀਬੀਆ ਵਿਚ ਉਦੋਂ ਤੋਂ ਹੀ ਗ੍ਰਹਿ ਯੁੱਧ ਚੱਲ ਰਿਹਾ ਹੈ ਜਿਸ ਨੂੰ ਵਿਦੇਸ਼ੀ ਤਾਕਤਾਂ ਦਾ ਵੀ ਸਹਿਯੋਗ ਮਿਲਿਆ ਹੈ।ਮੌਜੂਦਾ ਸਮੇਂ ਵਿਚ ਇਕ ਦੇਸ਼ ਦੇ ਤੌਰ ਤੇ ਲੀਬੀਆ ਆਪਣੀ ਹੋਂਦ ਦੀ ਲੜਾਈ ਲੜ ਰਿਹਾ ਹੈ ਜਿਸ ਤਰਾਂ ਕਿ 1900 ਦੇ ਸ਼ੁਰੂਆਤੀ ਦਹਾਕਿਆਂ ਵਿਚ ਹੋਇਆ ਸੀ। ਰਾਸ਼ਟਰਵਾਦ ਦੀ ਭਾਵਨਾ ਖਿੜਕ ਰਹੀ ਹੈ ਅਤੇ ਆਪਣੀਆਂ ਜਿੰਦਗੀਆਂ ਨੂੰ ਦਾਅ 'ਤੇ ਲਗਾ ਕੇ ਲੋਕ ਭੂ-ਮੱਧਸਾਗਰ ਰਾਹੀਂ ਸੁਰੱਖਿਅਤ ਟਿਕਾਣੇ ਲੱਭਣ ਦੀ ਕੋਸ਼ਿਸ਼ ਕਰ ਰਹੇ ਹਨ। ਉਹ ਇਟਲੀ ਵਿਚ ਵੀ ਸ਼ਰਨ ਲੈਣ ਦੀ ਕੋਸ਼ਿਸ਼ ਕਰ ਰਹੇ ਹਨ, ਜਿਥੇ ਮੁਸੋਲਿਨੀ ਦੀ ਫਾਸੀਵਾਦੀ ਹਕੂਮਤ ਨੇ ਰੋਮਨ ਸਾਮਰਾਜ ਦੇ ਪੁਨਰ-ਨਿਰਮਾਣ ਦੇ ਸੁਪਨੇ ਨੂੰ ਸਾਕਾਰ ਕਰਨ ਦੀ ਚਾਹ ਵਿਚ ਲੀਬੀਆ ਦੀ ਰਾਸ਼ਟਰਵਾਦ ਦੀ ਭਾਵਨਾ ਨੂੰ ਬੁਰੀ ਤਰਾਂ ਕੁਚਲ ਦਿੱਤਾ ਸੀ।

ਮੌਜੂਦਾ ਸਮੇਂ ਵਿਚ ਲੀਬੀਆ ਦਾ ਸਮਾਜ ਕਬੀਲਿਆਂ, ਖਿੱਤਿਆਂ ਅਤੇ ਰਾਜਨੀਤਿਕ ਸਬੰਧੀਕਰਨ ਦੇ ਆਧਾਰ ਤੇ ਬੁਰੀ ਤਰਾਂ ਵੰਡ ਦਾ ਸ਼ਿਕਾਰ ਹੈ।ਇਸ ਤਰਾਂ ਦੇ ਵਿਘਟਨ ਦੇ ਦੌਰ ਵਿਚ ਲੀਬੀਆ ਦੇ ਲੋਕ 20ਵੀਂ ਸਦੀ ਦੇ ਸ਼ੁਰੂਆਤੀ ਦਹਾਕੇ ਵਿਚ ਹੋਏ ਆਪਣੇ ਯੁੱਧ ਨਾਇਕ, ਓਮਰ ਅਲ-ਮੁਖ਼ਤਾਰ, ਨੂੰ ਯਾਦ ਕਰ ਰਹੇ ਹਨ ਜਿਸ ਨੂੰ ਰੇਗਿਸਤਾਨ ਦੇ ਸ਼ੇਰ ਦੇ ਨਾਂ ਨਾਲ ਜਾਣਿਆ ਜਾਂਦਾ ਹੈ।ਉਸ ਨੇ ਆਪਣੇ ਆਖ਼ਰੀ ਸਾਹ ਤੱਕ ਮੁਸੋਲਿਨੀ ਦੀਆਂ ਫਾਸੀਵਾਦੀ ਤਾਕਤਾਂ ਵਿਰੁੱਧ ਬਹੁਤ ਹੀ ਯਾਦਗਾਰੀ ਜੰਗੀ ਲੜਾਈ ਲੜੀ।ਰੇਗਿਸਤਾਨ ਦੇ ਸ਼ੇਰ ਦੇ ਰੂਪ ਵਿਚ ਉਸ ਦੀ ਪ੍ਰਤਿਸ਼ਠਾ ਅਤੇ ਸਖ਼ਸ਼ੀਅਤ ਨੂੰ 1981 ਵਿਚ ਬਣੀ ਹਾਲੀਵੁੱਡ ਫਿਲਮ 'ਦ ਲਾਈਨ ਆੱਫ ਡੇਜ਼ਰਟ' ਦੁਆਰਾ ਇਕ ਯਾਦਗਾਰੀ ਰੂਪ ਦਿੱਤਾ ਗਿਆ। 2009 ਤੱਕ ਇਟਲੀ ਵਿਚ ਇਸ ਫਿਲਮ ਉੱਪਰ ਪਾਬੰਦੀ ਲਗੀ ਰਹੀ ਕਿਉਂਕਿ ਇਸ ਵਿਚ ਇਟਲੀ ਦੀ ਫਾਸ਼ੀਵਾਦੀ ਮਿਲਟਰੀ ਦੁਆਰਾ ਲੀਬੀਆ ਦੇ ਲੋਕਾਂ ਉੱਪਰ ਕੀਤੇ ਅੱਤਿਆਚਾਰ ਨੂੰ ਦਿਖਾਇਆ ਗਿਆ ਹੈ।ਇਹ ਪਾਬੰਦੀ 2009 ਵਿਚ ਲੀਬੀਆ ਦੇ ਸ਼ਾਸਕ ਕਰਨਲ ਗੱਦਾਫ਼ੀ ਦੀ ਇਟਲੀ ਯਾਤਰਾ ਦੌਰਾਨ ਹਟਾਇਆ ਗਿਆ।ਇਸ ਯਾਤਰਾ ਦੌਰਾਨ ਗੱਦਾਫ਼ੀ ਨੇ ਆਪਣੀ ਫੌਜੀ ਵਰਦੀ ਉੱਪਰ ਰੇਗਿਸਤਾਨ ਦੇ ਸ਼ੇਰ ਦੀ ਫੋਟੋ ਲਗਾਈ ਹੋਈ ਸੀ ਜਿਸ ਵਿਚ ਬੇੜੀਆਂ ਵਿਚ ਜਕੜੇ ਓਮਰ ਅਲ-ਮੁਖ਼ਤਾਰ ਨੂੰ ਆਪਣੇ ਆਖ਼ਰੀ ਪਲਾਂ ਦੌਰਾਨ







ਦਿਖਾਇਆ ਗਿਆ ਸੀ ਜਦੋਂ ਇਟਲੀ ਦੇ ਜਰਨਲ ਉਸ ਨੂੰ ਜਨਤਕ ਫਾਂਸੀ ਲਈ ਲੈ ਕੇ ਜਾ ਰਹੇ ਸਨ।ਹੁਣ ਲ਼ੀਬੀਆ ਦੇ ਲੋਕ ਓਮਰ ਅਲ-ਮੁਖ਼ਤਾਰ, ਜਿਸ ਨੂੰ ਸਿੱਦੀ ਮੁਖ਼ਤਾਰ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ, ਦੇ ਅਜ਼ਾਦ ਅਤੇ ਸੰਗਠਿਤ ਲੀਬੀਆ ਦੇ ਸੁਪਨੇ ਨੂੰ ਯਾਦ ਕਰਦੇ ਹਨ। ਓਮਰ ਮੁਖ਼ਤਾਰ ਨੂੰ ਨਾ ਸਿਰਫ ਲੀਬੀਆ ਵਿਚ, ਸਗੋਂ ਪੂਰੀ ਅਰਬ ਦੁਨੀਆ ਵਿਚ ਅਜੇ ਵੀ ਰਾਸ਼ਟਰਵਾਦ ਦੇ ਪ੍ਰਤੀਕ ਵਜੋਂ ਜਾਣਿਆ ਜਾਂਦਾ ਹੈ ਅਤੇ ਉਹ ਸੰਘਰਸ਼ ਕਰ ਰਹੇ ਦੇਸ਼ਾਂ ਜਿਵੇਂ ਵੈਨਜ਼ੁਏਲਾ ਅਤੇ ਇੰਡੋਨੇਸ਼ੀਆ ਵਿਚ ਰਾਸ਼ਟਰਵਾਦ ਦੀ ਭਾਵਨਾ ਲਈ ਪ੍ਰੇਰਨਾ-ਸ੍ਰੋਤ ਬਣਿਆ।

ਓਮਰ ਅਲ-ਮੁਖ਼ਤਾਰ ਦਾ ਜਨਮ 1862 ਵਿਚ ਲੀਬੀਆ ਦੇ ਟੋਬਰਕ ਖਿੱਤੇ ਵਿਚ ਹੋਇਆ। ਉਸ ਦੀ ਰਾਸ਼ਟਰਵਾਦ ਦੀ ਭਾਵਨਾ 2010-11 ਵਿਚ ਲੀਬੀਅਨ ਵਿਦਰੋਹ ਦੌਰਾਨ ਕਰਨਲ ਗੱਦਾਫ਼ੀ ਦੀ ਤਾਨਾਸ਼ਾਹੀ ਸੱਤਾ ਦਾ ਤਖਤਾ ਪਲਟਣ ਸਮੇਂ ਗੂੰਜਦੀ ਰਹੀ ਅਤੇ ਵੰਡੇ ਹੋਏ ਲੀਬੀਆ ਵਿਚ ਅਜੇ ਵੀ ਟਿਕੀ ਹੋਈ ਹੈ।ਲੀਬੀਅਨ ਵਿਦਰੋਹ ਮੁੱਖ ਰੂਪ ਵਿਚ ਓਮਰ ਮੁਖ਼ਤਾਰ ਦੇ ਖਿੱਤੇ ਤੋਂ ਹੀ ਸ਼ੁਰੂ ਹੋਇਆ ਅਤੇ ਉਸ ਦੇ ਚਾਰ ਰਿਸ਼ਤੇਦਾਰਾਂ ਨੇ ਵੀ ਇਸ ਵਿਚ ਹਿੱਸਾ ਲਿਆ।ਇੱਥੋਂ ਤੱਕ ਕਿ ਕਰਨਲ ਗੱਦਾਫ਼ੀ ਵੀ ਆਪਣੇ ਆਪ ਨੂੰ ਓਮਰ ਮੁਖ਼ਤਾਰ ਦਾ ਵਾਰਿਸ ਹੀ ਮੰਨਦਾ ਸੀ।ਓਮਰ ਮੁਖ਼ਤਾਰ ਦੇ ਬੇਟੇ ਨੇ ਵੀ ਗੱਦਾਫ਼ੀ ਦੇ ਤਖ਼ਤ-ਪਲਟੇ ਦਾ ਖੁੱਲ ਕੇ ਸਮਰਥਨ ਕੀਤਾ ਅਤੇ ਉਹ ਲੀਬੀਆ ਦੇ ਪੂਰਬੀ ਖਿੱਤੇ ਵਿਚ ਆਮ ਜਿੰਦਗੀ ਜਿਉਂ ਰਿਹਾ ਹੈ। ਓਮਰ ਮੁਖ਼ਤਾਰ ਦੀ ਜਿੰਦਗੀ ਅਤੇ ਸੰਘਰਸ਼ ਨੇ ਨਾ ਸਿਰਫ ਲੀਬੀਆ ਦੇ ਇਤਿਹਾਸ ਨੂੰ ਬਣਤਰ ਪ੍ਰਦਾਨ ਕੀਤੀ ਸਗੋਂ ਉਹ ਬਸਤੀਵਾਦ ਖਿਲਾਫ ਲੜ ਰਹੇ ਹੋਰ ਦੇਸ਼ਾਂ ਲਈ ਵੀ ਮਹੱਤਵਪੂਰਨ ਸਖ਼ਸ਼ੀਅਤ ਬਣਿਆ ਜਿਸ ਨੇ ਅਫਰੀਕਨ ਅਤੇ ਅਰਬੀ ਦੇਸ਼ਾਂ ਵਿਚ ਰਾਸ਼ਟਰਵਾਦ ਦੀ ਲਹਿਰ ਨੂੰ ਇਕ ਦਿਸ਼ਾ ਪ੍ਰਦਾਨ ਕੀਤੀ।ਉਸ ਦੀ ਪ੍ਰਭਾਵਸ਼ਾਲੀ ਸ਼ਖ਼ਸੀਅਤ ਦੀ ਇੰਨੀ ਸ਼ਕਤੀਸ਼ਾਲੀ ਵਿਰਾਸਤ ਹੈ ਕਿ ਮੌਜੂਦਾ ਲੀਬੀਆ ਵਿਚ ਸੰਘਰਸ਼ ਕਰ ਰਹੇ ਦੋਹੇਂ ਹੀ ਗੁੱਟ ਓਮਰ ਦੀ ਮੌਤ ਦੇ ਲਗਭਗ ਨੱਬੇ ਵਰਿਆਂ ਬਾਅਦ ਵੀ ਉਸ ਦੀ ਵਿਰਾਸਤ ਨੂੰ ਅਪਣਾਉਣਾ ਚਾਹੁੰਦੇ ਹਨ। ਉਸ ਦੀ ਵਿਰਾਸਤ ਰਾਸ਼ਟਰਵਾਦ ਅਤੇ ਗੌਰਵ ਦੀ ਪ੍ਰਤੀਕ ਮੰਨੀ ਜਾਂਦੀ ਹੈ।ਲੀਬੀਆ ਵਿਚ ਘਟਨਾਵਾਂ ਨੂੰ ਪ੍ਰਭਾਵਿਤ ਕਰਨ ਵਾਲੇ ਵਿਦੇਸ਼ੀ ਇਸਲਾਮਵਾਦੀ ਵੀ ਉਸ ਦੀ ਵਿਰਾਸਤ ਨੂੰ ਅਪਣਾਉਣ ਦੀ ਕੋਸ਼ਿਸ਼ ਵਿਚ ਲੱਗੇ ਹੋਏ ਹਨ।

ਓਮਰ ਦੀ ਪ੍ਰਵਰਿਸ਼ ਬਹੁਤ ਹੀ ਸਾਧਾਰਨ ਮੁਸਲਿਮ ਪਰਿਵਾਰ ਵਿਚ ਹੋਈ ਅਤੇ ਉਸ ਦੇ ਪਿਤਾ ਦੀ ਮੌਤ ਬਹੁਤ ਜਲਦੀ ਹੱਜ ਦੌਰਾਨ ਹੋ ਗਈ ਸੀ।ਉਸ ਦੀ ਸ਼ੁਰੂਆਤੀ ਸਿੱਖਿਆ ਮੁਸਲਿਮ ਮਦਰੱਸੇ ਵਿਚ ਹੋਈ ਅਤੇ ਉਸ ਤੋਂ ਬਾਅਦ ਉਹ ਮੁਸਲਿਮ ਯੂਨੀਵਰਸਿਟੀ ਤੋਂ ਮੁਸਲਿਮ ਸਿੱਖਿਆ ਵਿਚ ਮੁਹਾਰਿਤ ਹਾਸਿਲ ਕਰਕੇ ਸਨਮਾਨਿਤ ਵਿਦਵਾਨ ਬਣਿਆ। ਉਹ ਪੂਰਬੀ ਲੀਬੀਆ ਦੇ ਅਲ-ਮਹਾਫ ਕਬੀਲੇ ਦਾ ਮੈਂਬਰ ਸੀ ਜੋ ਕਿ ਸੈਨਸੁਸੀ ਕੁੱਲ ਨਾਲ ਜੁੜਿਆ ਹੋਇਆ ਸੀ।ਇਸ ਅੰਦੋਲਨ ਵਿਚ ਉਸ ਦੀ ਸ਼ਮੂਲੀਅਤ ਤੋਂ ਬਾਅਦ ਮੁਸਲਿਮ ਵਿਦਵਾਨ ਹੋਣ ਦੇ ਨਾਤੇ ਉਸ ਨੂੰ ਸੈਨਸੁਸੀ ਅੰਦੋਲਨ ਦੇ ਮੁਖੀ ਦੁਆਰਾ ਮਹੱਤਵਪੂਰਨ ਜ਼ਿੰਮੇਵਾਰੀਆਂ ਦਿੱਤੀਆਂ ਗਈਆਂ।ਆਪਣੀਆਂ ਜ਼ਿੰਮੇਵਾਰੀਆਂ ਦਾ ਨਿਰਬਾਹ ਕਰਦੇ ਹੋਏ ਓਮਰ ਆਪਣੀ ਬੁੱਧੀਮਤਾ, ਨਿਰਪੱਖਤਾ ਅਤੇ ਝਗੜਿਆਂ ਨੂੰ ਮਿੱਤਰਤਾਪੂਰਵਕ ਸੁਲਝਾਉਣ ਦੇ ਨਿਸ਼ਚੇ ਕਰਕੇ ਜਾਣਿਆ ਜਾਂਦਾ ਸੀ।ਆਪਣੇ ਗਿਆਨ ਅਤੇ ਕਾਬਲੀਅਤ ਕਰਕੇ ਹੀ ਉਸ ਨੂੰ ਸਨਮਾਨਿਤ ਸਿੱਦੀ ਓਮਰ ਦੇ ਸਨਮਾਨ ਨਾਲ ਨਵਾਜਿਆ ਗਿਆ। ਉਮਰ ਦੇ 50ਵੇਂ ਵਰੇ ਵਿਚ ਉਹ ਮੁਸਲਿਮ ਵਿਦਵਾਨ ਤੋਂ ਇਕ ਯੋਧੇ ਦੇ ਰੂਪ ਵਿਚ ਉੱਭਰਿਆ ਅਤੇ ਫਰਾਂਸੀਸੀ ਬਸਤੀਵਾਦੀਆਂ ਨਾਲ ਲੜਨ ਲਈ ਸਭ ਤੋਂ ਪਹਿਲਾਂ ਆਪਣਾ ਧਿਆਨ ਦੱਖਣੀ ਸੂਡਾਨ ਵੱਲ ਮੋੜਿਆ ਅਤੇ ਫਿਰ ਬ੍ਰਿਟਿਸ਼ ਬਸਤੀਵਾਦੀ ਸੱਤਾ ਦਾ ਸਾਹਮਣਾ ਕਰਨ ਲਈ ਪੂਰਬੀ ਲੀਬੀਆ ਦੀ ਮਿਸਰ ਨਾਲ ਲੱਗਦੀ ਸਰਹੱਦ ਵੱਲ ਧਿਆਨ ਦਿੱਤਾ। ਪ੍ਰਸਿੱਧ ਨਾਈਜੀਰੀਅਨ ਲੇਖਕ ਚਿਨੂਆ ਅਚੀਬੀ ਨੇ ਲਿਖਿਆ, 'ਜਦੋਂ ਤੱਕ ਸ਼ੇਰਾਂ ਦਾ ਆਪਣਾ ਇਤਿਹਾਸ ਨਹੀਂ ਹੋਵੇਗਾ, ਸ਼ਿਕਾਰ ਦਾ ਇਤਿਹਾਸ ਹਮੇਸ਼ਾ ਸ਼ਿਕਾਰੀਆਂ ਦੀ ਮਹਿਮਾ ਹੀ ਗਾਉਂਦਾ ਰਹੇਗਾ।' ਓਮਰ ਦੀ ਵਿਰਾਸਤ ਇਸ ਗੱਲ ਦੀ ਤਸਦੀਕ ਕਰਦੀ ਹੈ ਕਿ ਅਨਿਆਂ ਹਮੇਸ਼ਾ ਹੀ ਦਮਿਤਾਂ ਨੂੰ ਨਾਇਕਾਂ ਵਿਚ ਤਬਦੀਲ ਕਰ ਦਿੰਦਾ ਹੈ ਅਤੇ ਦਮਿਤਾਂ ਦੇ ਸੰਘਰਸ਼ ਵਿਚ ਇਤਿਹਾਸ ਦੀ ਸਿਰਜਣਾ ਹੁੰਦੀ ਹੈ।ਵਿਦੇਸ਼ੀਆਂ, ਤਾਨਾਸ਼ਾਹ ਸ਼ਾਸਕਾਂ ਦੁਆਰਾ ਦੱਬੇ ਹੋਏ ਲੋਕ ਹਮੇਸ਼ਾ ਵਿਰੋਧ ਕਰਦੇ ਹਨ ਅਤੇ ਓਮਰ ਮੁਖ਼ਤਾਰ ਵਰਗੇ ਨੇਤਾ ਇਸ ਵਿਦਰੋਹ ਵਿਚ ਮੋਹਰੀ ਹੋ ਕੇ ਉੱਭਰਦੇ ਹਨ। ਉਸ ਨੇ ਇਟਲੀ ਵਿਚ ਫਾਸੀਵਾਦੀ ਤਾਕਤਾਂ ਦਾ ਸਾਹਮਣਾ ਕੀਤਾ ਜਦੋਂ 1911-12 ਵਿਚ ਉਨਾਂ ਨੇ ਲੀਬੀਆ ਤੇ ਹਮਲਾ ਕੀਤਾ। ਉਹ ਅਣਥੱਕ ਤਰੀਕੇ ਨਾਲ ਅਗਲੇ ਵੀਹ ਸਾਲਾਂ ਤੱਕ ਫਾਸੀਵਾਦੀ ਤਾਕਤਾਂ ਨਾਲ ਲੜਿਆ। ਫਾਸੀਵਾਦੀ ਤਾਕਤਾਂ ਦੁਆਰਾ ਓਮਰ ਫੜਨ ਤੋਂ ਇਕ ਸਾਲ ਪਹਿਲਾਂ ਉਨਾਂ ਨੂੰ ਉਸ ਦੀਆਂ ਐਨਕਾਂ ਮਿਲ ਗਈਆਂ ਜਿਸ ਨੂੰ ਉਨਾਂ ਨੇ ਇਕ ਵੱਡੀ ਜਿੱਤ ਵਜੋਂ ਪ੍ਰਚਾਰਿਆ। ਓਮਰ ਦਾ ਗੌਰਵ ਏਨਾ ਵੱਡਾ ਸੀ। 1931 ਵਿਚ ਘੋੜਸਵਾਰ ਤਾਕਤਾਂ ਦੇ ਵਿਰੋਧ ਦੌਰਾਨ ਉਸ ਨੂੰ ਫੜਿਆ ਗਿਆ। ਅਗਲੇ ਤਿੰਨ ਦਿਨਾਂ ਵਿਚ ਬਹੁਤ ਹੀ ਜਲਦਬਾਜੀ ਵਿਚ ਸਪੈਸ਼ਲ ਮਿਲਟਰੀ ਟ੍ਰਿਬਊਨਲ ਬਿਠਾਇਆ ਗਿਆ ਜਿਸ ਨੇ ਉਸ ਦੀ ਜਨਤਕ ਤੌਰ ਤੇ ਫਾਂਸੀ ਦਾ ਫੈਸਲਾ ਕੀਤਾ। ਮੁੱਖ ਮਿਲਟਰੀ ਜਰਨਲ ਨੇ ਉਸ ਨੂੰ ਸੁਰੱਖਿਅਤ ਰਾਸਤਾ ਅਤੇ ਸ਼ਾਂਤੀ ਸਮਝੌਤਾ ਸੁਝਾਇਆ ਜਿਸ ਨੂੰ ਉਸ ਨੇ ਠੁਕਰਾ ਦਿੱਤਾ ਅਤੇ ਕਿਹਾ, 'ਮੇਰੀ ਉਂਗਲ ਜੋ ਹਰ ਪ੍ਰਾਰਥਨਾ ਦੀ ਤਸਦੀਕ ਕਰਦੀ ਹੈ ਕਿ ਅੱਲਾਹ ਤੋਂ ਬਿਨਾਂ ਕੋਈ ਭਗਵਾਨ ਨਹੀ ਅਤੇ ਮੁਹੰਮਦ ਹੀ ਅੱਲਾਹ ਦਾ ਸੰਦੇਸ਼ਵਾਹਕ ਹੈ, ਉਹ ਇਕ ਵੀ ਸ਼ਬਦ ਗਲਤ ਨਹੀਂ ਲ਼ਿਖ ਸਕਦੀ। ਅਸੀ ਆਤਮ-ਸਮਰਪਣ ਨਹੀਂ ਕਰਾਂਗੇ, ਅਸੀ ਜੇਤੂ ਹੋਵਾਂਗੇ ਜਾਂ ਅਸੀ ਮਰ ਜਾਵਾਂਗੇ।' 16 ਸਤੰਬਰ 1931 ਨੂੰ ਉਸ ਨੂੰ ਹਜਾਰਾਂ ਲੀਬੀਅਨ ਲੋਕਾਂ ਦੇ ਸਾਹਮਣੇ ਫਾਂਸੀ ਚੜਾ ਦਿੱਤਾ ਗਿਆ। ਅੱਜ ਦਾ ਲੀਬੀਆ ਇਕ ਵਾਰ ਫਿਰ ਮੁਖ਼ਤਾਰ ਦੀ ਚਾਹ ਕਰ ਰਿਹਾ ਤਾਂ ਕਿ ਵਿਦੇਸ਼ੀ ਤਾਕਤਾਂ ਤੋਂ ਛੁਟਕਾਰਾ ਪਾ ਕੇ ਓਮਰ ਦੇ ਸੰਗਠਿਤ ਲੀਬੀਆ ਦੇ ਸੁਪਨੇ ਨੂੰ ਪੂਰਾ ਕੀਤਾ ਜਾ ਸਕੇ।

# ਕੋਰੋਨਾ ਕਾਰਨ 400 ਸਾਲਾ ਪ੍ਰਕਾਸ਼ ਪੁਰਬ ਸਮਾਗਮ ਸੀਮਤ ਰੱਖੇਗੀ ਸ਼੍ਰੋਮਣੀ ਕਮੇਟੀ

**ਅੰਮ੍ਰਿਤਸਰ/ਏ.ਟੀ.ਨਿਊਜ਼ :** ਕੋਰੋਨਾ ਮਹਾਂਮਾਰੀ ਕਾਰਨ ਸ਼੍ਰੋਮਣੀ ਕਮੇਟੀ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 400 ਸਾਲਾ ਪ੍ਰਕਾਸ਼ ਪੁਰਬ ਮੌਕੇ ਕਰਵਾਏ ਜਾਣ ਵਾਲੇ ਵਿਸ਼ਾਲ ਸਮਾਗਮਾਂ ਨੂੰ ਸੀਮਤ ਕਰਨ ਦਾ ਫੈਸਲਾ ਕੀਤਾ ਹੈ। ਪ੍ਰਧਾਨ ਬੀਬੀ ਜਗੀਰ ਕੌਰ ਨੇ ਕਿਹਾ ਕਿ 400 ਸਾਲਾ ਪ੍ਰਕਾਸ਼ ਪੁਰਬ ਸ਼ਤਾਬਦੀ ਦੇ ਸਮਾਗਮ ਸੰਗਤ ਦੇ ਸਹਿਯੋਗ ਨਾਲ ਭਾਈ ਗੁਰਦਾਸ ਜੀ ਨਗਰ ਨਿਊ ਅੰਮ੍ਰਿਤਸਰ ਵਿਖੇ ਸ਼ਾਨੋ-ਸ਼ੌਕਤ ਨਾਲ ਮਨਾਏ ਜਾਣੇ ਸਨ ਪ੍ਰੰਤੂ ਕੋਰੋਨਾ ਕਾਰਨ ਇਹ ਸਮਾਗਮ ਹੁਣ ਸ੍ਰੀ ਹਰਿਮੰਦਰ ਸਾਹਿਬ ਵਿਖੇ ਸਥਿਤ ਗੁਰਦੁਆਰਾ ਸ੍ਰੀ ਮੰਜੀ ਸਾਹਿਬ, ਦੀਵਾਨ ਹਾਲ ਵਿਚ ਹੀ ਕੀਤੇ ਜਾਣਗੇ। ਉਨਾਂ ਕਿਹਾ ਕਿ ਸਰਕਾਰ ਦੇ ਅਧਿਕਾਰੀਆਂ ਨਾਲ ਕੀਤੀ ਗਈ ਗੱਲਬਾਤ ਕਾਰਨ ਇਹ ਫੈਸਲਾ ਲਿਆ ਗਿਆ ਹੈ। ਬੀਬੀ ਜਗੀਰ ਕੌਰ ਨੇ ਕਿਹਾ ਕਿ ਸੰਗਤਾਂ ਵਿਚ ਸ਼ਤਾਬਦੀ ਸਮਾਗਮਾਂ ਪ੍ਰਤੀ ਭਾਰੀ ਉਤਸ਼ਾਹ ਸੀ, ਪਰੰਤੂ ਕੋਰੋਨਾ ਕਾਰਨ ਹਾਲਾਤਾਂ ਦੇ ਮੱਦੇਨਜ਼ਰ ਸੰਗਤ ਦਾ ਵੱਡਾ ਇਕੱਠ ਨਹੀਂ ਕੀਤਾ ਜਾਵੇਗਾ। ਗੁਰੂ ਸਾਹਿਬ ਦੇ ਪ੍ਰਕਾਸ਼ ਅਸਥਾਨ ਗੁਰਦੁਆਰਾ ਗੁਰੂ ਕੇ ਮਹਿਲ ਵਿਖੇ ਸਮਾਗਮ ਨਿਰੰਤਰ ਚੱਲ ਰਹੇ ਹਨ, ਜਿਨਾਂ ਦਾ ਸਿੱਧਾ ਪ੍ਰਸਾਰਣ ਕੀਤਾ ਜਾ ਰਿਹਾ ਹੈ। ਸ਼ਤਾਬਦੀ ਸਮੇਂ ਵੀ ਇਸੇ ਤਰਾਂ ਹੀ ਸਮਾਗਮਾਂ ਦਾ ਸਿੱਧਾ ਪ੍ਰਸਾਰਣ ਕਰਵਾਇਆ ਜਾਵੇਗਾ, ਤਾਂ ਜੋ ਦੇਸ਼ ਦੁਨੀਆ ਦੀ ਸੰਗਤ ਇਤਿਹਾਸਕ ਦਿਹਾੜੇ ਨਾਲ ਜੁੜ ਸਕੇ।

ਬੀਬੀ ਜਗੀਰ ਕੌਰ ਨੇ ਕਿਹਾ ਕਿ ਭਾਵੇਂ ਸ਼੍ਰੋਮਣੀ ਕਮੇਟੀ ਵੱਲੋਂ ਕੋਰੋਨਾ ਮਰੀਜ਼ਾਂ ਨੂੰ ਵਧੀਆ ਇਲਾਜ ਦਿੱਤਾ ਜਾ ਰਿਹਾ ਹੈ ਪਰ ਹੁਣ ਹਾਲਾਤ ਦੀ ਨਾਜ਼ੁਕਤਾ ਨੂੰ ਵੇਖਦਿਆਂ ਸ੍ਰੀ ਗੁਰੂ ਰਾਮਦਾਸ ਹਸਪਤਾਲ ਚਾਟੀਵਿੰਡ ਗੇਟ ਵਿਖੇ 100 ਬੈੱਡਾਂ ਦੇ ਪ੍ਰਬੰਧ ਨਾਲ ਪੂਰੀ ਤਰਾਂ ਕੋਰੋਨਾ ਮਰੀਜ਼ਾਂ ਲਈ ਰਾਖਵਾਂ ਕਰ ਦਿੱਤਾ ਹੈ। ਸ੍ਰੀ ਗੁਰੂ ਰਾਮਦਾਸ ਮੈਡੀਕਲ ਕਾਲਜ ਵੱਲਾ, ਸ੍ਰੀ ਗੁਰੂ ਰਾਮਦਾਸ ਹਸਪਤਾਲ ਅੰਮ੍ਰਿਤਸਰ, ਬਾਬਾ ਬੁੱਢਾ ਜੀ ਹਸਪਤਾਲ ਬੀੜ ਸਾਹਿਬ ਅਤੇ ਫੁਹਾਰਾ ਚੌਕ ਅੰਮ੍ਰਿਸਰ ਵਿਖੇ ਕੋਰੋਨਾ ਟੀਕਾਕਰਨ ਦੀ ਸਹੂਲਤ ਵੀ ਮੁਫ਼ਤ ਦਿੱਤੀ ਜਾ ਰਹੀ ਹੈ। ਕੋਰੋਨਾ ਮਰੀਜ਼ਾਂ ਦੇ ਇਲਾਜ ਵਿਚ ਆਕਸੀਜਨ ਦੀ ਵੱਡੀ ਸਮੱਸਿਆ ਆ ਰਹੀ ਹੈ, ਜਿਸ ਲਈ ਸਰਕਾਰ ਨੂੰ ਪੁਖਤਾ ਪ੍ਰਬੰਧ ਕਰਨਾ ਚਾਹੀਦਾ ਹੈ। ਮੁੱਖ ਸਕੱਤਰ ਪੰਜਾਬ ਸਰਕਾਰ ਨਾਲ ਗੱਲ ਵੀ ਕੀਤੀ ਗਈ ਹੈ। ਕੋਰੋਨਾ ਵੈਕਸੀਨ ਵੀ ਪੂਰੀ ਤਰਾਂ ਉਪਲਬਧ ਨਾ ਹੋਣ ਕਾਰਨ ਸਮੱਸਿਆ ਬਣ ਸਕਦੀ ਹੈ। ਸ਼੍ਰੋਮਣੀ ਕਮੇਟੀ ਵੱਲੋਂ ਵੈਕਸੀਨ ਲਈ ਅਗਾਊਂ ਪੈਸੇ ਜਮਾਂ ਕਰਵਾਏ ਗਏ ਹਨ ਅਤੇ ਸਰਕਾਰ ਨੂੰ ਅਪੀਲ ਹੈ ਕਿ ਵੈਕਸੀਨ ਦੀ ਸਪਲਾਈ ਯਕੀਨੀ ਬਣਾਈ ਜਾਵੇ।

# ਨਹੀਂ ਰਹੇ ਸਿੱਖ ਯੂਥ ਆਫ ਅਮਰੀਕਾ ਦੇ ਫਾਊਂਡਰ ਮੈਂਬਰ ਰਵੀ ਸ਼ੇਰਗਿੱਲ



**ਅੰਮ੍ਰਿਤਸਰ ਟਾਈਮਜ਼ ਬਿਊਰੋ :** ਸਿੱਖ ਯੂਥ ਆਫ ਅਮਰੀਕਾ ਦੇ ਫਾਊਂਡਰ ਮੈਂਬਰ ਰਵੀ ਸ਼ੇਰਗਿੱਲ ਦੀ ਦਿੱਲ ਦਾ ਦੌਰਾ ਪੈਣ ਕਾਰਣ ਕੱਲ੍ਹ ਮੌਤ ਹੋ ਗਈ। 1984 ਦੇ ਦਰਬਾਰ ਸਾਹਿਬ ਹਮਲੇ ਤੋਂ ਬਾਅਦ ਉਹਨਾਂ ਨੇ ਸਿੱਖ ਯੂਥ ਆਫ ਕੈਲੇਫੋਰਨੀਆ ਸਥਾਪਿਤ ਕੀਤੀ।

ਉਹਨਾਂ ਨੇ ਖਾਲਿਸਤਾਨ ਅਤੇ ਮਨੁੱਖੀ ਅਧਿਕਾਰਾਂ ਲਈ ਅਣਥੱਕ ਸੇਵਾ ਕੀਤੀ। ਅਦਾਰਾ ਅੰਮ੍ਰਿਤਸਰ ਟਾਈਮਜ ਦੇ ਭਾਈ ਜਸਜੀਤ ਸਿੰਘ ਨੇ ਉਹਨਾਂ ਬਾਰੇ ਗੱਲ ਕਰਦੇ ਹੋਏ ਦੱਸਿਆ ਕਿ ਰਵੀ ਸ਼ੇਰਗਿੱਲ ਰਸ਼ਨ ਦਿਮਾਗ ਵਾਲਾ ਬੰਦਾ ਸੀ ਅਤੇ ਪੰਥਕ ਦਰਦ ਰੱਖਦਾ ਸੀ। ਅਕਾਲ ਪੁਰਖ ਅੱਗੇ ਅਰਦਾਸ ਹੈ ਰਵੀ ਨੂੰ ਆਪਣੇ ਚਰਨਾ ਵਿੱਚ ਨਿਵਾਸ ਬਖਸ਼ਣ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬੱਲ ਬਖਸ਼ਣ।

# ਮਹਾਰਾਜਾ ਦਲੀਪ ਸਿੰਘ ਦੇ ਵਿਆਹ ਵਿਚ ਲਾਰਡ ਡਲਹੌਜ਼ੀ ਦਾ ਅੜਿੱਕਾ

**ਗੁਰਦੇਵ ਸਿੰਘ ਸਿੱਧੂ**

ਈਸਟ ਇੰਡੀਆ ਕੰਪਨੀ ਦੇ ਹਿੰਦੋਸਤਾਨ ਵਿਚਲੇ ਹੁਕਮਰਾਨ ਲਾਰਡ ਡਲਹੌਜ਼ੀ ਦੀ ਦੇਸੀ ਰਿਆਸਤਾਂ ਨੂੰ ਹੜੱਪਣ ਦੀ ਨੀਤੀ ਅਧੀਨ ਪੰਜਾਬ ਨੂੰ ਲਗਭਗ ਅੱਧੀ ਸਦੀ ਪ੍ਰਭੂਸੱਤਾ ਦਾ ਸੁੱਖ ਭੁਗਤਾਉਣ ਵਾਲੇ ਮਹਾਰਾਜਾ ਰਣਜੀਤ ਸਿੰਘ ਦੇ ਅਕਾਲ ਚਲਾਣੇ ਤੋਂ ਛੇਤੀ ਹੀ ਪਿੱਛੋਂ ਅੰਗਰੇਜ਼ੀ ਸਲਤਨਤ ਦਾ ਹਿੱਸਾ ਬਣਾਉਣ ਦੀ ਕਵਾਇਦ ਸ਼ੁਰੂ ਹੋ ਗਈ। ਲਾਰਡ ਡਲਹੌਜ਼ੀ ਪੰਜਾਬ ਦੇ ਸੁਤੰਤਰ ਖਾਲਸਾ ਰਾਜ ਨੂੰ ਕੰਪਨੀ ਬਹਾਦਰ ਦੇ ਝੰਡੇ ਹੇਠ ਲਿਆਉਣ ਨੂੰ ਕਿੰਨਾ ਮਹੱਤਵ ਦਿੰਦਾ ਸੀ, ਇਸ ਦਾ ਅੰਦਾਜ਼ਾ ਇਸ ਤੱਥ ਤੋਂ ਲਾਇਆ ਜਾ ਸਕਦਾ ਹੈ ਕਿ ਪਹਿਲੇ ਅੰਗਰੇਜ਼-ਸਿੱਖ ਯੁੱਧ ਵਿਚ ਉਹ ਅੰਗਰੇਜ਼ੀ ਸੈਨਾ ਦੇ ਸੈਨਾਪਤੀ ਦਾ ਡਿਪਟੀ ਬਣ ਕੇ ਯੁੱਧ ਵਿਚ ਸ਼ਾਮਲ ਹੋਇਆ ਸੀ।

ਦਲੀਪ ਸਿੰਘ ਮਹਾਰਾਜਾ ਰਣਜੀਤ ਸਿੰਘ ਦਾ ਉਸ ਦੀ ਸਭ ਤੋਂ ਛੋਟੀ ਰਾਣੀ, ਮਹਾਰਾਣੀ ਜਿੰਦਾਂ ਦੇ ਪੇਟੋਂ 6 ਸਤੰਬਰ 1938 ਨੂੰ ਜਨਮਿਆ ਪੁੱਤਰ ਸੀ। ਉਨੀਂ ਦਿਨੀਂ ਸਿੱਖ ਸਰਦਾਰ ਘਰਾਣਿਆਂ ਵਿਚ ਆਪਣੇ ਬੱਚਿਆਂ ਨੂੰ ਨਿੱਕੀ ਉਮਰ ਵਿਚ ਹੀ ਵਿਆਹ ਲੈਣ ਦਾ ਰਿਵਾਜ ਸੀ। ਮਹਾਰਾਜਾ ਰਣਜੀਤ ਸਿੰਘ ਦਾ ਵਿਆਹ ਪੰਦਰਾਂ ਸਾਲ ਦੀ ਉਮਰ ਵਿੱਚ ਕਨੱਈਆ ਮਿਸਲ ਦੇ (ਸਵਰਗੀ) ਸਰਦਾਰ ਗੁਰਬਖਸ਼ ਸਿੰਘ ਅਤੇ ਸਰਦਾਰਨੀ ਸਦਾ ਕੌਰ ਦੀ ਪੁੱਤਰੀ ਬੀਬੀ ਮਹਿਤਾਬ ਕੌਰ ਨਾਲ ਹੋਇਆ। ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਪੁੱਤਰ ਕੰਵਰ ਖੜਕ ਸਿੰਘ ਦੀ ਸ਼ਾਦੀ ਵੀ ਉਸ ਦੀ ਬਾਲ ਉਮਰ ਵਿੱਚ ਹੀ ਕਰ ਦਿੱਤੀ। ਜਦੋਂ ਇਹ ਸ਼ਾਦੀ ਕਨੱਈਆ ਮਿਸਲ ਦੇ ਸ. ਜੈਮਲ ਸਿੰਘ ਦੀ ਪੁੱਤਰੀ ਚੰਦ ਕੌਰ ਨਾਲ ਹੋਈ, ਉਦੋਂ ਖੜਕ ਸਿੰਘ ਦੀ ਉਮਰ ਕੇਵਲ ਗਿਆਰਾਂ ਸਾਲ ਦੀ ਸੀ। ਪੰਦਰਾਂ ਸਾਲ ਦੀ ਉਮਰ ਵਿੱਚ ਖੜਕ ਸਿੰਘ ਦੀ ਦੂਜੀ ਸ਼ਾਦੀ ਸ. ਜੋਧ ਸਿੰਘ ਬਾਜਵਾ ਕਲਾਸਵਾਲਾ ਦੀ ਬੇਟੀ ਖੇਮ ਕੌਰ ਨਾਲ ਹੋਈ। ਖੜਕ ਸਿੰਘ ਦੇ ਪੁੱਤਰ ਨੌਨਿਹਾਲ ਸਿੰਘ ਦੇ ਵਿਆਹ ਦੀ ਵਿੱਥਿਆ ਵੀ ਇਸ ਤੋਂ ਭਿੰਨ ਨਹੀਂ। ਨੌਨਿਹਾਲ ਸਿੰਘ ਦੀ ਸ਼ਾਦੀ ਉਸ ਦੀ ਉਮਰ ਦੇ ਸੋਲਵੇਂ ਸਾਲ ਵਿੱਚ ਸਰਦਾਰ ਸ਼ਾਮ ਸਿੰਘ ਅਟਾਰੀਵਾਲਾ ਦੀ ਛੋਟੀ ਭੈਣ ਬੀਬੀ ਨਾਨਕੀ ਨਾਲ ਹੋ ਗਈ ਸੀ। ਇਸ ਲਈ ਇਹ ਗੱਲ ਹੈਰਾਨੀ ਵਾਲੀ ਨਹੀਂ ਸੀ ਹੋਣੀ, ਜੇਕਰ ਇਸ ਪਰਿਵਾਰਕ ਪਰੰਪਰਾ ਅਨੁਸਾਰ ਦਲੀਪ ਸਿੰਘ ਦੀ ਸ਼ਾਦੀ ਵੀ ਛੋਟੀ ਉਮਰ ਵਿਚ ਹੀ ਹੋ ਜਾਂਦੀ, ਪਰ ਰਾਜਨੀਤਿਕ ਦ੍ਰਿਸ਼ ਬਦਲਣ ਕਾਰਨ ਅਜਿਹਾ ਹੋ ਨਹੀਂ ਸਕਿਆ।

ਮਹਾਰਾਜਾ ਸ਼ੇਰ ਸਿੰਘ ਨੂੰ ਕਤਲ ਕੀਤੇ ਜਾਣ ਪਿੱਛੋਂ 15 ਸਤੰਬਰ 1843 ਨੂੰ ਦਲੀਪ ਸਿੰਘ ਨੂੰ ਰਾਜ ਤਿਲਕ ਲਗਾਇਆ ਗਿਆ। ਇਸ ਵੇਲੇ ਉਸ ਦੀ ਉਮਰ ਕੇਵਲ ਪੰਜ ਸਾਲ ਹੀ ਸੀ। ਰਾਜ ਗੱਦੀ ਉੱਤੇ ਬੈਠਣ ਤੋਂ ਪੌਣੇ ਦੋ ਸਾਲ ਬਾਅਦ ਲਗਭਗ ਸੱਤ ਕੁ ਸਾਲ ਦੀ ਉਮਰ ਵਿੱਚ 21 ਜੁਲਾਈ 1945 ਨੂੰ ਉਸ ਦੀ ਮੰਗਣੀ ਅਟਾਰੀ ਖਾਨਦਾਨ ਦੇ ਸ. ਚਤਰ ਸਿੰਘ ਦੀ ਲੜਕੀ ਨਾਲ ਕੀਤੀ ਗਈ। ਸ. ਚਤਰ ਸਿੰਘ ਲਾਹੌਰ ਦਰਬਾਰ ਦਾ ਸਿਰਕੱਢ ਸਰਦਾਰ ਹੋਣ ਕਾਰਨ ਇਸ ਸਮੇਂ ਹਜ਼ਾਰੇ ਦੇ ਗਵਰਨਰ ਵਜੋਂ ਜ਼ਿੰਮੇਵਾਰੀ ਨਿਭਾ ਰਿਹਾ ਸੀ। ਸੰਭਵ ਹੈ, ਛੇਤੀ ਹੀ ਮਹਾਰਾਜਾ ਦਲੀਪ ਸਿੰਘ ਦੀ ਸ਼ਾਦੀ ਹੋ ਜਾਂਦੀ ਪਰ ਲਾਹੌਰ ਦਰਬਾਰ ਵਿਚ ਚੱਲ ਰਹੀ ਖਾਨਾਜੰਗੀ ਕਾਰਨ ਅਜਿਹਾ ਨਹੀਂ ਹੋ ਸਕਿਆ। ਮਹਾਰਾਜਾ ਦਲੀਪ ਸਿੰਘ ਦਾ ਮਾਮਾ ਜਵਾਹਰ ਸਿੰਘ ਵਜ਼ੀਰ ਵਜੋਂ ਜ਼ਿੰਮੇਵਾਰੀ ਨਿਭਾ ਰਿਹਾ ਸੀ। ਉਹ ਸਿੱਖ ਫ਼ੌਜ ਹੱਥੋਂ 21 ਸਤੰਬਰ 1845 ਨੂੰ ਕਤਲ ਹੋ ਗਿਆ ਅਤੇ ਦਸੰਬਰ 1845 ਵਿੱਚ ਅੰਗਰੇਜ਼ਾਂ ਨਾਲ ਸਿੱਖ ਫ਼ੌਜ ਦੀ ਪਹਿਲੀ ਲੜਾਈ ਸ਼ੁਰੂ ਹੋ ਗਈ। ਮੁੱਦਕੀ, ਫੇਰੂ ਸ਼ਹਿਰ, ਸਭਰਾਉਂ ਆਦਿ ਸਥਾਨਾਂ ਉੱਤੇ ਹੋਈਆਂ ਲੜਾਈਆਂ ਵਿੱਚ ਸਿੱਖ ਫ਼ੌਜ ਨੂੰ ਹਰਾਉਣ ਉਪਰੰਤ ਹਿੰਦੋਸਤਾਨ ਦਾ ਅੰਗਰੇਜ਼ ਗਵਰਨਰ ਜਨਰਲ ੨੦ ਫਰਵਰੀ ੧੮੪੬ ਨੂੰ ਲਾਹੌਰ ਵਿਚ ਦਾਖਲ ਹੋਇਆ। ਨੌਂ ਮਾਰਚ ੧੮੪੬ ਨੂੰ ਲਾਹੌਰ ਦਰਬਾਰ ਅਤੇ ਕੰਪਨੀ ਦਰਮਿਆਨ ਸਹੀ ਕੀਤੀ ਸੰਧੀ ਅਨੁਸਾਰ ਦਲੀਪ ਸਿੰਘ ਦੇ ਨਾਂ ਹੇਠ ਚੱਲ ਰਹੇ ਰਾਜ ਪ੍ਰਬੰਧ ਵਿਚ ਮਹਾਰਾਣੀ ਜਿੰਦਾਂ ਨੂੰ ਕੁਝ ਅਧਿਕਾਰ ਦਿੱਤਾ ਗਿਆ, ਪਰ ਕੁਝ ਹੀ ਮਹੀਨਿਆਂ ਪਿੱਛੋਂ 16 ਦਸੰਬਰ 1846 ਨੂੰ ਹੋਈ ਨਵੀਂ ਸੰਧੀ, ਜੋ ਭਰੋਵਾਲ ਦੀ ਸੰਧੀ ਦੇ ਨਾਮ ਨਾਲ ਜਾਣੀ ਜਾਂਦੀ ਹੈ, ਅਧੀਨ ਰਾਜਭਾਗ ਦਾ ਕੰਟਰੋਲ ਗਵਰਨਰ ਜਨਰਲ ਹਿੰਦ ਵੱਲੋਂ ਲਾਹੌਰ ਵਿਚ ਨਿਯੁਕਤ ਰੈਜ਼ੀਡੈਂਟ ਮਿਸਟਰ ਹੈਨਰੀ ਲਾਰੈਂਸ ਦੇ ਹੱਥ ਦੇ ਦਿੱਤਾ ਗਿਆ। ਮਹਾਰਾਣੀ ਜਿੰਦਾਂ ਨੂੰ ਬਿਲਕੁਲ ਅਧਿਕਾਰਹੀਣ ਕਰ ਦਿੱਤਾ ਗਿਆ, ਦਲੀਪ ਸਿੰਘ ਤਾਂ ਪਹਿਲਾਂ ਹੀ ਨਾਮਧਰੀਕ ਮਹਾਰਾਜਾ ਸੀ।

ਲਾਰਡ ਡਲਹੌਜ਼ੀ ਨੇ ਜਾਣ ਲਿਆ ਸੀ ਕਿ ਪੰਜਾਬੀ ਪਰੰਪਰਾ ਅਨੁਸਾਰ ਵਿਅਕਤੀ ਦੋ ਪਰਿਵਾਰਾਂ ਤੋਂ ਪ੍ਰਭਾਵ ਕਬੂਲਦਾ ਹੈ, ਇਕ ਉਸ ਦਾ ਆਪਣਾ ਪਰਿਵਾਰ ਅਤੇ ਦੂਜਾ ਸਹੁਰਾ ਪਰਿਵਾਰ। ਦਲੀਪ ਸਿੰਘ ਦੇ ਮਾਮਲੇ ਵਿਚ ਉਸ ਦੇ ਪਰਿਵਾਰ ਦੀ ਇਕੋ ਇਕ ਦੂਜੀ ਮੈਂਬਰ ਉਸ ਦੀ ਮਾਂ ਮਹਾਰਾਣੀ ਜਿੰਦਾਂ ਸੀ ਅਤੇ ਲਾਰਡ ਡਲਹੌਜ਼ੀ ਦਾ ਕੱਢਿਆ ਸਿੱਟਾ ਇਹ ਸੀ ਕਿ ਆਪਣੀ ਮਾਂ ਦੀ ਸੰਗਤ ਵਿਚ ਰਹਿੰਦਿਆਂ ਬਾਲਪਨ ਵਿਚੋਂ ਨਿਕਲਣ ਉਪਰੰਤ ਦਲੀਪ ਸਿੰਘ ਦੇ ਮਨ ਵਿਚ ਮਹਾਰਾਜੇ ਵਜੋਂ ਆਪਣੇ ਅਧਿਕਾਰਾਂ ਦੀ ਪ੍ਰਾਪਤੀ ਬਾਰੇ ਇੱਛਾ ਕਦੇ





ਵੀ ਜਨਮ ਲੈ ਸਕਦੀ ਹੈ। ਇਸ ਸੰਭਾਵਨਾ ਤੋਂ ਛੁਟਕਾਰਾ ਪਾਉਣ ਲਈ ਉਸ ਨੇ ਮਹਾਰਾਣੀ ਜਿੰਦਾਂ ਨੂੰ ਪਹਿਲਾਂ ਲਾਹੌਰ ਬਦਰ ਅਤੇ ਫਿਰ ਪੰਜਾਬ ਬਦਰ ਕਰ ਦਿੱਤਾ ਸੀ। ਹੁਣ ਉਸ ਦਾ ਨਿਸ਼ਾਨਾ ਲੋੜੀਂਦੀ ਗੰਢਤੁੱਪ ਕਰ ਕੇ ਮਹਾਰਾਜਾ ਦਲੀਪ ਸਿੰਘ ਨੂੰ ਉਸ ਦੇ ਭਾਵੀ ਸਹੁਰੇ ਪਰਿਵਾਰ ਨਾਲੋਂ ਤੋੜਨਾ ਸੀ। ਸ. ਚਤਰ ਸਿੰਘ ਅਟਾਰੀ ਬੜਾ ਦੂਰਅੰਦੇਸ਼ ਅਤੇ ਸਿਆਣਾ ਬਜ਼ੁਰਗ ਸਰਦਾਰ ਸੀ। ਉਹ ਲਾਹੌਰ ਦਰਬਾਰ ਵਿਚ ਘਟਨਾਵਾਂ ਦੇ ਵਹਿਣ ਨੂੰ ਧਿਆਨ ਨਾਲ ਵੇਖ ਰਿਹਾ ਸੀ ਅਤੇ ਉਹ ਕੁਝ ਹੱਦ ਤੱਕ ਭਵਿੱਖ ਨੂੰ ਸਮਝਣ ਦੇ ਸਮਰੱਥ ਸੀ। ਅੰਗਰੇਜ਼ ਹਾਕਮ ਵੱਲੋਂ ਮਹਾਰਾਣੀ ਜਿੰਦਾਂ ਨੂੰ ਪੰਜਾਬ ਤੋਂ ਬਾਹਰ ਕੈਦ ਕਰਨ ਨੇ ਉਸ ਦੇ ਤੌਖ਼ਲੇ ਵਧਾ ਦਿਤੇ ਸਨ। ਇਸ ਲਈ ਉਹ ਚਾਹੁੰਦਾ ਸੀ ਕਿ ਜਿੰਨੀ ਜਲਦੀ ਹੋ ਸਕੇ ਮਹਾਰਾਜਾ ਦਲੀਪ ਸਿੰਘ ਦਾ ਉਸ ਦੀ ਲੜਕੀ ਨਾਲ ਵਿਆਹ ਕਾਰਜ ਸੰਪੰਨ ਹੋ ਜਾਣਾ ਚਾਹੀਦਾ ਹੈ। ਉਸ ਨੇ ਆਪਣੀ ਧੀ ਨੂੰ ਦੇਣ ਵਾਲਾ ਦਾਜ ਦਹੇਜ ਪੂਰੀ ਤਰਾਂ ਤਿਆਰ ਕੀਤਾ ਹੋਇਆ ਸੀ, ਪਰ ਅੰਗਰੇਜ਼ ਹਾਕਮਾਂ ਦੀ ਨੀਅਤ ਨੂੰ ਸਮਝਦਿਆਂ ਉਹ ਵਿਆਹ ਛੇਤੀ ਕਰ ਦੇਣ ਦੀ ਗੱਲ ਖੁੱਲ ਕੇ ਨਹੀਂ ਸੀ ਕਰਦਾ। ਲਾਹੌਰ ਦਰਬਾਰ ਵਿਚ ਕੁਝ ਟਿਕ ਟਿਕਾਅ ਆ ਜਾਣ ਉਪਰੰਤ ਉਸ ਨੇ 1848 ਈਸਵੀ ਦੇ ਸ਼ੁਰੂ ਵਿਚ ਰੈਜ਼ੀਡੈਂਟ ਨੂੰ ਸੁਨੇਹਾ ਭੇਜਿਆ ਕਿ ਇਸ ਜ਼ਿੰਦਗੀ ਵਿਚ ਉਸ ਦੀਆਂ ਕੇਵਲ ਦੋ ਹੀ ਇੱਛਾਵਾਂ ਬਾਕੀ ਹਨ। ਪਹਿਲੀ ਆਪਣੀ ਲੜਕੀ ਦੀ ਸ਼ਾਦੀ ਕਰ ਦੇਣਾ ਅਤੇ ਦੂਜੀ ਤੀਰਥਾਂ ਦੀ ਯਾਤਰਾ ਕਰਨੀ, ਪਰ ਤੀਰਥ ਯਾਤਰਾ ਲਈ ਜਾਣ ਤੋਂ ਪਹਿਲਾਂ ਉਹ ਆਪਣੀ ਲੜਕੀ ਦੀ ਸ਼ਾਦੀ ਕਰ ਦੇਣੀ ਚਾਹੁੰਦਾ ਹੈ। ਰੈਜ਼ੀਡੈਂਟ ਇਸ ਮਾਮਲੇ ਵਿਚ ਵਾਇਸਰਾਏ ਦੀ ਸੋਚ ਤੋਂ ਜਾਣੂੰ ਸੀ। ਇਸ ਲਈ ਉਸ ਨੇ ਸ. ਚਤਰ ਸਿੰਘ ਦੇ ਸੁਨੇਹੇ ਪ੍ਰਤੀ ਕੋਈ ਹੁੰਗਾਰਾ ਨਾ ਭਰਿਆ। ਰੈਜ਼ੀਡੈਂਟ ਵੱਲੋਂ ਕੋਈ ਉੱਤਰ ਨਾ ਮਿਲਣ ਉੱਤੇ ਸ. ਚਤਰ ਸਿੰਘ ਨੇ ਆਪਣੇ ਲੜਕੇ ਰਾਜਾ ਸ਼ੇਰ ਸਿੰਘ ਨੂੰ ਇਸ ਸੰਬੰਧੀ ਅੰਗਰੇਜ਼ ਰੈਜ਼ੀਡੈਂਟ ਨਾਲ ਗੱਲ ਕਰਕੇ ਮਹਾਰਾਜੇ ਦੇ ਵਿਆਹ ਦੀ ਤਰੀਕ ਨਿਸ਼ਚਿਤ ਕਰਵਾਉਣ ਲਈ ਆਖਿਆ। ਮਹਾਰਾਜਾ ਦਲੀਪ ਸਿੰਘ ਦਾ ਰਿਸ਼ਤੇ ਵਜੋਂ ਸਾਲਾ ਲੱਗਦਾ ਰਾਜਾ ਸ਼ੇਰ ਸਿੰਘ ਲਾਹੌਰ ਸਥਿਤ ਅੰਗਰੇਜ਼ ਰੈਜ਼ੀਡੈਂਟ ਦੀ ਸਹਾਇਤਾ ਕਰਨ ਲਈ ਬਣਾਈ ਗਈ ਸਲਾਹਕਾਰ ਕੌਂਸਲ ਦਾ ਮੈਂਬਰ ਸੀ। ਉਸ ਨੇ ਇਸ ਮਾਮਲੇ ਬਾਰੇ ਰੈਜ਼ੀਡੈਂਟ ਨਾਲ ਗੱਲ ਕਰਨ ਦਾ ਯਤਨ ਕੀਤਾ, ਪਰ ਉਸ ਦੇ ਯਤਨ ਨੂੰ ਬੂਰ ਨਾ ਪਿਆ। ਰੈਜ਼ੀਡੈਂਟ ਦਾ ਠੰਢਾ ਹੁੰਗਾਰਾ ਵੇਖਦਿਆਂ ਰਾਜਾ ਸ਼ੇਰ ਸਿੰਘ ਨੇ ਰੈਜ਼ੀਡੈਂਟ ਦੇ ਸਹਾਇਕ ਮਿਸਟਰ ਹਰਬਟ ਐਡਵਰਡ, ਜਿਸ ਨਾਲ ਕੰਮ ਕਰਦਿਆਂ ਉਸ ਦੇ ਮਿੱਤਰਾਨਾ ਸੰਬੰਧ ਬਣ ਚੁੱਕੇ ਸਨ, ਨੂੰ ਸਹਾਇਤਾ ਕਰਨ ਦੀ ਬੇਨਤੀ ਕੀਤੀ। ਹਰਬਰਟ ਐਡਵਰਡ ਨੇ ਰਾਜਾ ਸ਼ੇਰ ਸਿੰਘ ਨਾਲ ਆਪਣੇ ਨਿੱਘੇ ਮਿੱਤਰਾਨਾ ਸੰਬੰਧਾਂ ਕਾਰਨ ਝਟਪਟ ਉਸ ਦੀ ਬੇਨਤੀ ਗਵਰਨਰ ਜਨਰਲ ਲਾਰਡ ਡਲਹੌਜ਼ੀ ਨੂੰ ਭੇਜ ਦਿੱਤੀ। ਲਾਰਡ ਡਲਹੌਜ਼ੀ, ਜੋ ਕਿਸੇ ਵੀ ਸੂਰਤ ਵਿਚ ਇਸ ਰਿਸ਼ਤੇ ਨੂੰ ਸਿਰੇ ਚੜਦਾ ਵੇਖਣਾ ਨਹੀਂ ਸੀ ਚਾਹੁੰਦਾ, ਨੇ ਰੈਜ਼ੀਡੈਂਟ ਦੇ ਸਹਾਇਕ ਦੀ ਇਸ ਕਾਰਵਾਈ ਨੂੰ ਬੇਹੱਦ ਨਾ-ਪਸੰਦ ਕੀਤਾ ਅਤੇ ਇਸ ਬਾਰੇ ੨੨ ਅਗਸਤ 1848 ਨੂੰ ਰੈਜ਼ੀਡੈਂਟ ਨੂੰ ਸੰਬੋਧਿਤ ਪੱਤਰ ਵਿੱਚ ਲਿਖਿਆ, 'ਇਹ ਇਕ ਦੋਸਤਾਂ ਵਾਲਾ ਕਾਰਜ ਹੋਵੇਗਾ ਜੇਕਰ ਤੁਸੀਂ ਜਾਂ ਉਸ (ਐਡਵਰਡ) ਦਾ ਭਲਾ ਚਾਹੁਣ ਵਾਲਾ ਕੋਈ ਵਿਅਕਤੀ ਉਸ (ਐਡਵਰਡ) ਨੂੰ ਇਹ ਦੱਸ ਦੇਵੇ ਕਿ ਰੈਜ਼ੀਡੈਂਟ ਦੇ ਸਹਾਇਕ ਵਜੋਂ ਹਿੰਦ ਸਰਕਾਰ ਨੂੰ ਮਨ ਆਈ ਸਲਾਹ ਦੇਣੀ ... ਗੰਭੀਰਤਾ ਰਹਿਤ, ਬਿਲਕੁਲ ਨਾਵਾਜਬ ਅਤੇ ਸਰਾਸਰ ਗ਼ੈਰ-ਜ਼ਰੂਰੀ ਹੈ। ... ਮੇਰਾ ਇਸ (ਐਡਵਰਡ ਦੀ ਕਾਰਵਾਈ) ਬਾਰੇ ਕੋਈ ਕਾਰਵਾਈ ਕਰਨ ਦਾ ਇਰਾਦਾ ਨਹੀਂ ਅਤੇ ਇਸ ਦਾ ਨਿੱਜੀ ਤੌਰ ਉੱਤੇ ਤੁਹਾਡੇ ਨਾਲ ਜ਼ਿਕਰ ਕਰ ਰਿਹਾ ਹਾਂ ਕਿਉਂਕਿ ਮੈਂ ਮਿਸਟਰ ਐਡਵਰਡ ਦਾ ਭਲਾ ਚਾਹੁੰਦਾ ਹਾਂ।'

ਦੂਜੇ ਅੰਗਰੇਜ਼-ਸਿੱਖ ਯੁੱਧ ਵਿਚ ਲਾਹੌਰ ਦਰਬਾਰ ਦੀ ਸੈਨਾ ਦਾ ਮੁਕਾਬਲਾ ਜਿਹੜੇ ਸਿੱਖ ਸਰਦਾਰਾਂ ਨਾਲ ਸੀ, ਸ. ਚਤਰ ਸਿੰਘ ਅਟਾਰੀ ਉਨਾਂ ਵਿਚ ਮੁੱਖ ਸੀ। ਰਾਜਾ ਸ਼ੇਰ ਸਿੰਘ ਵੀ ਲਾਹੌਰ ਦਰਬਾਰ ਵਿਚੋਂ ਨੱਸ ਕੇ ਆਪਣੇ ਪਿਤਾ ਨਾਲ ਜਾ ਰਲਿਆ। ਲੜਾਈ ਵਿਚ ਲਾਹੌਰ ਦਰਬਾਰ ਅਤੇ ਅੰਗਰੇਜ਼ੀ ਸੈਨਾ ਦੀ ਕਮਾਨ ਅੰਗਰੇਜ਼ ਸੈਨਾਪਤੀ ਲਾਰਡ ਗਫ ਦੇ ਹੱਥ ਸੀ। ਸਿੱਖ ਸੈਨਾ ਨੇ ਹਾਰ ਜਾਣ ਉਪਰੰਤ 18 ਮਾਰਚ 1849 ਨੂੰ ਹਥਿਆਰ ਸੁੱਟ ਦਿੱਤੇ। ਸ. ਚਤਰ ਸਿੰਘ, ਰਾਜਾ ਸ਼ੇਰ ਸਿੰਘ ਅਤੇ ਹੋਰਨਾਂ ਸਿੱਖ ਮੁਖੀਆਂ ਨੂੰ ਬੰਦੀ ਬਣਾ ਲਿਆ ਗਿਆ। ਉਪਰੰਤ ਰੈਜ਼ੀਡੈਂਟ ਲਾਹੌਰ ਦਾ ਇਕ ਸਹਾਇਕ ਕੈਪਟਨ ਜੇ. ਨਿਕਲਸਨ ਜਦੋਂ ਪਹਿਲੀ ਅਪਰੈਲ ਨੂੰ ਸ. ਚਤਰ ਸਿੰਘ ਅਟਾਰੀ ਦੀ ਜਾਗੀਰ ਦੇ ਮੁੱਖ ਟਿਕਾਣੇ ਪਿੰਡ ਬੁਸਲੀ (ਹਜ਼ਾਰਾ ਇਲਾਕਾ) ਪਹੁੰਚਿਆ ਤਾਂ ਸਥਾਨਕ ਪਠਾਣ ਵਸੋਂ ਨੇ ਆਪਣੀ ਖ਼ੁਸ਼ੀ ਦੇ ਇਜ਼ਹਾਰ ਵਜੋਂ ਉਸ ਨੂੰ ਸ. ਚਤਰ ਸਿੰਘ ਦੇ ਘਰੋਂ ਲੁੱਟਿਆ ਮਾਲ ਦਿਖਾਇਆ। ਇਸ ਮਾਲ ਵਿਚ ਸ. ਚਤਰ ਸਿੰਘ ਦੁਆਰਾ ਆਪਣੀ ਲੜਕੀ ਨੂੰ ਵਿਆਹ ਸਮੇਂ ਦਿੱਤੇ ਜਾਣ ਵਾਲੇ ਵਸਤਰ ਅਤੇ ਹੋਰ ਵਸਤੂਆਂ ਵੀ ਸ਼ਾਮਲ ਸਨ। ਇਸ ਤੋਂ ਪਤਾ ਲੱਗਦਾ ਹੈ ਕਿ ਸ. ਚਤਰ ਸਿੰਘ ਇਸ ਸ਼ਾਦੀ ਦੇ ਸੰਪੰਨ ਹੋ ਜਾਣ ਦੀ ਕਿੰਨੀ ਤੀਬਰਤਾ ਨਾਲ ਉਡੀਕ ਕਰ ਰਿਹਾ ਸੀ, ਪਰ ਦੂਜੇ ਅੰਗਰੇਜ਼-ਸਿੱਖ ਯੁੱਧ ਕਾਰਨ ਮਹਾਰਾਜਾ ਦਲੀਪ ਸਿੰਘ ਦੇ ਅਟਾਰੀ ਖਾਨਦਾਨ ਨਾਲ ਰਿਸ਼ਤੇ ਦਾ ਭੋਗ ਪੈ ਗਿਆ।

ਇਨੀਂ ਦਿਨੀ ਰੋਪੜ ਅਤੇ ਇਸ ਦੇ ਆਲੇ-ਦੁਆਲੇ ਦੇ ਇਲਾਕੇ ਉੱਤੇ ਡੱਲੇਵਾਲੀਆ ਮਿਸਲ ਦਾ ਰਾਜਾ ਭੂਪ ਸਿੰਘ ਕਾਬਜ਼ ਸੀ। ਰਾਜਾ ਭੂਪ ਸਿੰਘ ਆਪਣੀ ਦੋਹਤੀ ਦਾ ਰਿਸ਼ਤਾ ਮਹਾਰਾਜਾ ਦਲੀਪ ਸਿੰਘ ਨਾਲ ਕਰਨਾ ਚਾਹੁੰਦਾ ਸੀ ਅਤੇ ਇਸ ਮਨੋਰਥ ਲਈ ਗੱਲ ਤੋਰਨ ਵਾਸਤੇ ਉਸ ਨੇ ਆਪਣੇ ਦੋ ਦੂਤ ਲਾਹੌਰ ਭੇਜੇ। ਗੁਪਤ ਤੌਰ 'ਤੇ ਇਹ ਸੂਚਨਾ ਲੁਧਿਆਣੇ ਸਥਿਤ ਗਵਰਨਰ-ਜਨਰਲ ਦੇ ਏਜੰਟ ਪਾਸ ਵੀ ਪੁੱਜ ਗਈ। ਉਹ ਦਲੀਪ ਸਿੰਘ ਦਾ ਵਿਆਹ ਕਿਸੇ ਸਿੱਖ ਘਰਾਣੇ ਵਿਚ ਨਾ ਹੋਣ ਦੇਣ ਬਾਰੇ ਵਾਇਸਰਾਏ ਦੀ ਸੋਚ ਤੋਂ ਜਾਣੂੰ ਸੀ। ਉਸ ਨੂੰ ਭਰੋਸਾ ਸੀ ਕਿ ਜੇਕਰ ਇਸ ਰਿਸ਼ਤੇ ਦੀ ਗੱਲ ਨੇਪਰੇ ਚੜ ਗਈ ਤਾਂ ਇਸ ਨਾਲ ਲਾਹੌਰ ਦਰਬਾਰ ਵਿਚਲੇ ਕੁਝ ਸਰਦਾਰਾਂ ਅਤੇ ਛੋਟੇ ਸਿੱਖ ਰਾਜਿਆਂ-ਰਜਵਾੜਿਆਂ ਦੀ ਹਮਦਰਦੀ ਅਤੇ ਹਮਾਇਤ ਮਹਾਰਾਜਾ ਦਲੀਪ ਸਿੰਘ ਨੂੰ ਪ੍ਰਾਪਤ ਹੋ ਜਾਵੇਗੀ। ਇਸ ਲਈ ਉਹ ਚਾਹੁੰਦਾ ਸੀ ਕਿ ਇਹ ਰਿਸ਼ਤੇ ਦੀ ਗੱਲ ਸਿਰੇ ਨਾ ਲੱਗੇ। ਫਲਸਰੂਪ ਉਸ ਨੇ ਰਾਜਾ ਭੂਪ ਸਿੰਘ ਨਾਲ ਸੰਪਰਕ ਬਣਾਇਆ ਅਤੇ ਉਸ ਨੂੰ ਬਰਤਾਨਵੀ ਹਿੰਦੋਸਤਾਨ ਸਰਕਾਰ ਦੀ ਤਾਕਤ ਦਾ ਡਰ ਵਿਖਾਉਂਦਿਆਂ ਆਪਣੀ ਦੋਹਤੀ ਦਾ ਰਿਸ਼ਤਾ ਮਹਾਰਾਜਾ ਦਲੀਪ ਸਿੰਘ ਨਾਲ ਕਰਨ ਦੀ ਯੋਜਨਾ ਤੋਂ ਮੁੜਨ ਲਈ ਮਜਬੂਰ ਕਰ ਦਿੱਤਾ। ਬੇਵੱਸ ਰਾਜਾ ਭੂਪ ਸਿੰਘ ਨੇ ਲਾਹੌਰ ਦਰਬਾਰ ਵਿਚ ਭੇਜੇ ਆਪਣੇ ਦੋਵੇਂ ਦੂਤ ਵਾਪਸ ਬੁਲਾ ਲਏ ਅਤੇ ਮਹਾਰਾਜਾ ਦਲੀਪ ਸਿੰਘ ਦੇ ਇਸ ਰਿਸ਼ਤੇ ਦੀ ਗੱਲ ਸ਼ੁਰੂ ਹੋਣ ਤੋਂ ਪਹਿਲਾਂ ਹੀ ਖ਼ਤਮ ਹੋ ਗਈ।

ਇਸ ਤਰਾਂ ਵਾਇਸਰਾਏ ਹਿੰਦ ਦੇ ਅੜਿੱਕਾ ਬਣਨ ਕਾਰਨ ਮਹਾਰਾਜਾ ਦਲੀਪ ਸਿੰਘ ਦਾ ਕਿਸੇ ਸਿੱਖ ਘਰਾਣੇ ਦੀ ਮੁਟਿਆਰ ਨਾਲ ਵਿਆਹ ਬੰਧਨ ਵਿਚ ਬੱਝਣਾ ਸੰਭਵ ਨਾ ਹੋ ਸਕਿਆ।

ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਰਾਜਸੀ ਵਿਚਾਰਧਾਰਾ ਤੇ ਬੌਧਿਕ ਪ੍ਰਤਿਭਾ ਬਾਰੇ ਅਣਗੌਲੇ ਸੱਚ ਨੂੰ ਉਜਾਗਰ ਕਰਦੀ ਪੁਸਤਕ

ਜਿਸ ਵਿਚ ਖਾੜਕੂ ਲਹਿਰ, ਖਾਲਿਸਤਾਨ ਤੇ 1992 ਦੀਆਂ ਚੋਣਾਂ ਬਾਰੇ ਸ਼ਹੀਦ ਖਾਲੜਾ ਦੇ ਸਿਧਾਂਤਕ ਨਜ਼ਰੀਏ ਸਮੇਤ ਉਸ ਦੇ ਸ਼ਹਾਦਤ ਦੇ ਸਫਰ ਤੇ ਦ੍ਰਿੜ੍ਹ ਸੰਕਲਪ ਦੀ ਸਿਧਾਂਤਕ ਵਿਆਖਿਆ ਕੀਤੀ ਗਈ ਹੈ






ਅਜਮੇਰ ਸਿੰਘ


MORE: SAVINGS.
TIRE DISCOUNTS FOR:
TRANS-ALLIANCE
TOGETHER WE SAVE
Trans-Alliance has partnered together with TA Truck Service to provide Trans-Alliance members with awesome discounts on tires.
It's simple - Just give your DOT number to the TA Truck Service attendant at the time of purchase and the savings will be automatically deducted from your bill.
ROADMASTER TIRES™
ENGINEERED BY COOPERTIRES
STEER
DRIVE
TRAILER
RM 180+ EM
$299.00
RETAIL $362.00
RM 852 EM
$309.00
RETAIL $378.00
RM 872 EM
$279.00
RETAIL $339.00
TRANS-ALLIANCE MEMBERS GET $35 OFF RETAIL PRICE ON OTHER TIRE BRANDS
Pricing valid 6/1/2019 through 12/31/2019 for Trans-Alliance members ONLY. This promotion applies to the unit retail price. Pricing shown above is for 295/75R22.5 sizes only; prices on other sizes may vary. Price does not include F.E.T., mounting labor, balancing, valve stem, state, or local taxes. Some brand exclusions may apply.
TA TRUCK SERVICE®
MORE: BAYS. EXPERTISE. SOLUTIONS.®
Visit ta-petro.com or find us on
TA Nasdaq Listed

# ਕਿਸਾਨ ਅੰਦੋਲਨ : ਟਿਕਟ ਬਣਿਆ ਕਿਸਾਨੀ ਝੰਡਾ



ਸੁਖਰਾਜ ਸਿੰਘ ਧਨੌਲਾ

ਜਦੋਂ ਲੋਕ ਲਹਿਰਾਂ ਉੱਠਦੀਆਂ ਹਨ ਤਾਂ ਫਿਰ ਸਮਾਜ ਵਿੱਚ ਅਨੇਕਾਂ ਤਰਾਂ ਦੀਆਂ ਤਬਦੀਲੀਆਂ ਆਉਂਦੀਆਂ ਹਨ। ਇਹ ਲੋਕ ਲਹਿਰਾਂ ਭਾਵੇਂ ਕਿਸੇ ਮੁਹਿੰਮ ਦੇ ਰੂਪ ਵਿੱਚ ਸਾਹਮਣੇ ਆਉਣ, ਭਾਵੇਂ ਕਿਸੇ ਅੰਦੋਲਨ ਦੇ ਰੂਪ ਵਿੱਚ। ਅੱਜ ਇਹ ਲੋਕ ਲਹਿਰ ਕਿਸਾਨ ਅੰਦੋਲਨ ਰਾਹੀਂ ਉੱਭਰੀ ਹੈ। ਜਿਸਦਾ ਹਿੱਸਾ ਬਣਨ ਲਈ ਲੋਕ ਆਪਣਾ ਇਖਲਾਕੀ ਫ਼ਰਜ਼ ਸਮਝਣ ਲੱਗੇ ਹਨ। ਦਿੱਲੀ ਦੇ ਬਾਰਡਰਾਂ ਉੱਤੇ ਲੱਗੇ ਮੋਰਚਿਆਂ ਵਿੱਚ ਲੋਕ ਦੇਸ਼ ਦੇ ਦੂਰੋਂ-ਨੇੜਿਓਂ ਇਲਾਕਿਆਂ ਤੋਂ ਪਹੁੰਚ ਕੇ ਭਰਵੀਂ ਹਾਜ਼ਰੀ ਦੇ ਕੇ ਅੰਦੋਲਨ ਨੂੰ ਵਿਸ਼ਾਲ ਕਰ ਰਹੇ ਹਨ। ਜਿਸ ਕਰਕੇ ਲੋਕਾਂ ਵਿੱਚ ਉਤਸ਼ਾਹ ਅਤੇ ਹਾਕਮ ਧਿਰਾਂ 'ਤੇ ਦਬਾਅ ਵਧ ਰਿਹਾ ਹੈ।

ਅੰਦੋਲਨ ਸ਼ੁਰੂ ਤਾਂ ਖੇਤੀ ਕਾਨੂੰਨਾਂ ਨੂੰ ਵਾਪਸ ਕਰਵਾਉਣ ਵਾਸਤੇ ਸ਼ੁਰੂ ਹੋਇਆ ਸੀ ਪਰ ਸਮਾਜ ਦੀਆਂ ਤੰਦਾਂ ਜਿਹੜੀਆਂ ਲਗਾਤਾਰ ਫਿੱਕੀਆਂ ਪੈਂਦੀਆਂ ਜਾ ਰਹੀਆਂ ਸਨ, ਤੋਂ ਇਲਾਵਾ ਹੋਰ ਅਨੇਕਾਂ ਊਣਤਾਈਆਂ ਨੂੰ ਖ਼ਤਮ ਕਰਕੇ ਇਹ ਅੰਦੋਲਨ ਨਵਾਂ ਇਤਿਹਾਸ ਸਿਰਜ ਗਿਆ। ਭਾਈਚਾਰੇ ਦੀ ਸਾਂਝ ਨੂੰ ਏਨਾ ਗੂੜਾ ਕਰ ਦਿੱਤਾ ਹੈ ਕਿ ਲੋਕ ਹੁਣ ਜਾਤਾਂ-ਪਾਤਾਂ ਤੋਂ ਉੱਪਰ ਉੱਠ ਕੇ ਇੱਕ ਦੂਜੇ ਨਾਲ ਸਕੇ-ਸਬੰਧੀਆਂ ਵਾਂਗ ਮਿਲਵਰਤਨ ਲੱਗ ਗਏ ਹਨ। ਦੇਸ਼ ਵਿਚਲੇ ਵੱਖ-ਵੱਖ ਰਾਜਾਂ ਦੇ ਲੋਕਾਂ ਨੂੰ ਇੱਕੋ ਪਰਿਵਾਰ ਵਾਂਗ ਰਹਿਣ ਵਿੱਚ ਇਸ ਅੰਦੋਲਨ ਦਾ ਬਹੁਤ ਵੱਡਾ ਯੋਗਦਾਨ ਹੈ।

ਪਿਛਲੇ ਸਮੇਂ ਦੌਰਾਨ ਕਿਸਾਨੀ ਸੰਘਰਸ਼ ਵਿੱਚ ਯੋਗਦਾਨ ਪਾਉਣ ਵਾਸਤੇ ਦਿੱਲੀ ਦੇ ਬਾਰਡਰਾਂ 'ਤੇ ਜਾਣ ਦਾ ਮੌਕਾ




ਮਿਲਿਆ। ਜਿੱਥੇ ਲੋਕਾਂ ਦਾ ਵੱਡੀ ਗਿਣਤੀ ਵਿੱਚ ਹਜੂਮ ਪਹੁੰਚਿਆ ਹੋਇਆ ਹੈ। ਮੇਰੇ ਨਾਲ ਇੱਕ ਸਾਥੀ ਹੋਰ ਸੀ। ਅਸੀਂ ਸਾਡੇ ਹੋਰ ਸਾਥੀਆਂ ਨਾਲ ਬੱਸ ਰਾਹੀਂ ਜਾਣਾ ਸੀ। ਜਿਸ ਦੀ ਉਡੀਕ ਲਈ ਅਸੀਂ ਜਿਉਂ ਆਪਣੇ ਸ਼ਹਿਰ ਧਨੌਲਾ ਤੋਂ ਚੰਡੀਗੜ ਵੱਲ ਜਾਂਦੇ ਮੁੱਖ ਮਾਰਗ 'ਤੇ ਪਹੁੰਚੇ ਤਾਂ ਦਿੱਲੀ ਦੇ ਬਾਰਡਰਾਂ ਵੱਲ ਨੂੰ ਜਾਂਦੀਆਂ ਗੱਡੀਆਂ, ਬੱਸਾਂ, ਕਾਰਾਂ ਵਾਲੇ ਵਾਰ-ਵਾਰ ਇੱਕੋ ਗੱਲ ਪੁੱਛ ਰਹੇ ਸਨ ਕਿ 'ਤੁਸੀਂ ਚੱਲਣਾ ਦਿੱਲੀ, ਤੁਸੀਂ ਚੱਲਣਾ ਦਿੱਲੀ ਆਜੋ ਨਾਲ ਲੈ ਚੱਲਦੇ ਹਾਂ' ਤਾਂ ਅਸੀਂ ਇਹੀ ਵਾਰ-ਵਾਰ ਉੱਤਰ ਦਿੱਤਾ ਕਿ 'ਨਹੀਂ ਸਾਡੇ ਹੋਰ ਸਾਥੀ ਪਿੱਛੇ ਆ ਰਹੇ ਹਨ।' ਸਾਨੂੰ ਲੋਕ ਵਾਰ-ਵਾਰ ਆਪਣੇ ਨਾਲ ਲਿਜਾਣ ਲਈ ਕਿਉਂ ਪੁੱਛ ਰਹੇ ਸਨ ਕਿਉਂਕਿ ਸਾਡੇ ਕੋਲ ਕਿਸਾਨੀ ਝੰਡਾ ਹੱਥ ਵਿੱਚ ਫੜਿਆ ਹੋਇਆ ਸੀ। ਸਾਡੇ ਹੱਥ 'ਚ ਫੜਿਆ ਝੰਡੇ ਤੋਂ ਲੋਕ ਇਹ ਅੰਦਾਜ਼ਾ ਲਗਾ ਰਹੇ ਸਨ ਕਿ ਇਨਾਂ ਨੇ ਵੀ ਦਿੱਲੀ ਨੂੰ ਜਾਣਾ ਹੈ। ਇਸੇ ਕਰਕੇ ਸਾਨੂੰ ਹਰੇਕ ਵਾਹਨ (ਜੋ ਦਿੱਲੀ ਵੱਲ ਜਾ ਰਹੇ ਸਨ) ਆਪਣੇ ਨਾਲ ਲਿਜਾਣਾ ਲੋਚਦੇ ਸਨ। ਇਸ ਵਰਤਾਰੇ ਨੇ ਇਹ ਸਬੂਤ ਦਿੱਤਾ ਕਿ ਲੋਕਾਂ ਵਿੱਚ ਕਿਸਾਨੀ ਸੰਘਰਸ਼ ਤੇ ਕਿਸਾਨੀ ਝੰਡੇ ਨੇ ਆਪਸੀ ਭਾਈਚਾਰਾ ਕਿੰਨਾ ਵਧਾ ਦਿੱਤਾ ਹੈ। ਦੇਖਿਆ ਜਾਵੇ ਤਾਂ ਪਹਿਲਾਂ ਕਿਸੇ ਨੂੰ ਕੋਈ ਨਹੀਂ ਪੁੱਛਦਾ ਸੀ ਕਿੱਥੇ ਜਾਣਾ, ਕਿੱਥੋਂ ਆ ਰਿਹਾ? ਸਾਨੂੰ ਵੀ ਪ੍ਰਤੀਤ ਹੋਇਆ ਕਿ ਅੱਜ ਕਿਸਾਨੀ ਝੰਡੇ ਦੀ ਕਿੰਨੀ ਵੱਡੀ ਪਹਿਚਾਣ ਬਣ ਗਈ ਹੈ। ਕਿਸਾਨੀ ਝੰਡਾ ਇੱਕ ਤਰਾਂ ਦੀ ਟਿਕਟ ਬਣ ਗਿਆ ਹੈ। ਕਿਸੇ ਵਿਅਕਤੀ ਨੇ ਕਿਤੇ ਵੀ ਜਾਣਾ ਹੋਵੇ ਤਾਂ ਜੇਕਰ ਕਿਸਾਨੀ ਦਾ ਝੰਡਾ ਹੱਥ ਵਿੱਚ ਫੜਿਆ ਹੋਵੇ ਤਾਂ ਉਸ ਨੂੰ ਲੋਕ ਆਪਣੇ ਆਪ ਉਸਦੀ ਮੰਜ਼ਿਲ ਤੱਕ ਛੱਡਣ ਲਈ ਮਦਦ ਕਰਨਗੇ। ਇਸ ਤੋਂ ਇਹ ਮਤਲਬ ਨਿਕਲਿਆ ਕਿ ਹੁਣ ਸਾਡੇ ਲੋਕ ਇੱਕ ਝੰਡੇ ਹੇਠ ਇਕੱਠੇ ਹਨ। ਜਿਸ ਦੀ ਕਾਫ਼ੀ ਚਿਰ ਤੋਂ ਉਡੀਕ ਹੋ ਰਹੀ ਸੀ ਕਿ ਲੋਕ ਇੱਕ ਮੰਚ 'ਤੇ ਕਿਵੇਂ ਇਕੱਠੇ ਹੋਣਗੇ? ਅੱਜ ਉਸ ਇੰਤਜ਼ਾਰ ਨੂੰ ਸਾਡੇ ਕਿਸਾਨ ਅੰਦੋਲਨ ਨੇ ਬਹੁਤ ਘੱਟ ਸਮੇਂ ਵਿੱਚ ਪੂਰਾ ਕਰ ਦਿੱਤਾ ਹੈ। ਇਸ ਤੋਂ ਇਲਾਵਾ ਇੱਕ ਅਜਿਹੀ ਹੋਰ ਵੱਡੀ ਉਦਾਹਰਣ ਦੇਖਣ ਮਿਲੀ। ਮੇਰਾ ਇੱਕ ਸਾਥੀ ਕਿਸੇ ਕਾਰਨ ਕਰਕੇ ਸਾਡੇ ਤੋਂ ਪਿੱਛੇ ਰਹਿ ਗਿਆ। ਉਸਨੂੰ ਕਿਤੇ ਹੋਰ ਜਾਣਾ ਪੈ ਗਿਆ ਸੀ, ਜਿਸ ਕਰਕੇ ਉਹ ਸਾਡੇ ਨਾਲ ਸਾਡੇ ਸਾਧਨ ਵਿੱਚ ਨਾ ਚੜ ਸਕਿਆ। ਜਦੋਂ ਉਹ ਧਨੌਲਾ ਤੋਂ ਦਿੱਲੀ ਵੱਲ ਨੂੰ ਚੱਲਣ ਲੱਗਾ ਤਾਂ ਅਸੀਂ ਉਸ ਸਮੇਂ ਤੱਕ ਹਰਿਆਣਾ ਸੂਬੇ ਵਿੱਚ ਦਾਖ਼ਲ ਹੋ ਚੁੱਕੇ ਸਾਂ। ਉਹ ਸਾਡੇ ਧਨੌਲਾ ਤੋਂ ਥੋੜੀ ਦੂਰ ਬਡਬਰ ਟੋਲ ਪਲਾਜ਼ੇ ਤੱਕ ਪਹੁੰਚ ਗਿਆ ਜਿੱਥੇ ਧਰਨਾ ਲੱਗਿਆ ਹੋਇਆ ਹੈ। ਉੱਥੋਂ ਉਸ ਨੂੰ ਧਰਨੇ ਵਿੱਚ ਸ਼ਾਮਲ ਲੋਕਾਂ ਨੇ ਉੱਥੋਂ ਗੁਜ਼ਰ ਰਹੀ ਕਿਸਾਨੀ ਦੇ ਝੰਡੇ ਵਾਲੀ ਕਾਰ ਨੂੰ ਰੋਕ ਕੇ ਦਿੱਲੀ ਵੱਲ ਜਾਣ ਨੂੰ ਪੁੱਛਿਆ ਤਾਂ ਉਨਾਂ ਨੇ ਝੱਟ ਹਾਂ ਕਰ ਦਿੱਤੀ ਅਤੇ ਮੇਰੇ ਸਾਥੀ ਨੂੰ ਨਾਲ ਲਿਜਾਣ ਬਾਰੇ ਬਿਨਾਂ ਕਿਸੇ ਝਿਜਕ ਦੇ ਹਾਮੀ ਭਰ ਦਿੱਤੀ। ਇਸ ਕਾਰ ਵਿੱਚ ਸ਼ਾਮਲ ਵਿਅਕਤੀ ਮੋਗੇ ਜ਼ਿਲੇ ਨਾਲ ਸਬੰਧਤ ਸਨ।

ਅਸੀਂ ਤਕਰੀਬਨ 3.30 ਵਜੇ ਦਿੱਲੀ ਦੇ ਟੀਕਰੀ ਬਾਰਡਰ 'ਤੇ ਪਹੁੰਚ ਗਏ। ਅਸੀਂ ਥੋੜਾ ਅੱਗੇ ਚਲੇ ਗਏ। ਏਨੇ ਮੇਰਾ ਸਾਥੀ ਵੀ ਟੀਕਰੀ ਬਾਰਡਰ 'ਤੇ ਪਹੁੰਚ ਗਿਆ। ਉੱਥੇ ਇੱਕ ਹੋਰ ਬੜੀ ਖ਼ੂਬਸੂਰਤ ਗੱਲ ਹੋਈ। ਜੇਕਰ ਕਿਸੇ ਨੇ ਆਪਣੇ ਸਾਥੀ ਜਾਂ ਹੋਰ ਕਿਸੇ ਵਿਅਕਤੀ ਨੂੰ ਮਿਲਣਾ ਹੋਵੇ ਤਾਂ ਇਕੱਠ ਜ਼ਿਆਦਾ ਹੋਣ ਕਾਰਨ ਆਸਾਨੀ ਨਾਲ ਨਹੀਂ ਮਿਲਿਆ ਜਾ ਸਕਦਾ। ਟ੍ਰੈਕਟਰਾਂ-ਟਰਾਲੀਆਂ ਦੀਆਂ ਲੰਬੀਆਂ ਕਤਾਰਾਂ ਕਈ-ਕਈ ਕਿਲੋਮੀਟਰਾਂ ਤੱਕ ਖੜੀਆਂ ਹਨ। ਅਸੀਂ ਫਿਰ ਤਰੀਕਾ ਅਪਨਾਇਆ ਕਿ ਸੜਕ 'ਤੇ ਲੱਗੇ ਸਟਰੀਟ ਲਾਈਟਾਂ ਦੇ ਖੰਭਿਆਂ ਦੇ ਨੰਬਰ ਇੱਕ ਦੂਜੇ ਨੂੰ ਫ਼ੋਨ ਰਾਹੀਂ ਦੱਸਣ ਲੱਗ ਗਏ। ਮੇਰਾ ਸਾਥੀ ਅੱਗੇ ਨੂੰ ਤੁਰਦਾ ਗਿਆ ਤੇ ਮੈਂ ਵਾਪਸ ਹੁੰਦਾ ਗਿਆ ਏਨੇ ਵਿੱਚ ਫਿਰ ਅਸੀਂ 24 ਨੰਬਰ ਖੰਭੇ ਕੋਲ ਆ ਕੇ ਆਪਸ ਵਿੱਚ ਮਿਲੇ। ਸਾਨੂੰ ਇਸ ਸੰਘਰਸ਼ ਵਿੱਚ ਬੜਾ ਅਨੁਸ਼ਾਸਨ, ਇੱਕਜੁੱਟਤਾ ਤੇ ਆਪਸੀ ਭਾਈਚਾਰਾ ਦੇਖਣ ਨੂੰ ਮਿਲਿਆ। ਆਸ ਹੈ ਕਿ ਲੋਕ ਇਸ ਅੰਦੋਲਨ ਤੋਂ ਉਪਜੇ ਸਾਰਥਿਕ ਮਾਹੌਲ ਨੂੰ ਵਾਪਸ ਆ ਕੇ ਵੀ ਬਰਕਰਾਰ ਰੱਖਣਗੇ। ਆਮੀਨ!

# ਕਿਸਾਨੀ ਸੰਘਰਸ਼ 'ਚ ਹੋਰ ਮਜ਼ਬੂਤ ਹੋਈ ਕਿਸਾਨ-ਖੇਤ ਮਜ਼ਦੂਰ ਦੀ ਸਾਂਝ



ਹਰਮਨਪ੍ਰੀਤ ਸਿੰਘ
98550-10005

ਅਸੀਂ ਕਹਿ ਸਕਦੇ ਹਾਂ ਕਿ ਸਾਲ 2020-2021 ਦੇ ਕਿਸਾਨੀ ਸੰਘਰਸ਼ ਨੇ ਸਾਨੂੰ ਬਹੁਤ ਕੁਝ ਸਿਖਾਂ ਅਤੇ ਬਹੁਤ ਕੁਝ ਸਮਝਾ ਦਿੱਤਾ ਹੈ ਕਿ ਸਾਡੇ ਲਈ ਆਪਣੀ ਹੋਂਦ ਗੁਆਚਣ ਤੋਂ ਬਚਾਉਣ ਲਈ ਇਸ ਅੰਦੋਲਨ ਦੀ ਲੜਾਈ ਤੋਂ ਵੱਡੀ ਹੋਰ ਕੋਈ ਲੜਾਈ ਨਹੀਂ ਹੈ। ਇਹ ਸਾਡੀ ਇਤਿਹਾਸਕ ਏਕਤਾ ਹੀ ਹੈ ਜੋ ਸਾਨੂੰ ਇੱਥੇ ਤੱਕ ਲੈ ਆਈ, ਇਹ ਹੀ ਤਾਂ ਹੈ ਸਾਡੀ ਕਿਸਾਨੀ ਸੰਘਰਸ਼ ਦੀ ਇਕਜੁੱਟਤਾ ਤੇ ਸਦੀਆਂ ਤੋਂ ਚੱਲੀ ਆ ਰਹੀ ਕਿਸਾਨ ਤੇ ਖੇਤ ਮਜ਼ਦੂਰ ਦੀ ਸਾਂਝ ਜੋ ਕਿ ਇਸ ਕਿਸਾਨੀ ਸੰਘਰਸ਼ ਚ ਹੋਰ ਮਜਬੂਤ ਹੋਈ ਨਜ਼ਰ ਆਉਂਦੀ ਹੈ। ਮੁਲਕ ਵਿਚ ਇਕ ਵੱਡੀ ਅਬਾਦੀ ਪਿੰਡ ਵਿਚ ਰਹਿੰਦੇ ਬੇਜ਼ਮੀਨ ਖੇਤ ਮਜ਼ਦੂਰਾਂ ਦੀ ਹੈ। ਕੇਂਦਰ ਸਰਕਾਰ ਵੱਲੋਂ ਲਾਗੂ ਕੀਤੇ ਤਿੰਨ ਖੇਤੀ ਕਾਨੂੰਨਾਂ ਕਾਰਨ ਜਿੰਨੀ ਮੁਸੀਬਤ 'ਚ ਅੱਜ ਕਿਸਾਨ ਹੈ, ਉੰਨੀ ਹੀ ਮੁਸੀਬਤ ਖੇਤ ਮਜ਼ਦੂਰਾਂ ਲਈ ਹੈ। ਆਪਣਾ ਘਰ-ਬਾਰ ਛੱਡ ਤਕਰੀਬਨ ਪਿਛਲੇ ਤਿੰਨ, ਚਾਰ ਮਹੀਨਿਆਂ ਤੋਂ ਦਿੱਲੀ ਦੀਆਂ ਸਰਹੱਦਾਂ 'ਤੇ ਤਿੰਨ ਖੇਤੀ ਕਾਨੂੰਨਾਂ ਖ਼ਿਲਾਫ਼ ਸੰਘਰਸ਼ ਕਰ ਰਹੇ ਕਿਸਾਨਾਂ ਨਾਲ ਖੇਤ ਮਜ਼ਦੂਰ ਪੂਰਾ ਡਟ ਕੇ ਸਾਥ ਦੇ ਰਹੇ ਹਨ। ਕਿਉਂਕਿ ਇਨਾਂ ਤਿੰਨ ਖੇਤੀ ਕਾਨੂੰਨਾਂ ਦੀ ਮਾਰ ਉਨਾਂ ਤੇ ਵੀ ਬਰਾਬਰ ਦੀ ਪੈਂਦੀ ਨਜ਼ਰ ਆਉਂਦੀ ਹੈ। ਸਾਡੇ ਮੁਲਕ ਵਿਚ ਖੇਤੀ ਵਿਚ ਖੇਤੀ ਯੋਗ ਘਟਦੀ ਜ਼ਮੀਨ ਦੇ ਕਰਨ ਪਹਿਲਾਂ ਹੀ ਬਹੁਤੇ ਖੇਤ ਮਜ਼ਦੂਰਾਂ ਨੂੰ ਖੇਤੀ ਤੋਂ ਲਾਂਭੇ ਕਰ ਦਿੱਤਾ ਹੈ। ਇਕ ਖੇਤ ਮਜ਼ਦੂਰ ਦੀ ਖੇਤੀ ਤੋਂ ਲਾਂਭੇ ਹੋਣਾ ਹੀ ਮੁਸੀਬਤ ਨਹੀਂ ਇਸ ਨਾਲ ਸਮੇਂ-ਸਮੇਂ ਤੇ ਕਈ ਹੋਰ ਵੀ ਮੁਸੀਬਤਾਂ ਦਾ ਜਨਮ ਲੈਣਾ ਵੀ ਇਕ ਵੱਡੀ ਸਮੱਸਿਆ ਹੈ, ਜਿਵੇਂਕਿ ਖੇਤ ਮਜ਼ਦੂਰਾਂ ਨੂੰ ਕਿਸੇ ਨਿਜੀ ਵਸੀਲਿਆਂ ਤੋਂ ਲਿਆ ਕਰਜ਼ਾ ਕਿਸੇ ਕਰਨ ਨਾ ਮੋੜਨ ਦੀ ਸੂਰਤ ਵਿਚ ਸਰਕਾਰੀ ਮੁਆਫੀ ਨੀਤੀ ਵਿਚ ਨਾ ਆਉਣਾ, ਅੰਤ ਦੀ ਗ਼ਰੀਬੀ ਕਾਰਨ ਬੱਚਿਆਂ ਤੇ ਔਰਤਾਂ ਦਾ ਵੱਡੇ ਪੱਧਰ ਤੇ ਕੁਪੋਸ਼ਣ ਦਾ ਸ਼ਿਕਾਰ ਹੋਣਾ। ਖੇਤੀ ਸੰਕਟ ਦੀ ਮਾਰ ਖੇਤ ਮਜ਼ਦੂਰ ਤੇ ਕਿਸਾਨ ਦੇ ਬਰਾਬਰ ਹੀ ਨਹੀਂ ਸਗੋਂ ਕਿਤੇ ਵੱਧ ਪੈਂਦੀ ਹੈ। ਇਉਂ ਜਾਪਦਾ ਹੈ ਕਿ ਇਨਾਂ ਖੇਤੀ ਕਾਨੂੰਨਾਂ ਦੀ ਮਾਰ ਦੇ ਮਾਰੇ ਕਿਸਾਨ, ਮਜ਼ਦੂਰ ਮੁੜ ਦੋ ਵਕਤ ਦੀ ਰੋਟੀ ਖਾਤਰ ਆਪਣੇ ਪੈਰਾਂ ਤੇ ਨਹੀਂ ਹੋ ਸਕਣਗੇ। ਖੇਤ ਮਜ਼ਦੂਰ ਜਿਵੇਂ ਪਹਿਲੇ ਦਿਨ ਤੋਂ ਹੀ ਕਿਸਾਨੀ ਸੰਘਰਸ਼ ਦਾ ਹਿੱਸਾ ਬਣੇ ਹੋਏ ਹਨ ਤੇ ਖੇਤ ਮਜ਼ਦੂਰਾਂ ਦੀ ਸੰਘਰਸ਼ ਵਿਚ ਵੱਡੀ ਸ਼ਮੂਲੀਅਤ ਨੇ ਕਿਸਾਨੀ ਸੰਘਰਸ਼ ਨੂੰ ਹੋਰ ਮਜਬੂਤ ਕਰਨ ਵਿਚ ਵੱਡਾ ਯੋਗਦਾਨ ਪਾਇਆ ਹੈ ਉਹ ਸ਼ਲਾਘਾ ਯੋਗ ਹੈ।

ਖੇਤੀ ਕਾਨੂੰਨਾਂ ਨੂੰ ਵਾਪਸ ਕਰਵਾਉਣ ਲਈ ਸੰਘਰਸ਼ ਕਰ ਰਹੇ ਕਿਸਾਨਾਂ ਨੂੰ ਇਹ ਗੱਲ ਭਲੀ-ਭਾਂਤ ਸਮਝ ਆ ਗਈ ਹੈ ਕਿ ਇਨਾਂ ਕਾਨੂੰਨਾਂ ਦੇ ਲਾਗੂ ਹੋਣ ਨਾਲ ਮੁਲਕ ਦੇ ਖੇਤ ਮਜ਼ਦੂਰ ਹੀ ਨਹੀਂ ਸਮਾਜ ਦਾ ਹਰ ਵਰਗ ਤੇ ਇਸ ਖੇਤੀ ਕਾਨੂੰਨ ਦੇ ਮਾੜੇ ਭਰ-ਭਾਵ ਪੈਣਗੇ। ਇਉਂ ਜਾਪਦਾ ਹੈ ਕਿ ਜੇ ਸਮਾਂ ਰਹਿੰਦੇ ਕੇਂਦਰ ਸਰਕਾਰ ਵੱਲੋਂ ਲਾਗੂ ਕੀਤੇ ਤਿੰਨ ਖੇਤੀ ਕਾਨੂੰਨਾਂ ਰੱਦ ਨਾ ਹੋਏ ਤਾ ਆਉਂਦੇ ਸਮੇਂ ਕੀਤੇ, ਅੱਜ ਖੇਤਾਂ ਦੇ ਰਾਜੇ ਕਹਾਉਣ ਵਾਲੇ ਕਿਸਾਨ ਆਪਣੇ ਹੀ ਖੇਤਾਂ 'ਚ ਮਜ਼ਦੂਰੀ ਕਰਨ ਲਈ ਮਜ਼ਬੂਰ ਹੋਣਗੇ। ਕਿਸਾਨੀ ਸੰਘਰਸ਼ ਦੌਰਾਨ ਜਿਥੇ ਹੋਰ ਰਿਸ਼ਤੇ ਮਜ਼ਬੂਤ ਹੋਏ ਹਨ, ਉੱਥੇ ਹੀ ਇਸ ਕਿਸਾਨੀ ਸੰਘਰਸ਼ ਨੇ ਸਦੀਆਂ ਤੋਂ ਚੱਲੀ ਆ ਰਹੀ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੀ ਸਾਂਝ ਨੂੰ ਹੋਰ ਮਜ਼ਬੂਤ ਕੀਤਾ ਹੈ। ਮੌਜੂਦਾ ਕਿਸਾਨੀ ਸੰਘਰਸ਼ ਆਪਣੇ ਆਪ ਵਿਚ ਨਵੇਕਲਾ ਹੈ ਇਸ ਸੰਘਰਸ਼ ਚ ਹਰ ਕੋਈ ਪੂਰਨ ਤੋਰ ਤੇ ਸਮਰਪਿਤ ਹੈ। ਹੁਣ ਸਮਾਂ ਆ ਗਿਆ ਹੈ ਕਿ ਸਿਖਰਾਂ 'ਤੇ ਪੁੱਜੇ ਕਿਸਾਨੀ ਸੰਘਰਸ਼ ਦੀ ਜਿੱਤ ਯਕੀਨੀ ਬਣਾਉਣ ਲਈ ਮੁਲਕ ਦਾ ਹਰ ਵਰਗ ਅੱਗੇ ਆਵੇ। ਕਿਉਂਕਿ ਹੁਣ ਖੇਤੀ ਕਾਨੂੰਨਾਂ ਦੀ ਲੜਾਈ ਕਿਸਾਨਾਂ ਦੀ ਨਹੀਂ ਬਲਕਿ ਸਭ ਦੀ ਹੈ, ਇਹ ਲੜਾਈ ਹੈ ਮਜ਼ਦੂਰ ਦੀ, ਇਹ ਲੜਾਈ ਹੈ ਕਿਸਾਨ ਦੀ, ਇਹ ਲੜਾਈ ਹੈ ਨੌਜਵਾਨ ਦੀ, ਇਹ ਲੜਾਈ ਹੈ ਹੋਂਦ ਤੇ ਇਹ ਲੜਾਈ ਹੈ ਪਛਾਣ ਦੀ ਹੈ, ਕਿਸਾਨ ਸੰਘਰਸ਼ ਵਿਚ ਕਿਸਾਨਾਂ ਦਾ ਸਾਥ ਹਰ ਵਰਗ ਵੱਲੋਂ ਦਿੱਤਾ ਜਾਣਾ ਚਾਹੀਦਾ ਹੈ।

## ਕਿਸਾਨਾਂ ਨੇ ਸੰਸਦ ਮਾਰਚ ਅੱਗੇ ਪਾਇਆ

# ਕਿਸਾਨਾਂ ਦੇ ਫਸਲਾਂ ਸੰਭਾਲਣ 'ਚ ਰੁਝੇ ਹੋਣ ਕਾਰਨ ਮੁਲਤਵੀ ਕਰਨਾ ਪਿਆ ਪ੍ਰੋਗਰਾਮ

**ਨਵੀਂ ਦਿੱਲੀ/ਏ.ਟੀ.ਨਿਊਜ਼ :** ਸੰਯੁਕਤ ਕਿਸਾਨ ਮੋਰਚੇ ਵਲੋਂ ਮਈ ਦੇ ਪੰਦਰਵਾੜੇ ਵਿਚ ਸੰਸਦ ਮਾਰਚ ਦਾ ਮਿਥਿਆ ਪ੍ਰੋਗਰਾਮ ਅੱਗੇ ਪਾ ਦਿੱਤਾ ਗਿਆ ਹੈ ਹਾਲਾਂਕਿ ਇਸ ਐਲਾਨ ਤੋਂ ਬਾਅਦ ਹੀ ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਨੇ ਮੋਰਚੇ ਤੋਂ ਹੀ ਸਵਾਲ ਕਰਦਿਆਂ ਇਸ ਦਾ ਸਪੱਸ਼ਟੀਕਰਨ ਦੇਣ ਦੀ ਮੰਗ ਕੀਤੀ ਹੈ। ਸੰਯੁਕਤ ਕਿਸਾਨ ਮੋਰਚੇ ਵਲੋਂ ਬਣਾਈ ਗਈ 5 ਮੈਂਬਰੀ ਕਮੇਟੀ ਦੇ ਮੈਂਬਰ ਬਲਵੰਤ ਸਿੰਘ ਬਹਿਰਾਮਕੇ ਨੇ ਸੰਸਦ ਮਾਰਚ ਮੁਲਤਵੀ ਹੋਣ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਮਈ ਦੇ ਸ਼ੁਰੂ ਵਿਚ ਵੀ ਕਿਸਾਨ ਆਪਣੇ ਦਾਣੇ ਅਤੇ ਤੂੜੀ ਸੰਭਾਲਣ 'ਚ ਰੁੱਝਿਆ ਹੋਵੇਗਾ, ਜਿਸ ਕਾਰਨ ਇਹ ਪ੍ਰੋਗਰਾਮ ਮੁਲਤਵੀ ਕਰਨਾ ਪਿਆ। ਬਹਿਰਾਮਕੇ ਨੇ ਜ਼ੋਰ ਦੇ ਕੇ ਕਿਹਾ ਕਿ ਪ੍ਰੋਗਰਾਮ ਰੱਦ ਨਹੀਂ ਕੀਤਾ ਗਿਆ ਸਗੋਂ ਅੱਗੇ ਪਾਇਆ ਗਿਆ ਹੈ ਅਤੇ ਢੁਕਵੇਂ ਸਮੇਂ 'ਤੇ ਅਗਲਾ ਪ੍ਰੋਗਰਾਮ ਅਤੇ ਮਾਕੂਲ ਰਣਨੀਤੀ ਐਲਾਨੀ ਜਾਵੇਗੀ। ਮੋਰਚੇ ਦੇ ਸਪੱਸ਼ਟੀਕਰਨ ਤੋਂ ਕਿਤੇ ਪਹਿਲਾਂ ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਪ੍ਰਦੇਸ਼ ਦੇ ਪ੍ਰਧਾਨ ਸਤਨਾਮ ਸਿੰਘ ਪੰਨੂੰ ਨੇ ਸਵਾਲ ਉਠਾਉਂਦਿਆਂ ਕਿਹਾ ਕਿ ਕਿਹੜੀਆਂ ਤਾਕਤਾਂ ਹਨ ਜੋ ਸੰਯੁਕਤ ਕਿਸਾਨ ਮੋਰਚੇ ਨੂੰ ਇਹ ਫ਼ੈਸਲਾ (ਸੰਸਦ ਮਾਰਚ ਮੁਲਤਵੀ ਕਰਨ ਦਾ) ਲੈਣ ਨੂੰ ਮਜ਼ਬੂਰ ਕਰ ਰਹੀਆਂ ਹਨ। ਪੰਨੂੰ ਨੇ ਸਿੰਘੂ ਬਾਰਡਰ 'ਤੇ ਕੀਤੀ ਪ੍ਰੈੱਸ ਕਾਨਫ਼ਰੰਸ ਵਿਚ ਜਿੱਥੇ ਕੇਂਦਰ ਸਰਕਾਰ 'ਤੇ ਤਿੱਖੇ ਸ਼ਬਦੀ ਹਮਲੇ ਕਰਦਿਆਂ ਕਿਹਾ ਕਿ ਸਰਕਾਰ ਕੋਰੋਨਾ ਦਾ ਹਊਆ ਦਿਖਾ ਕੇ ਕਿਸਾਨ ਅੰਦੋਲਨ ਨੂੰ ਤਾਰਪੀਡੋ ਕਰਨ ਦੀ ਕੋਸ਼ਿਸ਼ ਕਰ ਰਹੀ ਹੈ, ਉੱਥੇ ਮੋਰਚੇ ਦੇ ਆਗੂਆਂ 'ਤੇ ਵੀ ਸਵਾਲ ਉਠਾਉਂਦਿਆਂ ਕਿਹਾ ਕਿ ਤੈਅ ਕੀਤੇ ਪ੍ਰੋਗਰਾਮ ਵਾਰ-ਵਾਰ ਬਦਲਣ ਨਾਲ ਕਿਸਾਨਾਂ ਦੀ ਆਪਣੀ ਲੀਡਰਸ਼ਿਪ 'ਤੇ ਭਰੋਸੇਯੋਗਤਾ ਖ਼ਤਮ ਹੁੰਦੀ ਹੈ। ਪੰਨੂੰ ਨੇ ਪ੍ਰੈੱਸ ਕਾਨਫ਼ਰੰਸ ਵਿਚ ਵਾਰ-ਵਾਰ ਗੁਰਨਾਮ ਸਿੰਘ ਚੜੂਨੀ ਦੇ ਉਸ ਬਿਆਨ ਦਾ ਵੀ ਜ਼ਿਕਰ ਕੀਤਾ ਜਿਸ 'ਚ ਉਹ ਪ੍ਰੋਗਰਾਮ ਮੁਲਤਵੀ ਹੋਣ ਦਾ ਐਲਾਨ ਕਰਦਿਆਂ ਇਹ ਕਹਿੰਦੇ ਨਜ਼ਰ ਆਏ ਕਿ ਉਨਾਂ ਨੂੰ ਨਹੀਂ ਪਤਾ ਅੱਗੇ ਕੀ ਕਰਨਾ ਹੈ? ਪੰਨੂੰ ਨੇ ਕਿਹਾ ਕਿ ਆਗੂਆਂ ਦੇ ਅਜਿਹੇ ਬਿਆਨਾਂ ਕਾਰਨ ਕਿਸਾਨਾਂ ਵਿਚ ਨਿਰਾਸ਼ਾ ਫੈਲੇਗੀ ਹਾਲਾਂਕਿ ਹਲਕਿਆਂ ਮੁਤਾਬਿਕ ਪ੍ਰੋਗਰਾਮ ਮੁਲਤਵੀ ਕਰਨ ਨੂੰ ਲੈ ਕੇ ਸਿਰਫ਼ ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਨੇ ਹੀ ਸਵਾਲ ਨਹੀਂ ਉਠਾਏ ਸਗੋਂ ਮੋਰਚੇ ਨਾਲ ਜੁੜੇ ਕਈ ਆਗੂਆਂ ਨੂੰ ਇਹ ਰੁਖ਼ ਖ਼ਾਸ ਪਸੰਦ ਨਹੀਂ ਆਇਆ। ਕਿਸਾਨ ਆਗੂਆਂ ਮੁਤਾਬਿਕ ਵੱਡੇ ਆਗੂਆਂ ਦੀ ਬਿਆਨਬਾਜ਼ੀ ਦਾ ਭੁਗਤਾਨ ਉਨਾਂ ਨੂੰ ਭੁਗਤਨਾ ਪੈਂਦਾ ਹੈ। ਆਗੂਆਂ ਮੁਤਾਬਿਕ 22



ਜਨਵਰੀ ਤੋਂ ਕਿਸਾਨਾਂ ਅਤੇ ਸਰਕਾਰ ਦਰਮਿਆਨ ਗੱਲਬਾਤ ਦੀ ਕਵਾਇਦ ਖੁੰਡੇ ਲਾਈਨ ਲੱਗੀ ਹੋਈ ਹੈ। ਕਿਸਾਨ ਅਤੇ ਵਿਸ਼ੇਸ਼ ਤੌਰ 'ਤੇ ਨੌਜਵਾਨ ਕਿਸਾਨ ਇਸ ਵੇਲੇ ਕੋਈ ਨਤੀਜਾਕੁੰਨ ਪ੍ਰੋਗਰਾਮ ਦੀ ਉਡੀਕ ਕਰ ਰਹੇ ਹਨ। ਕਿਸਾਨ ਆਗੂ ਮਨਜੀਤ ਰਾਏ ਨੇ ਕਿਸਾਨਾਂ ਨੂੰ ਠਰੰਮਾ ਬਣਾਏ ਰੱਖਣ ਦੀ ਅਪੀਲ ਕਰਦਿਆਂ ਕਿਹਾ ਕਿ ਕੁਝ ਸਮਾਂ ਹੋਰ ਚੱਲਣ ਦਿਓ, ਤਿੱਖੀ ਕਾਲ ਵੀ ਆਵੇਗੀ।

ਸਰਕਾਰ ਵਲੋਂ ਦਿੱਲੀ ਦੇ ਬਾਰਡਰਾਂ 'ਤੇ ਚਲਾਏ ਜਾ ਰਹੇ ਅਪ੍ਰੇਸ਼ਨ ਕਲੀਨ ਦਾ ਮੁਕਾਬਲਾ ਕਰਨ ਲਈ ਕਿਸਾਨ ਜਥੇਬੰਦੀਆਂ ਵਲੋਂ 'ਅਪ੍ਰੇਸ਼ਨ ਸ਼ਕਤੀ' ਦਾ ਐਲਾਨ ਕੀਤਾ ਗਿਆ ਹੈ। ਇਸ ਰਣਨੀਤੀ ਤਹਿਤ ਇਕ ਪਾਸੇ 20 ਤੋਂ 26 ਅਪ੍ਰੈਲ ਤੱਕ ਪ੍ਰਤੀਰੋਧ ਹਫ਼ਤਾ ਮਨਾ ਕੇ ਕਿਸਾਨ ਸਾਰੇ ਮੋਰਚਿਆਂ 'ਤੇ ਕੋਰੋਨਾ ਨਾਲ ਲੜਨ ਦਾ ਸਖ਼ਤ ਪ੍ਰਬੰਧ ਕਰਨਗੇ, ਦੂਜੇ ਪਾਸੇ ਕਿਸਾਨਾਂ ਨੂੰ ਅਗਲੇ ਹਫ਼ਤੇ ਤੋਂ ਆਪਣੇ ਮੋਰਚਿਆਂ ਤੇ ਵਾਪਸ ਆਉਣ ਲਈ ਬੁਲਾਇਆ ਗਿਆ ਹੈ।

ਜ਼ਿਕਰਯੋਗ ਹੈ ਕਿ ਹਲਕਿਆਂ ਮੁਤਾਬਿਕ ਆਪ੍ਰੇਸ਼ਨ ਕਲੀਨ ਤਹਿਤ ਕਿਸਾਨਾਂ ਨੂੰ ਮੋਰਚਿਆਂ ਤੋਂ ਹਟਾਉਣ ਦੀ ਕਵਾਇਦ ਚਲਾਈ ਜਾ ਰਹੀ ਹੈ। ਮੋਰਚੇ ਮੁਤਾਬਿਕ ਖੇਤੀਬਾੜੀ ਮੰਤਰੀ ਨਰਿੰਦਰ ਸਿੰਘ ਤੋਮਰ ਅਤੇ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਵਲੋਂ ਕੋਰੋਨਾ ਸੰਕਟ ਕਾਰਨ ਅੰਦੋਲਨ ਨੂੰ ਖ਼ਤਮ ਕਰਨ ਦੀ ਅਪੀਲ ਵੀ ਇਸੇ ਆਪ੍ਰੇਸ਼ਨ ਕਲੀਨ ਦਾ ਹਿੱਸਾ ਸੀ। ਮੋਰਚੇ ਨੇ ਹੋਰ ਸਾਰੀਆਂ ਕਿਸਾਨ ਜਥੇਬੰਦੀਆਂ ਨੂੰ 24 ਅਪ੍ਰੈਲ ਤੋਂ 'ਫਿਰ ਦਿੱਲੀ ਚਲੋ' ਦਾ ਸੱਦਾ ਦੇ ਕੇ ਧਰਨਿਆਂ 'ਤੇ ਪਹੁੰਚਣ ਦੀ ਅਪੀਲ ਕਰਨ ਨੂੰ ਕਿਹਾ ਹੈ।

10 ਮਈ ਨੂੰ ਹੋਵੇਗੀ ਵਿਸ਼ੇਸ਼ ਕਾਨਫ਼ਰੰਸ

ਮੋਰਚੇ ਵਲੋਂ ਜਾਰੀ ਬਿਆਨ ਮੁਤਾਬਿਕ ਕਿਸਾਨ ਲਹਿਰ ਨੂੰ ਮਜ਼ਬੂਤ ਕਰਨ ਲਈ 10 ਮਈ ਨੂੰ ਕਿਸਾਨ ਜਥੇਬੰਦੀਆਂ ਦੇ ਨੁਮਾਇੰਦਿਆਂ ਅਤੇ ਵਿਦਿਆਰਥੀ, ਨੌਜਵਾਨ ਅਤੇ ਹੋਰ ਨੁਮਾਇੰਦਿਆਂ ਵਲੋਂ ਇਕ ਵਿਸ਼ੇਸ਼ ਕਾਨਫ਼ਰੰਸ ਕੀਤੀ ਜਾਵੇਗੀ ਜੋ ਕਿ 10 ਮਈ, 1857 ਨੂੰ ਦੇਸ਼ ਦੀ ਆਜ਼ਾਦੀ ਦੇ ਪਹਿਲੇ ਸੰਘਰਸ਼ ਸ਼ੁਰੂ ਹੋਣ ਨੂੰ ਸਮਰਪਿਤ ਹੋਵੇਗੀ।

# ਗੁਰਬਾਣੀ ਵਿਚ ਕਿਰਸਾਣੀ ਜੀਵਨ ਤੇ ਉੱਦਮ ਦੀ ਮਹੱਤਤਾ

**ਡਾਕਟਰ ਸਰਬਜੀਤ ਕੌਰ**

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਿਰਸਾਣੀ ਦੀ ਸੁੱਚੀ ਕਿਰਤ ਨੂੰ ਅਪਣਾਇਆ ਅਤੇ ਸਤਿਕਾਰਿਆ। ਆਪ ਜੀ ਨੇ ਤਾਂ ਪ੍ਰਮਾਤਮਾ ਨੂੰ ਵੀ ਕਿਰਸਾਣ ਆਖਿਆ:

ਆਪਿ ਸੁਜਾਣੁ ਨ ਭੁਲਈ ਸਚਾ ਵਡ ਕਿਰਸਾਣੁ
ਪਹਿਲਾ ਧਰਤੀ ਸਾਧਿ ਕੈ ਸਚੁ ਨਾਮੁ ਦੇ ਦਾਣੁ
(ਅੰਗ: ੧੯)

ਕਿਰਸਾਣੀ ਜੀਵਨ ਜਾਚ ਗੁਰਬਾਣੀ ਦੀਆਂ ਟੂਕਾਂ ਨਾਲ ਸੁਗੰਧਿਤ ਹੈ। ਪ੍ਰਮੇਸ਼ਰ ਪਿਆਰ ਦਾ ਸਰੂਪ ਹੈ। ਉਸ ਨੇ ਪਿਆਰ ਵਿਚ ਆ ਕੇ ਸੋਹਣੀ ਧਰਤੀ ਸਿਰਜੀ, ਇਸ ਨੂੰ ਫੁੱਲਾਂ-ਫਲਾਂ ਨਾਲ ਸ਼ਿੰਗਾਰਿਆ। ਰੁੱਖ, ਬਿਰਖ, ਵਣ, ਤ੍ਰਿਣ, ਫ਼ਸਲਾਂ, ਫੁੱਲ ਫਲ ਸਿਰਫ਼ ਖੇੜੇ ਅਤੇ ਭਰਪੂਰਤਾ ਦੇ ਹੀ ਪ੍ਰਤੀਕ ਨਹੀਂ, ਸਗੋਂ ਧਰਤੀ ਦੇ ਸਾਰੇ ਜੀਵ-ਜੰਤੂਆਂ ਦੇ ਜੀਵਨ ਦਾ ਆਧਾਰ ਹਨ, ਕਿਉਂਕਿ ਸਿਰਫ਼ ਇਹ ਬਨਸਪਤੀਆਂ ਹੀ ਸੂਰਜ ਦੀ ਰੌਸ਼ਨੀ ਤੋਂ ਆਪਣੀ ਖ਼ੁਰਾਕ ਤਿਆਰ ਕਰ ਸਕਦੇ ਹਨ। ਰਬ ਹਰ ਜੀਵ ਦੇ ਆਉਣ ਤੋਂ ਪਹਿਲਾਂ ਉਸ ਦੇ ਰਿਜ਼ਕ ਦਾ ਪ੍ਰਬੰਧ ਕਰਦਾ ਹੈ। ਇਸ ਲਈ ਉਸ ਨੇ ਮਨੁੱਖ ਸਿਰਜਣ ਤੋਂ ਪਹਿਲਾਂ ਹੀ ਹਰਿਆਵਲ ਪੈਦਾ ਕਰ ਦਿੱਤੀ। ਪਹਿਲੇ ਪਾਤਸ਼ਾਹ ਜੀ ਫੁਰਮਾਉਂਦੇ ਹਨ:

**ਸੋਈ ਮਉਲਾ ਜਿਨਿ ਜਗੁ ਮਉਲਿਆ**
**ਹਰਿਆ ਕੀਆ ਸੰਸਾਰੋ**
(ਅੰਗ: ੨੪)

ਅਸੀਂ ਸਾਰੇ ਰਬ ਰੂਪੀ ਬਿਰਖ ਦੀ ਸੰਘਣੀ ਛਾਂ ਹੇਠਾਂ ਇਕੱਠੇ ਹੋ ਕੇ ਜੀਵਨ ਸਫਲ ਕਰਨ ਆਏ ਹਾਂ:

**ਬਿਰਖੈ ਹੇਠਿ ਸਭਿ ਜੰਤ ਇਕਠੇ**
(ਅੰਗ: ੧੦੧੯)

ਤਪਦੀ ਲੋਕਾਈ ਦੇ ਤਨ-ਮਨ ਨੂੰ ਸੀਤਲਤਾ ਪਹੁੰਚਾਉਣ ਲਈ, ਭੋਜਨ, ਛਾਂ, ਕੱਪੜਾ ਅਤੇ ਕਈ ਦਾਤਾਂ ਦੇਣ ਵਾਲੇ ਰੁੱਖਾਂ ਰੂਪੀ ਆਰਾਮ ਘਰ ਰਬ ਨੇ ਸਾਨੂੰ ਬਖ਼ਸ਼ੇ ਹਨ:

**ਜਾ ਕੇ ਰੁਖ ਬਿਰਖ ਆਰਾਉ** (ਅੰਗ : ੨੫)
**ਅਖਰ ਬਿਰਖ ਬਾਗ ਭੁਇ ਚੋਖੀ**
**ਸਿੰਚਿਤ ਭਾਉ ਕਰੇਹੀ**
(ਅੰਗ: ੩੫੪)

ਪਹਿਲੇ ਪਾਤਸ਼ਾਹ ਜੀ ਨੇ ਖੇਤੀ ਦੀ ਮਿਸਾਲ ਰਾਹੀਂ ਉਤਮ ਕਰਨੀ 'ਤੇ ਜ਼ੋਰ ਦਿੱਤਾ ਹੈ।

**ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ**
**ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ**
(ਅੰਗ: ੫੯੫)

ਸ੍ਰੀ ਗੁਰੂ ਅਮਰਦਾਸ ਜੀ ਨੇ ਸਫਲ ਖੇਤੀ ਕਰਨ ਦਾ ਉਪਦੇਸ਼ ਦਿੰਦਿਆਂ ਸਹਿਜ, ਅਮਲ, ਸੱਚਾਈ ਅਤੇ ਮਿਹਨਤ 'ਤੇ ਜ਼ੋਰ ਦਿੱਤਾ ਹੈ:

**ਸਹਜੇ ਖੇਤੀ ਰਾਹੀਐ ਸਚੁ ਨਾਮੁ ਬੀਜੁ ਪਾਇ**
**ਖੇਤੀ ਜੰਮੀ ਅਗਲੀ ਮਨੂਆ ਰਜਾ ਸਹਜਿ ਸੁਭਾਇ**
(ਅੰਗ : ੩੫)

ਸ੍ਰੀ ਗੁਰੂ ਰਾਮਦਾਸ ਜੀ ਨੇ ਪ੍ਰਭੂ ਨੂੰ ਕਿਰਸਾਣ ਅਤੇ ਸਾਰੇ ਸੰਸਾਰ ਨੂੰ ਖੇਤ ਨਾਲ ਤੁਲਨਾ ਕੀਤੀ ਹੈ:

**ਹਰਿ ਪ੍ਰਭੁ ਕਾ ਸਭੁ ਖੇਤੁ ਹੈ**
**ਹਰਿ ਆਪਿ ਕਿਰਸਾਣੀ ਲਾਇਆ**
(ਅੰਗ: ੩੦੪)

ਆਪ ਜੀ ਨੇ ਕਿਰਸਾਣੀ ਜੀਵਨ ਦੇ ਉੱਦਮ ਅਤੇ ਲਗਨ ਦੀ ਪ੍ਰਸੰਸਾ ਕਰਦਿਆਂ ਫੁਰਮਾਇਆ ਹੈ:

**ਕਿਰਸਾਣੀ ਕਿਰਸਾਣੁ ਕਰੇ ਲੋਚੈ ਜੀਉ ਲਾਇ**
**ਹਲੁ ਜੋਤੈ ਉਦਮੁ ਕਰੇ ਮੇਰਾ ਪੁਤੁ ਧੀ ਖਾਇ**
(ਅੰਗ: ੧੬੬)

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬਾਰਹਮਾਹ ਬਾਣੀਆਂ ਵਿਚ ਕਿਰਸਾਣੀ ਨਾਲ ਸਬੰਧਤ ਮਿਸਾਲਾਂ ਦੇ ਕੇ ਜੀਵਨ ਦਾ ਮੰਤਵ ਸਪੱਸ਼ਟ ਕੀਤਾ ਹੈ। ਆਪ ਨੇ ਪਰਮੇਸ਼ਰ ਨੂੰ ਕਿਰਸਾਣ ਅਤੇ ਫਸਲ ਦੀ ਵਾਢੀ ਨੂੰ ਮੌਤ ਨਾਲ ਤੁਲਣਾ ਕੀਤੀ ਹੈ:



**ਹਰੀ ਨਾਹੀ ਨਹ ਡਡੁਰੀ ਪਕੀ ਵਢਣਹਾਰ**
**ਲੈ ਲੈ ਦਾਤ ਪਹੁਤਿਆ ਲਾਵੇ ਕਰਿ ਤਈਆਰੁ**
**ਜਾ ਹੋਆ ਹੁਕਮੁ ਕਿਰਸਾਣ ਦਾ**
**ਤਾ ਲੁਣਿ ਮਿਣਿਆ ਖੇਤਾਰੁ**
(ਅੰਗ : ੪੩)

ਪਰਮਾਤਮਾ ਨੂੰ ਪਾਰਜਾਤ ਰੁੱਖ ਦੀ ਉਪਮਾ ਦਿੰਦੇ ਹੋਏ ਫੁਰਮਾਇਆ ਹੈ:

**ਬਿਰਖੁ ਜਮਿਓ ਹੈ ਪਾਰਜਾਤ**
**ਫੂਲ ਲਗੇ ਫਲ ਰਤਨ ਭਾਂਤਿ**
(ਅੰਗ: ੧੧੯੦)

ਗੁਰਬਾਣੀ ਵਿਚ ਧਰਤੀ ਦੀ ਕਿਸਮ 'ਤੇ ਵੀ ਚਾਨਣਾ ਪਾਇਆ ਗਿਆ ਹੈ।

**ਕਲਰਿ ਖੇਤੀ ਬੀਜੀਐ**
**ਕਿਉ ਲਾਹਾ ਪਾਵੈ**
(ਅੰਗ : ੪੧੯)




**ਅਦਾਰਾ 'ਅੰਮ੍ਰਿਤਸਰ ਟਾਈਮਜ਼' ਵੱਲੋਂ ਆਪਣੇ ਪਾਠਕਾਂ ਲਈ ਸਿੱਖ ਧਰਮ ਦੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 400ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਲੇਖ ਲੜੀ ਸ਼ੁਰੂ ਕੀਤੀ ਗਈ ਹੈ। ਇਸ ਲੜੀ ਤਹਿਤ ਹਥਲਾ ਲੇਖ ਪਾਠਕਾਂ ਲਈ ਪੇਸ਼ ਕੀਤਾ ਜਾ ਰਿਹਾ ਹੈ - ਸੰਪਾਦਕ**

# ਖ਼ੁਰਸ਼ੀਦ ਪੈ.ਗੰਬਰੀ ਅਜ਼ਮਤ-ਗੁਰੂ ਤੇਗ ਬਹਾਦਰ ਸਾਹਿਬ ਜੀ

**ਸੁਰਜੀਤ ਸਿੰਘ "ਦਿਲਾ ਰਾਮ"**
**(ਪੁਸਤਕ: ਨਾਨਕ ਬੇੜੀ ਸਚ ਕੀ)**

ਉਸ ਦੇ ਅੰਦਰੋਂ ਅਰਦਾਸ ਨਿਕਲੀ ਇਹ ਸੱਚੇ ਪਾਤਸ਼ਾਹ ਮੇਰੀ ਬੁੱਧੀ ਚਕਰਾ ਗਈ ਹੈ ਆਪ ਪ੍ਰਗਟ ਹੋ ਕੇ ਅਥਵਾ ਮੂੰਹੋਂ ਮੰਗ ਕੇ ਆਪਣੀ ਅਮਾਨਤ ਲੈ ਲਵੋ ਜਿਸ ਨਾਲ ਮੇਰੇ ਮਨ ਨੂੰ ਧੀਰਜ ਹੋਵੇ। ਇਸ ਤਰਾਂ ਅਰਦਾਸ ਕਰਕੇ ਉਹ ਅੱਗੇ ਹੋਇਆ ਅਤੇ ਹਰੇਕ ਗੁਰੂ ਅੱਗੇ ਦੋ ਦੋ ਮੋਹਰਾਂ ਰੱਖ ਕੇ ਮੱਥਾ ਟੇਕਣ ਲੱਗਿਆ।

ਸੋਨੇ ਦੀਆਂ ਮੋਹਰਾਂ ਤੱਕ ਹਰੇਕ ਗੁਰੂ ਖ਼ੁਸ਼ ਹੋ ਜਾਂਦਾ ਅਤੇ ਲੁਬਾਣੇ ਵਪਾਰੀ ਨੂੰ ਆਸ਼ੀਰਵਾਦ ਦਿੰਦਾ। ਪਰ ਕਿਸੇ ਨੇ ਵੀ ਉਸ ਨੂੰ ਲਿਆਂਦੀ ਕਾਰ ਭੇਟਾ ਦੀ ਅਸਲੀ ਰਕਮ ਦੀ ਗੱਲ ਨਾ ਕੀਤੀ।ਹਰ ਕੋਈ ਆਪਣੇ ਸੱਚੇ ਗੁਰੂ ਹੋਣ ਦਾ ਦਾਅਵਾ ਬੰਨ ਕੇ ਤੇ ਦੂਜਿਆਂ ਨੂੰ ਪਖੰਡੀ ਕਹਿੰਦੇ।

ਮੱਖਣ ਸ਼ਾਹ ਬਾਈ ਦੇ ਬਾਈ ਗੁਰੂਆਂ ਦੇ ਦਰਸ਼ਨ ਕਰ ਗਿਆ। ਪਰ ਉਸ ਨੂੰ ਸੱਚਾ ਗੁਰੂ ਨਾ ਲੱਭਿਆ।ਉਹ ਬੜਾ ਨਿਰਾਸ਼ ਹੋਇਆ। ਅਖੀਰ ਉਸ ਨੇ ਪਿੰਡ ਦੇ ਸਾਧਾਰਨ ਲੋਕਾਂ ਤੋਂ ਪੁੱਛਿਆ, 'ਕਿਉਂ ਜੀ, ਇੱਥੇ ਕੋਈ ਹੋਰ ਵੀ ਸੋਢੀ ਰਹਿੰਦਾ ਹੈ?

ਇਕ ਬਿਰਧ ਕਿਸਾਨ ਨੇ ਦਸਿਆ, 'ਹਾਂ, ਤੇਗ ਬਹਾਦਰ ਨਾਮ ਦਾ ਇਕ ਸ਼ਾਂਤ ਸੁਭਾਅ ਦਾ ਸੋਢੀ ਔਹ ਸਾਹਮਣੇ ਕਮਰੇ ਵਿਚ ਰਹਿੰਦਾ ਹੈ। ਉਹ ਕਿਸੇ ਨੂੰ ਮਿਲਦੇ ਜੁਲਦੇ ਘੱਟ ਹੀ ਹਨ ਤੇ ਨਾ ਹੀ ਉਹ ਗੁਰੂ ਬਣਨ ਦੇ ਚਾਹਵਾਨ ਹਨ। ਮੱਖਣ ਸ਼ਾਹ ਉਸ ਬਜ਼ੁਰਗ ਕਿਸਾਨ ਦੁਆਰਾ ਦੱਸੇ ਕੋਠੇ ਨੇ ਅੰਦਰ ਗਿਆ। ਪਹਿਲਾਂ ਦੀ ਤਰਾਂ ਹੀ ਉਸਨੇ ਦੋ ਮੋਹਰਾਂ ਰੱਖ ਕੇ ਮੱਥਾ ਟੇਕਿਆ।ਆਪ ਜੀ ਨੇ ਮੱਖਣ ਸ਼ਾਹ ਵੱਲ ਤੱਕ ਕੇ ਕਿਹਾ 'ਭਾਈ ਪੁਰਖਾ! ਗੁਰੂ ਦੀ ਅਮਾਨਤ ਪੂਰੀ ਦਿਤਿਆ ਹੀ ਭਲਾ ਹੁੰਦਾ ਹੈ।ਤੂੰ ਪੰਜ ਸੌ ਦੇ ਵਿਚੋਂ ਕੇਵਲ ਦੋ ਹੀ ਦੇ ਰਿਹਾ ਹੈ ਇਹ ਕਿਉਂ?

ਇਹ ਬਚਨ ਸੁਣਦਿਆਂ ਹੀ ਮੱਖਣ ਸ਼ਾਹ ਨੂੰ ਸੁੱਧ ਬੁਧ ਭੁਲ ਗਈ , ਉਹ ਇਕ ਦਮ ਗੁਰੂ ਜੀ ਦੇ ਚਰਨਾਂ ਉਤੇ ਲਿਪਟ ਗਿਆ ਅਤੇ ਉਨਾਂ ਤੋਂ ਪੰਜ ਸੌ ਮੋਹਰਾਂ ਲਿਆਉਣ ਲਈ ਆਗਿਆ ਲਈ।

ਉਹ ਬਾਹਰ ਆਉਂਦਿਆ ਹੀ ਕੋਠੇ ਉਤੇ ਚੜ ਗਿਆ, ਜ਼ੋਰ ਨਾਲ ਪੱਲਾ ਫੇਰਿਆ ਅਤੇ ਉਚੀ ਉਚੀ ਪੁਕਾਰਨ ਲਗਿਆ 'ਗੁਰੂ ਲਾਧੋ ਰੇ',ਗੁਰੂ ਲਾਧੋ ਰੇ'।

ਲੋਕਾਂ ਨੇ ਭਾਈ ਮੱਖਣ ਸ਼ਾਹ ਦਾ ਹੋਕਾ ਸੁਣਿਆ। ਆਸ ਤੇ ਵਿਲਾਸ ਵਿਚਕਾਰ ਲਟਕਦੇ ਉਨਾਂ ਦੇ ਚਿਹਰਿਆਂ ਉਤੇ ਰੌਣਕ ਆ ਗਈ।

ਪਲਾਂ ਛਿਨਾਂ ਵਿਚ ਹੀ ਇਹ ਖਬਰ ਸਾਰੇ ਪਾਸੇ ਫੈਲ ਗਈ। ਵੇਖਦਿਆਂ ਵੇਖਦਿਆਂ ਹੀ ਗੁਰੂ ਜੀ ਦੇ ਕੋਠੇ ਦੁਆਲੇ ਅਥਾਹ ਭੀੜ ਜੁੜ ਗਈ।ਚਾਰੇ ਪਾਸੇ ਸਿੱਖਾਂ ਦਾ ਇਕੱਠ ਨਜ਼ਰ ਆਉਣ ਲਗਿਆ।ਸੰਗਤਾਂ ਦੀ ਬੇਨਤੀ ਤੇ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਬਾਹਰ ਆ ਕੇ ਦਰਸ਼ਨ ਦਿਤੇ। ਉਸ ਸਮੇਂ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਉਮਰ ਲਗਭਗ 43 ਸਾਲ ਦੀ ਹੀ ਸੀ। ਸੱਚੇ ਗੁਰੂ ਦੇ ਮਿਲ ਜਾਣ ਨਾਲ ਝੂਠ ਦੀਆਂ ਦੁਕਾਨਾਂ ਖੋਲ ਕੇ ਬੈਠੇ ਨਕਲੀ ਗੁਰੂਆਂ ਵਿਚ ਖਲਬਲੀ ਮਚ ਗਈ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਗੁਰਗੱਦੀ ਉਤੇ ਬਿਰਾਜੇ।ਸੰਗਤਾਂ ਦੀ ਭਟਕਣਾ ਖਤਮ ਹੋ ਗਈ। ਸਿਖਾਂ ਨੇ ਨਕਲੀ ਗੁਰੂਆਂ ਦੇ ਭਰਮ ਦੇ ਜਾਲ ਵਿੱਚੋਂ ਨਿਕਲ ਕੇ ਉਨਾਂ ਸਾਰਿਆਂ ਵੱਲੋਂ ਧਿਆਨ ਹਟਾ ਕੇ ਗੁਰੂ ਚਰਨਾ ਨਾਲ ਜੁੜਨਾ ਸ਼ੁਰੂ ਕਰ ਦਿਤਾ।

ਸੰਗਤਾਂ ਦੂਰ ਦੂਰ ਤੋਂ ਦਰਸ਼ਨ ਕਰਨ ਲਈ ਪੁਜਣ ਲੱਗੀਆਂ।ਕਾਰ ਭੇਟਾ ਦੀ ਚੜਤ ਦਾ ਵੀ ਕੋਈ ਅੰਤ ਸ਼ੁਮਾਰ ਨਾ ਰਿਹਾ।

ਇਹ ਸਭ ਵੇਖ ਕੇ ਗੁਰੂਘਰ ਦਾ ਸਭ ਤੋਂ ਵੱਡਾ ਦੋਖੀ ਧੀਰ ਮੱਲ ਈਰਖਾ ਨਾਲ ਸੜ ਬਲ ਗਿਆ।ਉਹ ਸਮਝਦਾ ਸੀ ਕਿ ਗੁਰੂ ਤੇਗ ਬਹਾਦਰ ਸੰਸਾਰ ਵਲੋਂ ਵਿਰਕਤ ਹਨ। ਮੰਜੀਆਂ ਵਾਲੇ ਗੁਰੂਆਂ ਵਿਚੋਂ ਮੈਂ ਹੀ ਸਭ ਤੋ ਵੱਡਾ ਹਾਂ ਤੇ ਹੁਣ ਗੁਰਗੱਦੀ ਤੇ ਮੇਰਾ ਦਾਅ ਲੱਗ ਜਾਵੇਗਾ। ਪਰ ਗੁਰੂ ਤੇਗ ਬਹਾਦਰ ਸਾਹਿਬ ਜੀ ਅਕਾਲ ਪੁਰਖ ਵਲੋਂ ਸੌਂਪੀ ਗਈ ਜਿੰਮੇਵਾਰੀ ਨੂੰ ਪੂਰਾ ਕਰਨ ਲਈ ਤੇ ਨਾਜ਼ੁਕ ਸਮਿਆਂ ਵਿਚ ਗੁਰਸਿੱਖਾਂ ਦੀ ਅਗਵਾਈ ਕਰਨ ਲਈ ਇਕਾਂਤ ਵਿਚ ਨਿਕਲ ਆਏ। ਇਸ ਨਾਲ ਧੀਰ ਮਲ ਦੀਆਂ ਸਾਰੀਆਂ ਆਸਾਂ ਤੇ ਪਾਣੀ ਫਿਰ ਗਿਆ।ਉਸਨੂੰ ਆਪਣੀ ਸੁਆਰਥ ਸਿਧੀ ਦਾ ਹੁਣ ਇਕੋ ਢੰਗ ਹੀ ਨਜ਼ਰ ਆਉਂਦਾ ਸੀ ਕਿ ਕਿਸੇ ਤਰਾਂ ਗੁਰੂ ਜੀ ਦੇ ਜੀਵਨ ਦਾ ਅੰਤ ਕੀਤਾ ਜਾਵੇ। ਗੁਰੂ ਨਾ ਰਹਿਣਗੇ ਤਾਂ ਗੁਰਗੱਦੀ ਤੇ ਕਬਜ਼ਾ ਜਮਾਉਣਾ ਸੌਖਾ ਹੋ ਜਾਵੇਗਾ। ਉਸਨੇ ਆਪਣੇ ਮਸੰਦਾਂ ਤੇ ਚੇਲਿਆਂ ਨਾਲ ਸਲਾਹ ਕੀਤੀ।

ਇਕ ਮਸੰਦ ਸ਼ੀਹੇ ਨੇ ਗੁਰੂ ਜੀ ਨੂੰ ਮਾਰ ਮੁਕਾਉਣ ਦੀ ਜਿੰਮੇਵਾਰੀ ਲੈ ਲਈ।ਧੀਰ ਮੱਲ ਨੇ ਉਸਨੂੰ ਭਾਰੀ ਇਨਾਮ ਦੇਣ ਦਾ ਇਕਰਾਰ ਕੀਤਾ। ਸ਼ੀਹੇ ਨੇ ਵੀਹ ਦੇ ਕਰੀਬ ਬੰਦੇ ਇਕੱਠੇ ਕੀਤੇ ਤੇ ਇਕ ਦਿਨ ਮੌਕਾ ਵੇਖ ਕੇ ਸ਼ੀਹੇ ਮਸੰਦ ਨੇ ਗੁਰੂ ਜੀ ਦਾ ਨਿਸ਼ਾਨਾ ਬੰਨ ਕੇ ਗੋਲੀ ਚਲਾਈ ਤੇ ਹਮਲਾ ਕਰ ਦਿੱਤਾ।ਗੋਲੀ ਲੱਗਣ ਨਾਲ ਗੁਰੂ ਜੀ ਜਖਮੀ ਵੀ ਹੋ ਗਏ ਸੀ। ਪਰ ਆਪ ਜੀ ਸ਼ਾਂਤ ਤੇ ਅਡੋਲ ਰਹੇ। ਹਮਲਾ ਕਰਨ ਉਪਰੰਤ ਉਹ ਗੁਰੂਘਰ ਦਾ ਸਾਰਾ ਸਮਾਨ ਲੁਟ ਕੇ ਲੈ ਗਏ। ਗੁਰੂ ਜੀ ਸ਼ਾਂਤ ਤੇ ਅਡੋਲ ਰਹੇ ਕਿਉਂਕਿ ਉਨਾਂ ਨੂੰ ਸੰਸਾਰਿਕ ਪਦਾਰਥਾਂ ਨਾਲ ਮੋਹ ਨਹੀ ਸੀ।

ਧੀਰਮੱਲ ਦੀ ਇਸ ਨੀਚ ਹਰਕਤ ਬਾਰੇ ਜਦੋਂ ਮੱਖਣ ਸ਼ਾਹ ਤੇ ਦੂਜੇ ਸਿੱਖਾਂ ਨੂੰ ਪਤਾ ਲੱਗਿਆ ਤਾਂ ਉਹ ਬੜੇ ਰੋਹ ਵਿਚ ਆਏ। ਉਨਾਂ ਮਸੰਦਾਂ ਤੇ ਧੀਰ ਮੱਲ ਨੂੰ ਸਬਕ ਸਿਖਾਉਣ ਲਈ ਉਨਾਂ ਤੇ ਹੱਲਾ ਬੋਲ ਦਿਤਾ।ਧੀਰ ਮੱਲ ਦਾ ਸਾਰਾ ਘਰ ਬਾਰ ਲੁੱਟ ਲਿਆ ਗਿਆ ਤੇ ਬੀੜ ਦੇ ਆਸਰੇ ਉਹ ਗੁਰੂ ਬਣੀ ਬੈਠਾ ਸੀ, ਉਹ ਵੀ ਖੋਹ ਲਈ।

ਜਦੋ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਸਾਰੀ ਘਟਨਾ ਦਾ ਪਤਾ ਲੱਗਿਆ ਤਾਂ ਉਨਾਂ ਸਿੱਖਾਂ ਨੂੰ ਮਾਲ ਵਾਪਸ ਕਰਨ ਤੇ ਉਹ ਬੀੜ ਵੀ ਧੀਰ ਮੱਲ ਨੂੰ ਵਾਪਸ ਮੋੜ ਦੇਣ ਦਾ ਹੁਕਮ ਦੇ ਦਿਤਾ।

ਸਿੱਖ ਸਾਮਾਨ ਤਾਂ ਸਾਰਾ ਵਾਪਸ ਕਰ ਆਏ, ਪਰ ਬੀੜ ਵਾਪਸ ਨਾ ਕੀਤੀ।ਸਿੱਖਾਂ ਨੇ ਮਨ ਵਿੱਚ ਇਹ ਧਾਰਿਆ ਕਿ ਬੀੜ ਧੀਰ ਮੱਲ ਦੀ ਕੋਈ ਨਿੱਜੀ ਜਾਇਦਾਦ ਨਹੀਂ ਹੈ, ਇਹ ਕੌਮ ਦੀ ਸਾਂਝੀ ਮਲਕੀਅਤ ਹੈ। ਉਨਾਂ ਬੀੜ ਨੂੰ ਆਪਣੇ ਕੋਲ ਹੀ ਰਖ ਲਿਆ। ਪਰ ਜਦੋਂ ਗੁਰੂ ਜੀ ਨੂੰ ਪਤਾ ਲੱਗਿਆ ਤਾਂ ਉਨਾਂ ਨੇ ਧੀਰ ਮੱਲ ਨੂੰ ਕਹਿਲਾ ਭੇਜਿਆ ਕਿ ਦਰਿਆ ਦੇ ਕੰਡੇ ਉੱਤੇ ਬੀੜ ਪਈ ਹੋਈ ਹੈ, ਉਹ ਆ ਕੇ ਲੈ ਲਵੋ। ਗੁਰੂ ਜੀ ਦਾ ਕਹਿਣਾ ਸੀ ਕਿ ਕੋਈ ਮਾਇਆ ਕਾਰਨ ਗੁਰੂ ਨੇ ਦੁਕਾਨ ਨਹੀਂ ਪਾਈ:-

'ਦਰਬ ਕੇ ਕਾਜ ਗੁਰੂ ਮਹਾਰਾਜ ਨੇ
ਨਹੀ ਇਹ ਬੈਠ ਦੁਕਾਨ ਪਾਈ।
(ਗੁਰਬਿਲਾਸ ਪਾ:੧੦)

ਇਥੇ ਆਪ ਜੀ ਨੇ ਇਹ ਵੀ ਫੁਰਮਾਇਆ ਕਿ ਖਿਮਾਂ ਕਰਨਾ ਹੀ ਸਬ ਤੋਂ ਵਡਾ ਤਪ ਤੇ ਧਰਮ ਹੈ:

'ਕਰਣੀ ਛਿਮਾ ਮਹਾ ਤਪ ਜਾਣ।ਛਿਮਾ ਸਕਲ ਤੀਰਥ ਇਸ਼ਨਾਨ।
ਛਿਮਾ ਕਰਨ ਹੀ ਦ੍ਵੈਬੋ ਦਾਨ।ਛਿਮਾ ਕਰਤੇ ਨਰ ਕੀ ਕਲਿਆਣ।'

ਧੀਰ ਮੱਲ ਨੇ ਉਹ ਬੀੜ ਲੈ ਲਈ ਸੀ।

ਵਿਦਵਾਨਾਂ ਦਾ ਵਿਚਾਰ ਹੈ ਕਿ ਅਸਲੀ ਬੀੜ ਦਰਿਆ ਵਿਚ ਰੁੜ ਗਈ ਸੀ।

ਗੁਰੂ ਤੇਗ ਬਹਾਦਰ ਜੀ ਨੇ ਗੱਦੀ ਉਤੇ ਬੈਠਦਿਆਂ ਹੀ ਮਹਿਸੂਸ ਲਿਆ ਸੀ ਕਿ ਬਕਾਲੇ ਰਹਿ ਕੇ ਸਿਖੀ ਦੇ ਬੂਟੇ ਨੂੰ ਹੋਰ ਵਧਾ ਸੰਭਾਲ ਨਹੀ ਸਕਣਗੇ।ਕੁਝ ਸਮਾਂ ਗੁਰੂ ਤੇਗ ਬਹਾਦਰ ਸਾਹਿਬ ਜੀ ਬਾਬਾ ਬਕਾਲੇ ਵਿਖੇ ਹੀ ਰਹੇ ਅਤੇ ਸੰਗਤਾਂ ਨੂੰ ਉਪਦੇਸ਼ ਦਿੰਦੇ ਰਹੇ।

ਇਸ ਤੋਂ ਬਾਅਦ ਗੁਰੂ ਸਾਹਿਬ ਜੀ ਬਾਹਰ ਆਲੇ ਦੁਆਲੇ ਦੇ ਇਲਾਕਿਆਂ ਵਿੱਚ ਗੁਰੂ ਨਾਨਕ ਸਾਹਿਬ ਜੀ ਦਾ ਸੁਨੇਹਾ ਲੋਕਾਂ ਵਿੱਚ ਪ੍ਰਚਾਰਨ ਲਈ ਚਲ ਪਏ।

ਆਪ ਜੀ ਸ੍ਰੀ ਤਰਨਤਾਰਨ, ਖਡੂਰ ਤੇ ਗੋਇੰਦਵਾਲ ਸਾਹਿਬ ਦੇ ਦਰਸ਼ਨ ਕਰਦੇ ਹੋਏ ਅੰਮ੍ਰਿਤਸਰ ਪਹੁੰਚੇ।

ਅੰਮ੍ਰਿਤ ਸਰੋਵਰ ਵਿਚ ਇਸ਼ਨਨ ਕਰਕੇ ਗੁਰੂ ਜੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਤੁਰੇ ਤਾਂ ਮਸੰਦਾਂ ਤੇ ਮੇਹਰਬਾਨ ਦੇ ਪੁੱਤਰ 'ਹਰਿ ਜੀ' ਨੇ ਹਰਿਮੰਦਰ ਸਾਹਿਬ ਦੇ ਬੂਹੇ ਬੰਦ ਕਰ ਲਏ।

ਉਨਾਂ ਨੂੰ ਡਰ ਸੀ ਕਿ ਗੁਰੂ ਜੀ ਖਬਰੇ ਹਰਿਮੰਦਰ ਸਾਹਿਬ 'ਤੇ ਕਬਜ਼ਾ ਹੀ ਨਾ ਕਰ ਲੈਣ। ਗੁਰੂ ਜੀ ਕਾਫੀ ਸਮਾਂ ਉੱਥੇ ਬੈਠ ਕੇ ਉਡੀਕਦੇ ਰਹੇ,ਪਰ ਦਰਵਾਜੇ ਬੰਦ ਹੀ ਰਹੇ। (ਜਿਸ ਜਗਾ ਗੁਰੂ ਤੇਗ ਬਹਾਦਰ ਸਾਹਿਬ ਜੀ ਉਡੀਕ ਕਰਦੇ ਰਹੇ, ਉਥੇ ਹੁਣ ਗੁਰਦੁਆਰਾ 'ਥੜਾ ਸਾਹਿਬ' ਹੈ।ਇਹ ਥਾਂ ਅਕਾਲ ਤਖਤ ਤੋਂ ਸੌ ਗਜ਼ ਦੂਰ ਉੱਤਰ ਦਿਸ਼ਾ ਵੱਲ ਹੈ) ਓਥੋਂ ਦੀ ਸੰਗਤ ਨੇ ਰੱਜ ਕੇ ਸਤਿਕਾਰ ਕੀਤਾ ਤੇ ਅੰਮ੍ਰਿਤਸਰ ਦੀ ਸੰਗਤ ਵੀ ਹੁਮ ਹੁਮਾ ਕੇ ਪਹੁੰਚ ਗਈ। ਬਾਅਦ ਵਿੱਚ ਮੱਖਣ ਸ਼ਾਹ ਨੇ ਸਮਝਾਇਆ ਕਿ 'ਗੁਰੂ ਤੁਹਾਡੇ ਕੋਲ ਚਲ ਕੇ ਆਏ ਸੀ, ਮੂਰਖੋ ! ਤੁਸਾਂ ਕਦਰ ਨਾ ਜਾਣੀ, ਬੇਮੁੱਖ ਨਾ ਹੋਵੋ ਤੇ ਦਰਸ਼ਨਾਂ ਨੂੰ ਜਾਉ। ਉਹ ਬਖਸ਼ੰਦ ਹਨ ਤਾਂ ਬਖਸ਼ ਵੀ ਲੈਣਗੇ।

ਜਦੋਂ ਉਹ 'ਵੱਲਾ' ਪਿੰਡ ਵਿਖੇ ਗੁਰੂ ਜੀ ਨੇ ਦਰਸ਼ਨਾਂ ਨੂੰ ਆਏ ਤਾਂ ਮਹਾਰਾਜ ਨੇ ਇਤਨਾ ਹੀ ਕਿਹਾ ਕਿ ਹਰਿਮੰਦਰ ਦੇ ਰਾਖਿਆ, ਸੇਵਾਦਾਰ ਮਸੰਦਾਂ ਨੂੰ ਤ੍ਰਿਸ਼ਨਾ ਨਹੀਂ ਸੋਭਦੀ:

'ਨਹ ਮਸੰਦ ਤੁਮ ਅੰਮ੍ਰਿਤਸਰੀਏ।
ਤ੍ਰਿਸ਼ਨਾਗਨ ਤੇ ਅੰਤਰਸੜਈਏ।'

(ਇਹ ਵਾਕ ਸ੍ਰੀ ਅੰਮ੍ਰਿਤਸਰ ਦੇ ਵਾਸੀਆਂ ਲਈ ਨਹੀ ਹਨ, ਸਗੋਂ ਉਨਾਂ ਲਈ ਸਨ ਜੋ ਧਰਮ ਪ੍ਰਚਾਰਕ ਹਨ)

ਇਸ ਘਟਨਾ ਉਪਰੰਤ ਗੁਰੂ ਜੀ ਦਾ ਇਰਾਦਾ ਪੱਕਾ ਹੋ ਗਿਆ ਕਿ ਐਸੀ ਥਾਂ ਬਣਾਈ ਜਾਵੇ ਜਿੱਥੋਂ ਧਰਮ ਦੇ ਪ੍ਰਚਾਰ ਦਾ ਕੰਮ ਫਿਰ ਆਰੰਭ ਕੀਤਾ ਜਾ ਸਕੇ। ਹਰਿਮੰਦਰ ਸਾਹਿਬ ਦੇ ਦਰਸ਼ਨਾਂ ਤੋਂ ਬਾਅਦ ਆਪ ਜੀ ਬਕਾਲੇ ਆ ਕੇ ਕੁਝ ਸਮਾਂ ਟਿਕੇ।ਥੋੜੇ ਸਮੇਂ ਬਾਅਦ ਆਪ ਜੀ ਨੇ ਬਕਾਲੇ ਤੋਂ ਕੀਰਤਪੁਰ ਜਾਣ ਦਾ ਫੈਸਲਾ ਕੀਤਾ। ਗੁਰੂ ਜੀ ਬਿਆਸ ਪਾਰ ਕਰਕੇ ਕੀਰਤਪੁਰ ਪਹੁੰਚੇ। ਰਸਤੇ ਵਿਚ ਗੁਰੂ ਜੀ ਥਾਂ ਥਾਂ ਨਾਮ ਬਾਣੀ ਦਾ ਪ੍ਰਚਾਰ ਕਰਦੇ, ਦੀਨਾਂ ਤੇ ਦੁਖੀਆਂ ਦੀਆਂ ਲੋੜਾਂ ਪੂਰੀਆਂ ਕਰਦੇ ਰਹੇ। ਆਪ ਜੀ ਨੇ ਆਪਣੇ ਪ੍ਰਚਾਰ ਲਈ ਕੇਂਦਰੀ ਸਥਾਨ ਕੀਰਤਪੁਰ ਨੂੰ ਚੁਣਿਆ।ਪਰ ਕੀਰਤਪੁਰ ਵੀ ਆਪ ਜੀ ਨੂੰ ਅਮਨ ਤੇ ਸ਼ਾਂਤੀ ਪ੍ਰਾਪਤ ਨਾ ਹੋਈ, ਜਿਸ ਦੇ ਆਪ ਚਾਹਵਾਨ ਸਨ। ਕੀਰਤਪੁਰ ਦੇ ਸੋਢੀ ਤੇ ਧੀਰਮੱਲ ਦੇ ਬੰਦੇ ਆਪ ਜੀ ਦੇ ਇਥੇ ਆਉਣ ਨਾਲ ਬਹੁਤ ਦੁਖੀ ਹੋਏ ਕਿਉਂਕਿ ਉਨਾਂ ਦੁਆਰਾ ਧਰਮ ਦੇ ਨਾਂ ਤੇ ਸਜਾਈਆਂ ਦੁਕਾਨਾਂ ਬੇਰੌਣਕ ਹੋਣ ਲੱਗੀਆਂ ਸਨ। ਉਨਾਂ ਨੇ ਕਈ ਯਤਨਾਂ ਨਾਲ ਨਗਰ ਨੂੰ ਉਜਾੜਨ ਦੇ ਉਪਰਾਲੇ ਕੀਤੇ ਪਰ ਉਨਾਂ ਦੀ ਇਕ ਨਾ ਚੱਲ ਸਕੀ।

ਦੂਜੇ ਪਾਸੇ ਧੀਰਮੱਲ ਤੇ ਰਾਮਰਾਇ ਅਜੇ ਵੀ ਦਿੱਲੀ ਦੇ ਗੇੜੇ ਲਾਉਣ ਵਿਚ ਲਗੇ ਹੋਏ ਸਨ ਕਿ ਕਿਸੇ ਤਰਾਂ ਔਰੰਗਜ਼ੇਬ ਨੂੰ ਗੁਰੂ ਜੀ ਦੇ ਵਿਰੁਧ ਭੜਕਾ ਕੇ ਗੁਰਗੱਦੀ ਪ੍ਰਾਪਤ ਕਰਨ ਦੀ ਸਹਾਇਤਾ ਲੈ ਸਕਣ। ਗੁਰੂ ਤੇਗ ਬਹਾਦਰ ਦੀ ਅਤੀ ਕੋਮਲ ਚਿਤ ਅਤੇ ਤਿਆਗ ਦੀ ਮੂਰਤ ਸਨ।ਆਪ ਜੀ ਕਿਸੇ ਨੂੰ ਦੁਖੀ ਕਰਨਾ ਨਹੀਂ ਸੀ ਚਾਹੁੰਦੇ। ਇਸ ਲਈ ਆਪ ਜੀ ਨੇ ਆਪਣੇ ਵਾਸਤੇ ਕੋਈ ਹੋਰ ਟਿਕਾਣਾ ਬਣਾਉਣ ਦਾ ਵਿਚਾਰ ਕੀਤਾ ਜਿਸ ਨਾਲ ਸਭ ਪ੍ਰਕਾਰ ਦੇ ਝਗੜਿਆਂ ਬਖੇੜਿਆਂ ਤੋਂ ਦੂਰ ਰਹਿਆ ਜਾ ਸਕੇ।

ਆਪ ਜੀ ਨੇ ਕਹਿਲੂਰ ਦੇ ਰਾਜੇ ਕੋਲੋ ਪਿੰਡ ਮਾਖੋਵਾਲ, ਜਿਹੜਾ ਕਿ ਕੀਰਤਪੁਰ ਤੋਂ ਪੰਜ ਮੀਲ ਦੀ ਦੂਰੀ 'ਤੇ ਸਥਿਤ ਸੀ, ਦੀ ਜਮੀਨ ਖਰੀਦੀ।

ਇਥੇ ਆਪ ਜੀ ਨੇ ਦਰਿਆ ਸਤਿਲੁਜ ਦੇ ਕੰਢੇ ਦੇ ਕੋਲ ਕਰਕੇ ਨੈਣਾ ਦੇਵੀ ਪਰਬਤ ਦੇ ਉਰਲੇ ਪਾਸੇ ਇਕ ਨਵਾਂ ਨਗਰ ਵਸਾਇਆ ਜਿਸ ਦਾ ਨਾਂ ਆਪ ਜੀ ਨੇ ਅਨੰਦਪੁਰ ਰਖਿਆ।

ਅਨੰਦਪੁਰ ਦੀ ਸਥਿਤੀ ਬੜੀ ਹੀ ਢੁੱਕਵੀਂ ਸੀ। ਦਰਿਆ ਦਾ ਵੀ ਪੱਤਨ ਨੇੜੇ ਹੋਣ ਕਰਕੇ ਲੋਕਾਂ ਦੀ ਆਰ ਪਾਰ ਦੀ ਆਵਾਜਾਈ ਬਣੀ ਰਹਿੰਦੀ ਸੀ। ਇਥੋਂ ਪਹਾੜੀ ਇਲਾਕਾ ਸ਼ੁਰੂ ਹੁੰਦਾ ਸੀ ਤੇ ਪਹਾੜ ਵੱਲ ਜਾਣ ਦੇ ਕਈ ਰਸਤੇ ਡੰਡੀਆਂ ਨਿਕਲਦੀਆਂ ਸਨ।

ਅਨੰਦਪੁਰ ਆਉਂਦੇ ਜਾਂਦੇ ਲੋਕਾਂ ਦੇ ਟਿਕਣ ਅਤੇ ਸੌਦਾ ਵਸਤ ਖਰੀਦਣ ਦਾ ਚੰਗਾ ਕੇਂਦਰ ਬਣ ਗਿਆ ਸੀ ਤੇ ਦਿਨਾਂ ਵਿੱਚ ਹੀ ਇੱਥੇ ਬੜੀ ਰੌਣਕ ਹੋ ਗਈ। ਪਹਾੜੀ ਸਥਾਨ ਹੋਣ ਕਰਕੇ ਇਥੋਂ ਦਾ ਆਲਾ ਦੁਆਲਾ ਬੜਾ ਰਮਣੀਕ ਸੀ। ਦੂਜੇ ਮੈਦਾਨੀ ਇਲਾਕੇ ਤੋਂ ਦੂਰ ਹੋਣ ਕਰਕੇ ਇੱਥੇ ਬੜੀ ਸ਼ਾਤੀ ਤੇ ਨਿਵੇਕਲਾਪਨ ਸੀ। ਗੁਰੂ ਦੀ ਇਥੇ ਬਿਰਾਜੇ ਹੋਏ ਸਨ, ਇਨਾਂ ਸਭਨਾਂ ਗਲਾਂ ਕਰਕੇ ਦੂਰ ਦੂਰ ਤੋਂ ਸਿਖ ਸੰਗਤਾਂ ਇਥੇ ਆ ਕੇ ਵਸਣ ਲਗੀਆਂ।

ਪਰਚਾਰ ਲਈ ਦੌਰਾ:

ਔਰੰਗਜ਼ੇਬ 31 ਜੁਲਾਈ, 1658 ਈ ਨੂੰ ਤਖਤ ਉਤੇ ਬੈਠਾ ਸੀ।ਔਰੰਗਜ਼ੇਬ ਨੇ ਆਪਣੇ ਪਿਓ ਨੂੰ ਕੈਦ ਕਰ ਕੇ ਤੇ ਭਰਾਵਾਂ ਨੂੰ ਮਾਰ ਕੇ ਹੀ ਉਹ ਤਖ਼ਤ ਹਾਸਲ ਕੀਤਾ ਸੀ।ਮੁਸਲਮਾਨਾਂ ਵਿੱਚ ਗਲਤ ਫਹਿਮੀਆਂ ਪੈ ਗਈਆਂ ਸਨ ਤੇ ਲੋਕੀਂ ਉਸ ਨੂੰ ਚੰਗਾ ਨਹੀਂ ਸਨ ਸਮਝਦੇ।ਔਰੰਗਜ਼ੇਬ ਨੇ ਕੱਟੜ ਹਿੰਦੂ ਵਿਰੋਧੀ ਧਾਰਮਿਕ ਨੀਤੀ ਦਾ ਐਲਾਨ ਕਰ ਦਿਤਾ ਸੀ। ਉਸ ਨੇ ਆਪਣੇ ਆਪ ਨੂੰ ਇਸਲਾਮ ਦਾ ਰਾਖਾ ਦੱਸ ਕੇ ਮੁਸਲਮਾਨਾਂ ਨੂੰ ਆਪਣੇ ਵੱਲ ਕਰਨਾ ਸ਼ੁਰੂ ਕਰ ਦਿੱਤਾ। ਇਸ ਲਈ ਉਸ ਨੇ ਨਵੇਂ ਮੰਦਰ ਨਾ ਬਣਾਉਣ, ਪੁਰਾਣਿਆਂ ਦੀ ਮੁਰੰਮਤ ਨਾ ਕਰਨ ਤੇ ਉੜੀਸਾ ਤੇ ਬਿਹਾਰ ਵਿੱਚ ਮੰਦਰ ਗਿਰਾਉਣ ਦਾ ਹੁਕਮ ਦੇ ਦਿੱਤਾ ਸੀ।

ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਗੁਰੂ ਨਾਨਕ ਦਾ ਉਪਦੇਸ਼ ਫਿਰ ਘਰ ਘਰ ਪਹੁੰਚਾਉਣ ਦਾ ਜ਼ਿੰਮਾ ਲਿਆ। ਲੋਕਾਂ ਵਿੱਚ ਇਹ ਖ਼ਿਆਲ ਮੁੜ ਦ੍ਰਿੜ ਕਰਵਾਇਆ ਕਿ ਜਿਉਂਦਿਆ ਹੀ ਜੇ ਇੱਜ਼ਤ ਖੋਹੀ ਗਈ ਤਾਂ ਜਿਊਣਾ ਕਿਸ ਕੰਮ?

ਡਰਨ ਵਾਲਾ ਕਾਇਰ ਤੇ ਡਰਾਉਣ ਵਾਲਾ ਜਾਬਰ ਹੈ, ਇਨਾਂ ਦੋਹਾਂ ਲਈ ਸਮਾਜ ਵਿੱਚ ਕੋਈ ਥਾਂ ਨਹੀ:-

ਸਲੋਕ ਮਹਲਾ ੯
ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥
ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ॥੧੬॥
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ ੧੪੨੭)

ਬਾਂਗਰ ਦੇਸ਼ -

ਗੁਰੂ ਜੀ ਨੇ ਮਾਲਵੇ ਦੀ ਧਰਤੀ ਤੋਂ ਆਪਣਾ ਪ੍ਰਚਾਰ ਆਰੰਭਿਆ। 'ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ' ਹੋਣ ਕਾਰਨ ਪੰਜਾਬ ਨੂੰ ਹਰ ਬਦਲਦੀ ਹਕੂਮਤ ਵੇਲੇ ਦੁੱਖ ਝੱਲਣੇ ਪੈਂਦੇ ਸਨ। ਔਰੰਗਜ਼ੇਬ ਨੇ ਤਾਂ ਰਾਜ ਹੀ ਬੜੇ ਔਖੇ ਹੋ ਕੇ ਲਿਆ ਸੀ। ਰੋਜ਼ ਹੀ ਫੌਜਾਂ ਦੀ ਚੜਾਈ ਨੇ ਫ਼ਸਲਾਂ ਤਬਾਹ ਕਰ ਦਿੱਤੀਆਂ ਸਨ।ਲੋਕ ਆਲਸੀ ਅਤੇ ਵਹਿਮੀ ਹੋ ਗਏ, ਆਪਣਾ ਕੀਮਤੀ ਸਮਾਂ ਨਸ਼ਿਆਂ ਵਿੱਚ ਨਸ਼ਟ ਕਰਨ ਲੱਗੇ ਸਨ। ਤੰਬਾਕੂ ਉਸ ਸਮੇਂ ਦਾ ਨਵਾਂ ਨਵਾਂ ਅਤੇ ਸਸਤਾ ਨਸ਼ਾ ਹੋਣ ਕਰਨ ਲੋਕਾਂ ਨੂੰ ਇਸ ਦੀ ਲੱਤ ਲੱਗ ਗਈ ਸੀ। ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਮਾਲਵੇ ਵੱਲ ਆਉਣਾ ਸ਼ੁਰੂ ਕੀਤਾ।

ਮਾਝੇ ਤੇ ਦੋਆਬੇ ਵਿੱਚ ਪਹਿਲੀਆਂ ਪੰਜ ਗੁਰੂ ਜੋਤਾਂ ਨੇ ਕਾਫ਼ੀ ਸੋਝੀ ਦੇ ਦਿੱਤੀ ਸੀ। ਇਸ ਇਲਾਕੇ ਵਿੱਚ ਵੀ ਸਖੀ ਸਰਵਰਾਂ ਦੇ ਬਹੁਤ ਚੇਲੇ ਹੋ ਗਏ ਸਨ। ਉਹ ਕਬਰਾਂ ਨੂੰ ਪੂਜਦੇ ਅਤੇ ਗੁੱਗੇ ਮਨਾਉਂਦੇਂ ਸਨ। ਗੁਰੂ ਜੀ ਨੇ ਇਸ ਕੁਰੀਤੀ ਤੋਂ ਹਟਾਉਣ ਦਾ ਉਪਰਾਲਾ ਕੀਤਾ। ਇਸਲਾਮ ਵਿੱਚ ਦਾਖਲ ਹੋਣ ਲਈ ਸਖੀ ਸਰਵਰ ਦੀ ਪੂਜਾ ਪਹਿਲੀ ਪੌੜੀ ਹੁੰਦੀ ਸੀ। ਇਸ ਲਈ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਮਾਲਵੇ ਵੱਲ ਧਿਆਨ ਦਿੱਤਾ ਤੇ ਫਿਰ ਪੂਰਬ ਵੱਲ 'ਅਣਖ ਨਾਲ ਜੀਣ' ਦਾ ਪ੍ਰਚਾਰ ਕਰਨ ਲਈ ਗਏ।

ਅਨੰਦਪੁਰ ਸਾਹਿਬ ਤੋਂ ਗੁਰੂ ਤੇ.ਗ ਬਹਾਦਰ ਜੀ ਘਨੌਲੀ ਵਿਖੇ ਗਏ। ਉੱਥੇ ਲੋਕਾਂ ਦੀ ਮਾੜੀ ਅਵਸਥਾ ਦੇਖ ਕੇ ਜੋ ਕੁਝ ਖਜ਼ਾਨੇ ਵਿਚ ਸੀ ਉਹ ਲੋੜਵੰਦਾਂ ਵਿੱਚ ਵੰਡ ਦਿੱਤਾ। ਉਥੋਂ ਫਿਰ ਆਪ ਜੀ ਰੋਪੜ ਗਏ। ਉਸ ਤੋਂ ਬਾਅਦ ਫਿਰ ਬਹਾਦਰਗੜ ਟਿਕਾਣਾ ਸ਼ੈਫਦੀਨ ਦੇ ਬਾ.ਗ ਵਿੱਚ ਕੀਤਾ।

ਕਿਹਾ ਜਾਂਦਾ ਹੈ ਕਿ ਸੈਫਦੀਨ ਬੜਾ ਨੇਕ ਇਨਸਾਨ ਤੇ ਦਿਲ ਦਾ ਸਾਫ ਸੀ।ਉਸ ਨੇ ਲੰਗਰ ਵਿੱਚ ਰਸਦ ਪਾਈ ਸੀ ਕਿਉਂਕਿ ਗੁਰੂ ਜੀ ਸਭ ਕੁਝ ਪਿੱਛੇ ਵੰਡ ਆਏ ਸਨ ਇਸ ਲਈ ਉਸ ਨੇ ਲੰਗਰ ਲਈ ਭਾਂਡੇ ਤੇ ਤੰਬੂ ਛਾਵਣੀਆਂ ਦਿੱਤੀਆਂ ਸਨ।ਕੁਝ ਸ਼ਸਤਰਾਂ ਦੇ ਨਾਲ ਨਾਲ ਗੁਰੂ ਜੀ ਦੀ ਸਵਾਰੀ ਲਈ ਘੋੜਾ ਅਤੇ ਮਾਤਾ ਜੀ ਦੀ ਸਵਾਰੀ ਲਈ ਰੱਥ ਦਿੱਤਾ ਸੀ।

ਗੁਰੂ ਜੀ ਦਾਦੂ ਮਾਜਰਾ, ਨੌ ਲੱਖਾ, ਲੰਗਾ, ਮੂਲੋਵਾਲ, ਫਰਵਾਹੀ, ਹੰਢਾਇਆ, ਭਲੇਹਰ, ਖੀਵਾ ਤੇ ਭਿਖੀ ਗਏ।

ਰਾਹ ਵਿੱਚ ਗੁਰੂ ਜੀ ਨੇ ਲੋੜ ਅਨੁਸਾਰ ਖੂਹ ਪੁਟਵਾਏ ਤੇ ਡੂੰਘੇ ਖੂਹ ਪੁਟਵਾ ਕੇ ਠੰਢਾ ਤੇ ਮਿੱਠਾ ਪਾਣੀ ਕੱਢਣ ਦੀ ਜਾਂਚ ਦੱਸੀ।ਫਿਰ ਉੱਥੋਂ ਹੀ ਗੁਰ ਤੇਗ ਬਹਾਦਰ ਜੀ, ਖਿਆਲਾ, ਮੌੜ, ਮਾਈਸਰ ਖਾਨਾ ਤੋਂ ਹੋ ਕੇ ਸਾਬੋ ਕੀ ਤਲਵੰਡੀ ਪੁੱਜੇ।(ਸਾਬੋ ਕਿ ਤਲਵੰਡੀ ਮਗਰੋ ਤਕੜਾ ਕੇਂਦਰ ਬਣਿਆ। ਗੁਰੂ ਗੋਬਿੰਦ ਸਿੰਘ ਜੀ ਨੇ ਆ ਕੇ ਇਥੇ ਹੀ ਟਿਕਾਣਾ 1705 ਈ ਨੂੰ ਕੀਤਾ ਹੀ।ਇਹ ਜਗਾ ਫਿਰ ਦਮਦਮਾ ਸਾਹਿਬ ਕਰਕੇ ਪ੍ਰਸਿਧ ਹੋਈ।)

ਕੁਝ ਦਿਨ ਦਮਦਮਾ ਸਾਹਿਬ ਟਿੱਕ ਕੇ ਗੁਰੂ ਜੀ ਧਰਮ ਦਾ ਕੋਟ ਬਛੋ ਆਹਵਾ, ਗੋਬਿੰਦਪੁਰਾ, ਸੰਘੇੜੀ ਤੇ ਗਰਨਾ ਤੋਂ ਹੋ ਕੇ ਧਮਧਾਨ ਪੁੱਜੇ।ਗੁਰੂ ਜੀ ਦਾ ਇਸ ਇਲਾਕੇ ਵਿੱਚ ਇਹ ਉਪਦੇਸ਼ ਸੀ : ਆਲਸ ਛੱਡੋ, ਉੱਦਮ ਕਰੋ, ਕਾਮਯਾਬੀ ਤੁਹਾਡੇ ਪੈਰ ਚੁੰਮੇਗੀ।

ਧਮਧਾਣ ਵਿਖੇ ਗੁਰੂ ਤੇਗ ਬਹਾਦਰ ਜੀ ਨੇ ਇੱਕ ਸਿੱਖ ਜਿਸ ਨੇ ਰਾਹ ਵਿੱਚ ਭੱਜ ਭੱਜ ਉਤਸ਼ਾਹ ਨਾਲ ਪਾਣੀ ਦੀ ਸੇਵਾ ਕੀਤੀ ਸੀ, ਉਸਨੂੰ ਮੀਂਹ ਸਾਹਿਬ ਦਾ ਖਿਤਾਬ ਦਿੱਤਾ।

ਉਹ ਪਾਣੀ ਪਿਲਾਉਣ ਤੇ ਇਸ਼ਨਾਨ ਕਰਾਉਣ ਵਿੱਚ ਮੀਂਹ ਵਰਾ ਦਿੰਦਾ ਸੀ। ਉਨਾਂ ਦੀ ਯਾਦਗਾਰ ਧਮਧਾਣ ਹੀ ਹੈ।ਉੱਥੋਂ ਗੁਰੂ ਦੀ ਰੋਹਤਕ ਤੇ ਕਰਨਾਲ ਦੇ ਜ਼ਿਲਿਆਂ ਵੱਲ ਗਏ। ਇਸੇ ਨੂੰ ਹੀ ਬਾਂਗਰ ਕਿਹਾ ਜਾਂਦਾ ਹੈ। ਪਿੰਡ ਖਰਕ, ਖੱਟਕੜ, ਟੋਕਰੀ ਹੁੰਦੇ ਹੋਏ ਗੁਰੂ ਤੇਗ ਬਹਾਦਰ ਜੀ ਕੈਂਥਲ ਪਹੁੰਚੇ।

(ਚਲਦਾ...)

ਸ਼ਖਸੀਅਤ

# ਮੋਗੇ ਦਾ ਵਿਸ਼ਵ ਪ੍ਰਸਿੱਧ ਭੌਤਿਕ ਵਿਗਿਆਨੀ ਨਰਿੰਦਰ ਸਿੰਘ ਕਪਾਨੀ

**ਪ੍ਰਿੰਸੀਪਲ ਹਰਿ ਕ੍ਰਿਸ਼ਨ**

ਪੰਜਾਬ ਦਾ ਮਾਣ ਅਮਰੀਕਾ ਵਿਚ ਜਾ ਵਸੇ ਇਕ ਉੱਘੇ ਭੌਤਿਕ ਵਿਗਿਆਨੀ ਡਾ. ਨਰਿੰਦਰ ਸਿੰਘ ਕਪਾਨੀ ਬਾਰੇ ਭੌਤਿਕ ਵਿਗਿਆਨੀ ਸ਼ਿਵਾਨੰਦ ਕਾਨਵੀ ਆਪਣੀ ਪੁਸਤਕ 'ਸੈਂਡ ਟੂ ਸਿਲੀਕਾਨ' ਵਿਚ ਵਿਸਥਾਰ ਨਾਲ ਚਰਚਾ ਕਰਦਾ ਹੋਇਆ ਲਿਖਦਾ ਹੈ ਕਿ ਡਾ. ਕਪਾਨੀ ਦੀ ਫਾਈਬਰ ਆਪਟਿਕਸ ਵਿਚ ਕੀਤੀ ਗਈ ਖੋਜ ਕਰਕੇ, ਉਹ ਨੋਬਲ ਪੁਰਸਕਾਰ ਦਾ ਮਜ਼ਬੂਤ ਦਾਅਵੇਦਾਰ ਸੀ ਪਰ ਉਸ ਨੂੰ ਅਣਗੌਲਿਆ ਕਰਕੇ ਇਹ ਨੋਬਲ ਪੁਰਸਕਾਰ ਚਾਰਲਸ. ਕੇ. ਕਾਉ ਨੂੰ ਦਿੱਤਾ ਗਿਆ ਸੀ। ਅੱਜ ਇੰਟਰਨੈੱਟ ਜ਼ਰੀਏ , ਤੇਜ਼ ਰਫ਼ਤਾਰ ਨਾਲ ਲੰਬੀਆਂ ਦੂਰੀਆਂ ਤੱਕ ਡਾਟਾ (ਸੰਦੇਸ਼, ਸੂਚਨਾਵਾਂ, ਫੋਟੋਆਂ, ਦਸਤਾਵੇਜ਼, ਫ਼ਾਈਲਾਂ) ਭੇਜਣ ਦੀ ਸਹੂਲਤ ਦਾ ਅਨੰਦ ਅਸੀਂ ਡਾ. ਕਪਾਨੀ ਦੀ ਲੱਭਤ ਕਰਕੇ ਹੀ ਮਾਣ ਰਹੇ ਹਾਂ। ਆਪਟੀਕਲ ਫਾਈਬਰ ਆਧਾਰਤ, 'ਐਂਡੋਸਕੋਪੀ' ਜ਼ਰੀਏ ਡਾਕਟਰ ਸਾਡੇ ਸਰੀਰ ਅੰਦਰ ਦੀ ਜਾਂਚ ਕਰਨ ਦੇ ਸਮਰੱਥ ਹੋਏ ਹਨ। ਲੇਜ਼ਰ ਸਰਜਰੀ ਵਰਦਾਨ ਸਾਬਤ ਹੋਈ ਹੈ।

ਡਾ. ਕਪਾਨੀ ਨੂੰ ਦੁਨੀਆ ਫਾਈਬਰ ਆਪਟਿਕਸ ਦਾ ਪਿਤਾਮਾ ਮੰਨਦੀ ਹੈ। ਉਸ ਨੂੰ 'ਫਾਈਬਰ ਕਿੰਗ' ਵੀ ਕਿਹਾ ਜਾਂਦਾ ਹੈ। ਕੀ ਤੁਹਾਨੂੰ ਪਤਾ ਹੈ ਕਿ ਨਰਿੰਦਰ ਸਿੰਘ ਕਪਾਨੀ ਪੰਜਾਬ ਦੇ ਇਕ ਸ਼ਹਿਰ ਦਾ ਜੰਮਪਲ ਸੀ। ਡਾ. ਨਰਿੰਦਰ ਸਿੰਘ ਕਪਾਨੀ ਦਾ ਜਨਮ 31 ਅਕਤੂਬਰ 1926 ਨੂੰ, ਪੰਜਾਬ ਦੇ ਛੋਟੇ ਜਿਹੇ ਸ਼ਹਿਰ ਮੋਗਾ ਵਿਚ ਇਕ ਸਿੱਖ ਪਰਿਵਾਰ ਵਿਚ ਹੋਇਆ ਸੀ। ਕੁਝ ਵਰ੍ਹੇ ਮੋਗਾ ਵਿਚ ਰਹਿਣ ਤੋਂ ਬਾਅਦ ਉਨਾਂ ਦਾ ਪਰਿਵਾਰ ਦੇਹਰਾਦੂਨ ਚਲਾ ਗਿਆ। ਜਿਥੇ ਕਪਾਨੀ ਦਾ ਪਿਤਾ ਕੋਲੇ ਦੇ ਉਦਯੋਗ ਵਿਚ ਕੰਮ ਕਰਦਾ ਸੀ। ਉੱਥੇ ਜਾ ਕੇ ਉਸ ਦੇ ਪਿਤਾ ਨੇ ਇਕ ਪ੍ਰਾਇਮਰੀ ਸਕੂਲ ਸ਼ੁਰੂ ਕੀਤਾ ਸੀ, ਜੋ ਅੱਗੇ ਚੱਲ ਕੇ ਪਬਲਿਕ ਸਕੂਲ ਬਣਿਆ। ਫਿਰ ਇਕ ਮੁੰਡਿਆਂ ਦਾ ਤੇ ਇਕ ਕੁੜੀਆਂ ਦਾ, ਦੋ ਕਾਲਜ ਵੀ ਉਸ ਵਲੋਂ ਹੀ ਸ਼ੁਰੂ ਕੀਤੇ ਗਏ ਸਨ।

ਡਾ. ਕਪਾਨੀ ਦਾ ਪਿਤਾ ਚੁਰਾਨਵੇਂ ਸਾਲ ਦੀ ਉਮਰ ਤੀਕਰ ਇਨਾਂ ਵਿੱਦਿਅਕ ਸੰਸਥਾਵਾਂ ਦੀ ਬਿਨਾਂ ਕੋਈ ਪੈਸਾ ਲਏ, ਨਿਰ ਸੁਆਰਥ ਸੇਵਾ ਨਿਭਾਉਂਦਾ ਰਿਹਾ। ਕਪਾਨੀ ਨੇ ਸਕੂਲ ਦੀ ਪੜ੍ਹਾਈ ਦੇਹਰਾਦੂਨ ਤੋਂ ਹੀ ਪ੍ਰਾਪਤ ਕੀਤੀ। ਫਿਰ ਉਸ ਨੇ ਬੀ.ਐਸ ਸੀ. ਆਗਰਾ ਵਿਸ਼ਵ ਵਿਦਿਆਲੇ ਤੋਂ ਪਾਸ ਕੀਤੀ। ਗ੍ਰੈਜੂਏਸ਼ਨ ਕਰਨ ਉਪਰੰਤ, ਉਸ ਨੇ ਸਰਕਾਰੀ ਗੋਲਾ-ਬਾਰੂਦ ਦੀ ਫ਼ੈਕਟਰੀ ਵਿਚ ਵੀ ਕੰਮ ਕੀਤਾ। ਇਸ ਤੋਂ ਬਾਅਦ ਸੰਨ 1952 'ਚ ਉਹ ਇੰਪੀਰੀਅਲ ਕਾਲਜ ਲੰਡਨ (ਯੂਨੀਵਰਸਿਟੀ ਆਫ ਲੰਡਨ) ਵਿਖੇ ਪ੍ਰਕਾਸ਼ ਨਾਲ ਸਬੰਧਤ ਆਪਟਿਕਸ (**Optics**) ਦੇ ਖੇਤਰ ਵਿਚ ਡਾਕਟਰੇਟ (ਪੀ. ਐਚ.ਡੀ) ਕਰਨ ਲਈ ਚਲਾ ਗਿਆ।



ਇਸ ਖੇਤਰ ਵਿਚ ਖੋਜ ਕਰਦਿਆਂ, ਉਸ ਨੂੰ ਸਕੂਲ ਵਿਚ ਆਪਣੇ ਅਧਿਆਪਕ ਵਲੋਂ ਕਰ ਕੇ ਦਿਖਾਇਆ ਜਾਲ਼ੀ, ਮੋਮਬੱਤੀ ਅਤੇ ਛੇਕ ਵਾਲੇ ਗੱਤਿਆਂ ਦਾ ਪ੍ਰਯੋਗ ਚੰਗੀ ਤਰਾਂ ਯਾਦ ਸੀ। ਅਧਿਆਪਕ ਨੇ ਇਹ ਸਿੱਧ ਕਰਕੇ ਦਿਖਾਇਆ ਸੀ ਕਿ ਪ੍ਰਕਾਸ਼ ਹਮੇਸ਼ਾ ਸਿੱਧੀਆਂ ਰੇਖਾਵਾਂ ਵਿਚ ਹੀ ਚਲਦਾ ਹੈ। ਡਾ. ਕਪਾਨੀ ਦੇ ਮਨ ਵਿਚ ਉਦੋਂ ਤੋਂ ਹੀ ਇਹ ਪ੍ਰਸ਼ਨ ਉਸਲਵੱਟੇ ਲੈ ਰਿਹਾ ਸੀ ਕਿ ਪ੍ਰਕਾਸ਼ ਵਿੰਗੇ ਟੇਢੇ ਮਾਰਗਾਂ (**Curved Paths**) ਵਿਚੋਂ ਸੰਚਾਰ ਕਰਦਾ ਹੋਇਆ, ਲੰਬੀਆਂ ਦੂਰੀਆਂ ਤੱਕ ਕਿਉਂ ਨਹੀਂ ਲਿਜਾਇਆ ਜਾ ਸਕਦਾ ? ਉਹ ਵੱਖ ਵੱਖ ਕਿਸਮ ਦੀਆਂ ਕੱਚ ਦੀਆਂ ਟਿਊਬਾਂ ਨੂੰ ਅੰਦਰੋਂ ਪਾਲਿਸ਼ ਕਰਕੇ, ਪੂਰਨ ਅੰਦਰੂਨੀ ਪਰਿਵਰਤਨ ਦਾ ਵਰਤਾਰਾ ਜ਼ੇਹਨ ਵਿਚ ਰੱਖ ਕੇ, ਰੌਸ਼ਨੀ ਨੂੰ ਅੱਗੇ ਲੈ ਕੇ ਜਾਣ ਲਈ ਪ੍ਰਯੋਗ ਕਰਦਾ ਰਿਹਾ। ਇਸੇ ਸਾਲ ਉਸ ਨੇ ਤਿੰਨ ਦਹਾਕੇ ਪਹਿਲਾਂ ਕੀਤੇ ਜੌਹਨ ਟਿੰਡਲ ਦੇ ਪ੍ਰਯੋਗਾਂ 'ਤੇ ਅਧਾਰਤ ਆਪਟੀਕਲ ਫਾਈਬਰ ਕੇਬਲ ਤਿਆਰ ਕੀਤੀ। ਇਸ ਕੰਮ ਵਿਚ ਸਿਧਾਂਤ ਤੇ ਤਕਨੀਕ ਦੋਵੇਂ ਲੋੜੀਂਦੇ ਸਨ। ਇੰਪੀਰੀਅਲ ਕਾਲਜ ਲੰਡਨ ਵਿਚ ਕਪਾਨੀ ਨੇ ਹਾਰੋਲਡ ਹੋਪਕਿੰਨਜ਼ ਨਾਲ ਮਿਲ ਕੇ, ਸ਼ੀਸ਼ੇ ਦੇ ਮੁੜੇ ਹੋਏ ਰੇਸ਼ਿਆਂ ਵਿਚੋਂ ਦੀ ਪ੍ਰਕਾਸ਼ ਦੇ ਲਾਂਘੇ ਦੇ ਸੰਦਰਭ ਵਿਚ ਖੋਜ ਅਧਿਐਨ ਆਰੰਭ ਕੀਤਾ। ਪਹਿਲੀ ਵਾਰ ਸੰਨ 1953 ਵਿਚ ਉਨਾਂ ਨੇ ਆਪਟੀਕਲ ਫਾਈਬਰਾਂ ਦੇ ਵੱਡੇ ਗੁੱਛੇ ਵਿਚੋਂ ਪ੍ਰਕਾਸ਼ ਸੰਚਾਰਨ ਉਪਰੰਤ ਵਧੀਆ ਪ੍ਰਤੀਬਿੰਬ ਪ੍ਰਾਪਤ ਕਰਨ ਵਿਚ ਸਫਲਤਾ ਪ੍ਰਾਪਤ ਕੀਤੀ ਸੀ। ਇਸ ਸੰਦਰਭ ਵਿਚ ਉਸ ਦਾ ਪਹਿਲਾ ਖੋਜ ਪੱਤਰ ਸੰਨ 1954 ਵਿਚ 'ਨੇਚਰ ਮੈਗਜ਼ੀਨ' ਵਿਚ ਪ੍ਰਕਾਸ਼ਿਤ ਹੋਇਆ ਸੀ। ਇਸ ਦਾ ਵਿਸ਼ਾ ਵੀ ਇਹੀ ਸੀ ਕਿ ਸ਼ੀਸ਼ੇ ਦੇ ਮੁੜੇ ਹੋਏ ਰੇਸ਼ਿਆਂ ਵਿਚੋਂ ਰੌਸ਼ਨੀ ਨੂੰ ਲੰਬੀ ਦੂਰੀ ਤੱਕ ਲੈ ਕੇ ਜਾਣਾ ਸੰਭਵ ਹੈ। ਇਸ ਖੇਤਰ ਵਿਚ ਵਿਸ਼ਵ ਭਰ ਦੇ ਹੋਰ ਖੋਜੀ ਵੀ ਪ੍ਰਕਾਸ਼ ਸੰਚਾਰਨ ਤੇ ਚੰਗੇਰੇ ਪ੍ਰਤੀਬਿੰਬ ਦੀ ਖੋਜ ਵਿਚ ਰੁੱਝੇ ਹੋਏ ਸਨ। ਪਰ ਹੋਪਕਿੰਨ ਅਤੇ ਕਪਾਨੀ ਦੀ ਤਕਨੀਕ ਵਿਚ ਪ੍ਰਕਾਸ਼ ਦੇ ਲਾਂਘੇ ਤੇ ਪ੍ਰਤੀਬਿੰਬ ਦੀ ਗੁਣਵੱਤਾ, ਉਸ ਤੋਂ ਪਹਿਲਾਂ ਕੀਤੇ ਪ੍ਰਯੋਗੀ ਸਿੱਟਿਆਂ ਨਾਲੋਂ ਵੱਧ ਚੰਗੇਰੀ ਸੀ। ਇਸ ਖੇਤਰ ਵਿਚ ਇਕ ਡੱਚ ਵਿਗਿਆਨੀ ਬਰੈਮਵਾਨ ਹੀਲ ਨੇ ਆਪਟੀਕਲ ਕਲੈਡਿੰਗ ਵਿਕਸਿਤ ਕਰਕੇ ਇਸ ਖੇਤਰ ਵਿਚ ਹੋਰ ਵਾਧਾ ਕੀਤਾ। ਡਾ. ਕਪਾਨੀ ਨੂੰ ਇਸ ਖੇਤਰ ਵਿਚ ਖੋਜ ਅਧਿਐਨ ਕਰਨ ਕਾਰਨ, ਸੰਨ 1955 'ਚ ਲੰਡਨ ਯੂਨੀਵਰਸਿਟੀ ਵਲੋਂ ਡਾਕਟਰੇਟ ਦੀ ਡਿਗਰੀ ਨਾਲ ਨਿਵਾਜਿਆ ਗਿਆ। 'ਫਾਈਵਰ ਆਪਟਿਕਸ' ਦਾ ਸ਼ਬਦ ਡਾ. ਕਪਾਨੀ ਨੇ ਸੰਨ 1960 ਵਿਚ 'ਸਾਇੰਟਿਫਿਕ ਅਮੇਰੇਕਿਨ' ਮੈਗਜ਼ੀਨ ਵਿਚ ਪ੍ਰਕਾਸ਼ਿਤ, ਆਪਣੇ ਇਕ 'ਖੋਜ ਨਿਬੰਧ' ਵਿਚ, ਪਹਿਲੀ ਵਾਰ ਇਸਤੇਮਾਲ ਕੀਤਾ ਸੀ। ਇਸ ਖੇਤਰ ਵਿਚ ਡਾ. ਕਪਾਨੀ ਨੇ ਸਭ ਤੋਂ ਪਹਿਲੀ ਪੁਸਤਕ ਲਿਖਣ ਦਾ ਮਾਣ ਵੀ ਹਾਸਲ ਕੀਤਾ ਸੀ। ਇਹ ਪੁਸਤਕ ਖੋਜਾਰਥੀਆਂ ਲਈ ਬੜੀ ਉਪਯੋਗੀ ਸਿੱਧ ਹੋਈ ਸੀ। ਕਪਾਨੀ



ਦੇ ਖੋਜ ਕਾਰਜ ਵਿਚ ਫਾਈਬਰ ਆਪਟਿਕਸ ਸੰਚਾਰ, ਲੇਜ਼ਰ ਬਾਇਓ ਮੈਡੀਕਲ ਯੰਤਰ, ਸੌਰ ਊਰਜਾ ਅਤੇ ਪ੍ਰਦੂਸ਼ਨ ਦੀ ਖ਼ਬਰ ਸਾਰ ਦੇਣ ਵਾਲਾ ਨਿਰੀਖਕ, ਜਿਹੀਆਂ ਖੋਜਾਂ ਨੂੰ ਵੀ ਸ਼ਾਮਿਲ ਕਰ ਲਿਆ ਸੀ। ਉਸ ਦੀਆਂ ਸੈਂਕੜੇ ਖੋਜਾਂ ਦੇ ਹੱਕ ਉਸ ਕੋਲ ਰਾਖਵੇਂ ਸਨ, ਜਾਣੀ ਕਿ ਉਸ ਦੇ ਨਾਂ 'ਤੇ ਪੇਟੈਂਟ ਸਨ। ਉਹ ਨੈਸ਼ਨਲ ਇਨਵੈਂਟਰ ਕੌਂਸਲ ਦਾ ਮੈਂਬਰ ਵੀ ਰਿਹਾ। ਉਹ ਅੰਤਰਰਾਸ਼ਟਰੀ ਪੱਧਰ 'ਤੇ ਕਿੰਨੀਆਂ ਹੀ ਵਿਗਿਆਨਕ ਸੁਸਾਇਟੀਆਂ ਦਾ ਫੈਲੋ ਰਿਹਾ, ਜਿਨਾਂ ਵਿਚ ਰਾਇਲ ਅਕਾਡਮੀ ਆਫ ਇੰਜੀਨੀਅਰਿੰਗ, ਆਪਟੀਕਲ ਸੁਸਾਇਟੀ ਆਫ ਅਮੇਰਿਕਾ ਅਤੇ ਅਮੇਰਿਕਨ ਐਸੋਸੀਏਸ਼ਨ ਫਾਰ ਐਡਵਾਂਸਮੈਂਟ ਆਫ ਸਾਇੰਸਜ਼ ਵੀ ਸ਼ਾਮਿਲ ਸਨ।

ਇਕ ਉਦਯੋਗਪਤੀ ਉੱਦਮੀ ਅਤੇ ਇਕ ਬਿਜ਼ਨਸ ਪ੍ਰਬੰਧਕ ਦੇ ਤੌਰ 'ਤੇ ਨਵੀਨਤਮ ਕਾਢਾਂ ਕੱਢਣ, ਤਕਨੀਕ ਦਾ ਪ੍ਰਬੰਧਨ ਅਤੇ ਤਕਨੀਕ ਦੇ ਤਬਾਦਲੇ ਜਿਹੇ ਵਰਤਾਰਿਆਂ ਵਿਚ ਡਾ. ਕਪਾਨੀ ਨੇ ਚੋਖੀ ਮੁਹਾਰਤ ਹਾਸਲ ਕਰ ਲਈ ਸੀ। ਉਸ ਨੇ ਆਪਣੀ ਖੋਜ ਨੂੰ ਉਪਯੋਗੀ ਅਤੇ ਵਿਹਾਰਕ ਰੂਪ ਦੇ ਦਿੱਤਾ ਸੀ। ਸਿਲੀਕਾਨ ਵੈਲੀ ਵਿਚ ਉਸ ਨੇ ਕਿੰਨੀਆਂ ਕੰਪਨੀਆਂ ਸਥਾਪਤ ਕੀਤੀਆਂ ਅਤੇ ਕਿੰਨੀਆਂ ਹੀ ਮੁਨਾਫ਼ਾ ਕਮਾ ਕੇ ਵੇਚ ਵੀ ਦਿੱਤੀਆਂ ਸਨ।

ਸੰਨ 1960 ਵਿਚ ਉਸ ਨੇ ਆਪਟੀਕਲ ਟੈਕਨਾਲੋਜੀ ਇਨਕਾਰਪੋਰੇਸ਼ਨ ਦੀ ਸਥਾਪਨਾ ਕੀਤੀ। ਬਾਰਾਂ ਸਾਲ ਇਸ ਦੇ ਖੋਜ ਕਾਰਜਾਂ ਦਾ ਨਿਰਦੇਸ਼ਕ ਅਤੇ ਪ੍ਰਬੰਧਕੀ ਬੋਰਡ ਦਾ ਚੇਅਰਮੈਨ ਰਿਹਾ। ਸੰਨ 1967 ਵਿਚ ਕਪਾਨੀ ਨੇ ਵੱਡੀ ਗਿਣਤੀ ਵਿਚ ਆਪਣੀਆਂ ਸੰਗਠਿਤ ਖੋਜਾਂ ਨੂੰ ਅਮਰੀਕਾ ਅਤੇ ਹੋਰ ਮੁਲਕਾਂ ਵਿਚ ਲੋਕਾਂ ਦੇ ਰੂਬਰੂ ਕੀਤਾ ਸੀ। ਸੰਨ 1973 ਵਿਚ ਉਸ ਨੇ ਕੈਪਟ੍ਰੋਨ ਇਨਕਾਰਪੋਰੇਸ਼ਨ ਸਥਾਪਤ ਕੀਤੀ। ਸੰਨ 1993 ਤੱਕ ਇਸ ਦਾ ਪ੍ਰਧਾਨ ਅਤੇ ਸੀ.ਈ.ਓ. ਰਿਹਾ। ਫਿਰ ਇਸ ਕੰਪਨੀ ਨੂੰ ਉਸ ਨੇ ਏ.ਐਮ.ਪੀ ਇਨਕਾਰਪੋਰੇਸ਼ਨ ਨੂੰ ਵੇਚ ਦਿੱਤਾ ਸੀ। ਅਗਲੇ ਨੌਂ ਸਾਲ ਇਸ ਕੰਪਨੀ ਵਿਚ ਵਿਸ਼ਵ ਵਿਆਪੀ ਵਪਾਰ ਲਈ ਸੰਚਾਰਕ ਅਤੇ ਟੈਕਨਾਲੋਜੀ ਪ੍ਰਮੁੱਖ ਦੇ ਤੌਰ 'ਤੇ ਕੰਮ ਕਰਦਾ ਰਿਹਾ।

ਅਕਾਦਮਿਕ ਖੇਤਰ ਵਿਚ ਉਸ ਨੇ ਤਿੰਨ ਸਾਲ ਪੜਾਇਆ ਅਤੇ ਪੋਸਟ-ਗ੍ਰੈਜੂਏਟ ਵਿਦਿਆਰਥੀਆਂ ਦੀ ਖੋਜ ਸਰਗਰਮੀ ਦੀ ਨਜ਼ਰਸਾਨੀ ਕੀਤੀ। ਉਹ ਯੂਨੀਵਰਸਿਟੀ



ਆਫ ਕੈਲੀਫੋਰਨੀਆ ਬਰਕਲੇ ਅਤੇ ਯੂਨੀਵਰਸਿਟੀ ਆਫ ਕੈਲੀਫੋਰਨੀਆ ਸਾਂਤਾ ਕਰੂਜ਼ ਵਿਚ ਰੇਜੈਂਟਸ ਪ੍ਰੋਫੈਸਰ ਰਿਹਾ। ਉਹ ਸੱਤ ਸਾਲ ਸੈਂਟਰ ਫਾਰ ਇਨੋਵੈਂਸ ਐਂਡ ਉਦਯੋਗ ਵਿਕਾਸ ਦਾ ਡਾਇਰੈਕਟਰ ਰਿਹਾ।

ਸਟੈਨਫੋਰਡ ਯੂਨੀਵਰਸਿਟੀ ਵਿਚ ਉਹ ਫਿਜ਼ਿਕਸ ਵਿਭਾਗ ਵਿਚ ਵਿਜ਼ਟਿੰਗ ਸਕਾਲਰ ਸੀ ਅਤੇ ਇਲੈਕਟ੍ਰੀਕਲ ਇੰਜੀਨੀਅਰਿੰਗ ਵਿਭਾਗ ਵਿਚ ਵਿਜ਼ਟਿੰਗ ਸਲਾਹਕਾਰ ਪ੍ਰੋਫੈਸਰ ਦੇ ਤੌਰ 'ਤੇ ਕੰਮ ਕਰਦਾ ਰਿਹਾ। ਇਕ ਲੇਖਕ ਦੇ ਤੌਰ 'ਤੇ ਉਸ ਦੇ ਤਕਰੀਬਨ ਡੇਢ ਸੌ ਖੋਜ ਪੱਤਰ ਪ੍ਰਕਾਸ਼ਿਤ ਹੋਏ। ਆਪਟੋ ਇਲੈਕਟ੍ਰਾਨਿਕਸ ਅਤੇ ਉੱਦਮ 'ਤੇ ਉਸ ਦੀਆਂ ਚਾਰ ਪੁਸਤਕਾਂ ਵੀ ਪ੍ਰਕਾਸ਼ਿਤ ਹੋਈਆਂ। ਦੇਸ਼-ਵਿਦੇਸ਼ ਵਿਚ ਵਿਗਿਆਨ ਨਾਲ ਸਬੰਧਿਤ ਕਿੰਨੀਆਂ ਹੀ ਸੁਸਾਇਟੀਆਂ ਵਿਚ, ਉਹ ਆਪਣੇ ਖੇਤਰ ਵਿਚ ਮਾਹਰ ਦੇ ਤੌਰ 'ਤੇ ਲੈਕਚਰ ਦੇਣ ਜਾਂਦਾ ਹੁੰਦਾ ਸੀ।

ਸੰਨ 1999 ਵਿਚ 'ਫਾਰਚੂਨ' ਮੈਗਜ਼ੀਨ ਨੇ, ਉਨਾਂ ਸੱਤ ਅਣਗੌਲੀਆਂ ਸ਼ਖ਼ਸੀਅਤਾਂ ਦੀ ਪ੍ਰੋਫਾਈਲ ਪ੍ਰਕਾਸ਼ਿਤ ਕੀਤੀ ਸੀ, ਜਿਨਾਂ ਨੇ ਵੀਹਵੀਂ ਸਦੀ ਵਿਚ ਲੋਕਾਂ ਦੀ ਜ਼ਿੰਦਗੀ ਨੂੰ ਬੇਹੱਦ ਪ੍ਰਭਾਵਿਤ ਕੀਤਾ ਸੀ। ਡਾ. ਨਰਿੰਦਰ ਸਿੰਘ ਕਪਾਨੀ ਵੀ ਉਨਾਂ ਪੰਜ ਪ੍ਰਮੁੱਖ ਸ਼ਖ਼ਸੀਅਤਾਂ ਵਿਚ ਸ਼ਾਮਿਲ ਸੀ।

ਸਿੱਖ ਵਿਰਸੇ ਅਤੇ ਆਰਟ ਦਾ ਪ੍ਰਸੰਸਕ

ਲੋਕ ਹਿਤ, ਸਿੱਖਿਆ ਅਤੇ ਆਰਟ ਨੂੰ ਹੋਰ ਉਤਸ਼ਾਹ ਦੇਣ ਲਈ ਡਾ. ਕਪਾਨੀ ਨੇ ਵਰਨਣਯੋਗ ਕਾਰਜ ਕੀਤੇ। ਉਹ ਸੰਨ 1967 ਤੋਂ ਕੈਲੀਫੋਰਨੀਆ ਵਿਚ ਉਸ ਨੇ ਆਪਣੀ ਪਤਨੀ ਨਾਲ ਮਿਲ ਕੇ ਸਿੱਖ ਫਾਊਂਡੇਸ਼ਨ ਸਥਾਪਤ ਕੀਤੀ। ਉਹ ਸਿੱਖ ਫਾਊਂਡੇਸ਼ਨ ਦਾ ਪ੍ਰਬੰਧਕ ਅਤੇ ਬਾਨੀ ਚੇਅਰਮੈਨ ਰਿਹਾ। ਫਾਊਂਡੇਸ਼ਨ ਦੀਆਂ ਸਰਗਰਮੀਆਂ ਨੂੰ ਜਾਰੀ ਰੱਖਣ ਲਈ ਤਕਰੀਬਨ ਪੰਜਾਹ ਸਾਲ ਦੇ ਲੰਬੇ ਅਰਸੇ ਤੱਕ ਉਹ ਸਭ ਤੋਂ ਵੱਧ ਪੈਸੇ ਦਾਨ ਦਿੰਦਾ ਰਿਹਾ। ਅੰਤਰਰਾਸ਼ਟਰੀ ਸੰਸਥਾਵਾਂ, ਪ੍ਰਕਾਸ਼ਕਾਂ, ਹੁਨਰਮੰਦ ਲੋਕਾਂ ਅਤੇ ਅਕਾਦਮਿਕ ਲੋਕਾਂ ਦੇ ਸਹਿਯੋਗ ਨਾਲ ਉਹ ਸਰਗਰਮੀਆਂ ਚਲਾਉਂਦਾ ਰਿਹਾ।

ਸੰਨ 1998 'ਚ ਕਪਾਨੀ ਨੇ ਯੂਨੀਵਰਸਿਟੀ ਆਫ ਕੈਲੀਫੋਰਨੀਆ ਸਾਂਤਾ ਬਾਰਬਰਾ ਕਰੂਜ਼ ਵਿਖੇ ਆਪਣੀ ਸਰਪ੍ਰਸਤੀ ਵਿਚ, ਸਿੱਖ ਅਧਿਐਨ ਲਈ ਇਕ ਚੇਅਰ ਦੀ ਸਥਾਪਨਾ ਕੀਤੀ। ਸੰਨ 1999 ਵਿਚ ਡਾ. ਕਪਾਨੀ ਨੇ, ਏਸ਼ੀਅਨ ਆਰਟ ਮਿਊਜ਼ੀਅਮ ਫਰਾਂਸਿਸਕੋ ਨੂੰ ਇਕ ਗੈਲਰੀ ਦੀ ਉਸਾਰੀ ਕਰਨ ਲਈ ਪੰਜਾਹ ਲੱਖ ਅਮਰੀਕਨ ਡਾਲਰ ਦਾਨ ਕੀਤੇ। ਇਸ ਤੋਂ ਇਲਾਵਾ ਉਸ ਨੇ ਸਿੱਖ ਆਰਟ ਅਧੀਨ ਆਪਣੀਆਂ ਇਕੱਤਰ ਕੀਤੀਆਂ ਪੇਂਟਿੰਗਾਂ ਵਿਚੋਂ ਚੋਖੀ ਗਿਣਤੀ ਵਿਚ ਪੇਂਟਿੰਗਾਂ ਉਪਰੋਕਤ ਮਿਊਜ਼ੀਅਮ ਨੂੰ ਤੋਹਫ਼ੇ ਦੇ ਰੂਪ ਵਿਚ ਦੇ ਦਿੱਤੀਆਂ ਸਨ। ਗੈਲਰੀ ਤਿਆਰ ਹੋਣ ਉਪਰੰਤ ਇਹ ਪੇਂਟਿੰਗਾਂ ਉੱਥੇ ਪ੍ਰਦਰਸ਼ਿਤ ਕੀਤੀਆਂ ਗਈਆਂ ਸਨ। ਸੰਨ 1999 ਵਿਚ ਉਸ ਨੇ ਆਪਣੀ ਸਰਪ੍ਰਸਤੀ ਨਾਲ ਇਲੈਕਟ੍ਰਾਨਿਕਸ ਦੀ ਖੋਜ ਲਈ ਇਕ ਚੇਅਰ ਸਥਾਪਤ ਕੀਤੀ। ਸੰਨ 2012 ਵਿਚ ਉਸ ਨੇ ਯੂਨੀਵਰਸਿਟੀ ਆਫ ਕੈਲੀਫੋਰਨੀਆ ਸਾਂਤਾ ਕਰੂਜ਼ ਵਿਖੇ ਉਦਯੋਗਾਂ 'ਤੇ ਖੋਜ ਅਧਿਐਨ ਲਈ ਆਪਣੀ ਸਰਪ੍ਰਸਤੀ ਵਿਚ ਇਕ ਚੇਅਰ ਦੀ ਸਥਾਪਨਾ ਕੀਤੀ।

ਉਹ ਯੂਨੀਵਰਸਿਟੀ ਆਫ਼ ਕੈਲੀਫੋਰਨੀਆ ਸਾਂਤਾ ਕਰੂਜ਼ ਫਾਊਂਡੇਸ਼ਨ ਦਾ ਟਰੱਸਟੀ ਵੀ ਸੀ। ਉਹ ਮੈਨਲੋ ਸਕੂਲ ਮੈਨਲੋ ਪਾਰਕ ਦਾ ਵੀ ਟਰੱਸਟੀ ਸੀ।

ਡਾ. ਨਰਿੰਦਰ ਸਿੰਘ ਕਪਾਨੀ, ਸਿੱਖ ਵਿਰਸੇ ਅਤੇ ਆਰਟ ਦਾ ਬੜਾ ਵੱਡਾ ਪ੍ਰਸੰਸਕ ਰਿਹਾ। ਉਸ ਨੇ ਲੰਡਨ ਦੇ ਵਿਕਟੋਰੀਆ ਅਤੇ ਐਲਬਰਟ ਅਜਾਇਬ ਘਰ ਵਿਚ ਮਾਰਚ 1999 ਵਿਚ ਲੱਗੀ ਆਰਟਸ ਆਫ ਸਿੱਖ ਕਿੰਗਡਮਜ਼ ਪ੍ਰਦਰਸ਼ਨੀ ਵਿਚ ਪ੍ਰਦਰਸ਼ਿਤ ਕਰਨ ਲਈ ਆਪਣੇ ਕੋਲੋਂ ਪੇਂਟਿੰਗਾਂ ਅਤੇ ਹੋਰ ਸਮੱਗਰੀ (ਵਾਪਸ ਮੋੜਨ ਦੇ ਆਧਾਰ 'ਤੇ) ਭੇਜੀ ਸੀ। ਮਈ 2000 ਵਿਚ ਰਾਇਲ ਔਨਟਾਰੀਓ ਮਿਊਜ਼ੀਅਮ ਟੋਰਾਂਟੋ (ਕੈਨੇਡਾ) ਵਿਚ ਸਿੱਖ ਫਾਊਂਡੇਸ਼ਨ ਵਲੋਂ ਆਯੋਜਿਤ ਪ੍ਰਦਰਸ਼ਨੀ ਦੀ ਡਾ. ਕਪਾਨੀ ਨੇ ਹੀ ਸਰਪ੍ਰਸਤੀ ਕੀਤੀ ਸੀ। ਉਹ ਇਕ ਲਾਜਵਾਬ ਬੁੱਤਘਾੜਾ ਵੀ ਸੀ। ਉਸ ਦੀਆਂ ਤਿਆਰ ਕੀਤੀਆਂ ਕਲਾਕ੍ਰਿਤੀਆਂ ਸਾਨਫਰਾਂਸਿਸਕੋ, ਸ਼ਿਕਾਗੋ ਅਤੇ ਸਟੈਨਫੋਰਡ ਦੇ ਅਜਾਇਬ-ਘਰਾਂ ਵਿਚ ਪ੍ਰਦਰਸ਼ਿਤ ਕੀਤੀਆਂ ਗਈਆਂ ਹਨ।



ਮਾਣ-ਸਨਮਾਨ : ਡਾ. ਨਰਿੰਦਰ ਸਿੰਘ ਕਪਾਨੀ ਨੂੰ ਮਰਨ ਉਪਰੰਤ ਭਾਰਤ ਸਰਕਾਰ ਨੇ ਸਭ ਤੋਂ ਉੱਚਾ ਸਿਵਲ ਸਨਮਾਨ ਪਦਮ ਵਿਭੂਸ਼ਨ ਦੇ ਕੇ ਸਨਮਾਨਿਆ ਹੈ। ਉਸ ਨੂੰ ਭਾਰਤ ਸਰਕਾਰ ਨੇ ਸੰਨ 2004 ਵਿਚ ਮਾਣਮੱਤੇ ਪ੍ਰਵਾਸੀ ਭਾਰਤੀ ਵਜੋਂ ਵੀ ਸਨਮਾਨਿਤ ਕੀਤਾ ਸੀ। ਸੰਨ1998 'ਚ ਉਸ ਨੂੰ ਅਮਰੀਕਨ ਏਸ਼ੀਅਨ ਚੈਂਬਰ ਆਫ਼ ਕਾਮਰਸ ਵਲੋਂ ਐਕਸੇਲੈਂਸ-2000 ਐਵਾਰਡ ਦੇ ਕੇ ਨਿਵਾਜਿਆ ਗਿਆ ਸੀ। ਉਸ ਨੂੰ ਯੂਨੀਵਰਸਿਟੀ ਆਫ਼ ਕੈਲੀਫੋਰਨੀਆ ਸਾਂਤਾ ਕਰੂਜ਼ ਫਾਊਂਡੇਸ਼ਨ ਵਲੋਂ ਫਾਅਟ ਲਕਸ ਐਵਾਰਡ ਦੇ ਕੇ ਨਿਵਾਜਿਆ ਗਿਆ। ਅੰਤਿਮ ਸਮੇਂ ਤੱਕ ਉਸ ਕੋਲ ਕੇ ਟੂ ਆਪਟ੍ਰੋਨ ਕੰਪਨੀ ਸੀ।

**ਨਿੱਜੀ ਜ਼ਿੰਦਗੀ :** ਉਸ ਦਾ ਵਿਆਹ ਸਤਿੰਦਰ ਕੌਰ ਨਾਲ ਸੰਨ 1954 ਵਿਚ ਹੋਇਆ ਸੀ। ਉਸ ਦੀ ਪਤਨੀ ਸੰਨ 2016 ਵਿਚ ਚੱਲ ਵਸੀ। ਡਾ. ਨਰਿੰਦਰ ਸਿੰਘ ਕਪਾਨੀ 3 ਦਸੰਬਰ 2020 ਨੂੰ 94 ਸਾਲ ਦੀ ਉਮਰ ਭੋਗ ਕੇ ਸਾਥੋਂ ਸਦਾ ਲਈ ਵਿਛੜ ਗਏ। ਕਪਾਨੀ ਦਾ ਪੁੱਤਰ ਰਾਜਿੰਦਰ ਸਿੰਘ ਤਕਨੀਕ ਦੇ ਖੇਤਰ ਵਿਚ ਉੱਚੇ ਮੁਕਾਮ 'ਤੇ ਹੈ। ਉਸ ਦੀ ਧੀ ਕਿਰਨ ਕੌਰ ਵਕਾਲਤ ਪਾਸ ਹੈ। ਅੱਜ ਕੱਲ ਅਟਾਰਨੀ ਵਜੋਂ ਡਿਊਟੀ ਨਿਭਾਅ ਰਹੀ ਹੈ। ਉਸ ਦਾ ਸ਼ੌਕ ਫ਼ਿਲਮਾਂ ਬਣਾਉਣ ਵੱਲ ਵੀ ਹੈ। ਉਸ ਦੇ ਪੋਤੇ-ਦੋਹਤੇ ਯੂਨੀਵਰਸਿਟੀਆਂ ਵਿਚ ਪੜ੍ਹਦੇ ਹਨ। ਰਹਿੰਦੀ ਦੁਨੀਆ ਤੱਕ ਲੋਕ ਡਾ. ਨਰਿੰਦਰ ਸਿੰਘ ਕਪਾਨੀ ਨੂੰ ਸ਼ਿੱਦਤ ਨਾਲ ਯਾਦ ਕਰਨਗੇ।

# ਬੱਚੇ ਵਾਂਗ ਹੱਸ ਖੇਡ ਕੇ ਗੁਜ਼ਾਰੀਏ ਜ਼ਿੰਦਗੀ ਜਿੰਨਾ ਵੀ ਹੈ, ਉਸੇ ਵਿੱਚ ਹੀ ਸਬਰ ਕਰਨਾ ਚਾਹੀਦਾ

**ਸੰਜੀਵ ਸਿੰਘ ਸੈਣੀ, ਮੋਹਾਲੀ**

ਜ਼ਿੰਦਗੀ ਇਕ ਸੰਘਰਸ਼ ਹੈ ।ਕਈ ਵਾਰ ਸਾਨੂੰ ਜ਼ਿੰਦਗੀ ਚ ਵੱਡੀ ਵੱਡੀ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ ।ਜਿੰਨਾ ਵੀ ਸਾਡੇ ਕੋਲ ਹੈ, ਸਾਨੂੰ ਉਸੇ ਵਿੱਚ ਹੀ ਸਬਰ ਸੰਤੋਖ ਕਰਨਾ ਚਾਹੀਦਾ ਹੈ। ਜਦੋਂ ਅਸੀਂ ਸਵੇਰੇ ਉੱਠਦੇ ਹਾਂ ਤਾਂ ਪ੍ਰਣ ਕਰੀਏ ਕਿ ਅਸੀਂ ਸਾਰਾ ਦਿਨ ਖੁਸ਼ ਰਹਿਣਾ ਹੈ। ਛੋਟੀਆਂ ਛੋਟੀਆਂ ਗੱਲਾਂ ਕਰਕੇ ਅਸੀਂ ਦੁਖੀ ਨਹੀਂ ਹੋਣਾ । ਮੱਥੇ 'ਤੇ ਪਈ ਤਿਉੜੀ ਨਾਲ ਅਸੀਂ ਆਪ ਹੀ ਦੁਖੀ ਹੁੰਦੇ ਹਨ । ਅਸੀਂ ਆਪਣੇ ਪਰਿਵਾਰਕ ਮੈਂਬਰਾਂ ਨੂੰ ਵੀ ਮੁਸੀਬਤ ਵਿੱਚ ਪਾ ਦਿੰਦੇ ਹਨ। ਕਈ ਵਾਰ ਅਸੀਂ ਕਿਸਮਤ ਨੂੰ ਕੋਸਦੇ ਰਹਿੰਦੇ ਹਨ ਕਿ ਤੂੰ ਮੈਨੂੰ ਇਹ ਨਹੀਂ ਦਿੱਤਾ, ਮੈਂ ਇੰਨੀ ਮਿਹਨਤ ਕੀਤੀ ।ਤੂੰ ਮੈਨੂੰ ਉਹ ਨਹੀਂ ਦਿੱਤਾ ਜਾਂ ਮੈਨੂੰ ਛੋਟੀ ਕੋਠੀ ਦਿੱਤੀ ਹੈ ਜਾਂ ਛੋਟੀ ਕਾਰ ਜਾਂ ਮੇਰੇ ਕੋਲ ਕੁੜੀਆਂ ਹਨ, ਮੁੰਡੇ ਦੀ ਦਾਤ ਨਹੀਂ ਬਖਸ਼ੀ ਜਾਂ ਮੈਂ ਪ੍ਰਾਈਵੇਟ ਨੌਕਰੀ ਕਰਦਾ ਹਾਂ, ਮੇਰੇ ਕੋਲ ਜ਼ਿਆਦਾ ਜ਼ਮੀਨ ਨਹੀਂ ਹੈ, ਹੋਰ ਵੀ ਕਈ ਤਰਾਂ ਦੇ ਮਨ ਮੁਟਾਵ ਮਨ ਵਿੱਚ ਹੁੰਦੇ ਹਨ। ਇਹ ਮਨ ਮੁਟਾਵ ਦੂਜਿਆਂ ਦੀ ਤਰੱਕੀ ਦੇਖ ਕੇ ਆਉਂਦੇ ਹਨ । ਕਈ ਵਾਰ ਅਸੀਂ ਆਪਣੇ ਦੁੱਖ ਨਾਲੋਂ ਜ਼ਿਆਦਾ ਦੁਖੀ ਨਹੀਂ ਹੁੰਦੇ, ਦੂਜੇ ਦੇ ਸੁੱਖ ਨਾਲ ਜ਼ਿਆਦਾ ਦੁਖੀ ਹੋ ਜਾਂਦੇ ਹਨ । ਜਿੰਨਾਂ ਸਾਨੂੰ ਮਿਲਿਆ ਹੈ, ਸਾਨੂੰ ਉਸ ਵਿੱਚ ਹੀ ਸਬਰ ਕਰਨਾ ਚਾਹੀਦਾ ਹੈ ।

ਉਮੀਦ ਉਸ ਸੱਚੇ ਪ੍ਰਮਾਤਮਾ ਵਿਚ ਰੱਖ ਕੇ ਆਪਣੇ ਆਪ ਨੂੰ ਸੱਚ ਦੀ ਕਿਰਤ ਵਿਚ ਹਮੇਸ਼ਾ ਲਾ ਕੇ ਰੱਖਣਾ ਚਾਹੀਦਾ ਹੈ।ਅਕਸਰ ਸਾਡੇ ਸਮਾਜ ਵਿੱਚ ਅਜਿਹੀਆਂ ਉਦਾਹਰਨਾਂ ਹੁੰਦੀਆਂ ਹਨ ਕਿ ਜੋ ਸਾਨੂੰ ਹਮੇਸ਼ਾ ਖ਼ੁਸ਼ ਰਹਿਣ ਲਈ ਪ੍ਰੇਰਿਤ ਕਰਦੀਆਂ ਹਨ। ਜੋ ਝੁੰਗੀ ਝੋਪੜੀਆਂ ਵਾਲੇ ਹੁੰਦੇ ਹਨ, ਉਹ ਹਰ ਰੋਜ਼ ਕਮਾਉਂਦੇ ਹਨ ਤੇ ਸ਼ਾਮ ਨੂੰ ਖਾ ਲੈਂਦੇ ਹਨ ।ਉਨਾਂ ਨੂੰ ਅਗਲੇ ਦਿਨ ਦੀ ਫਿਕਰ ਵੀ ਨਹੀਂ ਹੁੰਦੀ ਹੈ। ਫਿਰ ਵੀ ਬਹੁਤ ਵਧੀਆ ਜ਼ਿੰਦਗੀ ਗੁਜ਼ਾਰਦੇ ਹਨ।

ਗ਼ਰੀਬ ਲੋਕਾਂ ਨੂੰ ਮਕਾਨ ਬਣਾਉਣ ਦੀ ਵੀ ਫਿਕਰ ਨਹੀਂ ਹੁੰਦੀ । ਉਨਾਂ ਨੂੰ ਇਹ ਹੁੰਦਾ ਹੈ ਕਿ ਅੱਜ ਦਾ ਦਿਨ ਵਧੀਆ ਗੁਜ਼ਰਿਆ ਹੈ । ਸੋ ਕੱਲ ਦਾ ਵੀ ਦਿਨ ਵਧੀਆ ਗੁਜ਼ਰੇਗਾ ।ਅਜਿਹੇ ਲੋਕ ਆਪਣੀ ਜ਼ਿੰਦਗੀ ਨੂੰ ਵਧੀਆ ਹੱਸ ਖੇਡ ਕੇ ਗੁਜ਼ਾਰਦੇ ਹਨ। ਕਈ ਅਜਿਹੀ ਸਖਸ਼ੀਅਤਾਂ ਹੁੰਦੀਆਂ ਹਨ, ਜਿਨਾਂ ਕੋਲ ਜ਼ਿੰਦਗੀ ਬਸਰ ਕਰਨ ਲਈ ਬਹੁਤ ਹੀ ਸੀਮਤ



ਸਾਧਨ ਹੁੰਦੇ ਹਨ, ਫਿਰ ਵੀ ਉਹ ਜ਼ਿੰਦਗੀ ਦੇ ਹਰ ਪਲ ਨੂੰ ਖੁਸ਼ੀ ਨਾਲ ਗੁਜ਼ਾਰਦੇ ਹਨ। ਅਜਿਹੇ ਲੋਕ ਜਿਨਾਂ ਨੂੰ ਜ਼ਿੰਦਗੀ ਨਾਲ ਗਿਲੇ ਸ਼ਿਕਵੇ ਹੁੰਦੇ ਹਨ ਆਪਣੀ ਜ਼ਿੰਦਗੀ ਨੂੰ ਨਰਕ ਬਣਾ ਲੈਂਦੇ ਹਨ । ਕਈ ਤਰਾਂ ਦੀਆਂ ਬਿਮਾਰੀਆਂ ਨੂੰ ਸੱਦਾ ਦਿੰਦੇ ਹਨ। ਅੱਜ ਕੱਲ ਤਾਂ ਵੈਸੇ ਹੀ ਜ਼ਿੰਦਗੀ ਬਹੁਤ ਛੋਟੀ ਹੈ। ਪਤਾ ਹੀ ਨਹੀਂ ਲੱਗਦਾ ਸਮੇਂ ਦਾ ਕਿ ਕਦੋਂ ਮੌਤ ਆ ਜਾਂਦੀ ਹੈ। ਜਦੋਂ ਜ਼ਿੰਦਗੀ ਵਿੱਚ ਕੋਈ ਟੀਚਾ ਪੂਰਾ ਨਹੀਂ ਹੁੰਦਾ ਤਾਂ ਹੀ ਅੱਜ ਦਾ ਨੌਜਵਾਨ ਖ਼ੁਦਕੁਸ਼ੀਆਂ ਦੇ ਰਾਹ ਪੈ ਰਿਹਾ ਹੈ। ਅਕਸਰ ਅਸੀਂ ਆਮ ਸੁਣਦੇ ਹਨ ਕਿ ਬੰਦਾ ਵਿਚਾਰਾ ਭਲਾ ਚੰਗਾ ਰਾਤ ਸੋਇਆ ਸੀ ਸਵੇਰੇ ਉੱਠਿਆ ਹੀ ਨਹੀਂ । ਫਿਰ ਕਿਉਂ ਅਸੀਂ ਅਜਿਹੇ ਗਿਲੇ ਸ਼ਿਕਵਿਆਂ ਕਾਰਨ ਆਪਣੀ ਜ਼ਿੰਦਗੀ ਨੂੰ ਨਰਕ ਬਣਾ ਲੈਂਦੇ ਹਨ। ਕਿਉਂ ਅਸੀਂ ਹਮੇਸ਼ਾ ਖੁਸ਼ ਰਹਿਣਾ ਨਹੀਂ ਚਾਹੁੰਦੇ ।ਜਿੰਨਾ ਵੀ ਹੈ, ਉਸੇ ਵਿੱਚ ਹੀ ਸਬਰ ਕਰਨਾ ਚਾਹੀਦਾ ਹੈ। ਜੇ ਅਸੀਂ ਖ਼ੁਸ਼ ਰਹਾਂਗੇ ਤਾਂ ਸਾਨੂੰ ਕੋਈ ਵੀ ਪ੍ਰੇਸ਼ਾਨੀ ਨਹੀਂ ਆਵੇਗੀ। ਜੇ ਅਸੀਂ ਖ਼ੁਸ਼ ਰਹਾਂਗੇ ਤਾਂ ਸਾਡੀ ਦੇਖਾ ਦੇਖੀ ਵਿੱਚ ਪਰਿਵਾਰਕ ਮੈਂਬਰ ਵੀ ਖ਼ੁਸ਼ ਰਹਿਣਾ ਸਿੱਖ ਲੈਣਗੇ। ਸੋ ਜ਼ਿੰਦਗੀ ਨੇ ਸਾਨੂੰ ਬਹੁਤ ਥੋੜਾ ਸਮਾਂ ਦਿੱਤਾ ਹੈ। ਜਿੰਨਾ ਵੀ ਸਮਾਂ ਦਿੱਤਾ ਹੈ, ਇਸ ਨੂੰ ਖ਼ੁਸ਼ ਰਹਿ ਕੇ ਹੱਸ ਖੇਡ ਕੇ ਗੁਜ਼ਾਰੀਏ ।

# ਸ਼ੁਰੂਆਤੀ ਜ਼ਿੰਦਗੀ ਦੀ ਚੋਣ

**ਹਰਪ੍ਰੀਤ ਸਿੰਘ ਜਵੰਦਾ**

ਰਾਸ਼ਟਰਪਤੀ ਅਬਰਾਹਿਮ ਲਿੰਕਨ (1861-1867) ਜਦੋਂ ਆਪਣੇ ਬੇਟੇ ਰੋਬਰਟ ਨੂੰ ਪਹਿਲੇ ਦਿਨ ਸਕੂਲ ਭੇਜਣ ਲੱਗਾ ਤਾਂ ਸਕੂਲ ਦੀ ਪ੍ਰਿੰਸੀਪਲ ਦੇ ਨਾਮ ਇੱਕ ਚਿੱਠੀ ਲਿਖ ਭੇਜੀ, ਵਿਚ ਲਿਖਿਆ ਸੀ ਕਿ.. 1. ਮੇਰੇ ਪੁੱਤ ਦਾ ਇਹ ਸਕੂਲ ਵਿਚ ਪਹਿਲਾ ਦਿਨ ਹੈ। ਥੋੜਾ ਘਬਰਾਵੇਗਾ, ਨਰਵਸ ਵੀ ਹੋਵੇਗਾ, ਕ੍ਰਿਪਾ ਕਰਕੇ ਖਿਆਲ ਰਖਿਓ, ਕਿਤੇ ਘਬਰਾ ਕੇ ਉਸ ਰਾਹ ਤੋਂ ਨਾ ਥਿੜਕ ਜਾਵੇ ਜਿਹੜਾ ਇਸ ਨੂੰ ਦੁਨੀਆ ਦੇ ਅਣਗਿਣਤ ਯੁੱਧਾਂ, ਤ੍ਰਾਸਦੀਆਂ, ਮੁਸ਼ਕਿਲਾਂ ਅਤੇ ਹੋਰ ਤਲਖ਼ ਹਕੀਕਤਾਂ ਤੋਂ ਜਾਣੂ ਕਰਵਾਏਗਾ!

2. ਇਸ ਨੂੰ ਵਿਸ਼ਵਾਸ, ਹਿੰਮਤ ਅਤੇ ਪਿਆਰ ਮੁਹੱਬਤ ਵਾਲੀ ਜਿੰਦਗੀ ਜਿਉਣ ਦਾ ਧਾਰਨੀ ਬਣਾਇਓ!

3. ਇਸ ਨੂੰ ਦਸਿਓ ਕੇ ਹਰੇਕ ਦੁਸ਼ਮਣ ਵਿਚ ਇੱਕ ਦੋਸਤ ਛੁਪਿਆ ਹੁੰਦਾ ਹਰੇਕ ਭੈੜੇ ਇਨਸਾਨ ਵਿਚ ਇਕ ਚੰਗਾ ਕਿਰਦਾਰ ਛੁਪਿਆ ਹੁੰਦਾ ਏ ਅਤੇ ਹਰੇਕ ਭ੍ਰਿਸ਼ਟ ਰਾਜਨੀਤਕ ਦਾ ਇੱਕ ਇਮਾਨਦਾਰ ਪਹਿਲੂ ਵੀ ਹੁੰਦਾ ਏ!

4. ਇਸ ਨੂੰ ਇਹ ਵੀ ਦੱਸਿਓ ਕਿ ਬਿਨਾਂ ਮਿਹਨਤ ਜਮੀਨ ਤੋਂ ਚੁੱਕੇ ਹੋਏ ਪੰਜ ਰੁਪਇਆਂ ਨਾਲ਼ੋਂ ਮਿਹਨਤ ਨਾਲ ਕਮਾਇਆ ਹੋਇਆ ਇੱਕ ਰੁਪਈਆ ਕਈ ਦਰਜੇ ਬਿਹਤਰ ਹੁੰਦਾ ਏ!

5. ਨਕਲ ਮਾਰ ਕੇ ਪਾਸ ਹੋਣ ਨਾਲੋਂ ਇਮਾਨਦਾਰੀ ਨਾਲ ਪਰਚਾ ਪਾ ਕੇ ਫੇਲ ਹੋ ਜਾਣਾ ਕਈ ਦਰਜੇ ਬਿਹਤਰ ਹੁੰਦਾ ਏ!

6. ਇਸ ਨੂੰ ਜਿੰਦਗੀ ਦੇ ਅਸਲ ਮੁਕਾਬਲਿਆਂ ਵਿਚ ਮਿਲੀ ਹੋਈ ਹਾਰ ਨੂੰ ਖਿੜੇ ਮੱਥੇ ਪ੍ਰਵਾਨ ਕਰਨਾ ਵੀ ਸਿਖਾਇਓ ਅਤੇ ਇਹ ਵੀ ਸਿੱਖਿਆ ਦਿਓ ਕਿ ਜਿੱਤ ਨੂੰ ਦਿਮਾਗ 'ਤੇ ਹਾਵੀ ਹੋਣ ਤੋਂ ਕਿੱਦਾਂ ਬਚਣਾ ਏ!

7. ਇਸ ਨੂੰ ਇਹ ਵੀ ਸਿਖਾਇਓ ਕੇ ਚੰਗੇ ਲੋਕਾਂ ਨਾਲ ਨਿਮਰਤਾ ਨਾਲ ਕਿੱਦਾਂ ਪੇਸ਼ ਆਉਣਾ ਏ ਅਤੇ ਸਖਤ ਅਤੇ ਜਾਲਮ ਲੋਕਾਂ ਨੂੰ ਉਨਾਂ ਦੀ ਚਾੜੀ ਹੋਈ ਭਾਜੀ ਵਾਪਸ ਕਿੱਦਾਂ ਮੋੜਨੀ ਏ!

8. ਇਸ ਨੂੰ ਕਿਤਾਬ ਦੀ ਮਹੱਤਤਾ ਬਾਰੇ ਜ਼ਰੂਰ ਦਸਿਓ..ਇਹ ਵੀ ਦੱਸਿਓ ਕਿ ਅਸਮਾਨੀ ਉੱਡਦੇ ਪਰਿੰਦਿਆਂ ਦੀ ਉਡਾਣ ਦਾ ਅਸਲੀ ਰਹੱਸ ਕੀ ਹੁੰਦਾ ਏ..ਨਿਖਰੀ ਹੋਈ ਧੁੱਪ ਵਿਚ ਉੱਡਦੀ ਹੋਈ ਸ਼ਹਿਦ ਦੀ ਮੱਖੀ ਅਤੇ ਪਹਾੜੀ ਦੀ ਢਲਾਣ 'ਤੇ ਉੱਗਿਆ ਹੋਇਆ ਖੂਬਸੂਰਤ ਫੁਲ ਇਨਸਾਨ ਨੂੰ ਕਿਹੜਾ ਸੁਨੇਹਾ ਦੇਣਾ ਲੋਚਦੇ ਨੇ!

9. ਇਸ ਨੂੰ ਇਹ ਵੀ ਦੱਸਿਓਂ ਕੇ ਆਪਣੇ ਮਨ ਵਿਚ ਉਪਜਦੇ ਹੋਏ ਹਾਂਪੱਖੀ ਵਿਚਾਰਾਂ ਦੀ ਪ੍ਰੋੜਤਾ ਕਿਦਾਂ ਕਰਦੇ ਰਹਿਣਾ ਏ ਅਤੇ ਉਹ ਵੀ ਓਦੋਂ ਜਦੋਂ ਸਾਰੀ ਦੁਨੀਆ ਤੁਹਾਨੂੰ ਝੂਠੇ ਸਾਬਤ ਕਰਨ 'ਤੇ ਤੁਲੀ ਹੋਵੇ!

10. ਇਸ ਨੂੰ ਇਸ ਤਰਾਂ ਸਿਖਿਅਤ ਕਰਿਓ ਕਿ ਇਹ ਜਿੰਦਗੀ ਵਿਚ ਬਿਨਾ ਸੋਚੇ ਸਮਝੇ ਭੀੜ ਦਾ ਹਿੱਸਾ ਨਾ ਬਣ ਜਾਇਆ ਕਰੇ ਅਤੇ ਹਮੇਸ਼ਾ ਸੱਚ ਦੇ ਮਾਰਗ 'ਤੇ ਚਲਦਿਆਂ ਹੋਇਆ ਆਪਣਾ ਰਸਤਾ ਖੁਦ ਬਣਾਵੇ!

11. ਇਸ ਨੂੰ ਇਹ ਤਾਕੀਦ ਵੀ ਚੰਗੀ ਤਰਾਂ ਕਰਿਓ ਕਿ ਇਹ ਦੁਨੀਆ ਦੀ ਭੀੜ ਵਿਚ ਹਰੇਕ ਦੀ ਗੱਲ ਸੁਣਨ ਦੇ ਕਾਬਿਲ ਬਣੇ ਪਰ ਹਰੇਕ ਸੁਣੀ ਹੋਈ ਗੱਲ ਨੂੰ ਸੱਚ ਦੀ ਕਸਵੱਟੀ 'ਤੇ ਪਰਖ ਕੇ ਹੀ ਆਪਣੀ ਜਿੰਦਗੀ ਵਿਚ ਅਪਣਾਵੇ।

12.ਇਸ ਨੂੰ ਇਸ ਗੱਲ ਦੀ ਵੀ ਸਮਝ ਹੋਣੀ ਚਾਹੀਦੀ ਏ ਕਿ ਆਪਣੇ ਟੇਲੈਂਟ ਅਤੇ ਦਿਮਾ.ਗ ਵਿਚੋਂ ਉਪਜਦੇ ਹੋਏ ਵਿਚਾਰਾਂ ਨੂੰ ਕਿਸੇ ਪਾਰਖੂ ਅਤੇ ਕਦਰ ਕਰਨ ਵਾਲੇ ਅੱਗੇ ਕਿੱਦਾਂ ਪੇਸ਼ ਕਰਨਾ ਏ ਅਤੇ ਆਪਣੇ ਦਿਲ ਅਤੇ ਜਮੀਰ ਨੂੰ ਵਿਕਾਊ ਹੋਣ ਤੋਂ ਕਿਦਾਂ ਬਚਾਉਣਾ ਏ!

13. ਕੋਸ਼ਿਸ਼ ਕਰਿਓ ਕੇ ਇਹ ਸਬਰ ਸੰਤੋਖ ਵਾਲਾ ਇਨਸਾਨ ਹੋਣ ਦੇ ਨਾਲ ਨਾਲ ਇਕ ਬਹਾਦੁਰ ਮਨੁੱਖ ਵੀ ਬਣੇ ਅਤੇ ਇਸਦਾ ਆਪਣੇ ਆਪ ਵਿਚ ਅਟੁੱਟ ਵਿਸ਼ਵਾਸ਼ ਵੀ ਬਣਿਆ ਰਹੇ..ਕਿਉਂਕਿ ਜਿਸ ਇਨਸਾਨ ਦਾ ਆਪਣੇ ਆਪ 'ਤੇ ਪੂਰਾ ਵਿਸ਼ਵਾਸ਼ ਬਣਿਆ ਰਹਿੰਦਾ ਏ ਉਹ ਕਦੀ ਵੀ ਮਨੁੱਖਤਾ ਅਤੇ ਰੱਬ ਨੂੰ ਆਪਣੇ ਦਿਲ ਤੋਂ ਦੂਰ ਨਹੀਂ ਹੋਣ ਦਿੰਦਾ!

ਦੋਸਤੋ ! ਇਸ ਮਹਾਨ ਹਸਤੀ ਵੱਲੋਂ ਲਗਭਗ ਦੋ ਸਦੀਆਂ ਪਹਿਲਾਂ ਆਪਣੀ ਔਲਾਦ ਪ੍ਰਤੀ ਪ੍ਰਗਟ ਕੀਤੇ ਗਏ ਇਨਾਂ ਵਿਚਾਰਾਂ ਨੂੰ ਵਰਤਮਾਨ ਪੀੜੀ ਦੇ ਅਧਿਆਪਕਾਂ ਅਤੇ ਮਾਪਿਆਂ ਤੱਕ ਪੁਚਾਉਣ ਦੀ ਬੜੀ ਹੀ ਜਿਆਦਾ ਲੋੜ ਹੈ।

# ਅਖ਼ਬਾਰ ਅੱਜ ਵੀ ਲੋਕਾਂ ਦੇ ਦਿਲਾਂ ਤੇ ਰਾਜ ਕਰਦੇ

**- ਵਿਜੈ ਗਰਗ**

ਅਖ਼ਬਾਰ ਨੂੰ ਆਮ ਪਰਾਣੇ ਲੋਕ ਵੀ ਪੜ ਸਕਦੇ ਅੱਜਕੱਲ ਦੇ ਕੰਪਿਊਟਰ ਯੁੱਗ ਵਿਚ ਪੂਰੀ ਦੁਨੀਆ ਗਲੋਬਲ ਪਿੰਡ ਬਣ ਗਈ ਹੈ। ਅਜਿਹਾ ਇਸ ਲਈ ਹੈ ਕਿਉਂਕਿ ਦੁਨੀਆ ਵਿਚ ਕਿਤੇ ਵੀ ਵਾਪਰੀ ਕੋਈ ਨਿੱਕੀ-ਵੱਡੀ ਘਟਨਾ ਦੀ ਸੂਚਨਾ ਇੰਟਰਨੈੱਟ, ਟੀਵੀ ਚੈਨਲਾਂ ਅਤੇ ਸੋਸ਼ਲ ਮੀਡੀਆ ਰਾਹੀਂ ਮਿੰਟਾਂ-ਸਕਿੰਟਾਂ ਵਿਚ ਮਿਲ ਜਾਂਦੀ ਹੈ। ਨਿੱਤ ਬਦਲ ਰਹੀ ਤਕਨੀਕ ਕਾਰਨ ਜਦੋਂ ਕਾ.ਗਜ਼ 'ਤੇ ਛਪਦੇ ਪੁਰਾਣੇ ਅਖ਼ਬਾਰਾਂ ਦੀ ਹੋਂਦ ਬਰਕਰਾਰ ਰਹਿਣ 'ਤੇ ਹੀ ਸਵਾਲ ਖੜੇ ਹੋ ਰਹੇ ਹੋਣ। ਇਹ ਇਕ ਕੌੜਾ ਸੱਚ ਹੈ ਕਿ ਪਿਛਲੇ ਸਾਲਾਂ ਦੌਰਾਨ ਪੰਜਾਬੀ ਵਿਚ ਬਹੁਤ ਅਖ਼ਬਾਰ ਅਤੇ ਮੈਗਜ਼ੀਨ ਸ਼ੁਰੂ ਹੋਏ ਪਰ ਉਨਾਂ ਵਿਚੋਂ ਬਹੁਤੇ ਕੁਝ ਮਹੀਨੇ ਚੱਲ ਕੇ ਬੰਦ ਹੋ ਗਏ। ਕਹਿਣ ਦਾ ਭਾਵ ਇਹ ਹੈ ਕਿ ਪੰਜਾਬੀ ਪ੍ਰਿੰਟ ਮੀਡੀਆ ਦਾ ਦਾਇਰਾ ਓਨਾ ਜ਼ਿਆਦਾ ਨਹੀਂ ਹੈ। ਇਨਾਂ ਦੀ ਹੋਂਦ ਨਾ ਮਾਤਰ ਰਹੀ ਹੈ। ਵਿੱਤੀ ਸੋਮਿਆਂ ਦੀ ਘਾਟ ਨਾਲ ਪੰਜਾਬੀ ਪ੍ਰਿੰਟ ਮੀਡੀਆ, ਖ਼ਾਸ ਤੌਰ 'ਤੇ ਅਖ਼ਬਾਰਾਂ ਹਮੇਸ਼ਾ ਜੂਝਦੀਆਂ ਰਹੀਆਂ ਹਨ। ਹੋਰ ਵੀ ਅਨੇਕਾਂ ਸਮੱਸਿਆਵਾਂ ਹਨ ਜੋ ਪੰਜਾਬੀ ਅਖ਼ਬਾਰਾਂ ਅੱਗੇ ਮੂੰਹ ਅੱਡੀ ਖੜੀਆਂ ਹਨ।

ਇਸ ਸਭ ਤੋਂ ਬੇਪ੍ਰਵਾਹ ਹੋ ਕੇ ਪਿਛਲੇ ਸਾਲਾਂ ਤੋਂ ਪੰਜਾਬੀ ਅਖ਼ਬਾਰ ਨਿਰੰਤਰ ਤਰੱਕੀ ਦੀਆਂ ਪੌੜੀਆਂ ਚੜਦਾ ਹੋਇਆ ਇਕ ਅਜਿਹੇ ਮੁਕਾਮ 'ਤੇ ਪਹੁੰਚ ਚੁੱਕਾ ਹੈ ਜਿਸ 'ਤੇ ਪਹੁੰਚਣ ਲਈ ਦਹਾਕੇ ਲੱਗ ਜਾਂਦੇ ਹਨ। ਇਸ ਗੱਲ ਦੀ ਸ਼ਲਾਘਾ ਕਰਨੀ ਬਣਦੀ ਹੈ। ਇਸ ਤੋਂ ਇਲਾਵਾ ਇਹ ਅਖ਼ਬਾਰ ਹੱਕ, ਸੱਚ ਦਾ ਪਹਿਰੇਦਾਰ ਬਣ ਕੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਅਲੰਬਰਦਾਰ ਬਣ ਕੇ ਸਾਹਮਣੇ ਆਇਆ ਹੈ। ਪੰਜਾਬੀ ਪੱਤਰਕਾਰੀ ਦੇ ਖੇਤਰ ਵਿਚ 'ਪੰਜਾਬੀ ਅਖ਼ਬਾਰ' ਨੇ ਛੋਟੇ ਜਿਹੇ ਅਰਸੇ ਦੌਰਾਨ ਹੀ ਸੰਦਲੀ ਪੈੜਾਂ ਪਾਈਆਂ ਹਨ। ਅਖ਼ਬਾਰਾਂ ਦੇ ਇਤਿਹਾਸ ਦੇ ਪੰਨੇ ਫਰੋਲਦਿਆਂ ਪਤਾ ਲੱਗਦਾ ਹੈ ਕਿ 'ਅਖ਼ਬਾਰ' ਦਾ ਜਨਮ 17ਵੀਂ ਸਦੀ ਵਿਚ ਹੋਇਆ, ਭਾਵੇਂ ਉਸ ਸਮੇਂ ਹੱਥ-ਲਿਖਤ ਅਖ਼ਬਾਰ ਹੀ ਸ਼ੁਰੂ ਹੋਏ ਸਨ। ਸੰਨ 1848 ਵਿਚ ਪੈਰਿਸ ਵਿਖੇ ਪਹਿਲੀ ਵਾਰੀ ਅਖ਼ਬਾਰ ਨੂੰ ਵੰਡਣ ਵਾਸਤੇ ਪੈਕਿੰਗ ਕੀਤੀ ਗਈ। ਜੇ ਰੋਮਨ ਸਾਮਰਾਜ ਦੀ ਗੱਲ ਕੀਤੀ ਜਾਵੇ ਤਾਂ ਜੂਲੀਅਸ ਸੀਜ਼ਰ ਦੇ ਹੁਕਮਾਂ ਨਾਲ ਸਰਕਾਰੀ ਸੂਚਨਾਵਾਂ ਲੋਕਾਂ ਨੂੰ ਦੇਣ ਲਈ 'ਐਕਟਾ ਡੀਰੂਨਾ' ਬੁਲੇਟਨ ਨੂੰ ਛਾਪਿਆ ਜਾਂਦਾ ਸੀ। ਇਸੇ ਤਰਾਂ ਭਾਰਤ ਦੇ ਗੁਆਂਢੀ ਮੁਲਕ ਚੀਨ ਵਿਚ ਵੀ ਸਦੀਆਂ ਪਹਿਲਾਂ ਅਖ਼ਬਾਰ ਹੋਂਦ ਵਿਚ ਆ ਗਿਆ ਸੀ। ਯੂਰਪ ਅਤੇ ਹੋਰ ਦੇਸ਼ਾਂ ਵਿਚ ਸ਼ੁਰੂ-ਸ਼ੁਰੂ ਵਿਚ ਅਖ਼ਬਾਰ ਇਕ ਸਰਕਾਰੀ ਬੁਲੇਟਨ ਹੀ ਹੁੰਦੇ ਸਨ ਜਿਨਾਂ ਵਿਚ ਸਰਕਾਰ ਦੇ ਆਦੇਸ਼ਾਂ, ਨੀਤੀਆਂ, ਨੋਟਿਸਾਂ ਅਤੇ ਕੰਮਾਂ ਦਾ ਹੀ ਵੇਰਵਾ ਹੁੰਦਾ ਸੀ। ਹੌਲੀ-ਹੌਲੀ ਛਾਪਾਖ਼ਾਨਾ ਹੋਂਦ ਵਿਚ ਆ ਗਿਆ। ਫਿਰ ਅਖ਼ਬਾਰ ਹੱਥਾਂ ਨਾਲ ਚਲਦੀਆਂ ਪ੍ਰਿੰਟਿੰਗ ਮਸ਼ੀਨਾਂ ਨਾਲ ਛਪਣ ਲੱਗੇ। ਜੇ ਹੁਣ ਪੰਜਾਬੀ ਅਖ਼ਬਾਰਾਂ ਦੀ ਗੱਲ ਕਰੀਏ ਤਾਂ ਪੰਜਾਬੀ ਦੇ ਸ਼ੁਰੂਆਤੀ ਅਖ਼ਬਾਰ ਪਹਿਲਾਂ ਹੱਥ ਨਾਲ ਲਿਖ ਕੇ ਤਿਆਰ ਕੀਤੇ ਜਾਂਦੇ ਸਨ। ਫਿਰ ਅਖ਼ਬਾਰਾਂ ਵਿਚ ਪਹਿਲਾਂ ਖ਼ਬਰਾਂ ਤੇ ਲੇਖ ਟਾਈਪ ਮਸ਼ੀਨਾਂ ਉੱਪਰ ਟਾਈਪ ਕੀਤੇ ਜਾਂਦੇ ਸਨ ਅਤੇ ਸਿੱਕੇ ਨਾਲ ਪੇਜ ਤਿਆਰ ਕਰ ਕੇ ਅਖ਼ਬਾਰ ਛਾਪੇ ਜਾਂਦੇ ਸਨ। ਅਜੋਕੇ ਸਮੇਂ ਅਖ਼ਬਾਰ ਕੰਪਿਊਟਰ 'ਤੇ ਤਿਆਰ ਕੀਤੇ ਜਾਂਦੇ ਹਨ। ਹੁਣ ਤਾਂ ਅਖ਼ਬਾਰ ਤਿਆਰ ਕਰਨ ਤੋਂ ਬਾਅਦ ਜਦੋਂ ਇਹ ਛਪ ਰਿਹਾ ਹੁੰਦਾ ਹੈ ਤਾਂ ਨਾਲ ਦੀ ਨਾਲ ਉਸ ਨੂੰ ਵੈੱਬਸਾਈਟ 'ਤੇ ਪਾ ਦਿੱਤਾ ਜਾਂਦਾ ਹੈ। ਵੈੱਬਸਾਈਟ 'ਤੇ ਅਪਲੋਡ ਕੀਤਾ ਅਖ਼ਬਾਰ ਦੁਨੀਆ ਦੇ ਕਿਸੇ ਵੀ ਕੋਨੇ ਵਿਚ ਇੰਟਰਨੈੱਟ 'ਤੇ ਪੜਿਆ ਜਾ ਸਕਦਾ ਹੈ।

ਅਖ਼ਬਾਰਾਂ ਵਿਚ ਵਿਸ਼ੇਸ਼ ਦਿਨਾਂ ਅਤੇ ਤਿਉਹਾਰਾਂ ਮੌਕੇ ਵਿਸ਼ੇਸ਼ ਲੇਖ ਛਾਪੇ ਜਾਂਦੇ ਹਨ ਜੋ ਕਿ ਸੰਪਾਦਕੀ ਅਮਲੇ ਦੀ ਕਸੌਟੀ 'ਤੇ ਪਰਖੇ ਜਾਣ ਮਗਰੋਂ ਹੀ ਛਪਦੇ ਹਨ। 'ਅਖ਼ਬਾਰਾਂ' ਨੇ ਖ਼ਬਰਾਂ ਰਾਹੀਂ ਜਾਣਕਾਰੀ ਦੇਣ, ਲੇਖਾਂ ਰਾਹੀਂ ਗਿਆਨ ਵਿਚ ਵਾਧਾ ਕਰਨ ਦੇ ਨਾਲ ਹੀ ਆਮ ਲੋਕਾਂ ਵਿਚ ਭਾਈਚਾਰਕ ਸਾਂਝ ਵਧਾਉਣ ਦਾ ਕੰਮ ਕਰਦੇ ਹਨ । ਇਸ ਦੇ ਸਫ਼ਰ ਦੌਰਾਨ ਇਹਨਾਂ ਅਖ਼ਬਾਰਾਂ ਨੇ ਨਿਰਪੱਖ ਭੂਮਿਕਾ ਨਿਭਾਉਂਦੇ ਹੋਏ ਪਾਠਕਾਂ, ਲੇਖਕਾਂ ਅਤੇ ਸਮਾਜ ਦੇ ਹਰ ਵਰਗ ਨਾਲ ਸਬੰਧਤ ਲੋਕਾਂ ਦੇ ਦਿਲਾਂ ਵਿਚ ਡੂੰਘੀ ਅਤੇ ਨਵੇਕਲੀ ਥਾਂ ਬਣਾਉਣ ਵਿਚ ਸਫਲਤਾ ਹਾਸਲ ਕੀਤੀ ਹੈ। ਬੇਸ਼ੱਕ ਇੰਟਰਨੈੱਟ ਨੇ ਬਹੁਤ ਤਰੱਕੀ ਕੀਤੀ ਹੈ, ਹਰ ਖ਼ਬਰ ਮਿੰਟਾਂ ਸੈਕਿੰਡਾਂ ਵਿਚ ਲੋਕਾਂ ਤੱਕ ਪਹੁੰਚਦੀ ਹੈ, ਜੋ ਅਖ਼ਬਾਰਾਂ ਰਾਹੀ ਅਗਲੇ ਦਿਨ ਤੱਕ ਲੋਕਾਂ ਤੱਕ ਪਹੁੰਚਦੀ ਸੀ, ਪਰ ਅਖ਼ਬਾਰਾਂ ਦੀ ਹੋਂਦ ਅੱਜ ਵੀ ਬਰਕਰਾਰ ਹੈ, ਅਖ਼ਬਾਰ ਅੱਜ ਵੀ ਲੋਕਾਂ ਦੇ ਦਿਲਾਂ ਤੇ ਰਾਜ ਕਰਦੇ ਹਨ, ਅਖ਼ਬਾਰ ਨੂੰ ਆਮ ਪੁਰਾਣੇ ਲੋਕ ਵੀ ਪੜ ਸਕਦੇ ਹਨ ਜਿਨਾਂ ਨੂੰ ਇੰਟਰਨੈੱਟ ਬਾਰੇ ਬਹੁਤੀ ਸੂਝ ਨਹੀਂ ਹੈ।



# ਬਿਰਧ ਆਸ਼ਰਮ ਦੀ ਹੂਕ

**ਲਖਬੀਰ ਸਿੰਘ ਮਾਂਗਟ**

ਬਣੀ ਆਦਤ ਕਰਕੇ ਰਾਤੀਂ ਪਿਸ਼ਾਬ ਕਰਨ ਜਦ ਮੈਂ ਉੱਠਣ ਲੱਗਿਆ ਤਾਂ ਮੱਥਾ ਕੰਧ ਵਿੱਚ ਵੱਜ ਗਿਆ। ਮੈਨੂੰ ਕੰਧ ਮੰਜੇ ਤੋਂ ਥੱਲੇ ਨਾ ਉੱਤਰਨ ਦੇਵੇ। ਬਲਬ ਜਗਾਉਣ ਦੀ ਸੋਚੀ ਤਾਂ ਬੈੱਡ ਸਵਿੱਚ ਦੀ ਡੋਰ ਨਾ ਲੱਭੇ ਜੋ ਮੇਰੇ ਪੋਤੇ ਨੇ ਮੇਰੀ ਸੌਖ ਲਈ ਮੇਰੇ ਮੰਜੇ ਦੇ ਕੋਲ ਨੂੰ ਲਮਕਾ ਦਿੱਤੀ ਸੀ। ਮੈਨੂੰ ਲੱਗਿਆ, ਮੈਂ ਸੁਪਨੇ ਵਿੱਚ ਕਿਧਰੇ ਹੋਰ ਪਿਆ ਹਾਂ। ਮੈਂ ਆਪਣੇ ਆਪ ਨੂੰ ਝੰਜੋੜਿਆ। ਮੂੰਹ ਉੱਤੇ ਦੋਵੇਂ ਹੱਥ ਕਈ ਵਾਰ ਫੇਰੇ। ਥੋੜੀ ਸੁਰਤ ਫੜੀ ਤਾਂ ਮੈਂ ਵੇਖਿਆ ਕਿ ਇਸ ਕਮਰੇ ਦੀ ਤਾਂ ਖਿੜਕੀ ਵੀ ਮੇਰੇ ਸਾਹਮਣੇ ਨਹੀਂ, ਸਗੋਂ ਪਿਛਲੇ ਪਾਸੇ ਸੀ। ਖਿੜਕੀ ਵਿੱਚੋਂ ਆ ਰਹੇ ਚਾਨਣ ਨਾਲ ਮੈਂ ਜਾਣਿਆ ਕਿ ਕਮਰੇ ਵਿੱਚ ਦੋ ਹੋਰ ਮੰਜਿਆਂ ’ਤੇ ਵੀ ਕੋਈ ਸੁੱਤੇ ਹੋਏ ਸਨ। ਹੁਣ ਮੈਨੂੰ ਪਤਾ ਲੱਗ ਗਿਆ ਕਿ ਮੈਂ ਸੱਚਮੁੱਚ ਹੀ ਕਿਧਰੇ ਹੋਰ ਸੁੱਤਾ ਹੋਇਆ ਸਾਂ। ਇਹ ਸੁਪਨਾ ਨਹੀਂ ਹਕੀਕਤ ਸੀ। ਮੈਨੂੰ ਇਹ ਵੀ ਖਿਆਲ ਆਇਆ ਕਿ ਸ਼ਾਇਦ ਮੈਂ ਕਿਸੇ ਰਿਸ਼ਤੇਦਾਰੀ ਵਿੱਚ ਨਾ ਆਇਆ ਹੋਵਾਂ? ਪਰ ਇਹ ਸੋਚ ਵੀ ਛੇਤੀ ਹੀ ਉਡ ਗਈ ਜਦ ਸਾਰਾ ਵਾਪਰਿਆ ਘਟਨਾਕ੍ਰਮ ਮੈਨੂੰ ਯਾਦ ਆਇਆ। ਪਿਸ਼ਾਬ ਕਰਨ ਜਾਣ ਦੀ ਮੇਰੇ ਵਿੱਚ ਸੱਤਿਆ ਹੀ ਨਾ ਬਚੀ। ਮੇਰਾ ਸਿਰ ਮੈਥੋਂ ਸੰਭਾਲਿਆ ਨਾ ਜਾਵੇ ਤੇ ਮੈਂ ਮੁੜ ਮੰਜੇ ਉੱਤੇ ਢੇਰੀ ਹੋ ਗਿਆ। ਬਾਕੀ ਸਾਰੀ ਰਾਤ ਨੀਂਦ ਮੇਰੇ ਨੇੜੇ ਨਾ ਫਟਕੀ। ਕਈ ਦਿਨ ਮੇਰੇ ਨਾਲ ਇਸੇ ਤਰਾਂ ਵਾਪਰਿਆ ਤੇ ਮੈਂ ਕੰਧ ਵਾਲੇ ਪਾਸੇ ਹੀ ਮੰਜੇ ਤੋਂ ਉੱਤਰਨ ਲਈ ਉੱਠਦਾ ਰਿਹਾ।

‘ਉੱਠ ਖੜ ਬਾਈ ਚਾਹ ਦਾ ਟਾਈਮ ਹੋ ਗਿਆ ...।’ ਹੁਣ ਤਕ ਮੈਂ ਅਸਲੀਅਤ ਨੂੰ ਮੰਨਣ ਦੇ ਆਪਣੇ ਆਪ ਨੂੰ ਕਾਬਲ ਕਰ ਲਿਆ ਸੀ। ਬੇਸ਼ਕ ਉੱਠਣ ਲੱਗੇ ਮੈਂ ਇਹ ਜ਼ਾਹਰ ਕਰਨਾ ਚਾਹਿਆ ਕਿ ਮੈਂ ਠੀਕਠਾਕ ਹਾਂ ਪਰ ਉਹਨਾਂ ਦੇ ਇਸ ਬੋਲ ‘ਕੋਈ ਨਾ ਬਾਈ, ਇਹ ਸਾਰਾ ਕੁਝ ਸਾਡੇ ਨਾਲ ਵੀ ਵਾਪਰਿਆ ਸੀ, ਹੌਸਲਾ ਰੱਖ।’ ਨੇ ਮੇਰਾ ਹਉਕਾ ਕਢਾ ਦਿੱਤਾ। ਉਹ ਦੋਵੇਂ ਮੇਰੇ ਮੰਜੇ ’ਤੇ ਆ ਬੈਠੇ। ਉਹ ਮੈਨੂੰ ਧਰਵਾਸ ਦਿੰਦੇ ਦਿੰਦੇ ਚਾਹ ਪੀਣ ਆਪਣੇ ਨਾਲ ਲੈ ਗਏ। ‘ਹਾਏ ਓ ਰੱਬਾ ਮੰਜੇ ਦੀ ਚਾਹ ਵੀ ਛੁੱਟ ’ਗੀ।’ ਦਿਲ ਦੀ ਕੂਕ ਦਿਲ ਵਿੱਚ ਹੀ ਦੱਬ ਗਈ।

ਛੇਤੀ ਹੀ ਮੈਂ ਜਾਣ ਗਿਆ ਕਿ ਇੱਥੇ ਜਿੰਨੇ ਵੀ ਬਜ਼ੁਰਗ ਨੇ, ਸਾਰੇ ਉੱਪਰੋਂ ਤਾਂ ਦਿਸਣ ਨੂੰ ਬੜੇ ਖੁਸ਼ ਨਜ਼ਰ ਆਉਂਦੇ ਨੇ ਪਰ ਸਚਾਈ ਬਿਲਕੁਲ ਹੀ ਉਲਟ ਹੈ। ਸਭ ਘਰਾਂ ਨੂੰ ਓਦਰੇ ਪਏ ਹਨ। ਇਸਦਾ ਪਹਿਲਾ ਚਾਨਣ ਜੋ ਸਿਰਫ ਮੈਂ ਹੀ ਵੇਖ ਸਕਿਆ ਸਾਂ ਪਹਿਲੀ ਵਾਰ ਅੰਦਰ ਵੜਨ ਲੱਗਿਆ, ਉਹ ਮੈਨੂੰ ਕਦੇ ਵੀ ਭੁੱਲ ਨਹੀਂ ਸਕਦਾ। ਜਿੰਨੇ ਵੀ ਬਿਰਧ ਨਵੇਂ ਆਏ ਬੰਦੇ ਨੂੰ ਵੇਖਣ ਲਈ ਜਾਂ ਕਹਿ ਲਉ ਮੇਰੇ ਸਵਾਗਤ ਲਈ ਖੜੇ ਸਨ, ਦਿਸਦੇ ਤਾਂ ਖੁਸ਼ ਸਨ ਪਰ ਸਭ ਦੀਆਂ ਅੱਖਾਂ ਵਿੱਚ ਤੈਰਦਾ ਪਾਣੀ ਮੈਂ ਮਹਿਸੂਸ ਲਿਆ ਸੀ। ਇਹ ਕੇਵਲ ਮੈਨੂੰ ਹੀ ਨਹੀਂ ਸਗੋਂ ਹਰ ਉਸ ਬਿਰਧ ਨੂੰ ਦਿਸਦਾ ਸੀ ਜੋ ਪਹਿਲੀ ਵਾਰ ਆਪਣੀਆਂ ਲੱਤਾਂ ਨੂੰ ਧੂੰਹਦਾ ਹੋਇਆ ਇੱਥੇ ਅਣਮੰਨੇ ਮਨ ਨਾਲ ਗੇਟ ਦੇ ਅੰਦਰ ਪੈਰ ਰੱਖਦਾ ਸੀ। ਅਤੇ ਉਸਦੇ ਕਾਲਜੇ ਦੀਆਂ ਤੰਦਾਂ ਘਰ ਦੀਆਂ ਕੰਧਾਂ ਨਾਲੋਂ ਕੜੱਕ ਕੜੱਕ ਕਰਕੇ ਟੁੱਟਦੀਆਂ ਸਨ। ਮੈਨੂੰ ਲੱਗਿਆ ਕਿ ਮੈਂ ਕੋਈ ਸੁਪਨਾ ਵੇਖ ਰਿਹਾ ਹਾਂ। ਪਰ ਇਹ ਤਾਂ ਹਕੀਕਤ ਸੀ।

ਥੋੜਾ ਥੋੜਾ ਹਨੇਰਾ ਹੋ ਗਿਆ ਸੀ ਜਦ ਮੈਨੂੰ ਇਸ ਬਿਰਧ ਆਸ਼ਰਮ ਵਿੱਚ ਦਾਖ਼ਲ ਕਰਾਇਆ ਗਿਆ। ਮੇਰੇ ਨਾਮ ਦਾ ਇੱਕ ਫਾਰਮ ਭਰਿਆ ਗਿਆ ਜਿਸ ਉੱਪਰ ਮੇਰੇ ਵੱਡੇ ਪੁੱਤਰ ਨੇ ਦਸਤਖਤ ਕੀਤੇ। ਰਜਿਸਟਰ ਵਿੱਚ ਮੇਰਾ ਨਾਮ ਦਰਜ਼ ਕੀਤਾ ਗਿਆ। ਮੈਨੂੰ ਯਾਦ ਆਇਆ, ਇਵੇਂ ਮੇਰਾ ਬਾਪ ਮੈਨੂੰ ਪਿੰਡ ਦੇ ਸਕੂਲੇ ਕੱਚੀ ਪਹਿਲੀ ਵਿੱਚ ਦਾਖ਼ਲ ਕਰਾ ਕੇ ਆਇਆ ਸੀ। ਫਰਕ ਸਿਰਫ ਇੰਨਾ ਕੁ ਹੀ ਆ ਕਿ ਬਾਪ ਨੇ ਸਵੇਰ ਦੇ ਚਾਨਣ ਵਿੱਚ ਦਾਖ਼ਲ ਕਰਾਇਆ ਸੀ ਤੇ ਪੁੱਤ ਨੇ ਸ਼ਾਮ ਦੇ ਘੁਸਮੁਸੇ ਵਿੱਚ। ਮੇਰੇ ਵਰਗੇ ਅਨੇਕਾਂ ਨਰ ਨਾਰੀਆਂ ਇੱਥੇ ਸਨ। ਸਾਰੇ ਮੇਰੇ ਨਾਲ ਗੱਲਾਂ ਕਰ ਰਹੇ ਸਨ ਬੱਸ ਕਹਿਣ ਨੂੰ, ਮੈਨੂੰ ਲੱਗਿਆ ਇਹ ਸਿਖਾਈਆਂ ਹੋਈਆਂ ਗੱਲਾਂ ਹੀ ਕਰ ਰਹੇ ਨੇ ਤਾਂ ਕਿ ਨਵਾਂ ਆਇਆ ਪਿੱਛੇ ਨੂੰ ਯਾਦ ਨਾ ਕਰੇ, ਸਗੋਂ ਉਸ ਨੂੰ ਭੁੱਲਣਾ ਸ਼ੁਰੂ ਕਰ ਦੇਵੇ।

ਰੋਟੀ ਦਾ ਟਾਈਮ ਹੋਇਆ ਤਾਂ ਸਾਰੇ ਕਹਿਣ ਲੱਗੇ, ਚਲੋ ਬਈ ਚਲੋ। ਪਰ ਮੇਰੀ ਭੁੱਖ ਤਾਂ ਘਰੋਂ ਚਲਦੇ ਸਾਰ ਹੀ ਮਰ ਗਈ ਸੀ। ਮੈਂ ਆਪਣੇ ਬਿਸਤਰੇ ਵਿੱਚ ਜਾ ਕੇ ਘੁਸ ਗਿਆ। ਜ਼ਿੰਦਗੀ ਦੇ ਪੁਰਾਣੇ ਤੋਂ ਪੁਰਾਣੇ ਦ੍ਰਿਸ਼ ਮੇਰੀਆਂ ਅੱਖਾਂ ਅੱਗੇ ਆਈ ਜਾਣ ਤੇ ਜਾਈ ਜਾਣ। ਮੇਰੇ ਮਾਪਿਆਂ ਨੇ ਚਾਰ ਕੁੜੀਆਂ ਬਾਅਦ ਸੁੱਖਾਂ ਸੁੱਖ ਸੁੱਖ ਹੋਏ ਪੁੱਤ ਨੂੰ ਪਤਾ ਨਹੀਂ ਕਿੰਨੇ ਚਾਵਾਂ ਨਾਲ ਪਾਲਿਆ ਹੋਵੇਗਾ। ਜੇ ਕਿਤੇ ਉਨਾਂ ਨੂੰ ਮੇਰੇ ਇੱਥੇ ਹੋਣ ਬਾਰੇ ਪਤਾ ਲੱਗ ਜਾਵੇ ਤਾਂ ਉਹ ਜਿਸ ਵੀ ਦੁਨੀਆਂ ਵਿੱਚ ਨੇ, ਥਾਂਏਂ ਮਰ ਜਾਣਗੇ। ਪਰ ਮੇਰੇ ਤਿੰਨੇ ਪੁੱਤ ਜਿਉਂਦੇ ਨੇ, ਬੱਚਿਆਂ ਵਾਲੇ ਨੇ। ਚਲੋ, ਕਦੇ ਤਾਂ ਪੁੱਤਾਂ ਨੂੰ ਮੇਰੀ ਸੋਚ ਸਮਝ ਆਏਗੀ ਹੀ। ਮੈਨੂੰ ਇਹ ਸਮਝ ਨਹੀਂ ਆਈ ਕਿ ਜੇਕਰ ਬੁੱਢਾ ਬੰਦਾ ਕੰਮ ਕਰਨਯੋਗ ਨਹੀਂ ਰਹਿੰਦਾ ਤਾਂ ਉਹ ਘਰ ਵਿੱਚ ਵਾਧੂ ਦਾ ਭਾਰ ਕਿਉਂ ਲੱਗਣ ਲੱਗ ਜਾਂਦਾ ਹੈ? ਕਿਹਾ ਜ਼ਮਾਨਾ ਆ ਗਿਆ, ਬੁੱਢੇ ਬੰਦਿਆਂ ਤੇ ਬੁੱਢੇ ਡੰਗਰਾਂ ਵਿੱਚ ਕੋਈ ਫਰਕ ਨਹੀਂ ਰਹਿ ਗਿਆ। ਡੰਗਰਾਂ ਲਈ ਸ਼ਾਲਾਵਾਂ ਤੇ ਮਨੁੱਖਾਂ ਲਈ ਆਸ਼ਰਮ! ਮੇਰੇ ਬਾਬੇ ਅਤੇ ਬਾਪ ਨੇ ਤਾਂ ਬੁੱਢੇ ਹੋਏ ਬਲਦਾਂ ਤੋਂ ਕਦੇ ਭੁੱਲ ਵੀ ਨਹੀਂ ਸੀ ਉੱਤਰਨ ਦਿੱਤਾ। ਸੁਪਨਮਈ ਸਚਾਈ ਦੇ ਨਾਲ ਘੁਲਦਿਆਂ ਕਦੋਂ ਅੱਖ ਲੱਗ ਗਈ, ਪਤਾ ਹੀ ਨਹੀਂ ਲੱਗਾ।

ਦੂਜੇ ਦਿਨ ਮੇਰੀ ਆਪਣੇ ਇੱਕ ਹਾਣੀ ਨਾਲ ਗੱਲਬਾਤ ਚੱਲ ਰਹੀ ਸੀ, ’ਭਰਾ, ਆਪਣੇ ਕਮਰੇ ਵਿੱਚ ਤਾਂ ਸ਼ੀਸ਼ਾ ਹੀ ਨਹੀਂ ਹੈ। ਸਵੇਰੇ ਮੈਂ ਨਹਾ ਕੇ ਆਇਆ ਤਾਂ ਸ਼ੀਸ਼ਾ ਵੇਖਣ ਨੂੰ ਦਿਲ ਕੀਤਾ ...।’ ਉਹ ਬੋਲਿਆ, ‘ਸ਼ੀਸ਼ਾ ਤਾਂ ਸੀ ਪਰ ਅਸੀਂ ਲਾਹ ਦਿੱਤਾ, ਮਤਾਂ ਆਪਣਾ ਮਸੋਸਿਆ



ਜਿਹਾ ਮੂੰਹ ਵਿਖ ਜਾਵੇ। ਨਾਲੇ ਆਪਾਂ ਕਿਹੜਾ ਕਿਧਰੇ ਵਾਂਢੇ ਜਾਣਾ ਹੈ।’

ਮੈਂ ਮੂੰਹ ਦੂਜੇ ਪਾਸੇ ਨੂੰ ਕਰਕੇ ਅੱਖਾਂ ਦਾ ਪਾਣੀ ਪੂੰਝਿਆ ਤੇ ਸੋਚਿਆ ਕਿ ਕੀ ਇਹ ਕੱਲ ਵਾਲਾ ਬੰਦਾ ਹੀ ਹੈ ਜੋ ਮੈਨੂੰ ਹੌਸਲਾ ਦਿੰਦਾ ਸੀ। ਸਿਰ ’ਤੇ ਬੰਨੇ ਪਰਨੇ ਨੂੰ ਖੋਲ ਕੇ ਮੈਂ ਸਿਰ ਤੇ ਦਾੜੀ ਵਿੱਚ ਕੰਘਾ ਕੀਤਾ। ਪਰਨਾ ਮੂੰਹ ’ਤੇ ਚੰਗੀ ਤਰਾਂ ਫੇਰਿਆ ਤੇ ਫਿਰ ਸਿਰ ’ਤੇ ਲਪੇਟ ਲਿਆ। ਫਿਰ ਅੱਖਾਂ ਵਿੱਚ ਪਾਣੀ ਆਉਂਦਾ ਮਹਿਸੂਸ ਕਰ ਕੇ ਮੈਂ ਜਲਦੀ ਨਾਲ ਮੂੰਹ ਦੂਜੇ ਪਾਸੇ ਨੂੰ ਕਰਕੇ ਮੰਜੇ ’ਤੇ ਲਿਟ ਗਿਆ। ਸ਼ਾਇਦ ਭਰਾ ਵੀ ਮੇਰੀ ਹਾਲਤ ਸਮਝ ਗਿਆ ਸੀ, ਉਹ ਵੀ ਚੁੱਪ ਕਰ ਗਿਆ। ਇਹ ਮੇਰੇ ਦਿਲ ਨੂੰ ਪਹਿਲਾ ਹਲੂਣਾ ਸੀ।

ਕਾਰ ਵਿੱਚੋਂ ਉੱਤਰ ਕੇ ਅੰਦਰ ਵੜਦੇ ਸਮੇਂ ਬੇਸ਼ਕ ਮੈਂ ਨੀਵੀਂ ਪਾਈ ਹੋਈ ਸੀ ਤੇ ਮੇਰਾ ਮੂੰਹ ਵੀ ਕਾਫੀ ਢਕਿਆ ਹੋਇਆ ਸੀ ਪਰ ਗੇਟ ’ਤੇ ਲਿਖੇ ਹੋਏ ਸਵਾਗਤੀ ਸ਼ਬਦ ਪਤਾ ਨਹੀਂ ਮੇਰੇ ਮੱਥੇ ਵਿੱਚ ਕੀਕਣ ਚਲੇ ਗਏ ਸਨ। ਮੈਂ ਆਪਣੇ ਆਪ ਨੂੰ ਹੀ ਗਾਲ ਕੱਢ ਕੇ ਲਾਹਨਤ ਦੇਣ ਤੋਂ ਰੁਕ ਨਾ ਸਕਿਆ। ਪਤੰਦਰਾ, ਤੂੰ ਆਪਦਾ ਵੰਸ਼ ਕਾਹਦੇ ਲਈ ਵਧਾਇਆ ਸੀ ਜੇ ਤੇਰਾ ਸਵਾਗਤ ਇੱਥੇ ਹੀ ਹੋਣਾ ਸੀ। ਬਿਨਾ ਸ਼ੱਕ ਇੱਥੇ ਸਭ ਸੁਖ ਸਹੂਲਤਾਂ ਨੇ। ਸ਼ਾਨਦਾਰ ਕਮਰਾ ਹੈ ਪਰ ਮੇਰਾ ਨਹੀਂ ਹੈ। ਵਧੀਆ ਮੰਜਾ ਬਿਸਤਰਾ ਹੈ, ਪਰ ਉਸ ਵਿੱਚ ਬਾਹਰਲੀ ਬੈਠਕ ਦੇ ਮੰਜੇ ਵਾਲਾ ਆਰਾਮ ਨਹੀਂ ਹੈ। ਬਹੁਤ ਵਧੀਆ ਖਾਣਾ ਹੈ ਪਰ ਉਸ ਵਿੱਚ ਘਰ ਵਾਲਾ ਸੁਆਦ ਨਹੀਂ ਹੈ। ਬਹੁਤ ਖੁੱਲਾ ਡੁੱਲਾ ਮੈਦਾਨ ਹੈ ਪਰ ਵੇਹੜਾ ਨਹੀਂ ਹੈ। ਬਹੁਤ ਜਣੇ ਨੇ ਇੱਥੇ, ਪਰ ਮੇਰਾ ਕੋਈ ਨਹੀਂ ਹੈ। ਇੱਥੇ ਸਿਰਫ ਬਜ਼ੁਰਗ ਹਨ, ਬੁਢਾਪੇ ਦਾ ਅਸਲੀ ਸਾਥ ਜੁਆਕ, ਪੋਤੇ ਪੋਤੀਆਂ ਨਹੀਂ ਹਨ। ਜਵਾਨੀ ਵੇਲੇ ਪੜੇ ਕਵੀ ਪਾਸ਼ ਦਾ ਲਿਖਿਆ ਯਾਦ ਆਇਆ ਕਿ ਚਾਰ ਕੰਧਾਂ ਦੀ ਵਲਗਣ ਘਰ ਨਹੀਂ ਹੁੰਦਾ। ਚਾਹੇ ਸਾਰਾ ਕੁਝ ਇੱਥੇ, ਘਰ ਤੋਂ ਵੀ ਵਧਕੇ ਹੈ, ਪਰ ਇਹ ਘਰ ਨਹੀਂ ਹੈ।

ਇੱਕ ਦਿਨ ਮੇਰਾ ਇੱਕ ਹੋਰ ਹਾਣੀ ਕਹਿ ਰਿਹਾ ਸੀ, ‘ਮੈਂ ਘਰ ਵਿੱਚ ਪੈਦਾ ਹੋਇਆ। ਘਰ ਵਿੱਚ ਪਲ਼ਿਆ, ਖੇਡਿਆ। ਘਰ ਵਿੱਚ ਜਵਾਨੀ ਆਈ ਤੇ ਗਈ ...।’ ਉਸਦੇ ਬੋਲਣ ਵਿੱਚ ਤੇਜ਼ੀ ਆਈ ਜਾ ਰਹੀ ਸੀ, ‘ਘਰ ਵਿੱਚ ਹੀ ਮੇਰਾ ਆਪਣਾ ਪਰਿਵਾਰ ਬਣਿਆ, ਪਾਲਿਆ, ਘਰ ਵਿੱਚ ਹੀ ਮੈਂ ਬੁੱਢਾ ਹੋਇਆ ਤੇ ਹੁਣ ਮਰਨਾ ਵੀ ਮੈਂ ਉਸੇ ਘਰ ਵਿੱਚ ਹੀ ਚਾਹੁੰਨਾ ...।’ ਉਸਦੀਆਂ ਅੱਖਾਂ ਹੁਣ ਉਸਦੇ ਕਹਿਣੇ ਤੋਂ ਬਾਹਰ ਹੋ ਕੇ ਛਲਕ ਪਈਆਂ ਸਨ। ਜਿਵੇਂ ਆਖ ਰਹੀਆਂ ਹੋਣ, ਆਪਣੇ ਘਰ ਵਿੱਚ ਮਰਨ ਦਾ ਮਾਣ ਆਪਣਾ ਹੀ ਹੁੰਦਾ, ਉਹ ਇੱਥੇ ਨਹੀਂ ਹੋਣਾ, ਉਹ ਤਾਂ ਸਿਰਫ ਆਪਣੇ ਘਰ ਹੀ ਆ ਸਕਦਾ। ਜਿਵੇਂ ਉਸ ਨੂੰ ਲਗਦਾ ਹੋਵੇ ਕਿ ਲੋਕਾਂ ਦੇ ਚਿਹਰਿਆਂ ’ਤੇ ਲਿਖਿਆ ਦਿਸਿਆ ਕਰੇਗਾ ਕਿ ਉਹ ਬੁੜਾ ਘਰੋਂ ਬੇਘਰ ਹੋ ਕੇ ਮਰ ਗਿਆ। ਮੈਨੂੰ ਲੱਗਿਆ ਜਿਵੇਂ ਉਹ ਕੂਕ ਰਿਹਾ ਹੋਵੇ।

‘ਤੂੰ ਤਾਂ ਫਿਰ ਚੰਗਾ ਐਂ, ਮੇਰਾ ਤਾਂ ਕੋਈ ਭੋਗ ਪਾਉਣ ਵਾਲਾ ਵੀ ਨਹੀਂ। ਭੋਗ ਦੇ ਪੈਸੇ ਵੀ ਜਮਾਂ ਕਰਵਾ ਗਏ ਨੇ ...।’ ਸਾਡੇ ਦੂਜੇ ਸਾਥੀ ਨੇ ਕਿਹਾ ਤਾਂ ਮੇਰੇ ਕਾਲਜੇ ਦਾ ਰੁੱਗ ਭਰਿਆ ਗਿਆ। ਉਹਨਾਂ ਦੀਆਂ ਹੂਕਾਂ ਸੁਣ ਸੁਣ ਕੇ ਮੈਂ ਆਪਣੇ ਆਪ ਨੂੰ ਕਾਫੀ ਟਿਕਾਣੇ ਲੈਆਂਦਾ। ਭਾਈ ਇਹ ਤਾਂ ਹੁੰਦਾ ਸੀ ਕਿ ਬਾਬੇ ਦਾ ਮੰਜਾ ਅੰਦਰਲੇ ਕਮਰੇ ਵਿੱਚੋਂ ਖਿਸਕਦਾ ਖਿਸਕਦਾ ਬਾਹਰਲੀ ਬੈਠਕ ਵਿੱਚ ਆ ਜਾਂਦਾ ਸੀ ਪਰ ਇੰਨੀ ਦੂਰ, ਇਹ ਤਾਂ ਕਦੇ ਨਹੀਂ ਸੀ ਸੁਣਿਆ, ਚਿਤਵਿਆ। ਯਾਦ ਚੇਤੇ ਵਿੱਚ ਵੀ ਨਹੀਂ ਸੀ ਕਿ ਇਹ ਕੁਝ ਵੀ ਸਾਡੇ ਨਾਲ ਵਾਪਰੇਗਾ।

‘ਕਾਸ਼ ਰੱਬ ਸਾਡੀ ਸੁਣਦਾ ਤੇ ਇੱਥੇ ਜਮਾਂ ਹੋਣ ਤੋਂ ਪਹਿਲਾਂ ਹੀ ਕਿਤੇ ਸਾਨੂੰ ਚੁੱਕ ਲੈਂਦਾ ...।’ ਮੈਂ ਵੀ ਆਪਣੇ ਦਿਲ ਦੀ ਭੜਾਸ ਸਾਂਝੀ ਕਰ ਲਈ। ਸਾਡੇ ਸਾਰਿਆਂ ਦੇ ਦਿਲ ਦੀ ਹੂਕ ਸ਼ਾਇਦ ਇਹੋ ਹੀ ਸੀ ।

# ‘ਪੁੱਤਰਾ ਖੰਡ ਵੇਚਦਾ ਹਾਂ ਲਫਾਫੇ ਨੀ’

**ਹਰਪ੍ਰੀਤ ਸਿੰਘ ਜਵੰਧਾ**

‘ਪੁੱਤਰਾ ਖੰਡ ਵੇਚਦਾ ਹਾਂ ਲਫਾਫੇ ਨੀ’

ਬੱਸ ਅੱਡੇ ਟਿਕਟ ਖਿੜਕੀ ਤੇ ਲਿਖਿਆ ਹੋਇਆ ਸੀ..‘ਪੰਜ ਸਾਲ ਅਤੇ ਇਸ ਤੋਂ ਥੱਲੇ ਵਾਲੇ ਦੀ ਟਿਕਟ ਨਹੀਂ ਲੱਗੇਗੀ...’

ਉਸਨੇ ਇੱਕ ਪੂਰੀ ਅਤੇ ਇਕ ਅੱਧੀ ਟਿਕਟ ਮੰਗ ਲਈ...ਅੱਗੋਂ ਕਾਊਂਟਰ ਅੰਦਰ ਬੈਠਾ ਪੁੱਛਣ ਲੱਗਾ ‘ਭੈਣ ਜੀ ਜੁਆਕ ਕਿੰਨੇ ਸਾਲ ਦਾ ਹੈ?

ਆਖਣ ਲੱਗੀ ‘ਸਾਢੇ-ਪੰਜ ਸਾਲ..’

ਅੱਗੋਂ ਪੂਰੀ ਟਿਕਟ ਫੜਾ ਦਿੱਤੀ ਤੇ ਆਖਣ ਲੱਗਾ.. ‘ਜੇ ਕੰਡਕਟਰ ਪੁੱਛੇ ਤਾਂ ਆਖ ਦਿਓ ਪੰਜ ਸਾਲ ਦਾ ਏ..ਉਸਨੇ ਕਿਹੜਾ ਜਨਮ-ਸਰਟੀਫਿਕੇਟ ਪੁੱਛ ਲੈਣਾ’

ਅੱਗੋਂ ਅੱਧੀ ਟਿਕਟ ਹੋਰ ਮੰਗਦੀ ਹੋਈ ਆਖਣ ਲੱਗੀ ਕੇ ਭਰਾਵਾਂ ਉਹ ਤਾਂ ਭਾਵੇਂ ਪੁੱਛੇ ਨਾ ਪੁੱਛੇ ਪਰ ਜੇ ਨਿਆਣੇ ਨੇ ਪੁੱਛ ਲਿਆ ਤਾਂ ਫੇਰ ਕਿਥੇ ਸਫਾਈਆਂ ਦਿੰਦੀ ਰਹੂੰ?

ਏਦਾਂ ਹੀ ਇੱਕ ਜਾਮਨੂੰ ਤੁਲਵਾਉਂਦੀ ਬੀਬੀ ਨੇ ਸੜਕ ਕੰਢੇ ਬੈਠੇ ਕੋਲੋਂ ਨਜਰ ਬਚਾ ਕੇ ਜਾਮਨੂਆਂ ਦੀ ਮੁੱਠ ਭਰ ਲਈ...।

ਮਾਂ ਵੱਲ ਦੇਖ ਬੱਚੇ ਨੇ ਵੀ ਛੇਤੀ ਨਾਲ ਦੋ ਚਾਰ ਦਾਣੇ ਚੁੱਕ ਮੂੰਹ ਵਿਚ ਪਾ ਲਏ...

ਮੁੜ ਕਾਰ ਵਿਚ ਵੜ ਆਖਣ ਲੱਗਾ ‘ਮੰਮੀ ਅੱਜ ਤਾਂ ਵੀਹਾਂ ਦਾ ਫਾਇਦਾ ਹੋ ਗਿਆ..’

ਅੱਗੋਂ ਆਹਂਦੀ ‘ਪੁੱਤ ਸੱਠਾਂ ਵਾਲੇ ਪੰਜਾਹਾਂ ਦੇ ਹੀ ਤਾਂ ਲਏ ਨੇ...ਫੇਰ ਫਾਇਦਾ ਵੀਹਾਂ ਦਾ ਕਿਦਾਂ ਹੋ ਗਿਆ?’

ਆਖਣ ਲੱਗਾ ‘ਜਿਹੜੇ ਅਸਾਂ ਓਥੇ ਬੈਠੇ ਬੈਠੇ ਹੀ ਖਾ



ਲਏ..ਉਹ ਵੀ ਦਸਾਂ ਦੇ ਤਾਂ ਹੋਣਗੇ ਹੀ ਨਾ..’

ਔਰਤ ਨੇ ਓਸੇ ਵੇਲੇ ਕਾਰ ਵਾਪਸ ਮੋੜ ਲਿਆਂਦੀ.. ਪਰਸ ’ਚੋਂ ਦਸਾਂ ਦਾ ਨੋਟ ਕੱਢਿਆ ਤੇ ਆਖਣ ਲੱਗੀ ਕੇ ਜਾ ਬਾਪੂ ਨੂੰ ਮੋੜ ਕੇ ਆ ਤੇ ਆਖੀਂ ਭੁਲੇਖੇ ਨਾਲ ਵੱਧ ਆ ਗਏ ਸਨ..।

ਇਹ ਤਾਂ ਸੀ ਜਾਗਦੀਆਂ ਜਮੀਰਾਂ ਵਾਲੀਆਂ ਦੋ ਜਜਬਾਤੀ ਮਾਵਾਂ ਦੀ ਕਹਾਣੀ..ਆਓ ਹੁਣ ਇੱਕ ਹੱਡ ਬੀਤੀ ਸਾਂਝੀ ਕਰਦਾ ਹਾਂ...।

ਕੁਝ ਸਾਲ ਪਹਿਲਾਂ ਸਟੋਰ ਤੋਂ ਬਾਹਰ ਆਇਆ ਤਾਂ ਕਾਰ ਦੇ ਵਾਈਪਰ ਤੇ ਇੱਕ ਪਰਚੀ ਲੱਗੀ ਦੇਖੀ.. ਵਿਚ ਲਿਖਿਆ ਸੀ ਮੈਥੋਂ ਤੇਰੇ ਪਿੱਛੇ ਆਪਣੀ ਕਾਰ ਵੱਜ ਗਈ ਏ...ਜੇ ਇੰਸ਼ੋਰੈਂਸ ਕਲੇਮ ਵੇਲੇ ਲੋੜ ਪਈ ਤਾਂ ਇਹ ਰਿਹਾ ਮੇਰਾ ਨਾਮ ਪਤਾ ਅਤੇ ਨੰਬਰ.. ਪਰਚੀ ਦੇਖ ਗੋਰੇ ਦਾ ਨੰਬਰ ਘੁਮਾਂ ਦਿੱਤਾ...ਪਹਿਲਾਂ ਸ਼ੁਕਰੀਆ ਕੀਤਾ ਤੇ ਫੇਰ ਗੱਲ ਪੁੱਛ ਲਈ ਕੇ ਦੋਸਤਾਂ ਜੇ ਪਰਚੀ ਨਾ ਵੀ ਲਾਉਂਦਾ ਤਾਂ ਮੈਨੂੰ ਕਿਹੜਾ ਪਤਾ ਲੱਗ ਜਾਣਾ ਸੀ..? ਆਖਣ ਲੱਗਾ ਕੇ ਜੇ ਅੱਜ ਇੰਝ ਨਾ ਕਰਦਾ ਤਾਂ ਪਤਾ ਨੀ ਕਿੰਨੀਆਂ ਰਾਤਾਂ ਨੀਂਦ ਵਾਲੀ ਗੋਲੀ ਖਾ ਕੇ ਸੌਣਾ ਪੈਂਦਾ..!

ਸੋ ਦੋਸਤੋ ਝੂਠ ਨੂੰ ਮੂੰਹੋਂ ਨਿਕਲਣ ਤੋਂ ਪਹਿਲਾਂ ਸੱਚ ਨਾਮ ਦੇ ਬੰਦੇ ਨਾਲ ਯੁੱਧ ਕਰਨਾ ਪੈਂਦਾ ਏ.. ਪਰ ਝੂਠ ਕੋਲ ਅਨੇਕਾਂ ਦਲੀਲਾਂ ਹੁੰਦੀਆਂ ਨੇ ਧੋਬੀ ਪਟਕਾ ਲਾਉਣ ਲਈ..

ਮੁਨਾਫ਼ੇ, ਵਾਕਫ਼ੀਆਂ, ਰਿਲੇਸ਼ਨਸ਼ਿਪ, ਪਦਵੀਆਂ ਅਤੇ ਪੁਜੀਸ਼ਨਾਂ ਵਾਲੇ ਅਨੇਕਾਂ ਚਕਾਚੌਂਦੀ ਭੁਲਾਵਿਆਂ ਆਸਰੇ ਉਹ ਅਖੀਰ ਸੱਚ ਤੇ ਭਾਰੂ ਹੋ ਹੀ ਜਾਂਦਾ ਏ.. ਉੱਤੋਂ ਅਜੋਕਾ ਇਨਸਾਨ ਵੀ ਤਾਂ ਕਿੰਨਾ ਸਿਆਣਾ ਹੋ ਗਿਆ ਏ..ਅਕਸਰ ਸੋਚਦਾ ਏ ਕੇ ਜਿਥੇ ਧੋਖਾ ਦਿੱਤਾ ਜਾ ਸਕਦਾ ਹੋਵੇ ਓਥੇ ਝੂਠ ਬੋਲਣ ਦੀ ਕੀ ਲੋੜ.... ਝੂਠ ਨੂੰ ਤਾਂ ਮੌਕੇ ਤੇ ਫੜੇ ਜਾਣ ਦਾ ਡਰ.. ਪਰ ਜਜਬਾਤਾਂ ਦੀ ਚਾਸ਼ਨੀ ਵਿਚ ਡੋਬ ਕੇ ਦਿੱਤਾ ਗਿਆ ‘ਧੋਖਾ’ ਤਾਂ ਬੰਦੇ ਨੂੰ ਭੱਜਣ ਦੀ ਲੰਮੀ ਮੋਹਲਤ ਵੀ ਪ੍ਰਦਾਨ ਕਰ ਦਿਆ ਕਰਦਾ ਏ...!

ਅਜੇ ਵੀ ਯਾਦ ਏ ਇੱਕ ਨਿੱਤਨੇਮੀ ਸੱਜਣ ਨੇ ਕੈਨੇਡਾ ਨਵੇਂ ਨਵੇਂ ਆਏ ਆਪਣੇ ਇੱਕ ਰਿਸ਼ਤੇਦਾਰ ਨੂੰ ਆਪਣੀ ਪੁਰਾਣੀ ਕਾਰ ਇਹ ਅਹਿਸਾਨ ਜਿਤਾਉਂਦਿਆਂ ਵੇਚ ਦਿੱਤੀ ਕਿ ਭਾਈ ਜੇ ਇਸ ਨੂੰ ਕਿਧਰੇ ਬਾਹਰ ਵੇਚਦੇ ਤਾਂ ਸਾਨੂੰ ਹਜ਼ਾਰ, ਦੋ ਹਜ਼ਾਰ ਵੱਧ ਮਿਲਣਾ ਸੀ..।

ਪਰ ਲਿੱਪ-ਪੋਚ ਕੇ ਬਣਾਈ ਸਿਆਲ ਦੇ ਪਹਿਲੇ ਹੱਲੇ ਵਿਚ ਹੀ ਖਲੋ ਗਈ.. ਮਕੈਨਿਕ ਆਖਣ ਲੱਗਾ ਕਿ ਕੁਝ ਨੀ ਬਚਿਆ ਹੁਣ ਇਸਦੇ ਵਿਚ...ਜੰਕ-ਯਾਰਡ ਦਾ ਸ਼ਿੰਗਾਰ ਹੀ ਏ ਬੱਸ...ਪਰ ਉਸ ਵੇਲੇ ਤੱਕ ਦੋ ਹਜ਼ਾਰ ਵਾਲੀ ਪੰਜ ਵਿਚ ਉਸਦੇ ਮੱਥੇ ਮੜਨ ਵਾਲਾ ਕਰੀਬੀ ਰਿਸ਼ਤੇਦਾਰ ਕਦੋਂ ਦਾ ਦੂਜੇ ਸ਼ਹਿਰ ਮੂਵ ਹੋ ਗਿਆ ਸੀ..!

‘ਇਹ ਜੱਗ ਮਿੱਠਾ ਤੇ ਅਗਲਾ ਕਿਸਨੇ ਡਿਠਾ’ ਵਾਲੀ ਸੋਚ ਵਾਲੇ ਅਕਸਰ ਹੀ ਆਖਦਿਆ ਕਰਦੇ ਨੇ ਕੇ ‘ਹੁਣ ਤਾਂ ਐਸ਼ ਕਰੋ ਜਦੋਂ ਧਰਮਰਾਜ ਕੋਲ ਜਾਵਾਂਗੇ ਓਦੋਂ ਦੀ ਓਦੋਂ ਵੇਖੀ ਜਾਊ..’

ਜਾਂਦੇ ਜਾਂਦੇ ਫੋਟੋ ਵਿਚਲੇ ਸੌਦਾ ਤੋਲਦੇ ਬਾਬੇ ਹੁਰਾਂ ਦਾ ਜ਼ਿਕਰ ਵੀ ਜਰੂਰੀ ਏ...।

ਖੰਡ ਲੈਣ ਆਏ ਗ੍ਰਾਹਕ ਨੇ ਤੱਕੜੀ ਵਿਚ ਤੋਲਣ ਵਾਲੇ ਵੱਟੇ ਹੇਠਾਂ ਪਏ ਖਾਲੀ ਲਫਾਫੇ ਬਾਰੇ ਪੁੱਛ ਲਿਆ ਤਾਂ ਅੱਗੋਂ ਆਖਣ ਲੱਗੇ ਕੇ ‘ਪੁੱਤਰਾ ਖੰਡ ਵੇਚਦਾ ਹਾਂ ਲਫਾਫੇ ਨੀ’

# ਸ੍ਰੀ ਹਰੀ ਨਟਰਾਜ ਨੇ ਕੌਮੀ ਰਿਕਾਰਡ ਨਾਲ ਜਿੱਤਿਆ ਗੋਲਡ

## ਸਾਜਨ ਤੋਂ ਓਲੰਪਿਕ ਕੁਆਲੀਫਾਈ ਦੀ ਆਸ

**ਤਾਸ਼ਕੰਦ/ਏ.ਟੀ.ਨਿਊਜ਼:** ਭਾਰਤ ਦੇ ਚੋਟੀ ਦੇ ਤੈਰਾਕ ਸ੍ਰੀਹਰੀ ਨਟਰਾਜ ਨੇ ਇੱਥੇ 50 ਮੀਟਰ ਬੈਕਸਟ੍ਰੋਕ ਵਿਚ ਕੌਮੀ ਰਿਕਾਰਡ ਬਣਾਉਣ ਦੇ ਨਾਲ ਉਜ਼ਬੇਕਿਸਤਾਨ ਓਪਨ ਚੈਂਪੀਅਨਸ਼ਿਪ ਵਿਚ ਆਪਣਾ ਦੂਜਾ ਗੋਲਡ ਮੈਡਲ ਹਾਸਲ ਕੀਤਾ। 20 ਸਾਲ ਦੇ ਇਸ ਤੈਰਾਕ ਨੇ ਫੀਨਾ ਮਾਨਤਾ ਹਾਸਲ ਓਲੰਪਿਕ ਕੁਆਲੀਫਾਇੰਗ ਚੈਂਪੀਅਨਸ਼ਿਪ ਵਿਚ 25.11 ਸਕਿੰਟ ਦੇ ਸਮੇਂ ਨਾਲ ਚੋਟੀ ਦਾ ਸਥਾਨ ਹਾਸਲ ਕੀਤਾ।ਭਾਰਤੀ ਤੈਰਾਕਾਂ ਨੇ ਇਸ ਚੈਂਪੀਅਨਸ਼ਿਪ ਵਿਚ 29 ਮੈਡਲ (18 ਗੋਲਡ, 7 ਸਿਲਵਰ ਤੇ 4 ਕਾਂਸੇ) ਜਿੱਤ ਲਏ ਹਨ। ਇਹ ਸ੍ਰੀਹਰੀ ਦਾ ਦੋ ਦਿਨਾਂ ਵਿਚ ਤੀਜਾ ਰਾਸ਼ਟਰੀ ਰਿਕਾਰਡ ਹੈ। ਬੈਂਗਲੁਰੂ ਦੇ ਇਸ ਤੈਰਾਕ ਨੇ ਇਸ ਹਫ਼ਤੇ ਦੇ ਸ਼ੁਰੂ ਵਿਚ ਆਪਣੇ ਪਸੰਦੀਦਾ 100ਮੀਟਰ ਬੈਕਸਟ੍ਰੋਕ ਮੁਕਾਬਲੇ ਵਿਚ ਦੋ ਵਾਰ ਕੌਮੀ ਰਿਕਾਰਡ ਬਣਾਇਆ। ਸ੍ਰੀਹਰੀ ਨੇ 100 ਮੀਟਰ ਬੈਕਸਟ੍ਰੋਕ ਵਿਚ ਪਹਿਲਾਂ ਹੀ ਟੋਕੀਓ



ਓਲੰਪਿਕ ਲਈ ਬੀ ਮਾਰਕ ਹਾਸਲ ਕਰ ਲਿਆ ਹੈ। ਉਨਾਂ ਨੇ ਹੀਟ ਵਿਚ 54.10 ਸਕਿੰਟ ਨਾਲ ਆਪਣਾ ਨਿੱਜੀ ਸਰਬੋਤਮ ਸਮਾਂ ਕੱਢਿਆ ਤੇ ਫਿਰ ਫਾਈਨਲ ਵਿਚ 54.07 ਸਕਿੰਟ ਦੇ ਸਮੇਂ ਨਾਲ ਗੋਲਡ ਮੈਡਲ ਜਿੱਤਿਆ। ਉਹ ਸਿਰਫ਼ 0.22 ਸਕਿੰਟ ਨਾਲ ਓਲੰਪਿਕ ਏ ਕੁਆਲੀਫਿਕੇਸ਼ਨ ਮਾਰਕ ਤੋਂ ਖੁੰਝ ਗਏ।

**ਸਾਜਨ ਪ੍ਰਕਾਸ਼ ਤੋਂ ਓਲੰਪਿਕ ਕੁਆਲੀਫਿਕੇਸ਼ਨ ਦੀ ਉਮੀਦ**

ਭਾਰਤ ਦੇ ਪੰਜ ਮੁੱਕੇਬਾਜ਼ ਕੁਆਰਟਰ ਫਾਈਨਲ



'ਚ, ਨਰਵਾਲ ਨੇ ਓਲੀਵੀਅਰ ਨੂੰ 4-1 ਨਾਲ ਹਰਾਇਆ।

ਇਕ ਹੋਰ ਤੈਰਾਕ ਸਾਜਨ ਪ੍ਰਕਾਸ਼ ਤੋਂ ਓਲੰਪਿਕ ਲਈ ਕੁਆਲੀਫਾਈ ਕਰਨ ਦੀ ਉਮੀਦ ਹੈ। ਉਨਾਂ ਨੇ ਜਿਨਾਂ ਸਾਰੇ ਚਾਰ ਮੁਕਾਬਲਿਆਂ ਵਿਚ ਹਿੱਸਾ ਲਿਆ ਹੈ ਉਨਾਂ ਸਾਰਿਆਂ ਵਿਚ ਗੋਲਡ ਮੈਡਲ ਹਾਸਲ ਕੀਤਾ ਹੈ।

# ਮੀਰਾਬਾਈ ਨੇ ਵਿਸ਼ਵ ਰਿਕਾਰਡ ਨਾਲ ਕੀਤਾ ਓਲੰਪਿਕ ਲਈ ਕੁਆਲੀਫਾਈ

**ਤਾਸ਼ਕੰਦ/ਏ.ਟੀ.ਨਿਊਜ਼:** ਸਾਬਕਾ ਵਿਸ਼ਵ ਚੈਂਪੀਅਨ ਭਾਰਤੀ ਵੇਟਲਿਫਟਰ ਮੀਰਾਬਾਈ ਚਾਨੂੰ ਨੇ ਏਸ਼ੀਅਨ ਚੈਂਪੀਅਨਸ਼ਿਪ ਵਿਚ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਕਲੀਨ ਐਂਡ ਜਰਕ ਵਿਚ 49 ਕਿਲੋਗ੍ਰਾਮ ਵਿਚ ਵਿਸ਼ਵ ਰਿਕਾਰਡ ਬਣਾਇਆ ਤੇ ਨਾਲ ਹੀ ਕਾਂਸੇ ਦਾ ਮੈਡਲ ਆਪਣੇ ਨਾਂ ਕੀਤਾ। ਇਸ ਤੋਂ ਇਲਾਵਾ ਉਨਾਂ ਨੇ ਟੋਕੀਓ ਓਲੰਪਿਕ ਲਈ ਵੀ ਕੁਆਲੀਫਾਈ ਕੀਤਾ। ਚਾਨੂੰ ਨੇ ਆਪਣਾ ਰਾਸ਼ਟਰੀ ਰਿਕਾਰਡ ਵੀ ਬਿਹਤਰ ਕੀਤਾ। 26 ਸਾਲ ਦੀ ਚਾਨੂੰ ਨੇ ਸਨੈਚ ਵਿਚ 46 ਕਿਲੋਗ੍ਰਾਮ ਦਾ ਭਾਰ ਚੁੱਕਿਆ ਤੇ ਕਲੀਨ ਐਂਡ ਜਰਕ ਵਿਚ 119 ਕਿਲੋਗ੍ਰਾਮ ਦਾ ਭਾਰ ਚੁੱਕ ਕੇ ਵਿਸ਼ਵ ਰਿਕਾਰਡ ਬਣਾਇਆ। ਉਨਾਂ ਨੇ ਕੁੱਲ 205 ਕਿਲੋਗ੍ਰਾਮ ਦਾ ਭਾਰ ਚੁੱਕਦੇ ਹੋਏ ਕਾਂਸੇ ਦਾ ਮੈਡਲ ਹਾਸਲ ਕੀਤਾ। ਇਸ ਤੋਂ ਪਹਿਲਾਂ



ਕਲੀਨ ਐਂਡ ਜਰਕ ਵਿਚ ਵਿਸ਼ਵ ਰਿਕਾਰਡ 118 ਕਿਲੋਗ੍ਰਾਮ ਦਾ ਸੀ। 49 ਕਿਲੋਗ੍ਰਾਮ ਵਿਚ ਮੀਰਾਬਾਈ ਦਾ ਸਰਬੋਤਮ ਨਿੱਜੀ ਸਕੋਰ 203 ਕਿਲੋਗ੍ਰਾਮ (88+115 ਕਿਲੋਗ੍ਰਾਮ) ਦਾ ਸੀ ਜੋ ਉਨਾਂ ਨੇ ਪਿਛਲੇ ਸਾਲ ਫਰਵਰੀ ਵਿਚ ਰਾਸ਼ਟਰੀ ਚੈਂਪੀਅਨਸ਼ਿਪ ਵਿਚ ਬਣਾਇਆ ਸੀ।

## ਭਾਰਤ ਵਿਚ ਕਰੋਨਾ ਹੋਇਆ..

**ਬ੍ਰਿਟੇਨ ਤੋਂ ਬਾਅਦ ਅਮਰੀਕਾ ਦੀਆਂ ਹਦਾਇਤਾਂ**

ਅਮਰੀਕਾ ਵਿਚ ਕੋਰੋਨਾ ਦੇ ਮਾਮਲਿਆਂ ਦੇ ਤੇਜ਼ੀ ਨਾਲ ਵਧਣ 'ਤੇ ਅਮਰੀਕਾ ਨੇ ਆਪਣੇ ਨਾਗਰਿਕਾਂ ਨੂੰ ਕਿਹਾ ਹੈ ਕਿ ਭਾਰਤ 'ਚ ਕੋਰੋਨਾ ਇਨਫੈਕਸ਼ਨ ਦੀ ਗੰਭੀਰ ਸਥਿਤੀ ਨੂੰ ਦੇਖਦੇ ਹੋਏ ਉਹ ਉੱਥੋਂ ਜਾਣ ਤੋਂ ਬਚਣ। ਦੋਵੇਂ ਟੀਕੇ ਲੈਣ ਵਾਲੇ ਨਾਗਰਿਕਾਂ ਦੇ ਵੀ ਭਾਰਤ 'ਚ ਇਨਫੈਕਟਿਡ ਹੋਣ ਦਾ ਖ਼ਤਰਾ ਹੈ। ਅਮਰੀਕਾ ਦੇ ਸੈਂਟਰ ਫਾਰ ਡਿਜ਼ੀਜ਼ ਕੰਟਰੋਲ ਅਨੁਸਾਰ ਜੇਕਰ ਭਾਰਤ ਜਾਣਾ ਬੇਹੱਦ ਜ਼ਰੂਰੀ ਹੈ ਤਾਂ ਦੋਵੇਂ ਟੀਕੇ ਲਗਵਾ ਕੇ ਹੀ ਜਾਓ। ਕਈ ਦੇਸ਼ਾਂ ਨੇ ਭਾਰਤ ਤੋਂ ਆਉਣ-ਜਾਣ ਵਾਲਿਆਂ ਲਈ ਆਪਣੀਆਂ ਹੱਦਾਂ ਬੰਦ ਕਰਨੀਆਂ ਸ਼ੁਰੂ ਕਰ ਦਿੱਤੀਆਂ ਹਨ। ਸਭ ਤੋਂ ਪਹਿਲਾਂ ਬ੍ਰਿਟੇਨ ਨੇ ਭਾਰਤ ਤੋਂ ਆਉਣ ਵਾਲੇ ਸਾਰੇ ਗ਼ੈਰ-ਬ੍ਰਿਟਿਸ਼ ਨਾਗਰਿਕਾਂ ਲਈ ਆਪਣੇ ਦਰਵਾਜ਼ੇ ਬੰਦ ਕਰ ਦਿੱਤੇ ਹਨ। ਰੂਸ ਨੇ ਵੀ ਭਾਰਤ 'ਚ ਵੀਜ਼ਾ ਦੇਣ ਦੀ ਪ੍ਰਕਿਰਿਆ ਕੁਝ ਦਿਨਾਂ ਲਈ ਮੁਲਤਵੀ ਕਰਨ ਦਾ ਫ਼ੈਸਲਾ ਕੀਤਾ ਹੈ।

ਉੱਥੇ ਹੀ, ਅਮਰੀਕਾ ਨੇ ਵੀਜ਼ਾ ਇੰਟਰਵਿਊਜ਼ 'ਤੇ ਰੋਕ ਲਗਾ ਦਿੱਤੀ ਹੈ। ਹਾਂਗਕਾਂਗ, ਪਾਕਿਸਤਾਨ ਵਰਗੇ ਕਈ ਛੋਟੇ ਦੇਸ਼ਾਂ ਨੇ ਵੀ ਭਾਰਤ ਤੋਂ ਆਉਣ ਵਾਲਿਆਂ 'ਤੇ ਪਾਬੰਦੀ ਲਗਾ ਦਿੱਤੀ ਹੈ। ਬ੍ਰਿਟੇਨ ਦੇ ਸਿਹਤ ਮੰਤਰਾਲੇ ਨੇ ਉਨਾਂ ਦੇਸ਼ਾਂ ਦੀ ਰੈੱਡ ਲਿਸਟ ਜਾਰੀ ਕੀਤੀ ਹੈ ਜਿੱਥੋਂ ਜੇਕਰ ਕੋਈ ਵੀ ਵਿਅਕਤੀ ਪਿਛਲੇ 10 ਦਿਨਾਂ ਦੇ ਅੰਦਰ ਗਿਆ ਹੈ ਜਾਂ ਰਿਹਾ ਹੈ ਤਾਂ ਉਸ ਨੂੰ ਬ੍ਰਿਟੇਨ ਨਹੀਂ ਆਉਣ ਦਿੱਤਾ ਜਾਵੇਗਾ। ਇਸ ਨਿਯਮ ਵਿਚ ਸਿਰਫ਼ ਬ੍ਰਿਟਿਸ਼ ਨਾਗਰਿਕ ਨੂੰ ਛੋਟ ਹੈ ਪਰ ਉਨਾਂ ਨੂੰ ਬ੍ਰਿਟੇਨ ਪਹੁੰਚਣ 'ਤੇ 10 ਦਿਨਾਂ ਤਕ ਪਹਿਲਾਂ ਤੋਂ ਨਿਰਧਾਰਤ ਹੋਟਲ 'ਚ ਕੁਆਰੰਟਾਈਨ ਹੋਣਾ ਪਵੇਗਾ। ਦੇਸ਼ 'ਚ ਲਗਾਤਾਰ ਵੱਧ ਰਹੇ ਕੋਰੋਨਾ ਦੇ ਮਾਮਲਿਆਂ ਕਾਰਨ ਬਰਤਾਨੀਆ ਨੇ ਭਾਰਤ ਨੂੰ ਯਾਤਰਾ ਸ਼੍ਰੇਣੀ ਦੀ ਰੈੱਡ ਸੂਚੀ 'ਚ ਪਾ ਦਿੱਤਾ ਹੈ।

**ਕੀ ਪੈਣਗੇ ਵਿਸ਼ਵ ਵਿਚ ਕਰੋਨਾ ਦੇ ਪ੍ਰਭਾਵ**

ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਅੰਤੋਨੀਓ ਗੁਟੇਰੇਜ਼ ਨੇ ਕਰਜ਼ਿਆਂ ਦੇ ਹਾਲਾਤ ਬਾਰੇ ਬੁਲਾਈ ਉੱਚ ਪੱਧਰੀ ਮੀਟਿੰਗ ਦੌਰਾਨ ਕਿਹਾ- 'ਅਸੀਂ 1939 ਦੇ ਮਹਾਂ ਆਰਥਿਕ ਮੰਦਵਾੜੇ ਤੋਂ ਵੀ ਭਿਆਨਕ ਤਬਾਹੀ ਵਾਲੇ ਮੰਦਵਾੜੇ ਵਿਚ ਪ੍ਰਵੇਸ਼ ਕਰ ਚੁੱਕੇ ਹਾਂ। ਕਰੋਨਾ ਸੰਕਟ ਨੇ 2.7 ਮਿਲੀਅਨ ਲੋਕਾਂ ਦੀਆਂ ਜਾਨਾਂ ਲੈ ਲਈਆਂ ਅਤੇ 120 ਮਿਲੀਅਨ ਲੋਕਾਂ ਨੂੰ ਭਿਆਨਕ ਗ਼ਰੀਬੀ ਦੀ ਕਗਾਰ ਉੱਤੇ ਸੁੱਟ ਦਿੱਤਾ ਹੈ।' ਦੁਨੀਆ ਭਰ ਵਿਚ ਬੇਲਗ਼ਾਮ ਚੱਲ ਰਹੇ ਕਰੋਨਾ ਦੇ ਇਸ ਦੌਰ ਨੇ ਲੋਕਾਂ ਦੀ ਨੀਂਦ ਉਡਾ ਦਿੱਤੀ ਹੈ। ਦੂਜੀ ਸੰਸਾਰ ਜੰਗ ਤੋਂ ਖੜੀ ਕੀਤੀ ਸਰਮਾਏਦਾਰੀ ਬੁਰੀ ਤਰਾਂ ਸੰਕਟ ਵਿਚ ਘਿਰੀ ਹੋਈ ਹੈ। ਕਰੋਨਾ ਕਾਲ ਨੇ ਦੁਨੀਆ ਦੀਆਂ ਮੰਡੀਆਂ ਵਿਚ ਅਫਰਾ-ਤਫ਼ਰੀ ਪੈਦਾ ਕਰ ਦਿੱਤੀ ਹੈ। ਸੱਤ ਦਹਾਕਿਆਂ ਤੋਂ ਦੁਨੀਆ ਦੇ ਕੋਨਿਆਂ ਤੇ ਛਾਈ ਹੋਈ ਸਰਮਾਏਦਾਰੀ ਨੂੰ ਉਥਲ-ਪੁਥਲ ਪ੍ਰਕਿਰਿਆ ਵਿਚ ਸੁੱਟ ਦਿੱਤਾ ਗਿਆ ਹੈ।

ਵੱਖ ਵੱਖ ਮੁਲਕਾਂ ਵਿਚ 1991 ਤੋਂ ਬਾਅਦ ਨਵ-ਉਦਾਰਵਾਦ ਦੀ ਸੋਚ ਅਤੇ ਮੁਨਾਫ਼ੇ ਦੀ ਲਾਲਸਾ ਨੇ ਕਠਪੁਤਲੀ ਸਰਕਾਰਾਂ ਤਹਿਤ ਦੁਨੀਆ ਦੇ ਹਰ ਕੋਨੇ ਵਿਚ ਨਵੇਂ ਕਿਸਮ ਦੀ ਕਾਰਪੋਰੇਟੀ ਸਰਮਾਏਦਾਰੀ ਵਿਕਸਿਤ ਕੀਤੀ ਸੀ। ਹੁਣ ਇਹ ਸਮੂਹਿਕ ਸੰਕਟਾਂ ਅਤੇ ਤਬਾਹੀਆਂ ਨੂੰ ਜਨਮ ਦੇ ਰਹੀ ਹੈ। ਜਨ-ਸਮੂਹ ਇਸ ਹੱਦ ਤੱਕ ਪ੍ਰਭਾਵਿਤ ਹੋ ਰਹੇ ਹਨ ਕਿ ਉਹ ਕਾਰਪੋਰੇਟ ਦੁਨੀਆ ਦੇ ਚਲਾਏ ਜਾ ਰਹੇ ਪ੍ਰਬੰਧ ਵਿਚ ਆਪਣੇ ਆਪ ਨੂੰ ਜੀਵਤ ਰੱਖਣ ਦੇ ਵਿਹੁ-ਚੱਕਰ ਵਿਚ ਫਸੇ ਹੋਏ ਹਨ। ਦੁਨੀਆ ਦੇ ਹਰ ਕੋਨੇ ਵਿਚ ਕਰੋਨਾ ਨੇ ਸਦਮਿਆਂ ਅਤੇ ਖ਼ੌਫ਼ ਦਾ ਅਜਿਹਾ ਮਾਹੌਲ ਸਿਰਜ ਦਿੱਤਾ ਹੈ ਜਿਸ ਨਾਲ ਲੋਕਾਂ ਵਿਚ ਭਵਿੱਖ ਪ੍ਰਤੀ ਅਨਿਸ਼ਚਿਤਤਾ, ਡਰ, ਖ਼ਤਰੇ ਅਤੇ ਤਬਾਹੀਆਂ ਹੀ ਦਿਖਾਈ ਦੇ ਰਹੀਆਂ ਹਨ। ਮੰਡੀ ਨੂੰ ਕਾਰਪੋਰੇਟ ਘਰਾਣਿਆਂ ਦਾ ਸੰਦ ਬਣਾਉਣ ਲਈ ਕੌਮਾਂਤਰੀ ਮੁਦਰਾ ਕੋਸ਼ ਅਤੇ ਸੰਸਾਰ ਬੈਂਕ ਚਲਾ ਰਹੇ ਹਨ। ਬਹੁ-ਗਿਣਤੀ ਮੁਲਕਾਂ ਨੇ ਸਮਾਜਵਾਦੀ ਅਤੇ ਲੋਕਪੱਖੀ ਨੀਤੀਆਂ ਨੂੰ ਤਿਲਾਂਜਲੀ ਦੇ ਕੇ ਅਜਿਹਾ ਮਾਹੌਲ ਸਿਰਜ ਦਿੱਤਾ ਸੀ ਕਿ ਤਰੱਕੀ ਦਾ ਇੱਕੋ-ਇੱਕ ਰਾਹ 'ਖੁੱਲੀ ਮੰਡੀ' ਹੈ। ਕਰੋਨਾ ਸੰਕਟ ਨੇ ਮਨੁੱਖੀ ਲੋੜਾਂ ਵਾਲੇ ਆਰਥਿਕ ਹਾਲਾਤ ਨੂੰ ਬੁਰੀ ਤਰਾਂ ਪ੍ਰਭਾਵਿਤ ਕੀਤਾ ਹੈ। ਕੌਮਾਂਤਰੀ ਮੁਦਰਾ ਕੋਸ਼ ਦੀ ਮੈਨੇਜਿੰਗ ਡਾਇਰੈਕਟਰ ਕ੍ਰਿਸਤਲੀਨਾ ਜਾਰਜੀਵਾ ਨੇ 120 ਮੁਲਕਾਂ ਦੀਆਂ ਬੁਨਿਆਦੀ ਸੇਵਾਵਾਂ ਲਈ ਦਿੱਤੀ ਜਾਣ ਵਾਲੀ ਆਰਥਿਕ ਮਦਦ 3 ਟ੍ਰਿਲੀਅਨ ਅਮਰੀਕਨ ਡਾਲਰ ਵਿਚੋਂ ਅੱਧਾ ਹਿੱਸਾ ਬਹੁਤ ਹੀ ਅਮੀਰ ਮੁਲਕਾਂ ਨੂੰ ਭੇਜਣ ਦੀ ਵਕਾਲਤ ਕੀਤੀ ਹੈ।

ਸੰਸਾਰ ਬੈਂਕ ਨੇ ਆਉਣ ਵਾਲੇ ਹਾਲਾਤ ਦਾ ਜ਼ਿਕਰ ਕਰਦਿਆਂ ਕਿਹਾ ਹੈ ਕਿ 2020 ਵਿਚ ਗ਼ਰੀਬੀ ਅਤੇ ਭੁੱਖਮਰੀ ਦੀ ਰੇਖਾ ਤੇ ਰਹਿ ਰਹੇ ਲੋਕਾਂ ਦੀ ਗਿਣਤੀ 119 ਤੋਂ 124 ਮਿਲੀਅਨ ਸੀ ਜੋ 2021 ਦੇ ਅੰਤ ਤੱਕ 143 ਤੋਂ 163 ਮਿਲੀਅਨ ਤੱਕ ਪਹੁੰਚ ਜਾਵੇਗੀ। ਇਨਾਂ ਨਵੇਂ ਪੈਦਾ ਹੋ ਰਹੇ ਗ਼ਰੀਬਾਂ ਕਾਰਨ ਕਈ ਖਿੱਤਿਆਂ ਵਿਚ ਭਿਆਨਕ ਸਮਾਜਿਕ, ਸੱਭਿਆਚਾਰਕ ਅਤੇ ਸਿਆਸੀ ਸਮੱਸਿਆਵਾਂ ਦਾ ਜਨਮ ਹੋਵੇਗਾ ਜਿਨਾਂ ਵਿਚ ਦੱਖਣੀ ਏਸ਼ੀਆ ਦਾ ਖਿੱਤਾ ਸਭ ਤੋਂ ਵੱਧ ਪ੍ਰਭਾਵਿਤ ਹੋਵੇਗਾ। ਕਈ ਗ਼ਰੀਬ ਮੁਲਕ ਤਾਂ ਭੋਜਨ ਅਸੁਰੱਖਿਆ ਵੱਲ ਪਹਿਲਾਂ ਹੀ ਵੱਧ ਚੁੱਕੇ ਹਨ। ਨੌਕਰੀਆਂ ਖ਼ਤਮ ਹੋਣ ਅਤੇ ਸਿਹਤ ਪ੍ਰਬੰਧ ਤਹਿਸ-ਨਹਿਸ ਹੋਣ ਦੇ ਨਾਲ ਨਾਲ ਮੁਢਲੀਆਂ ਸਹੂਲਤਾਂ ਦੇ ਹਾਲਾਤ ਕਈ ਮੁਲਕਾਂ ਨੂੰ ਸਿਆਸੀ ਮੰਦਵਾੜਿਆਂ ਵਿਚ ਸੁੱਟ ਸਕਦੇ ਹਨ।

ਸੰਯੁਕਤ ਰਾਸ਼ਟਰ ਨੇ ਭਾਵੇਂ ਨੇ ਅਪ੍ਰੈਲ ਮਹੀਨੇ ਕਰਜ਼ੇ ਨਾਲ ਸਬੰਧਿਤ ਹਾਲਾਤ ਨਾਲ ਮੜਿੱਕਣ ਲਈ ਤਿੰਨ ਨੁਕਤੇ ਵਿਚਾਰੇ ਹਨ ਜਿਨਾਂ ਵਿਚ ਕਰਜ਼ੇ ਦੀ ਅਦਾਇਗੀ ਮੁਆਫ਼ ਕਰਨ ਦਾ ਸਵਾਲ, ਕਰਜ਼ਾ ਸਹਾਇਤਾ ਦੇ ਨਵੇਂ ਨਿਯਮ ਤੇ ਢੰਗ-ਤਰੀਕੇ ਅਤੇ ਕੌਮਾਂਤਰੀ ਕਰਜ਼ਾ ਬਣਤਰ ਵਿਚਲੇ ਸਵਾਲਾਂ ਨੂੰ ਮੁੜ ਕਿਸ ਤਰਾਂ ਨਜਿੱਠਿਆ ਜਾਵੇ ਆਦਿ ਸ਼ਾਮਿਲ ਸਨ ਪਰ ਹਾਲਤ ਇਹ ਬਣੀ ਰਹੀ ਕਿ ਹਰ ਮੁਲਕ ਦੂਜੇ ਮੁਲਕ ਦੀ ਮਦਦ ਕਰਨ ਨਾਲੋਂ ਆਪਣੇ ਮੁਲਕ ਦੇ ਸੰਕਟਾਂ ਨੂੰ ਹੱਲ ਕਰਨ ਦੇ ਰਸਤੇ ਤਲਾਸ਼ਦਾ ਰਿਹਾ ਅਤੇ ਸੁਝਾਉਂਦਾ ਰਿਹਾ। ਕੌਮਾਂਤਰੀ ਮੁਦਰਾ ਕੋਸ਼ ਅਤੇ ਸੰਸਾਰ ਬੈਂਕ ਨੇ ਜਿਸ ਤਰਾਂ ਦਾ ਆਰਥਿਕ ਮਾਡਲ ਸ਼ੁਰੂ ਕੀਤਾ ਸੀ, ਉਸ ਨੂੰ ਕਰੋਨਾ ਕਾਲ ਨੇ ਇੱਕ ਸਾਲ ਵਿਚ ਹੀ ਸੰਕਟ ਵੱਲ ਧੱਕ ਦਿੱਤਾ ਹੈ। ਖੁੱਲੀ ਮੰਡੀ ਦੀ ਜਿਸ ਤਰਾਂ ਦੀ ਮਿੱਥ ਤੋਰੀ ਜਾ ਰਹੀ ਸੀ, ਉਹ ਬੁਰੀ ਤਰਾਂ ਢਹਿ-ਢੇਰੀ ਹੋ ਚੁੱਕੀ ਹੈ। ਖੁੱਲੀ ਮੰਡੀ ਦਾ ਇਤਿਹਾਸ ਭਲਾ ਦਫ਼ਨ ਤਾਂ ਨਹੀਂ ਹੋ ਰਿਹਾ ਪਰ ਬੁਰੀ ਤਰਾਂ ਸੰਕਟ ਵਿਚ ਹੈ। ਦੁਨੀਆ ਦਾ ਕੋਈ ਵੀ ਮੁਲਕ ਕਰੋਨਾ ਕਾਲ ਵਿਚ ਸੰਤੁਲਨ ਨਹੀਂ ਰੱਖ ਰਿਹਾ। ਰਾਜ ਪਲਟਿਆਂ ਤੋਂ ਲੈ ਕੇ ਸਿਆਸੀ ਅਨਿਸ਼ਚਿਤਤਾ ਦਾ ਮਾਹੌਲ ਹਰ ਕੋਨੇ ਵਿਚ ਪੈਦਾ ਹੋ ਚੁੱਕਾ ਹੈ। ਜਿਸ ਤਰਾਂ ਵੱਖ ਵੱਖ ਮੁਲਕਾਂ ਦੀਆਂ ਆਰਥਿਕਤਾਵਾਂ ਕਰਜ਼ੇ ਤੇ ਮੰਦਵਾੜਿਆਂ ਵਿਚ ਫਸੀਆਂ ਪਈਆਂ ਹਨ, ਨਵੇਂ ਕਰਜ਼ੇ ਦੇਣ ਦੀ ਪ੍ਰਕਿਰਿਆ ਜੋ ਵੱਖ ਵੱਖ ਵਿਕਾਸਸ਼ੀਲ ਮੁਲਕਾਂ ਲਈ ਤੈਅ ਕੀਤੀ ਗਈ ਸੀ, ਉਸ ਵਾਸਤੇ ਤਾਜ਼ਾ ਰਿਪੋਰਟਾਂ ਅਨੁਸਾਰ, ਤਾਕਤਵਰ ਸੰਸਾਰ ਸਾਮਰਾਜੀ ਪ੍ਰਬੰਧ ਦੇ ਬਣਾਏ ਕੌਮਾਂਤਰੀ ਮੁਦਰਾ ਕੋਸ਼ ਅਤੇ ਸੰਸਾਰ ਬੈਂਕ ਵੱਲੋਂ ਆਨਾਕਾਨੀ ਕੀਤੀ ਜਾ ਰਹੀ ਹੈ। ਇਸ ਦਾ ਸਭ ਤੋਂ ਵੱਡਾ ਸਬੂਤ 2030 ਲਈ ਹਰ ਇੱਕ ਲਈ ਸਿੱਖਿਆ, ਸਿਹਤ ਸਹੂਲਤਾਂ ਅਤੇ ਗਰੀਬੀ ਹਟਾਉਣ ਦੇ ਜੋ ਟੀਚੇ ਮਿੱਥੇ ਗਏ ਸਨ, ਉਹ ਕੌਮਾਂਤਰੀ ਆਰਥਿਕ ਸਹਾਇਤਾ ਤੋਂ ਬਿਨਾਂ ਦਮ ਤੋੜ ਰਹੇ ਹਨ। ਦੁਨੀਆ ਦੇ ਵੱਖ ਵੱਖ ਅਦਾਰਿਆਂ ਵੱਲੋਂ ਮਨੁੱਖੀ ਹੱਕਾਂ, ਆਰਥਿਕ ਪ੍ਰਬੰਧਾਂ ਵਿਚ ਤਬਦੀਲੀ, ਸੰਕਟ ਵਿਚ ਘਿਰੀ ਜਮੂਹਰੀਅਤ ਆਦਿ ਨਾਲ ਸਬੰਧਿਤ ਜੋ ਰਿਪੋਰਟਾਂ ਆ ਰਹੀਆਂ ਹਨ, ਉਹ ਭਾਰਤ ਵਰਗੇ ਮੁਲਕਾਂ ਲਈ ਨਵੇਂ ਸੰਕਟਾਂ ਨੂੰ ਜਨਮ ਦੇਣਗੀਆਂ ਕਿਉਂਕਿ ਵੱਖ ਵੱਖ ਨੀਤੀਆਂ ਰਾਹੀਂ ਮੁਲਕ ਨੂੰ ਕਾਰਪੋਰੇਟੀ ਮਾਡਲ ਵਿਚ ਤਬਦੀਲ ਕੀਤਾ ਜਾ ਚੁੱਕਾ ਹੈ। ਲੋਕਾਂ ਦੀਆਂ ਬੁਨਿਆਦੀ ਸਹੂਲਤਾਂ ਲਈ ਕੋਈ ਵੀ ਪ੍ਰਬੰਧ ਬਦਲਵੇਂ ਰੂਪ ਵਿਚ ਨਹੀਂ ਉਸਾਰਿਆ ਗਿਆ। ਕੌਮਾਂਤਰੀ ਮੁਦਰਾ ਕੋਸ਼ ਦੇ ਸਾਬਕਾ ਮੁੱਖ ਆਰਥਿਕ ਮਾਹਿਰ ਕੈੱਨ ਰੋਗਿਫ਼ ਨੇ ਸੰਯੁਕਤ ਰਾਸ਼ਟਰ ਦੀ ਤਿਆਰ ਕੀਤੀ ਰਿਪੋਰਟ 'ਲਾਕਡਾਊਨ ਤੋਂ ਤਬਾਹੀ ਤੱਕ' ਵਿਚ ਜ਼ਿਕਰ ਕੀਤਾ ਹੈ ਕਿ ਜੇ ਅਮਰੀਕਾ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅਗਾਂਹ ਕੋਈ ਵੱਡੀ ਤਬਦੀਲੀ ਕੀਤੀ ਗਈ ਤਾਂ ਇਸ ਨਾਲ ਦੁਨੀਆ ਦੇ ਪੈਮਾਨੇ ਉੱਤੇ ਸਿਆਸੀ ਅਨਿਸ਼ਚਿਤਤਾ ਤਾਂ ਪੈਦਾ ਹੋਵੇਗੀ ਹੀ, ਇਸ ਦੇ ਨਾਲ ਹੀ ਅਜਿਹੇ ਸੰਕਟ ਪੈਦਾ ਹੋ ਜਾਣਗੇ ਜਿਹੜੇ ਸੰਭਾਲਣੇ ਔਖੇ ਹੋ ਜਾਣਗੇ।

ਭਾਰਤ ਅੱਜ ਜਿਸ ਚੌਰਸਤੇ ਉੱਤੇ ਖੜਾ ਹੈ, ਇਸ ਨੇ ਆਪਣਾ ਸਮੁੱਚਾ ਤੰਤਰ ਕਾਰਪੋਰੇਟੀ ਘਰਾਣਿਆਂ ਦੀਆਂ ਲੋੜਾਂ ਦੀ ਪੂਰਤੀ ਲਈ ਪਾਲਿਸੀਆਂ ਦੇ ਪੱਧਰ ਤੇ ਜਿਸ ਤਰਾਂ ਵਿਕਸਿਤ ਕਰ ਦਿੱਤਾ ਹੈ, ਇਸ ਨਾਲ ਮੁਲਕ ਦੇ ਵੱਡੇ ਹਿੱਸੇ ਵਿਚ ਬੇਚੈਨੀ ਪੈਦਾ ਹੋਣੀ ਲਾਜ਼ਮੀ ਹੈ। ਇਸ ਬਾਰੇ ਪਹਿਲਾਂ ਹੀ ਕਈ ਰਿਪੋਰਟਾਂ ਕਹਿ ਚੁੱਕੀਆਂ ਹਨ ਕਿ ਤਿੰਨ ਕਰੋੜ ਦੇ ਲਗਭਗ ਮੱਧਵਰਗ ਜਮਾਤ ਹੇਠਾਂ ਡਿੱਗ ਰਹੀ ਹੈ ਜਿਸ ਨਾਲ ਮੰਡੀ ਦਾ ਮਾਡਲ ਤਹਿਸ-ਨਹਿਸ ਵੀ ਹੋ ਸਕਦਾ ਹੈ।

ਹੁਣ ਨਵ-ਉਦਾਰਵਾਦੀ ਮਾਡਲ ਦਾ ਭਾਵ ਹੈ ਕਿ ਸਰਕਾਰਾਂ ਦਾ ਕੰਮ ਸਿਰਫ ਡੰਡੇ ਰਾਹੀਂ ਰਾਜ ਕਰਨਾ ਅਤੇ ਹਰ ਤਰਾਂ ਦੇ ਸਰਕਾਰੀ ਸਰੋਤਾਂ ਨੂੰ ਸੰਕਟ ਵਿਚ ਘਿਰੇ ਕਹਿ ਕੇ ਵੇਚ ਦੇਣਾ। ਇਸ ਦਾ ਸਭ ਤੋਂ ਵੱਡਾ ਸਬੂਤ ਇੱਕ ਸਾਲ ਤੋਂ ਸਿਹਤ ਸਹੂਲਤਾਂ ਨੂੰ ਪ੍ਰਫੁਲਿਤ ਕਰਨ ਦੀ ਥਾਂ ਉਨਾਂ ਨੂੰ ਨਕਾਰਾ ਕਰ ਦਿੱਤਾ ਗਿਆ ਹੈ। ਸਿਹਤ, ਭੋਜਨ, ਸਿੱਖਿਆ, ਰੁਜ਼ਗਾਰ ਆਦਿ ਨਾਲ ਸਬੰਧਤ ਸਰਕਾਰੀ ਸਹਾਇਤਾ ਅਤੇ ਲੋੜ ਜੋ ਸਰਕਾਰਾਂ ਵੱਲੋਂ ਦੇਣੀ ਬਣਦੀ ਸੀ, ਤੋਂ ਕਿਨਾਰਾ ਕਰ ਲਿਆ ਗਿਆ ਹੈ। ਸੰਕਟ ਦੇ ਅਜਿਹੇ ਹਾਲਾਤ ਵਿਚ ਮਨੁੱਖਤਾ ਨੂੰ ਨਵੀਂ ਤਰਾਂ ਦੇ ਸਦਮਿਆਂ ਵੱਲ ਧੱਕਿਆ ਜਾ ਰਿਹਾ ਹੈ।

## ਉਘੇ ਅਰਥਸ਼ਾਸਤਰੀ ਡਾ....

ਹਰ ਸਾਲ 7 ਫੀਸਦੀ ਵਧ ਜਾਂਦੀਆਂ ਹਨ ਅਤੇ ਅਗਲੇ 25 ਸਾਲਾਂ ਵਿਚ ਬਿਜਲੀ ਦੀ ਲੋੜ 6 ਗੁਣਾ ਹੋ ਜਾਵੇਗੀ । ਅਮਰੀਕੀ ਸਰਕਾਰ ਅਤੇ ਨੀਤੀਘਾੜਿਆਂ ਨੂੰ ਬਿਜਲੀ ਦੀਆਂ ਲੋੜਾਂ ਅਤੇ ਵਾਤਾਵਰਨ ਤੇ ਧਿਆਨ ਦੇਣ ਲਈ ਅਗਾਹ ਕੀਤਾ।

ਸੰਨ 1978 ਵਿਚ ਡਾ. ਗੁਰਮੁੱਖ ਸਿੰਘ ਗਿੱਲ ਨੇ ਫੈਡਰਲ ਸਰਕਾਰ ਦੇ ਊਰਜਾ ਵਿਭਾਗ ਦੀ ਨੌਕਰੀ ਲੈ ਲਈ ਅਤੇ ਕੁਝ ਸਮਾਂ ਬਾਅਦ ਉਹ ਕਾਮਰਸ ਵਿਭਾਗ ਵਿਚ ਚਲੇ ਗਏ। ਜਿਥੇ ਉਨਾਂ ਨੇ 3 ਦਹਾਕੇ ਸੇਵਾ ਨਿਭਾਈ । ਤਕਰੀਬਨ 15 ਸਾਲ ਪਹਿਲਾਂ ਉਹ ਸਿਨੀਅਰ ਐਗਜ਼ੀਕਿਊਟਿਵ ਸਰਵਿਸ ਤੋਂ ਸਿੱਖੀ ਸਰੂਪ ਵਿਚ ਰਿਟਾਇਰ ਹੋਣ ਵਾਲੇ ਪਹਿਲੇ ਅਫ਼ਸਰ ਬਣੇ । ਰਿਟਾਇਰ ਹੋਣ ਤੋਂ ਮਗਰੋਂ ਉਹ ਗਰੇਟ ਫਾਲਸ ਸਿਟੀ ਨੇੜੇ ਵਾਸ਼ਿੰਗਟਨ ਡੀ.ਸੀ.ਵਿਚ ਰਹਿੰਦੇ ਸਨ ।

ਉਹ ਆਪਣੀ 91 ਸਾਲ ਦੀ ਉਮਰ ਪੂਰੀ ਕਰਕੇ ਪਿਛੇ ਆਪਣਾ ਹਸਦਾ-ਵਸਦਾ ਪਰਿਵਾਰ ਜਿਸ ਵਿਚ ਉਨਾਂ ਦੀ ਪਤਨੀ, ਸਪੁੱਤਰ, ਨੂੰਹ (ਹੁਸਨਲ ਚੀਰਾਗ), ਧੀ, ਜਵਾਈ (ਸ. ਇੰਦਰਬੀਰ ਸਿੰਘ), ਪੋਤਰੀਆਂ (ਨੈਜ਼ਨੀਨ, ਕਰੀਨ) ਦੋਤਰੀਆਂ (ਸਾਰਾਹ, ਅਲੀਨਾ) ਹਨ, ਛੱਡ ਗਏ । ਡਾ. ਗੁਰਮੁਖ ਸਿੰਘ ਗਿੱਲ ਦਾ ਅੰਤਿਮ ਸੰਸਕਾਰ ਮਿਤੀ 25 ਅਪ੍ਰੈਲ 2021 ਦਿਨ ਐਤਵਾਰ ਨੂੰ ਫੇਅਰਫੈਕਸ ਮੈਮੋਰੀਅਲ ਫਿਊਨਰਲ ਹੋਮ ਵਿਖੇ 12:30 ਵਜੇ ਹੋਵੇਗਾ ਅਤੇ ਅੰਤਿਮ ਅਰਦਾਸ 2:30 ਵਜੇ ਰਾਜ ਖਾਲਸਾ ਗੁਰਦੁਆਰਾ ਸਾਹਿਬ ਵਿਖੇ ਹੋਵੇਗੀ ।

## ਸੰਸਦ ਘੇਰਨ ਦੇ ਪ੍ਰੋਗਰਾਮ...

ਨੂੰ ਪਬਲਿਕ ਵਿੱਚ ਨਸ਼ਰ ਕਰਨ ਨਾਲ ਆਗੂਆਂ ਨੇ ਆਪਣੀ ਸਥਿਤੀ ਹਾਸੋਹੀਣੀ ਕਰ ਲਈ ਹੈ। ਦਲ ਖਾਲਸਾ ਆਗੂ ਨੇ ਕਿਹਾ ਕਿ ਕੇਂਦਰ ਸਰਕਾਰ ਜਿੱਦ ਅਤੇ ਬੇ-ਫਿਕਰੀ ਦੇ ਆਲਮ ਵਿੱਚ ਵਿਚਰ ਰਹੀ ਹੈ ਅਤੇ ਉਸ ਉਤੇ ਅੰਦੋਲਨ ਦਾ ਦਬਾਅ ਘਟਦਾ ਜਾ ਰਿਹਾ ਹੈ । ਉਨਾਂ ਕਿਹਾ ਕਿ ਅਜਿਹੀ ਸਥਿਤੀ ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਲਈ ਚੁਣੌਤੀਪੂਰਨ ਹੈ। ਉਨਾਂ ਮੋਰਚੇ ਦੇ ਆਗੂਆਂ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਸਰਕਾਰ ਦੀ ਉਨਾਂ ਨੂੰ ਵੰਡਣ, ਉਲਝਾਉਣ ਅਤੇ ਸੰਘਰਸ਼ ਨੂੰ ਲਮਕਾਉਣ ਦੀ ਨੀਤੀ ਕਾਮਯਾਬ ਹੁੰਦੀ ਦਿੱਖ ਰਹੀ ਹੈ।

ਦਲ ਖਾਲਸਾ ਨੇ ਸਪੱਸ਼ਟ ਕੀਤਾ ਕਿ ਪੰਜਾਬ ਦੇ ਲੋਕ ਅੰਦੋਲਨ ਦੀ ਜਿੱਤ ਲੋਚਦੇ ਹਨ, ਇਸੇ ਲਈ ਮੋਰਚੇ ਦੀ ਅਗਵਾਈ ਕਰ ਰਹੀ ਸਾਂਝੀ ਲੀਡਰਸ਼ਿਪ ਦਾ ਉਹ ਤਨਦੇਹੀ ਨਾਲ ਸਮਰਥਨ ਕਰ ਰਹੇ ਹਨ।

## ਗੁਰੂ ਗ੍ਰੰਥ ਸਾਹਿਬ ਦੀ...

ਦਿੰਦੀਆਂ ਹਨ ਤਾਂ ਲੋਕ ਜਾਨਣਾ ਚਾਹੁੰਦੇ ਹਨ ਕਿ ਸਰਕਾਰ ਨੇ ਹੁਣ ਤੱਕ ਕੁੱਝ ਕਿਉਂ ਨਹੀਂ ਕੀਤਾ। ਰੰਧਾਵਾ ਨੇ ਕਿਹਾ ਕਈ ਵਾਰ ਕਾਨੂੰਨੀ ਤੌਰ ਉੱਤੇ ਹੱਥ ਬੰਨ ਜਾਂਦੇ ਹਨ, ਫਿਰ ਵੀ ਪੰਜਾਬ ਸਰਕਾਰ ਨੇ ਜੋ ਵਚਨ ਕੀਤਾ ਸੀ, ਉਸ ਉੱਤੇ ਅੱਜ ਵੀ ਕਾਇਮ ਹਨ। ਇਸ ਮਾਮਲੇ ਵਿੱਚ ਜੋ ਵੀ ਚਲਾਨ ਕੋਰਟ ਵਿੱਚ ਪੇਸ਼ ਹੋ ਰਹੇ ਹਨ, ਉਨਾਂ ਵਿੱਚ ਬਾਦਲ ਪਰਿਵਾਰ ਦਾ ਨਾਂਅ ਆ ਰਿਹਾ ਹੈ। ਲੋਕ ਪੁੱਛਦੇ ਹਨ, ਕਿ ਇਸ ਮਾਮਲੇ ਵਿੱਚ ਕੁੱਝ ਪੁਲਿਸ ਵਾਲਿਆਂ ਨੂੰ ਤਾਂ ਗ੍ਰਿਫਤਾਰ ਕਰ ਲਿਆ ਗਿਆ ਪਰ ਲੇਕਿਨ ਬਾਦਲ ਪਰਵਾਰ ਉੱਤੇ ਕੋਈ ਕਾਰਵਾਈ ਕਿਉਂ ਨਹੀਂ ਕੀਤੀ ਗਈ।

ਉਨਾਂ ਕਿਹਾ ਸਾਂਸਦ ਰਵਨੀਤ ਬਿੱਟੂ ਨੇ ਜੋ ਕਿਹਾ, ਮੈਂ ਉਸ ਨਾਲ ਸਹਿਮਤ ਹਾਂ। ਪੰਜਾਬ ਦੇ ਲੋਕਾਂ ਨੇ ਚੋਣਾਂ ਵਿੱਚ ਕੈਪਟਨ ਅਮਰਿੰਦਰ ਸਿੰਘ ਦੇ ਪੱਖ ਵਿੱਚ ਆਪਣਾ ਫੈਸਲਾ ਦੇ ਕੇ ਸਰਕਾਰ ਬਣਾਈ ਹੈ ਇਸ ਲਈ ਲੋਕਾਂ ਦਾ ਸਵਾਲ ਕਰਨਾ ਠੀਕ ਹੈ। ਬਰਗਾੜੀ ਕਾਂਡ ਦਾ ਕੇਸ ਸੀਬੀਆਈ ਤੋਂ ਪੰਜਾਬ ਸਰਕਾਰ ਨੇ ਕਾਫ਼ੀ ਜੱਦੋ ਜਹਿਦ ਨਾਲ ਵਾਪਸ ਲਿਆ ਹੈ। ਲੇਕਿਨ ਜਿਸ ਤਰਾਂ ਅਕਾਲੀ ਦਲ ਨੇ ਜਸ਼ਨ ਮਨਾਇਆ ਹੈ, ਉਹ ਇੱਕ ਸਿੱਖ ਹੋਣ ਦੇ ਨਾਤੇ ਸ਼ਰਮਨਾਕ ਹੈ। ਇਸਤੋਂ ਸਾਬਤ ਹੁੰਦਾ ਹੈ ਕਿ ਚੋਰ ਦੀ ਦਾੜੀ ਵਿੱਚ ਤਿਨਕਾ ਹੈ। ਨਵਜੋਤ ਸਿੰਘ ਸਿੱਧੂ ਦੁਆਰਾ ਆਪਣੀ ਹੀ ਸਰਕਾਰ ਨੂੰ ਘੇਰਨ ਉੱਤੇ ਰੰਧਾਵਾ ਨੇ ਕਿਹਾ, ਕਿ ਇਸ ਮਾਮਲੇ ਵਿੱਚ ਸਿੱਧੂ ਹੀ ਜਵਾਬ ਦੇ ਸਕਦੇ ਹਨ। ਪਾਰਟੀ ਆਦਮੀ ਨਾਲੋਂ ਉੱਤੇ ਹੁੰਦੀ ਹੈ। ਰੰਧਾਵਾ ਨੇ ਕਿਹਾ ਕਿ ਜੋ ਚਾਰ ਸਾਲ ਪਹਿਲਾਂ ਕਿਹਾ ਸੀ ਮੈਂ ਅੱਜ ਵੀ ਉਸ ਉੱਤੇ ਕਾਇਮ ਹਾਂ। ਵਿਧਾਨ ਸਭਾ ਵਿੱਚ ਨਸ਼ੇ ਦੇ ਸੌਦਾਗਰਾਂ ਦੇ ਨਾਮ ਤੱਕ ਲਏ ਗਏ ਹਨ। ਇਸ ਲਈ ਲੋਕ ਪੁੱਛਦੇ ਹਨ ਕਿ ਜਿਨਾਂ ਦੇ ਨਾਮ ਵਿਧਾਨ ਸਭਾ ਵਿੱਚ ਲਏ ਗਏ ਉਨਾਂ ਉੱਤੇ ਕਾਰਵਾਈ ਕਿਉਂ ਨਹੀਂ ਹੋਈ।

LETTER to the EDITOR

## ਪਾਠਕਾਂ ਦਾ ਨਜ਼ਰੀਆ

## ਵਿਦੇਸ਼ੀਆਂ ਲਈ ਕੈਨੇਡਾ ਵਿਚ ਚੰਗੇ ਮੌਕੇ

ਕੈਨੇਡਾ ਵਿਚ ਕੋਰੋਨਾ ਵਾਇਰਸ ਦੀਆਂ ਪਾਬੰਦੀਆਂ ਤਾਂ ਭਾਵੇਂ ਅਜੇ ਜਾਰੀ ਹਨ ਪਰ ਉਪਲੱਬਧ ਸਾਧਨਾਂ ਰਾਹੀਂ ਵਿਦੇਸ਼ਾਂ ਤੋਂ ਪਰਵਾਸ ਕਰਨ ਵਾਲੇ ਲੋਕਾਂ ਦੀ ਗਿਣਤੀ ਦੇਸ਼ ਵਿਚ ਕੁਝ ਵਧ ਰਹੀ ਹੈ। 2020 ਦੇ ਸਾਲਾਨਾ ਕੋਟੇ ਮੁਤਾਬਿਕ ਕੈਨੇਡਾ ਸਰਕਾਰ ਵਲੋਂ 341000 ਪੱਕੇ ਵੀਜ਼ੇ ਜਾਰੀ ਕਰਨ ਦਾ ਕੋਟਾ ਰੱਖਿਆ ਗਿਆ ਸੀ ਪਰ ਮਾਰਚ ਵਿਚ ਤਾਲਾਬੰਦੀ ਹੋਣ ਨਾਲ ਉਸ ਸਾਰੇ ਸਾਲ ਦੌਰਾਨ ਮਸਾਂ 184000 ਦੇ ਕਰੀਬ ਨਵੇਂ ਇਮੀਗ੍ਰਾਂਟ ਹੀ ਕੈਨੇਡਾ ਦੇ ਪੱਕੇ ਵਾਸੀ ਬਣ ਸਕੇ। ਤਾਜ਼ਾ ਰਿਪੋਰਟਾਂ ਮੁਤਾਬਿਕ 2021 ਦੇ ਜਨਵਰੀ ਮਹੀਨੇ ਦੌਰਾਨ ਕੈਨੇਡਾ ਵਿਚ 24665 ਲੋਕਾਂ ਨੂੰ ਪੱਕੀ ਇਮੀਗ੍ਰੇਸ਼ਨ ਮਿਲੀ ਸੀ ਜਿਨਾਂ ਵਿਚ ਵਿਦੇਸ਼ਾਂ ਤੋਂ ਇਮੀਗ੍ਰਾਂਟ ਵੀਜ਼ਾ ਲੈ ਕੇ ਆਉਣ ਅਤੇ ਕੈਨੇਡਾ ਵਿਚ ਪਹੁੰਚ ਕੇ ਪੱਕੇ ਹੋਣ ਵਾਲੇ ਲੋਕ ਸ਼ਾਮਿਲ ਹਨ। ਕੋਰੋਨਾ ਮਹਾਂਮਾਰੀ ਤੋਂ ਪਹਿਲਾਂ, ਬੀਤੇ ਸਾਲਾਂ ਦੌਰਾਨ ਕੈਨੇਡਾ ਵਿਚ ਹਰੇਕ ਮਹੀਨੇ 25000 ਤੋਂ 35000 ਤੱਕ ਨਵੇਂ ਇਮੀਗ੍ਰਾਂਟ ਪਹੁੰਚਦੇ ਸਨ। ਇਕ ਤੱਥ ਇਹ ਵੀ ਹੈ ਕਿ ਬੀਤੇ ਕੁਝ ਸਾਲਾਂ ਤੋਂ ਹੋਰਨਾਂ ਦੇਸ਼ਾਂ ਦੇ ਮੁਕਾਬਲੇ ਭਾਰਤੀ, ਅਤੇ ਖ਼ਾਸ ਕਰਕੇ ਪੰਜਾਬੀ ਭਾਈਚਾਰੇ ਦੇ ਲੋਕ, ਕੈਨੇਡਾ ਦੀ ਪੱਕੀ ਇਮੀਗ੍ਰੇਸ਼ਨ ਲੈਣ ਵਿਚ ਸਭ ਤੋਂ ਵੱਧ ਦਿਲਚਸਪੀ ਦਿਖਾ ਰਹੇ ਹਨ।

2021 ਸਾਲ ਇਸ ਪੱਖੋਂ ਕੁਝ ਵੱਖਰਾ ਰਹਿਣ ਦੀ ਸੰਭਾਵਨਾ ਹੈ, ਕਿਉਂਕਿ ਵਿਦੇਸ਼ਾਂ ਤੋਂ ਸਫ਼ਰ 'ਚ ਰੁਕਾਵਟਾਂ ਹਾਲ ਦੀ ਘੜੀ ਜਾਰੀ ਰਹਿਣ ਕਰਕੇ ਕੈਨੇਡਾ ਸਰਕਾਰ ਦੀ ਨੀਤੀ ਕੈਨੇਡਾ ਵਿਚ ਆਏ ਹੋਏ ਵਿਦੇਸ਼ੀਆਂ ਨੂੰ ਪੱਕੇ ਵਸਨੀਕ ਬਣਨ ਦੇ ਮੌਕੇ ਦੇਣ ਦੀ ਹੈ। ਬੀਤੀ 13 ਫਰਵਰੀ ਨੂੰ ਐਕਸਪ੍ਰੈਸ ਐਂਟਰੀ (ਈ.ਈ.) ਵਿਚੋਂ ਕੈਨੇਡਾ ਐਕਸਪੀਰੀਐਂਸ ਕਲਾਸ (ਸੀ.ਈ.ਸੀ.) ਦੇ ਕੱਢੇ ਗਏ ਇਕ ਵੱਡੇ ਡਰਾਅ ਵਿਚ 27332 ਉਮੀਦਵਾਰਾਂ ਨੂੰ ਪੱਕਾ ਵੀਜ਼ਾ ਅਪਲਾਈ ਕਰਨ ਦਾ ਮੌਕਾ ਦਿੱਤਾ ਗਿਆ ਅਤੇ ਉਨਾਂ ਉਮੀਦਵਾਰਾਂ ਦੀਆਂ ਅਰਜ਼ੀਆਂ ਦਾ ਨਵੰਬਰ ਜਾਂ ਦਸੰਬਰ 2021 ਤੱਕ ਨਿਪਟਾਰਾ ਹੋ ਜਾਣ ਦੀ ਸੰਭਾਵਨਾ ਹੈ। ਇਸ ਡਰਾਅ ਸਦਕਾ ਦੇਸ਼ ਭਰ ਵਿਚ ਵੱਡੀ ਪੱਧਰ 'ਤੇ ਫੈਲੀ ਹੋਈ ਲੇਬਰ ਮਾਰਕਿਟ ਇੰਪੈਕਟ ਅਸੈਸਮੈਂਟ (ਐਲ.ਐਮ.ਆਈ.ਏ) ਦੀ ਗ਼ੈਰ-ਕਾਨੂੰਨੀ ਵਿੱਕਰੀ ਅਤੇ ਖ਼ਰੀਦ ਵੀ ਹਾਲ ਦੀ ਘੜੀ ਘਟੀ ਹੈ ਕਿਉਂਕਿ ਇਮੀਗ੍ਰੇਸ਼ਨ ਮੰਤਰਾਲੇ ਦੀ ਨੀਤੀ ਸਦਕਾ ਬਹੁਤ ਸਾਰੇ ਲੋੜਵੰਦ ਲੋਕ ਐਲ.ਐਮ.ਆਈ.ਏ. ਤੋਂ ਬਿਨਾਂ ਹੀ ਪੱਕੇ ਹੋ ਸਕੇ ਹਨ। ਇਸੇ ਦੌਰਾਨ ਅਜੇ 2021 ਸਾਲ ਦੌਰਾਨ ਡਰਾਅ ਨਿਕਲਦੇ ਰਹਿਣੇ ਹਨ ਤੇ ਬਹੁਤ ਸਾਰੇ ਲੋਕ ਹੁਣ ਈ.ਈ. ਵਿਚ ਆਪਣੇ ਨਾਂਅ ਦਾਖ਼ਲ ਕਰਨ ਦੀਆਂ ਕੋਸ਼ਿਸ਼ਾਂ ਵਿਚ ਹਨ। ਸੀ.ਈ.ਸੀ. ਡਰਾਅ ਰਾਹੀਂ ਪੱਕੇ ਹੋਣ ਵਾਲੇ ਲਗਭਗ 90 ਫ਼ੀਸਦੀ ਉਮੀਦਵਾਰ ਕੈਨੇਡਾ ਵਿਚ ਹੀ ਹੁੰਦੇ ਹਨ ਜਿਸ ਕਰਕੇ ਕੈਨੇਡਾ ਸਰਕਾਰ ਨੂੰ ਯਕੀਨ ਹੈ ਕਿ 2021 ਦੌਰਾਨ ਦੇਸ਼ ਵਿਚ 401000 ਨਵੇਂ ਇਮੀਗ੍ਰਾਂਟ ਵਸਾ ਲੈਣ ਦਾ ਟੀਚਾ ਪੂਰਾ ਕਰ ਲਿਆ ਜਾਵੇਗਾ। ਇਹ ਵੀ ਕਿ ਕੋਰੋਨਾ ਦੇ ਟੀਕਾਕਰਨ ਦੀ ਮੁਹਿੰਮ ਵੀ ਤੇਜ਼ ਹੋ ਰਹੀ ਹੈ ਤੇ ਅਕਤੂਬਰ 2021 ਤੱਕ ਵਿਦੇਸ਼ੀਆਂ ਦੇ ਦਾਖ਼ਲੇ ਦੀਆਂ ਰੋਕਾਂ ਨਰਮ ਹੋਣ ਜਾਂ ਸਮਾਪਤ ਹੋ ਜਾਣ ਦੀ ਆਸ ਕੀਤੀ ਜਾਂਦੀ ਹੈ ਜਿਸ ਨਾਲ ਕੈਨੇਡਾ ਵਿਚ ਵਿਦੇਸ਼ੀ ਵਿਦਿਆਰਥੀਆਂ ਅਤੇ ਪ੍ਰਵਾਸੀਆਂ ਦਾ ਦਾਖਲਾ ਤੇਜ਼ ਹੋ ਜਾਵੇਗਾ।

ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਬੀਤੇ ਦਿਨੀਂ ਕਿਹਾ ਸੀ ਕਿ ਦੇਸ਼ ਦੇ ਆਰਥਿਕ ਵਿਕਾਸ ਨੂੰ ਤੇਜ਼ ਕਰਨ ਲਈ 2021,2022 ਅਤੇ 2023 ਦੇ ਮਿੱਥੇ ਟੀਚੇ ਮੁਤਾਬਿਕ ਕੈਨੇਡਾ ਵਿਚ ਵਿਦੇਸ਼ਾਂ ਤੋਂ ਪਰਵਾਸੀਆਂ ਨੂੰ ਲਿਆਉਣਾ ਜਾਰੀ ਰੱਖਿਆ ਜਾਵੇਗਾ। ਇਸ ਤੋਂ ਬਾਅਦ ਇਮੀਗ੍ਰੇਸ਼ਨ ਮੰਤਰੀ ਮਾਰਕੋ ਮੈਂਡੀਚੀਨੋ ਨੇ ਵੀ ਆਖਿਆ ਕਿ ਪਰਵਾਸੀਆਂ ਦੇ ਪਰਿਵਾਰਾਂ ਨੂੰ ਇਕੱਠੇ ਕਰਨਾ ਜਾਰੀ ਰੱਖਿਆ ਜਾਵੇਗਾ ਤੇ ਕਿਸੇ ਕਿੱਤੇ ਦੀ ਮੁਹਾਰਤ ਰੱਖਣ ਵਾਲੇ ਸ਼ਰਨਾਰਥੀਆਂ ਨੂੰ ਵੀ ਪੱਕੇ ਹੋਣ ਦਾ ਮੌਕਾ ਦਿੱਤਾ ਜਾ ਸਕਦਾ ਹੈ। ਇਸ ਦੇ ਨਾਲ ਹੀ ਕੈਨੇਡਾ ਵਿਚ ਇਮੀਗ੍ਰੇਸ਼ਨ ਦੀਆਂ ਨੀਤੀਆਂ ਨੂੰ ਦੇਸ਼ ਦੀਆਂ ਖੇਤਰੀ ਲੋੜਾਂ ਮੁਤਾਬਿਕ ਢਾਲਿਆ ਜਾ ਰਿਹਾ ਹੈ। ਕੋਰੋਨਾ ਮਹਾਂਮਾਰੀ ਦੌਰਾਨ ਹਸਪਤਾਲਾਂ ਅਤੇ ਬਜ਼ੁਰਗਾਂ ਦੇ ਆਸਰਾ ਘਰਾਂ ਵਿਚ ਕੰਮ ਕਰਨ ਵਾਲੇ ਵਰਕ ਪਰਮਿਟ ਧਾਰਕ ਵਿਦੇਸ਼ੀ ਨਾਗਰਿਕਾਂ ਨੂੰ ਪੱਕੀ ਇਮੀਗ੍ਰੇਸ਼ਨ ਦੇਣ ਦੀ ਨੀਤੀ ਲਿਆਂਦੀ ਜਾ ਰਹੀ ਹੈ। ਇਸ ਦੇ ਨਾਲ ਹੀ ਕੈਨੇਡਾ ਦੇ ਖੇਤੀ ਤੇ ਖੁਰਾਕ ਖੇਤਰਾਂ ਵਿਚ ਕਾਮਿਆਂ ਦੀ ਘਾਟ ਪੂਰੀ ਕਰਨ ਲਈ ਵਿਦੇਸ਼ਾਂ ਤੋਂ ਆਰਜ਼ੀ ਵਰਕ ਪਰਮਿਟ ਨਾਲ ਕਾਮੇ ਦੇਸ਼ ਵਿਚ ਲਿਆਉਣ ਲਈ ਇਮੀਗ੍ਰੇਸ਼ਨ ਅਤੇ ਕ੍ਰਿਤ ਮੰਤਰਾਲਿਆਂ ਵਲੋਂ ਆਪਸ ਵਿਚ ਤਾਲਮੇਲ ਨਾਲ ਕੰਮ ਕੀਤਾ ਜਾ ਰਿਹਾ ਹੈ। ਕੁੱਲ ਮਿਲਾ ਕੇ ਕਿਹਾ ਜਾ ਸਕਦਾ ਹੈ ਕਿ ਆਉਣ ਵਾਲੇ ਸਮੇਂ ਦੌਰਾਨ ਕੈਨੇਡਾ ਵਿਚ ਵਿਦੇਸ਼ੀ ਲੋਕਾਂ ਨੂੰ ਪੱਕੀ ਇਮੀਗ੍ਰੇਸ਼ਨ ਪ੍ਰਾਪਤ ਕਰਨ ਦੇ ਮੌਕੇ ਨਿਰੰਤਰ ਮਿਲਦੇ ਰਹਿਣਗੇ।

**ਸਤਪਾਲ ਜੌਹਲ**

## ਕਿਸਾਨ ਅੰਦੋਲਨ ਤੇ ਭਾਰਤ ਦੀ ਰਾਜਨੀਤੀ

ਕੇਂਦਰ ਸਰਕਾਰ ਵਲੋਂ ਕਿਸਾਨੀ, ਕਿਸਾਨੀ ਅਰਥਚਾਰੇ ਅਤੇ ਕਿਸਾਨਾਂ ਵਿਰੁੱਧ ਲਿਆਂਦੇ ਗਏ ਤਿੰਨ ਮਾਰੂ ਕਾਨੂੰਨਾਂ ਵਿਰੁੱਧ ਲੜਿਆ ਜਾ ਰਿਹਾ ਸੰਘਰਸ਼ ਕਈ ਉਤਰਾਵਾਂ-ਚੜ੍ਹਾਵਾਂ ਦਾ ਸਾਹਮਣਾ ਕਰਦਾ 9 ਮਹੀਨੇ ਪੂਰੇ ਕਰ ਚੁੱਕਾ ਹੈ। ਕੇਂਦਰੀ ਸਰਕਾਰ ਉੱਤੇ ਚੋਣਾਂ, ਰਾਜਨੀਤੀ ਅਤੇ ਸੱਤਾ ਦੇ ਖੇਤਰਾਂ ਵਿਚ ਦਬਾਅ ਬਣਾਉਣ ਲਈ ਕਿਸਾਨ ਆਗੂਆਂ ਵਲੋਂ ਚੋਣਾਂ ਵਿਚ ਲੋਕਾਂ ਨੂੰ ਭਾਜਪਾ ਨੂੰ ਵੋਟ ਨਾ ਪਾਉਣ ਦਾ ਪ੍ਰੋਗਰਾਮ ਵੀ ਦਿੱਤਾ ਗਿਆ। ਕਿਸਾਨੀ ਸੰਘਰਸ਼ ਬਾਰੇ ਕੇਂਦਰ ਸਰਕਾਰ ਦੀ ਨੀਤੀ ਹੁਣ ਸਪੱਸ਼ਟ ਹੁੰਦੀ ਜਾ ਰਹੀ ਹੈ ਕਿ ਉਹ ਇਸ ਅੰਦੋਲਨ ਅਤੇ ਇਸ ਦੇ ਆਗੂਆਂ ਅਤੇ ਲੋਕਾਂ ਨੂੰ ਥਕਾਉਣਾ ਚਾਹੁੰਦੀ ਹੈ। ਪੱਛਮੀ ਬੰਗਾਲ ਦੇ ਚੋਣ ਨਤੀਜੇ ਕਿਸਾਨ ਅੰਦੋਲਨ ਦੀ ਨਵੀਂ ਦਿਸ਼ਾ ਨੂੰ ਕਿਵੇਂ ਨਿਰਧਾਰਤ ਕਰਨਗੇ, ਕਿਸਾਨ ਆਗੂਆਂ ਸਾਹਮਣੇ ਇਹ ਵੀ ਇਕ ਵੱਡੀ ਚੁਣੌਤੀ ਹੈ। ਉਹ ਕਿਹੜੇ ਪੈਂਤੜੇ ਤੇ ਰਣਨੀਤੀਆਂ ਹੋਣਗੀਆਂ ਜਿਨਾਂ ਨੂੰ ਅਪਣਾ ਕੇ ਕਿਸਾਨ ਲੀਡਰ ਇਸ ਅੰਦੋਲਨ ਨੂੰ ਨਵੀਂ ਦਿਸ਼ਾ ਦੇ ਸਕਣਗੇ? ਕਿਸਾਨਾਂ ਨੂੰ ਦਿੱਲੀ ਦੇ ਬਾਰਡਰਾਂ ਤੋਂ ਖਦੇੜਿਆ ਵੀ ਜਾ ਸਕਦਾ ਹੈ।

ਕੀ ਕਿਸਾਨ ਅੰਦੋਲਨ ਪੰਜਾਬ ਤੇ ਭਾਰਤ ਦੀ ਰਾਜਨੀਤੀ ਨੂੰ ਨਵੀਂ ਦਿਸ਼ਾ ਦੇਣ ਵਿਚ ਕੋਈ ਵੱਡੀ ਭੂਮਿਕਾ ਨਿਭਾਅ ਸਕਦਾ ਹੈ? ਨਰਿੰਦਰ ਮੋਦੀ ਦੀ ਅਗਵਾਈ ਹੇਠਲੀ ਕੇਂਦਰ ਸਰਕਾਰ ਦੇ ਪਿਛਲੇ 7 ਸਾਲਾਂ ਦੇ ਸ਼ਾਸਨ ਦੀ ਸਮੁੱਚੀ ਬੈਲੇਂਸਸ਼ੀਟ ਦਾ ਗਹੁ ਨਾਲ ਵਿਸ਼ਲੇਸ਼ਣ ਕਰਨ ਤੋਂ ਸਪੱਸ਼ਟ ਹੋ ਜਾਂਦਾ ਹੈ ਇਹ ਸਰਕਾਰ ਸਭ ਦੇ ਵਿਕਾਸ ਅਤੇ ਵਿਸ਼ਵਾਸ ਨਾਲ ਜਿਵੇਂ ਸੱਤਾ ਵਿਚ ਆਈ ਸੀ, ਉਸ ਵਿਚ ਇਹ ਬੁਰੀ ਤਰਾਂ ਅਸਫ਼ਲ ਹੋਈ ਹੈ। ਭਾਰਤ ਦੇ ਲੋਕਾਂ ਅਤੇ ਸੱਭਿਆਚਾਰਾਂ ਦੇ ਬਹੁਲਵਾਦੀ ਸੁਭਾਅ ਅਤੇ ਬਣਤਰ ਨੂੰ ਤੋੜਦਿਆਂ ਇਸ ਨੇ ਹਿੰਦੂਤਵ ਦੀ ਵਿਚਾਰਧਾਰਾ ਅਧੀਨ ਮੁਸਲਿਮ, ਸਿੱਖ, ਈਸਾਈ ਅਤੇ ਦਲਿਤਾਂ ਦੇ ਸਤਿਕਾਰ ਅਤੇ ਸੱਤਾ ਵਿਚ ਭਾਗੀਦਾਰੀ ਦੇ ਮੁਢਲੇ ਅਧਿਕਾਰਾਂ ਉੱਤੇ ਸੱਟ ਮਾਰੀ ਹੈ। ਇਹ ਸਰਕਾਰ ਦੇਸ਼ ਵਿਚ ਬੇਰੁਜ਼ਗਾਰੀ, ਮਹਿੰਗਾਈ, ਸਿਹਤ ਸੇਵਾਵਾਂ, ਵਿੱਦਿਆ ਅਤੇ ਜਨ ਕਲਿਆਣ ਆਦਿ ਦੇ ਖੇਤਰਾਂ ਵਿਚ ਬੁਰੀ ਤਰਾਂ ਅਸਫਲ ਹੋਈ ਹੈ। ਦੇਸ਼ ਦੀ ਆਰਥਿਕਤਾ, ਅਰਥਚਾਰਾ ਅਤੇ ਲੋਕਾਂ ਦੇ ਆਰਥਿਕ ਰਿਸ਼ਤੇ ਬੁਰੀ ਤਰਾਂ ਪ੍ਰਭਾਵਿਤ ਹੋ ਗਏ ਹਨ। ਭਾਰਤ ਦੇ ਸਦੀਆਂ ਪੁਰਾਣੇ ਰਾਜਨੀਤਕ ਬਿਰਤਾਂਤ ਨੂੰ ਤੋੜ ਕੇ ਆਰ.ਐਸ.ਐਸ. ਅਤੇ ਭਾਜਪਾ ਜਿਵੇਂ ਹਿੰਦੂਤਵੀ ਰਾਜਨੀਤਕ ਮਾਡਲ ਨੂੰ ਲਾਗੂ ਕਰਨਾ ਚਾਹੁੰਦੀ ਹੈ, ਉਸ ਦੇ ਕਈ ਮਾਰੂ ਨਤੀਜੇ ਨਿਕਲ ਰਹੇ ਹਨ। ਕੁਲ ਮਿਲਾ ਕੇ ਕਿਹਾ ਜਾ ਸਕਦਾ ਹੈ ਕੇਂਦਰ ਦੀ ਭਾਜਪਾ ਸਰਕਾਰ ਵਲੋਂ ਜਿਵੇਂ ਰਾਜਨੀਤੀ, ਸੱਤਾ, ਸੰਵਿਧਾਨਕ ਸੰਸਥਾਵਾਂ ਅਤੇ ਆਰਥਿਕਤਾ, ਵਿਸ਼ੇਸ਼ ਕਰਕੇ ਕਿਸਾਨੀ ਅਰਥਚਾਰੇ ਦਾ ਕਾਰਪੋਰੇਟੀਕਰਨ ਕੀਤਾ ਜਾ ਰਿਹਾ ਹੈ, ਉਸ ਨਾਲ ਭਾਰਤ ਦਾ ਭਵਿੱਖ ਧੁੰਦਲਾ ਪੈ ਰਿਹਾ ਹੈ। ਇਸ ਹਾਲਾਤ ਵਿਚ ਜਿਥੇ ਭਾਰਤ ਦੇ ਫੈਡਰਲ ਢਾਂਚੇ ਨੂੰ ਬਚਾਉਣ ਅਤੇ ਦੇਸ਼ ਦੇ ਭਲੇ ਲਈ ਸੋਚਣ ਵਾਲੇ ਲੋਕਾਂ ਅਤੇ ਘੱਟ ਗਿਣਤੀਆਂ ਅੱਗੇ ਇਕ ਵੱਡੀ ਚੁਣੌਤੀ ਆ ਖੜ੍ਹੀ ਹੋਈ ਹੈ, ਉਥੇ ਇਸ ਹਿੰਦੂਤਵੀ ਬਿਰਤਾਂਤ ਦਾ ਬਦਲ ਕਿਵੇਂ, ਅਤੇ ਕਿਨਾਂ ਲੋਕਾਂ ਦੁਆਰਾ ਸਿਰਜਿਆ ਜਾਏਗਾ, ਇਹ ਇਕ ਵੱਡਾ ਪ੍ਰਸ਼ਨ ਹੈ। ਹੱਕ, ਸੱਚ ਅਤੇ ਇਨਸਾਫ਼ ਲਈ ਲੜਨ ਵਾਲੀਆਂ ਸ਼ਕਤੀਆਂ ਸਾਹਮਣੇ ਇਹ ਕੁਝ ਵੱਡੇ ਸਵਾਲ ਪੈਦਾ ਹੋ ਗਏ ਹਨ।

ਭਾਰਤ ਸਰਕਾਰ ਨੇ ਕਿਸਾਨੀ ਸੰਘਰਸ਼ ਨੂੰ ਹੁਣ ਅਣਗੌਲਿਆਂ ਕੀਤਾ ਹੋਇਆ ਹੈ। ਇਸ ਹਾਲਾਤ ਵਿਚ ਕਿਸਾਨ ਆਗੂਆਂ ਉੱਤੇ ਪੰਜਾਬ ਅਤੇ ਭਾਰਤ ਦੀ ਰਾਜਨੀਤੀ ਨੂੰ ਨਵੀਂ ਦਿਸ਼ਾ ਦੇਣ ਦੀ ਵੱਡੀ ਜ਼ਿੰਮੇਵਾਰੀ ਪੈਂਦੀ ਜਾ ਰਹੀ ਹੈ। ਕਾਰਨ, ਪੰਜਾਬ ਅਤੇ ਪੱਛਮੀ ਬੰਗਾਲ ਤੋਂ ਬਿਨਾਂ ਭਾਰਤ ਦੇ ਸਾਰੇ ਸੂਬਿਆਂ ਵਿਚ ਕੋਈ ਵੀ ਅਜਿਹੀ ਸ਼ਕਤੀ ਨਜ਼ਰ ਨਹੀਂ ਆਉਂਦੀ ਜੋ ਕੇਂਦਰ ਸਰਕਾਰ ਦੀਆਂ ਲੋਕ ਮਾਰੂ ਨੀਤੀਆਂ ਵਿਰੁੱਧ ਖੜ੍ਹੀ ਹੋ ਸਕੇ ਅਤੇ ਇਕ ਲੰਮਾ ਸੰਜੀਦਾ ਸੰਘਰਸ਼ ਲੜ ਸਕੇ। ਹੁਣ ਵੀ ਭਾਵੇਂ ਮੁੱਦਾ ਕਾਲੇ ਕਾਨੂੰਨਾਂ ਨੂੰ ਰੱਦ ਕਰਵਾਉਣ ਦਾ ਪਹਿਲਾਂ ਵਾਂਗ ਬਣਿਆ ਹੋਇਆ ਹੈ ਪਰ ਜਦੋਂ ਸਰਕਾਰ ਇਸ ਬਾਰੇ ਕੋਈ ਹੁੰਗਾਰਾ ਹੀ ਨਹੀਂ ਭਰ ਰਹੀ ਅਤੇ ਲਗਾਤਾਰ ਹਰ ਫਰੰਟ 'ਤੇ ਅਸਫ਼ਲ ਹੁੰਦੀ ਜਾ ਰਹੀ ਹੈ ਤਾਂ ਹੁਣ ਇਸ ਸਰਕਾਰ ਦਾ ਕਾਰਗਰ ਬਦਲ ਲੱਭਣ ਲਈ ਅਤੇ ਆਪਣੇ ਹਮਖਿਆਲ ਲੋਕਾਂ ਨੂੰ ਨਾਲ ਲੈ ਕੇ ਇਕ ਵੱਡੀ ਵਿਚਾਰਧਾਰਕ ਅਤੇ ਰਾਜਨੀਤਕ ਲਹਿਰ ਖੜ੍ਹੀ ਕਰਨ ਦਾ ਸਮਾਂ ਵੀ ਆ ਗਿਆ ਹੈ।

ਬਦਲੇ ਹੋਏ ਆਰਥਿਕ, ਸਮਾਜਿਕ, ਸੱਭਿਆਚਾਰਕ ਅਤੇ ਰਾਜਨੀਤਕ ਹਾਲਾਤ ਵਿਚ ਧਰਮ ਅਤੇ ਧਾਰਮਿਕ ਪਹਿਚਾਣ ਦੀ ਰਾਜਨੀਤੀ ਦੀ ਥਾਂ ਹੁਣ ਆਰਥਿਕਤਾ ਅਤੇ ਜਨ ਕਲਿਆਣ ਹਿਤ ਨੀਤੀਆਂ ਸੂਬਿਆਂ ਤੇ ਭਾਰਤ ਦੀ ਰਾਜਨੀਤੀ ਦੀ ਦਿਸ਼ਾ ਨਿਰਧਾਰਿਤ ਕਰਨਗੀਆਂ। ਕਿਸਾਨ ਇਨਾਂ ਹੀ ਮੁੱਦਿਆਂ ਆਧਾਰਤ ਇਕ ਵੱਡਾ ਸੰਘਰਸ਼ ਲੜ ਰਹੇ ਹਨ। ਪੱਛਮੀ ਬੰਗਾਲ ਅਤੇ ਹੋਰ ਸੂਬਿਆਂ ਦੇ ਨਤੀਜੇ ਜੇਕਰ ਕੇਂਦਰ ਸਰਕਾਰ ਦੀਆਂ ਨੀਤੀਆਂ ਵਿਰੁੱਧ ਇਕ ਫਤਵਾ ਸਾਬਤ ਹੁੰਦੇ ਹਨ ਤਾਂ ਉਸ ਹਾਲਤ ਵਿਚ ਕਿਸਾਨ ਅੰਦੋਲਨ ਨਵੀਂ ਦਿਸ਼ਾ ਅਪਣਾਏਗਾ। ਜੇਕਰ ਕਿਸਾਨਾਂ ਦੀਆਂ ਮੰਗਾਂ ਮੰਨੀਆਂ ਜਾਂਦੀਆਂ ਹਨ ਜਾਂ ਨਹੀਂ ਵੀ ਮੰਨੀਆਂ ਜਾਂਦੀਆਂ ਤਾਂ ਵੀ ਦੋਵਾਂ ਹਾਲਤਾਂ ਵਿਚ ਕਿਸਾਨ ਪੰਜਾਬ, ਉੱਤਰ ਪ੍ਰਦੇਸ਼, ਉੱਤਰਾਖੰਡ ਵਿਚ 2022 ਵਿਚ ਹੋਣ ਵਾਲੀਆਂ ਚੋਣਾਂ ਅਤੇ 2024 ਵਿਚ ਹੋਣ ਵਾਲੀਆਂ ਲੋਕ ਸਭਾ ਦੀਆਂ ਚੋਣਾਂ ਵਿਚ 'ਕਿੰਗ ਮੇਕਰ' ਦੀ ਭੂਮਿਕਾ ਨਿਭਾਅ ਸਕਦੇ ਹਨ। ਪਰ ਕੀ ਅਜਿਹਾ ਹੋ ਸਕੇਗਾ? ਇਹ ਇਕ ਵੱਡਾ ਪ੍ਰਸ਼ਨ ਹੈ। ਇਸ ਹਾਲਾਤ ਵਿਚ ਮੇਰੀ ਤੁਹਾਨੂੰ ਪੁਰਜ਼ੋਰ ਅਪੀਲ ਹੈ ਕਿ ਕਿਸਾਨ ਆਗੂ ਅਤੇ ਉਨਾਂ ਨਾਲ ਜੁੜੇ ਵਿਦਵਾਨ, ਵਕੀਲ ਅਤੇ ਹੋਰ ਸਰਗਰਮ ਕਾਰਕੁੰਨ ਮਿਲ ਕੇ ਆਪਣੇ ਤੇ ਦੇਸ਼ ਦੇ ਭਵਿੱਖ ਲਈ ਇਕ ਵੱਡੀ ਭਵਿੱਖ-ਦ੍ਰਿਸ਼ਟੀ ਨਾਲ ਅਗਾਂਹ ਦੀ ਕਾਰਜ ਯੋਜਨਾ ਤਿਆਰ ਕਰੋ।

**ਹਰਸਿਮਰਨ ਸਿੰਘ**

## ਕਿਸਾਨ ਆਗੂ ਨੌਜਵਾਨਾਂ ਨਾਲ ਸਾਂਝ ਪਾਉਣ

ਨਵੀਂ ਜਵਾਨੀ, ਨਵਾਂ ਖ਼ੂਨ, ਨਵਾਂ ਜੋਸ਼, ਮੌਜੂਦਾ ਕਿਸਾਨੀ ਅੰਦੋਲਨ ਨੂੰ ਚਾਰ ਚੰਨ ਲਾ ਰਿਹਾ ਹੈ। ਅੱਜ ਦਾ ਨੌਜਵਾਨ 'ਪੂਰੀ ਤਾਕਤ ਨਾਲ ਜੁੱਟ ਜਾਓ, ਜੋ ਆਪਾਂ ਬੀਜਾਂਗੇ, ਉਹੀ ਵੱਢਾਂਗੇ' ਦਾ ਪੈਗਾਮ ਦਿੰਦਾ ਹੈ। ਹੱਕਾਂ ਲਈ ਸੰਘਰਸ਼ ਕਰਦੇ ਕਿਸਾਨੀ ਅੰਦੋਲਨ 'ਚ ਨੌਜਵਾਨ ਵਰਗ ਦੀ ਅਹਿਮ ਭੂਮਿਕਾ ਹੈ। ਇਤਿਹਾਸ ਆਪਣੇ ਆਪ ਨੂੰ ਦਹਰਾਉਂਦਾ ਹੈ। ਅਜਿਹੇ ਕਈ ਸਫਲ ਅੰਦੋਲਨ ਪਹਿਲਾਂ ਵੀ ਹੋਏ ਹਨ ਜਿਵੇਂ ਕਿ ਪਗੜੀ ਸੰਭਾਲ ਜੱਟਾ, ਗਦਰ ਲਹਿਰ, ਚਾਬੀਆਂ ਦਾ ਮੋਰਚਾ, ਜੈਤੋ ਦਾ ਮੋਰਚਾ ਆਦਿ। ਨੌਜਵਾਨ ਵਰਗ 'ਚ ਜੋਸ਼ ਹੈ, ਬਜ਼ੁਰਗਾਂ 'ਚ ਹੋਸ਼, ਇਹ ਨੌਜਵਾਨ ਵਰਗ ਤੇ ਸਿਆਣੇ ਬਜ਼ੁਰਗਾਂ ਦਾ ਸੁਮੇਲ ਹੀ ਕਿਸਾਨੀ ਅੰਦੋਲਨ ਭਰਪੂਰ ਕਰਦਾ ਹੈ।ਕਿਸਾਨ ਆਗੂਆਂ ਨੂੰ ਨੌਜਵਾਨ ਵਰਗ ਨਾਲ ਤਾਲਮੇਲ ਰਖਣ ਤੇ ਨਾਰਾਜ਼ਗੀ ਦੂਰ ਕਰਨ ਦੀ ਲੋੜ ਹੈ।

ਆਮ ਕਰ ਕੇ ਧਰਨਿਆਂ-ਮੁਜ਼ਾਹਰਿਆਂ ਵਿੱਚ ਜ਼ਿਆਦਾਤਰ ਬਜ਼ੁਰਗ ਹੀ ਸ਼ਾਮਲ ਹੁੰਦੇ ਹਨ, ਪਰ ਤਿੰਨ ਖੇਤੀ ਕਾਨੂੰਨਾਂ ਨੇ ਨੌਜਵਾਨਾਂ ਵਿੱਚ ਰੋਹ ਭਰ ਦਿੱਤਾ ਕਿ ਉਹ ਅੰਦੋਲਨ ਵਿਚ ਬਜ਼ੁਰਗਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੇ ਗਏ। ਉਨਾਂ ਦਿੱਲੀ ਦੇ ਬੇਰੀਗੇਡ ਤੋੜ ਕੇ ਪੁਲਿਸ ਦੀਆਂ ਪਾਣੀ ਦੀਆਂ ਬੁਛਾੜਾਂ ਦੇ ਮੂੰਹ ਮੋੜ ਕੇ ਰੱਖ ਦਿੱਤੇ। ਨੌਜਵਾਨਾਂ ਨੇ ਕਿਸਾਨਾਂ ਨੂੰ ਸਾਰਥਿਕ ਰੂਪ ਵਿੱਚ ਬਹੁਤ ਸਹੂਲਤਾਂ ਦਿੱਤੀਆਂ, ਇਹ ਅਸੀਂ ਨਵੀਂ ਪੀੜੀ ਦਾ ਇਨਕਲਾਬੀ ਰੂਪ ਦੇਖ ਸਕਦੇ ਹਾਂ, ਜੋ ਜਾਨਾਂ ਦੀ ਪ੍ਰਵਾਹ ਕੀਤੇ ਬਿਨਾਂ ਕਿਸਾਨਾਂ ਨਾਲ ਹਿੱਕ ਤਾਣ ਖੜ੍ਹੇ ਨੇ। ਇਹ ਇਨਕਲਾਬੀ ਸੋਚ ਹੈ ਜਿਸ ਵਿੱਚ ਨੌਜਵਾਨ ਵਰਗ ਦਾ ਕਿਸਾਨਾਂ ਨੂੰ ਪੂਰਾ ਸਹਿਯੋਗ ਮਿਲ ਰਿਹਾ ਹੈ।

**ਤਰਵਿੰਦਰ ਕੌਰ**

### - ਕਵਿਤਾ -

## ਚਾਰਜੀਅ ਬਨਾਮ #87

ਚੇਤਕ ਬਜਾਜ ਤੇ ਮਰੂਤੀ ਵੈਨ ਟਾਵੀਂ ਟਾਵੀਂ
ਬੰਬੂਕਾਟ ਕਿਸੇ ਕਿਸੇ ਕੋਲ ਹੁੰਦਾ ਸੀ
ਸੈਕਲਾਂ ਦਾ ਜਦੋਂ ਸੀ ਜਮਾਨਾ ਸਾਡੇ ਵੇਲੇ
ਬਾਪੂ ਅੱਗੇ ਉਦੋਂ ਕਿੱਥੋਂ ਬੋਲ ਹੁੰਦਾ ਸੀ
ਹੁਣ ਵਾਲੇ ਕਿੱਥੋਂ ਦਿਨ ਮੋੜ ਲੈਣਗੇ
ਨਵੇਂ ਪਾੜ੍ਹੇ ਐਮੇ ਅੰਨਪੜ੍ਹ ਕਹਿਣਗੇ
47 ਦਾ ਚੰਦਰਾ ਜਮਾਨਾ ਕਿੱਥੋਂ ਜਾਣੂੰ
ਉਦੋਂ ਟੱਬਰਾਂ 'ਚ ਬਹਿਣ ਦਾ ਮਹੌਲ ਹੁੰਦਾ ਸੀ
ਕੱਠੇ ਬਹਿਕੇ ਦੁੱਖ ਸੁੱਖ ਫੋਲ ਹੁੰਦਾ ਸੀ
ਚਾਰ ਜੀਆਂ ਵਿਚ ਹਰ ਕੋਈ ਕੋਲ ਹੁੰਦਾ ਸੀ।

**ਮਹਿਰੋਂ**

## ਬਚਪਨ ਦਾ ਖਿਡੌਣਾ

ਯਾਦ ਹੈ ਮੈਨੂੰ ਉਹ ਮੇਰੇ ਬਚਪਨ ਦਾ ਖਿਡੌਣਾ,
ਡੰਡਿਆਂ ਉੱਤੇ ਟਾਇਰ ਭਜਾਉਣਾ,
ਜਿੱਦ ਕਰ ਬਾਪੂ ਤੋਂ ਹੋਲਾ ਦਿਵਾਉਣਾ,
ਕੱਟੀ ਹੋਈ ਪਤੰਗ ਪਿੱਛੇ ਜਾ ਚੁੱਕ ਖੇਤਾਂ 'ਚੋਂ ਲਿਆਉਣਾ,
ਯਾਦ ਹੈ ਮੈਨੂੰ ਉਹ ਮੇਰੇ ਬਚਪਨ ਦਾ ਖਿਡੌਣਾ।
ਝੀਜਨ ਦੀ ਸੋਟੀ 'ਚ ਗਜ ਫਸਾ ਪਿਸਤਾਉਲ ਬਣਾਉਣਾ,
ਪੂਲ਼ਿਆਂ ਦੇ ਡੱਕਿਆਂ ਦਾ ਰਾਵਣ ਬਣਾਉਣਾ,
ਰਲ ਗੁੱਲੀ ਡੰਡਾ ਖੇਡਣਾ ਤੇ ਮਿੱਟੀ ਦਾ ਘਰ ਬਣਾਉਣਾ,
ਖਿੱਝ ਦੇ ਮਾਰਿਆ ਨੇ ਜਾਣ ਬੁੱਝ ਕੇ ਢਾਹੁਣਾ,
ਯਾਦ ਹੈ ਮੈਨੂੰ ਉਹ ਮੇਰੇ ਬਚਪਨ ਦਾ ਖਿਡੌਣਾ।
ਮੇਰਾ ਲਾਡਲਾ ਪੁੱਤ ਕਹਿ ਬਾਪੂ ਨੇ ਗੋਦੀ ਉਠਾਉਣਾ,
ਉਹ ਕਲੀ ਜੋਟਾ ਤੇ ਘੁੱਤੀ ਪੱਟ ਕੇ ਪਿਲਟਕਾ ਲਾਉਣਾ,
ਰਗੜ-ਰਗੜ ਇੱਟਾਂ ਹੋਲੀ ਦਾ ਰੰਗ ਬਣਾਉਣਾ,
ਮੰਗ-ਮੰਗ ਪਾਥੀਆਂ ਲੋਹੜੀ ਦਾ ਤਿਉਹਾਰ ਮਨਾਉਣਾ ,
ਯਾਦ ਹੈ ਮੈਨੂੰ ਉਹ ਮੇਰੇ ਬਚਪਨ ਦਾ ਖਿਡੌਣਾ।
ਡੈਕਾਂ ਵਿੱਚ ਪਾ ਸੁਣਦੇ ਸੀ ਰੀਲਾਂ,
ਨਹੀਂ ਭੁੱਲਦਾ ਉਹ ਬਾਂਦਰ ਕੀਲਾ,
ਮੱਝਾਂ ਦੀਆਂ ਪੂਛਾਂ ਫੜ ਛੱਪੜਾਂ ਵਿੱਚ ਤਾਰੀ ਲਾਉਣਾ,
ਯਾਦ ਹੈ ਮੈਨੂੰ ਉਹ ਮੇਰੇ ਬਚਪਨ ਦਾ ਖਿਡੌਣਾ।
ਮਿਸ ਬੰਬੀਆਂ ਉਹ ਗੰਡ ਪਟਾਖੇ,
ਠਾਹ-ਠਾਹ ਹੁੰਦੀ ਸੀ ਚਾਰੇ ਪਾਸੇ,
ਸਕੂਲ ਦੀਆਂ ਕੰਧਾਂ 'ਤੇ ਜਾ ਦੀਵੇ ਜਗਾਉਣਾ,
ਯਾਦ ਹੈ ਮੈਨੂੰ ਉਹ ਮੇਰੇ ਬਚਪਨ ਦਾ ਖਿਡੌਣਾ।
ਦਾਈਆ ਦੁੱਕੜੇ ਉਹ ਸੂਣ-ਸਲੀਕੀ,
ਹੁਕਮ ਦੀ ਭੰਗੋ ਉਹ ਪਾਨ ਦੀ ਦੁੱਕੀ ਤਿੱਕੀ,
ਗਗਨ ਉਹ ਪੁੱਠਾ-ਪੱਤਰਾਂ ਤੇ ਨਾਮ ਤਾਮ ਚਕਾਉਣਾ,
ਧਾਲੀਵਾਲ ਯਾਦ ਹੈ ਮੈਨੂੰ ਉਹ ਮੇਰੇ ਬਚਪਨ ਦਾ ਖਿਡੌਣਾ।

**ਗਗਨਦੀਪ ਧਾਲੀਵਾਲ**
**ਝਲੂਰ ਬਰਨਾਲਾ।**

## ਬੱਚਿਆਂ ਨਾਲ ਜੀਵਨ ਦੇ...

'ਸਾਢੇ ਛੇ ਫੁੱਟ ਧਰਤੀ' ਵਾਲੀ ਗੱਲ ਹਾਜ਼ਮ ਨਹੀਂ ਆਉਂਦੀ ਜਦ ਪੱਥਰ ਦਿਲ ਲੋਕਾਂ ਨਾਲ ਵਾਹ ਪੈਂਦਾ! ਮਹਾਨ ਰੂਸੀ ਲੇਖਕ 'ਚੈਖਵ' ਨੇ ਸੱਚ ਲਿਖਿਆ ਕਿ...'ਸਾਢੇ ਛੇ ਫੁੱਟ' ਤਾਂ ਮੁਰਦੇ ਲਈ ਚਾਹੀਦੀ ਹੈ, ਜਿਉਂਦੇ ਪੱਥਰਾਂ ਲਈ ਤਾਂ ਸਾਰੀ ਕਾਇਆਨਾਤ ਵੀ ਘੱਟ ਹੈ।'

ਸਾਡੇ ਸਰੀਰ ਅਤੇ ਲੋਹੇ ਦਾ ਜੰਗਾਲ ਲੱਗ ਕੇ ਖ਼ਤਮ ਹੋ ਜਾਣ ਨਾਲੋਂ, ਵਰਤ-ਹੰਢ ਕੇ ਮਰ-ਮੁੱਕ ਜਾਣਾ ਬਿਹਤਰ ਹੁੰਦਾ ਹੈ। ਜਿਊਂਦੇ ਜੀਅ ਬਦਨਾਮੀ ਦਾ ਧੱਬਾ ਲੱਗਣਾ, ਕਰੋੜਾਂ ਵਾਰੀ ਮਰਨ ਤੋਂ ਵੀ ਜ਼ਿਆਦਾ ਦੁਖਦਾਈ ਹੁੰਦਾ ਹੈ, ਕੁਦਰਤ ਪੱਥਰ ਦਿਲਾਂ ਨੂੰ ਸੁਮੱਤ ਬਖਸ਼ਿਸ਼ ਕਰੇ।

ਦੂਜਿਆਂ ਲਈ ਵੀ ਅਸੀਂ ਹਮੇਸ਼ਾ ਉਹੀ ਕਰੀਏ ਜੋ ਸਾਨੂੰ ਆਪਣੇ ਲਈ ਸਹੀ ਲਗਦਾ ਹੈ। ਹੋ ਸਕਦੇ ਕੁਝ ਕੁ ਨੂੰ ਦੁੱਖ ਲੱਗੇ, ਕੁਝ ਕੁ ਲੋਕਾਂ ਨੂੰ ਖ਼ੁਸ਼ੀ ਹੋਵੇ, ਪਰ ਇੱਕ ਦਿਨ ਸਾਡੀ ਕਾਮਯਾਬੀ ਤੇ ਬਹੁਤਿਆਂ ਨੂੰ ਹੈਰਾਨੀ ਜਰੂਰ ਹੋਵੇਗੀ। ਜੋ ਅਸੀਂ ਸੋਚਾਂਗੇ, ਵੈਸੇ ਹੀ ਕੁਦਰਤ ਰਾਣੀ ਸਾਨੂੰ ਬਣਾ ਦੇਵੇਗੀ। ਆਪਣੇ ਰਹੱਸ ਲਕੋ ਕੇ ਰੱਖੀਏ, ਕਦੇ ਨਾ ਕਦੇ ਪੱਕਾ ਸਫ਼ਲ ਹੋਵਾਂਗੇ।

ਇਤਿਹਾਸ ਦੇ ਸਬਕ ਸਾਨੂੰ ਯਾਦ ਰੱਖਣੇ ਚਾਹੀਦੇ ਹਨ, ਜੋ ਨਹੀਂ ਰੱਖਦੇ ਉਨਾਂ ਨੂੰ ਇਤਿਹਾਸ ਦੁਬਾਰਾ ਦੁਹਰਾਉਣ ਦੀ ਸ਼ਜਾ ਝੱਲਣੀ ਪੈਂਦੀ ਹੈ।

ਜੇ ਜੀਵਨ ਵਿਚੋਂ ਕਲੇਸ਼ ਖ਼ਤਮ ਕਰ ਲਈਏ, ਭਾਵੇਂ ਕਿਸੇ ਵੀ ਕੀਮਤ 'ਤੇ, ਕਾਮਯਾਬੀ ਉਸੇ ਦਿਨ ਤੋਂ ਸਾਡੇ ਹੱਕ ਵਿਚ ਡੱਟ ਜਾਵੇਗੀ ਤੇ ਸਾਡਾ ਹੱਕ ਖਾਣ ਵਾਲੇ ਆਖਿਰ ਚ ਗੂੰਗੇ-ਬੋਲੇ ਹੋ ਕੇ, ਸ਼ਰਮ 'ਚ ਡੁਬਕੇ, ਪਛਤਾਵੇਂ ਨਾਲ ਲੈ ਕੇ, ਅਸਫਲ ਜ਼ਿੰਦਗੀ ਜਿਉਂਦੇ, ਇਸ ਫ਼ਾਨੀ ਸੰਸਾਰ 'ਚੋਂ ਚਲੇ ਜਾਣਗੇ, ਇਤਿਹਾਸ ਸਾਡਾ ਹੋਵੇਗਾ।

ਅਸਲ ਵਿਚ ਆਪਣੇ ਫਰਜਾਂ ਦੀ ਪਾਲਣਾ ਕਰਦਿਆਂ, ਦੂਜਿਆਂ ਦੇ ਅਧਿਕਾਰਾਂ, ਜਜ਼ਬਾਤਾਂ ਤੇ ਭਾਵਨਾਵਾਂ ਦੀ ਕਦਰ ਤੇ ਰਾਖੀ ਕਰਨ ਵਾਲਾ ਬੰਦਾ ਹੀ ਕਰਮਯੋਗੀ ਹੁੰਦਾ ਹੈ ਜੀ।

ਸੁਹੱਪਣ ਨੂੰ ਪਿਆਰ ਤੇ ਸਤਿਕਾਰ ਦੇਣ ਵਾਲਾ ਦਿਲ ਹਮੇਸ਼ਾ ਜਵਾਨ ਰਹਿੰਦਾ ਹੈ। ਮੈਨੂੰ ਸੰਸਾਰ ਵਿਚ ਉਸ ਤੋਂ ਗ਼ਰੀਬ ਕੋਈ ਹੋਰ ਮਨੁੱਖ ਨਹੀਂ ਲਗਦਾ ਜਿਹੜਾ ਸੁਹੱਪਣ ਨੂੰ ਦੇਖ ਕੇ ਵੀ ਅਣਡਿੱਠ ਕਰ ਦੇਵੇ, ਸੁਹੱਪਣ ਦੇ ਵੈਰੀ ਕੁਦਰਤ ਦੇ ਵੈਰੀ ਹੁੰਦੇ ਨੇ। ਸੰਸਾਰ ਵਿਚ ਮਨੁੱਖਾਂ ਦੀ ਗਿਣਤੀ ਅਣਗਿਣਤ ਹੈ, ਪਰ ਮਨੁੱਖਤਾ ਵਿਰਲਿਆਂ ਵਿਚ ਹੀ ਪੈਦਾ ਹੁੰਦੀ ਹੈ ਇੱਕ-ਦੂਜੇ ਲਈ, ਜੋ ਸਾਨੂੰ ਧਿਆਨ ਲਾ ਕੇ ਸੁਣਦਾ ਹੈ, ਸਾਡੇ ਨਾਲ ਧੀਰਜ ਨਾਲ ਬੋਲਦਾ ਹੈ, ਸਾਡੀਆਂ ਗੱਲਾਂ ਦਾ ਦਿਮਾਗ਼ ਤੋਂ ਨਹੀਂ ਦਿਲ ਤੋਂ ਜਵਾਬ ਦਿੰਦਾ ਹੈ, ਜਦੋਂ ਬੋਲਣ ਲਈ ਉਸ ਕੋਲ ਕੁਝ ਨਾ ਹੋਵੇ ਫਿਰ ਸਾਨੂੰ ਧਿਆਨ ਨਾਲ ਸੁਣਦਾ ਹੈ, ਉਹੀ ਮਨੁੱਖ ਸਾਡਾ ਆਪਣਾ ਹੋਣ ਦੀਆਂ ਸਭ ਸ਼ਰਤਾਂ ਪੂਰੀਆਂ ਕਰਦਾ ਹੈ, ਦੁਨਿਆਵੀ ਸਾਰੀਆਂ ਗੱਲਾਂ-ਬਾਤਾਂ ਇਸ ਤੋਂ ਥੱਲੇ ਰਹਿ ਜਾਂਦੀਆਂ ਹਨ ਜੋ ਅਸੀਂ ਸਿਰਫ਼ ਤੇ ਸਿਰਫ਼ ਦਿਖਾਵੇ ਲਈ ਕਰਦੇ ਹਾਂ, ਜੋ ਖ਼ੁਆਬਾਂ ਵਿਚ ਹੋ ਸਕਦੈ ਹਕੀਕਤ ਵਿਚ ਕਿਉਂ ਨਹੀਂ ?

ਇਸ ਸੰਸਾਰ ਤੇ ਦੁਆਰਾ ਆਉਣਾ, ਮਿਲਣਾ ਇਹ ਸਭ ਪਤਾ ਨਹੀਂ ਕੀ ਹੈ ? ਪਰ ਅੱਜ ਜਰੂਰ ਸਾਡਾ ਹੈ।

ਵਿਸ਼ਵਾਸ, ਉਮੀਦ ਅਤੇ ਪਿਆਰ ਜੀਵਨ ਦੀਆਂ ਤਿੰਨ ਅਹਿਮ ਤਾਕਤਾਂ ਹਨ, ਦੁਚਿੱਤੀ ਦੇ ਸਮੁੰਦਰ ਵਿਚ ਗੋਤੇ ਖਾਂਦੇ-ਖਾਂਦੇ ਮਨੁੱਖ ਵਿਚ ਜਦੋਂ ਤੱਕ ਹਿੰਮਤ ਤੇ ਹੌਂਸਲਾ ਆਉਂਦਾ ਹੈ ਉਦੋਂ ਤੱਕ ਕਾਫ਼ੀ ਬਹੁਮੁੱਲਾ ਸਮਾਂ ਬਰਾਬਰ ਹੋ ਜਾਂਦਾ ਹੈ। ਬਹੁਤ ਦੇਰੀ ਨਾਲ ਸਮਝ ਆਉਂਦੀਆਂ ਨੇ ਕੁਝ ਗੱਲਾਂ। ਬੱਚਿਆਂ ਲਈ ਵੀ ਇਸ ਤਰਾਂ ਹੀ ਹੈ ਪਰ ਜੇਕਰ ਅਸੀਂ ਸਮਾਂ ਰਹਿੰਦੇ ਉਨਾਂ ਨਾਲ ਮਿਲ ਬੈਠ ਕੇ ਚੰਗੇ ਸ਼ਬਦਾਂ ਦੀ ਸਾਂਝ ਪਾਵਾਂਗੇ ਤਾਂ ਉਨਾਂ ਦੀ ਸੋਚ ਵੀ ਚੰਗੀ ਹੋਵੇਗੀ ਤੇ ਉਨਾਂ ਦੇ ਕਰਮ ਵੀ ਚੰਗੇ ਹੋਣਗੇ।

## ਸਭ ਤੋਂ ਜ਼ਿਆਦਾ ਗ਼ਰੀਬ...

ਜਿਨਾਂ ਦੇਸ਼ਾਂ ਵਿਚ ਨਾਬਰਾਬਰੀ ਹੈ, ਉਨਾਂ ਦੇਸ਼ਾਂ ਵਿਚ ਵਿਕਾਸ ਦਰ ਘੱਟ ਵੀ ਹੈ ਅਤੇ ਵਿਕਾਸ ਵੀ ਲਗਾਤਾਰ ਨਹੀਂ ਹੈ। ਜਿਨਾਂ ਦੇਸ਼ਾਂ ਵਿਚ ਆਮਦਨ ਬਰਾਬਰੀ ਹੈ, ਉਥੇ ਵਿਕਾਸ ਲਗਾਤਾਰ ਵੀ ਹੈ ਅਤੇ ਵਿਕਾਸ ਦਰ ਜ਼ਿਆਦਾ ਹੈ। ਦੁਨੀਆ ਦੇ ਵਿਕਸਿਤ ਦੇਸ਼ਾਂ ਅਮਰੀਕਾ, ਕੈਨੇਡਾ, ਆਸਟਰੇਲੀਆ ਆਦਿ ਵਿਚ ਆਮਦਨ ਵੀ ਸਥਿਰ ਹੈ ਅਤੇ ਕੀਮਤਾਂ ਵਿਚ ਵੀ ਕੋਈ ਵਾਧਾ ਨਹੀਂ ਹੋਇਆ, ਜਦੋਂ ਕਿ ਭਾਰਤ ਵਿਚ 1960 ਤੋਂ ਲੈ ਕੇ ਹੁਣ ਤੱਕ ਆਮ ਕੀਮਤ ਪੱਧਰ ਵਿਚ 150 ਗੁਣਾ ਵਾਧਾ ਹੋਇਆ ਹੈ। ਕੀਮਤਾਂ ਪਹਿਲਾਂ ਵਧਦੀਆਂ ਹਨ, ਉਜਰਤਾਂ ਬਾਅਦ ਵਿਚ ਵਧਦੀਆਂ ਹਨ। ਜਦੋਂ ਉਜਰਤਾਂ ਵਧਦੀਆਂ ਹਨ, ਕੀਮਤਾਂ ਹੋਰ ਅੱਗੇ ਚਲੀਆਂ ਜਾਂਦੀਆਂ ਹਨ ਅਤੇ ਇਹ ਆਮ ਵਿਅਕਤੀ ਦੀਆਂ ਮੁਸ਼ਕਲਾਂ ਵਿਚ ਵਾਧਾ ਕਰਦੀਆਂ ਹਨ।

ਵਿਕਾਸ ਦਾ ਲਾਭ ਹਰ ਇਕ ਨੂੰ ਮਿਲੇ, ਅਜਿਹੀਆਂ ਨੀਤੀਆਂ ਅਤੇ ਯੋਜਨਾਵਾਂ ਹੁਕਮਰਾਨਾਂ ਦੀ ਮੁੱਖ ਤਰਜੀਹ ਬਣਨੀ ਚਾਹੀਦੀ ਹੈ। ਨੀਤੀ ਆਯੋਗ ਨੂੰ ਸਭ ਤੋਂ ਪਹਿਲਾਂ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਵਿਕਾਸ ਦੇ ਲਾਭ ਹਰ ਇਕ ਲਈ ਸੰਭਵ ਹੋਣ ਜਿਸ ਵਿਚ ਆਮਦਨ ਦੀ ਨਾਬਰਾਬਰੀ ਨੂੰ ਵੱਡੀ ਰੁਕਾਵਟ ਵਜੋਂ ਪਛਾਣ ਕੇ ਹਰ ਉਹ ਢੰਗ ਵਰਤਣਾ ਜ਼ਰੂਰੀ ਹੈ ਜਿਸ ਨਾਲ ਉਸ ਦੀ ਵੰਡ ਬਰਾਬਰ ਹੋਵੇ।ਇਕ ਲਈ ਬਰਾਬਰ ਦੇ ਮੌਕੇ ਤਾਂ ਹਨ ਪਰ ਉਨਾਂ ਮੌਕਿਆਂ ਨੂੰ ਪ੍ਰਾਪਤ ਕਰਨ ਲਈ ਮੁਢਲੀ ਯੋਗਤਾ ਵਿਚ ਆਰਥਿਕ ਮੁਸ਼ਕਿਲਾਂ ਰੁਕਾਵਟ ਬਣਦੀਆਂ ਹਨ। ਇਸ ਲਈ ਲੋੜ ਆਰਥਿਕਤਾ ਦੇ ਢਾਂਚੇ ਵਿਚ ਬੁਨਿਆਦੀ ਤਬਦੀਲੀ ਦੀ ਹੈ ਤਾਂ ਕਿ ਵਿਕਾਸ ਦੇ ਲਾਭ ਹਰ ਇਕ ਲਈ ਬਰਾਬਰ ਹੋਣ।



# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

For agriculture and almond Farm,office building, Farm House and for Truck Yard in Tracy, Manteca, Lathrop and Stockton

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing

**TOTAL 35.5 YOUNG THREE YEARS OLD TREE PADRE AND NONPAREIL VARIETY. WITH RIPARIAN RIGHT FROM THE SAN JOAQUIN RIVER. WITH A SINGLE FAMILY SMALL HOME, IT'S VERY DESIRABLE PROPERTY**





**RANJIT SINGH**
(Lic: 01922089)

**PROPERTY ADDRESS: 27022 RIVER ROADM, NEWMAN CA 95360.**

**RANJIT SINGH**

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**